

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

for Free Consultation!!!

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 31, August 1, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕਿਸਾਨਾਂ ਦਾ ਰੋਹ ਸੜਕਾਂ 'ਤੇ ਆਇਆ

### ਸਖਤ ਪਾਬੰਦੀਆਂ ਅਤੇ ਘਰਾਂ ਵਿਚ ਡੱਕਣ ਦੀਆਂ ਕੋਸ਼ਿਸ਼ਾਂ ਅਸਫਲ ਹੋਈਆਂ

**ਚੰਡੀਗੜ੍ਹ:** ਕੈਪਟਨ ਸਰਕਾਰ ਵਲੋਂ ਪੰਜਾਬ ਵਿਚ ਕਰੋਨਾ ਬਹਾਨੇ ਸਖਤੀ ਕਰ ਕੇ ਸੰਘਰਸ਼ੀ ਜਥੇਬੰਦੀਆਂ ਨੂੰ ਘਰਾਂ ਵਿਚ ਡੱਕਣ ਦੀਆਂ ਕੋਸ਼ਿਸ਼ਾਂ ਦੇ ਪੈਰ ਨਿਕਲਦੇ ਜਾਪ ਰਹੇ ਹਨ। ਪੰਜਾਬ ਸਰਕਾਰ ਦੀ ਸਖਤੀ ਦੇ ਬਾਵਜੂਦ 3 ਖੇਤੀ ਆਰਡੀਨੈਂਸਾਂ, ਬਿਜਲੀ ਸੋਧ ਬਿੱਲ ਅਤੇ ਤੇਲ ਕੀਮਤਾਂ 'ਚ ਅਥਾਹ ਵਾਧੇ ਨੂੰ ਵਾਪਸ ਲੈਣ ਦੇ ਮਸਲਿਆਂ ਉਤੇ ਜਿਸ ਤਰ੍ਹਾਂ ਸੂਬੇ ਵਿਚ ਰੋਹ ਉਠਿਆ ਹੈ, ਇਹ ਸਰਕਾਰ ਦੀਆਂ ਅੱਖਾਂ ਖੋਲ੍ਹਣ ਵਾਲਾ ਹੈ।

ਗੱਲ ਇਹ ਸੀ ਕਿ ਟਰੈਕਟਰ ਮਾਰਚਾਂ ਵਿਚ ਸਾਰੇ ਥਾਈਂ ਨੌਜਵਾਨ ਕਿਸਾਨਾਂ ਦੀ ਗਿਣਤੀ ਵਧੇਰੇ ਸੀ। ਇਹ ਸੰਘਰਸ਼ ਅਗਲੇ ਦਿਨਾਂ ਵਿਚ ਹੋਰ ਤਿੱਖਾ ਕਰਨ ਦੀ ਰਣਨੀਤੀ ਵੀ ਤਿਆਰ ਹੈ।



ਪੂਰੇ ਪੰਜਾਬ ਅੰਦਰ ਕਿਸਾਨ ਟਰੈਕਟਰਾਂ ਉਪਰ ਕਾਲੇ ਝੰਡੇ ਬੰਨ੍ਹ ਕੇ ਸੜਕਾਂ ਉਤੇ ਆ ਨਿਕਲੇ ਅਤੇ ਕੇਂਦਰ 'ਚ ਸੱਤਾਧਾਰੀ ਪਾਰਟੀ ਦੇ ਮੰਤਰੀਆਂ, ਲੋਕ ਸਭਾ ਮੈਂਬਰਾਂ, ਵਿਧਾਇਕਾਂ ਅਤੇ ਸੀਨੀਅਰ ਆਗੂਆਂ ਦੇ ਘਰਾਂ ਤੇ ਦਫਤਰਾਂ ਤੱਕ ਟਰੈਕਟਰ ਮਾਰਚ ਕਰ ਕੇ ਕਿਸਾਨ ਮੁੱਦਿਆਂ 'ਤੇ ਸੁਣਵਾਈ ਲਈ ਜ਼ੋਰਦਾਰ ਯਤਨ ਕੀਤਾ। ਖਾਸ ਕਰਨ ਦੀ ਰਣਨੀਤੀ ਵੀ ਤਿਆਰ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਮੋਦੀ ਸਰਕਾਰ ਦੀਆਂ ਧੱਕੇਸ਼ਾਹੀਆਂ ਅਤੇ ਫੈਡਰਲ ਢਾਂਚੇ ਦੀ ਰਾਖੀ ਲਈ ਉਠੇ ਇਸ ਰੋਹ ਦੇ ਹੱਕ ਵਿਚ ਖੜ੍ਹਨ ਦੀ ਥਾਂ ਪੰਜਾਬ ਦੀਆਂ ਰਵਾਇਤੀ ਧਿਰਾਂ (ਅਕਾਲੀ-ਕਾਂਗਰਸੀ) ਬੇਤੁਕੇ ਤਰਕਾਂ ਨਾਲ ਹੀ ਬੁੱਤਾ ਸਾਰ ਰਹੀਆਂ ਹਨ। ਸਭ ਤੋਂ ਔਖੀ ਸਥਿਤੀ ਬਾਦਲ ਧੜੇ ਦੀ ਹੈ। ਸਿਆਸੀ ਮਾਹਰਾਂ ਮੁਤਾਬਕ ਬਾਦਲਾਂ ਨੇ ਕੇਂਦਰ ਵਿਚ ਆਪਣੀ ਕੁਰਸੀ ਬਚਾਉਣ ਜਾਂ ਪੰਜਾਬ ਦੇ ਹੱਕਾਂ ਲਈ ਖੜ੍ਹਨ, ਵਿਚੋਂ ਇਕ ਰਾਹ ਚੁਣਨਾ ਹੈ ਪਰ ਜਿਸ ਤਰ੍ਹਾਂ ਅਕਾਲੀ ਦਲ ਵਲੋਂ ਖੇਤੀ ਕਾਨੂੰਨਾਂ ਬਾਰੇ ਤਰਕ ਦਿੱਤੇ ਜਾ ਰਹੇ ਹਨ, ਇਹ ਤੈਅ ਹੈ ਕਿ ਫਿਲਹਾਲ ਝੁਕਾਅ ਕੁਰਸੀ ਵਲ ਹੀ ਹੈ। ਪੰਜਾਬ ਦੀ ਹਾਕਮ ਧਿਰ ਨੇ ਪਿਛਲੇ ਕੁਝ ਦਿਨ ਇਨ੍ਹਾਂ ਆਰਡੀਨੈਂਸਾਂ ਖਿਲਾਫ ਜ਼ਰੂਰ ਰੌਲਾ ਪਾਇਆ ਪਰ ਸੂਬਾ ਸਰਕਾਰ ਵਲੋਂ ਬਿੱਲਾਂ ਵਿਰੁਧ ਸੰਘਰਸ਼ ਕਰਨ ਵਾਲਿਆਂ ਉਤੇ ਸਖਤੀ ਤੇ ਕਾਂਗਰਸੀ ਆਗੂਆਂ ਦੀ ਚੁੱਪ ਇਸ਼ਾਰਾ ਕਰਦੀ ਹੈ ਕਿ ਪੰਜਾਬ ਦੇ 'ਕਪਤਾਨ' ਨੇ ਹੁਣ ਮੈਦਾਨ ਛੱਡ ਦਿੱਤਾ ਹੈ।

ਅਸਲ ਵਿਚ, ਸਿਆਸੀ ਮਾਹਿਰ ਇਹ ਗੱਲ ਵਾਰ-ਵਾਰ ਆਖ ਰਹੇ ਹਨ ਕਿ ਕੇਂਦਰ ਨੇ ਪੰਜਾਬ ਸਰਕਾਰ ਕੋਲ ਇਹ ਰਾਹ ਛੱਡਿਆ ਹੀ ਨਹੀਂ ਕਿ

(ਬਾਕੀ ਸਫਾ 6 ਉਤੇ)

## ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ ਦਾ ਮੁੱਦਾ ਭਖਿਆ

**ਚੰਡੀਗੜ੍ਹ:** ਪੰਜਾਬ ਵਿਚ ਗੈਰ ਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ (ਯੂ.ਏ.ਪੀ.ਏ) ਦੀ ਆੜ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਦਾ ਮੁੱਦਾ ਭਖ ਗਿਆ ਹੈ। ਸਿੱਖ ਜਥੇਬੰਦੀਆਂ ਵਲੋਂ ਸਰਕਾਰਾਂ ਦੀ ਇਸ ਧੱਕੇਸ਼ਾਹੀ ਖਿਲਾਫ ਆਵਾਜ਼ ਚੁੱਕਣ ਤੋਂ ਬਾਅਦ ਸਿਆਸੀ ਧਿਰਾਂ ਨੇ ਵੀ ਇਸ ਮਸਲੇ ਉਤੇ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਤੱਕ ਇਸ ਮੁੱਦੇ ਉਤੇ ਚੁੱਪ ਧਾਰੀ ਬੈਠੇ ਅਕਾਲੀ ਦਲ ਬਾਦਲ ਵਲੋਂ ਵੀ ਸਿੱਖ ਨੌਜਵਾਨਾਂ ਉਤੇ ਝੂਠੇ ਕੇਸ ਦਰਜ ਕਰਨ ਖਿਲਾਫ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੂਬੇ ਦੇ ਪੁਲਿਸ ਮੁਖੀ ਦਿਨਕਰ ਗੁਪਤਾ ਨੂੰ ਘੇਰਿਆ ਹੈ।

ਹਵਾਰਾ ਕਮੇਟੀ ਨੇ ਦਾਅਵਾ ਕੀਤਾ ਕਿ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਯੂ.ਏ.ਪੀ.ਏ. ਕਾਨੂੰਨ ਦੀ ਵੱਧ ਦੁਰਵਰਤੋਂ ਹੋਈ ਅਤੇ 50 ਤੋਂ ਵੱਧ ਕੇਸ ਇਸ ਕਾਨੂੰਨ ਹੇਠ ਦਰਜ ਕੀਤੇ ਗਏ ਹਨ, ਜਿਨ੍ਹਾਂ 'ਚ ਲਗਭਗ 190 ਤੋਂ ਵੱਧ ਨੌਜਵਾਨ ਨਾਮਜ਼ਦ ਹਨ। ਉਧਰ, ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਯੂ.ਏ.ਪੀ.ਏ. ਕਾਨੂੰਨ ਹੇਠ ਗ੍ਰਿਫਤਾਰ ਕੀਤੇ ਗਏ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਕਾਨੂੰਨੀ ਪੈਰਵੀ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤੇ ਹਨ। ਉਨ੍ਹਾਂ ਇਸ ਮਾਮਲੇ ਦੀ ਨਿਆਇਕ ਜਾਂਚ ਕਰਵਾਏ ਜਾਣ ਦੀ ਵੀ ਮੰਗ ਕੀਤੀ ਹੈ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਜਥੇਦਾਰ ਨੂੰ ਇਸ ਸਬੰਧੀ ਪੱਤਰ ਸੌਂਪ ਕੇ ਸ਼੍ਰੋਮਣੀ ਕਮੇਟੀ ਨੂੰ ਸਿੱਖ ਨੌਜਵਾਨਾਂ ਦੀ ਬਾਂਹ ਫੜਨ ਦੇ ਆਦੇਸ਼ ਦੇਣ ਲਈ ਕਿਹਾ ਗਿਆ ਸੀ।


ਯਾਦ ਰਹੇ ਕਿ ਬੀਤੇ ਕੁਝ ਦਿਨਾਂ ਵਿਚ 'ਯੂ.ਏ.ਪੀ.ਏ' ਦੇ ਤਹਿਤ ਪੰਜਾਬ 'ਚ 16 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਦਰਜਨਾਂ ਨੌਜਵਾਨਾਂ ਨੂੰ ਖਾਲਿਸਤਾਨ ਦੇ ਸਮਰਥਕ ਅਤੇ 2020 ਰੈਫਰੈਂਡਮ ਦੇ ਪੈਰੋਕਾਰ ਦੱਸ ਕੇ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਜ਼ਿਆਦਾਤਰ ਨੌਜਵਾਨ ਉਹ ਹੈ ਜਿਨ੍ਹਾਂ ਨੂੰ ਸਿਰਫ ਉਨ੍ਹਾਂ ਦੇ ਸੋਸ਼ਲ ਮੀਡੀਆ ਪੇਜ ਵੇਖ ਕੇ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਿਛਲੇ ਦਿਨੀਂ ਕੌਮੀ ਜਾਂਚ ਏਜੰਸੀ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ-ਐਨ.ਆਈ.ਏ.) ਨੇ ਤਕਰੀਬਨ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਸੰਗਰੂਰ ਜ਼ਿਲ੍ਹੇ ਦੇ ਪਿੰਡ ਰੱਤਾ ਖੇੜਾ ਦਾ ਨੌਜਵਾਨ ਲਵਪ੍ਰੀਤ ਸਿੰਘ ਮੁਹਾਲੀ ਵਿਖੇ ਐਨ.ਆਈ.ਏ. ਦੇ ਅਧਿਕਾਰੀਆਂ ਨੇ ਪੁੱਛਗਿੱਛ ਲਈ ਬੁਲਾਇਆ ਸੀ ਪਰ ਉਹ ਵਾਪਸ ਘਰ ਨਹੀਂ ਪੁੱਜਿਆ। ਮਨੋਵਿਗਿਆਨਕ ਦਬਾਅ ਦਾ ਸ਼ਿਕਾਰ ਇਸ ਨੌਜਵਾਨ ਨੇ ਖੁਦਕੁਸ਼ੀ ਕਰ ਲਈ। ਇਸ ਤੋਂ ਬਾਅਦ ਸਰਕਾਰਾਂ ਦੀ ਘੱਟ ਗਿਣਤੀਆਂ ਬਾਰੇ ਸੋਚ ਉਤੇ ਸਵਾਲ ਉੱਠਣੇ ਸ਼ੁਰੂ ਹੋਏ।

ਕੁਝ ਸਮੇਂ ਤੋਂ ਆਪਣਾ ਪੰਜਾਬ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਸਾਥੀਆਂ ਸਮੇਤ ਇਨ੍ਹਾਂ ਸਾਰੇ ਨੌਜਵਾਨਾਂ ਦੇ ਘਰਾਂ ਤੱਕ ਪਹੁੰਚ ਕੇ ਇਸ ਮੁੱਦੇ ਨੂੰ ਮੀਡੀਆ ਰਾਹੀਂ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਜਥੇਬੰਦੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਵਲ ਮਾਰਚ ਕਰ ਕੇ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤਾ ਹੈ।

ਅਸਲ ਵਿਚ ਐਨ.ਆਈ.ਏ. ਅਤੇ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਵਿਚ 2019 ਵਿਚ ਕੀਤੀ ਗਈ ਸੋਧ ਨਾਲ ਅਜਿਹੇ ਮਾਮਲਿਆਂ ਵਿਚ ਕੇਂਦਰ ਦਾ ਦਖਲ ਵਧ ਗਿਆ ਹੈ। ਰਾਸ਼ਟਰੀ ਸੁਰੱਖਿਆ ਦੇ ਨਾਮ 'ਤੇ ਐਨ.ਆਈ.ਏ. ਬਣਨਾ ਅਤੇ ਯੂ.ਏ.ਪੀ.ਏ. 'ਚ

(ਬਾਕੀ ਸਫਾ 6 ਉਤੇ)


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



LEAF XPRESS
INIANAPOLIS, IN

Now Hiring!

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

Call, ISHAN: 317-688-9222

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਸਾਹਿਤ ਪ੍ਰੇਮੀਆਂ ਨੇ ਪਾਰਕ ਵਿਚ ਸਜਾਈ ਸਾਹਿਤਕ ਬੈਠਕ



**ਨਿਊ ਯਾਰਕ (ਬਿਊਰੋ):** ਸਾਰੀ ਦੁਨੀਆਂ ਵਿਚ ਕਰੋਨਾ ਵਾਇਰਸ ਦੇ ਡਰ ਕਰਕੇ ਹਰ ਤਰਾਂ ਦੇ ਇਕੱਠ ਉਤੇ ਰੋਕ ਥਾਮ ਲੱਗੀ ਹੋਈ ਹੈ, ਪਰ ਸਾਹਿਤਕ ਪ੍ਰੇਮੀਆਂ ਨੇ ਆਪਣੇ ਆਪਣੇ ਇਕੱਠ ਬੰਦ ਨਹੀਂ ਕੀਤੇ, ਸਗੋਂ ਬਦਲਵਾਂ ਰਸਤਾ ਲੱਭ ਲਿਆ ਹੈ। ਸਾਹਿਤਕ ਬੈਠਕਾਂ ਕੰਪਿਊਟਰ ਰਾਹੀਂ ਜ਼ੂਮ ਸਿਸਟਮ ਨਾਲ ਕੀਤੀਆਂ ਜਾ ਰਹੀਆਂ ਹਨ। ਇਸ ਤਰੀਕੇ ਨਾਲ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਬੈਠੇ ਸਾਹਿਤਕ ਪ੍ਰੇਮੀ ਇਕ ਦੂਜੇ ਨਾਲ ਮਿਲ-ਜੁਲ ਕੇ ਆਪਣੀਆਂ ਆਪਣੀਆਂ ਰਚਨਾਵਾਂ ਸੁਣ ਤੇ ਸੁਣਾ ਸਕਦੇ ਹਨ।

ਨਿਊ ਯਾਰਕ ਵਿਚਲੇ ਸਾਹਿਤਕ ਪ੍ਰੇਮੀਆਂ ਨੇ ਇਸ ਨਾਲੋਂ ਵੀ ਵਧੀਆ ਤਰੀਕਾ ਲੱਭ ਲਿਆ ਹੈ। ਇਨ੍ਹਾਂ ਨੇ ਕੁਦਰਤ ਦੀ ਗੋਦ ਵਿਚ ਬੈਠ ਕੇ ਆਪਣੀਆਂ ਬੈਠਕਾਂ ਕਰਨੀਆਂ ਸ਼ੁਰੂ ਕੀਤੀਆਂ ਹਨ। ਇਸੇ ਹੀ ਸਿਲਸਿਲੇ ਦੇ ਤਹਿਤ ਲੰਘੇ ਸਨਿਚਰਵਾਰ ਕੁਝ ਸਾਹਿਤਕ ਪ੍ਰੇਮੀਆਂ ਨੇ ਲੌਂਗ ਆਈਲੈਂਡ ਆਈਜ਼ਨ ਹਾਵਰ ਪਾਰਕ ਵਿਚ ਇਕ ਸਾਹਿਤਕ ਬੈਠਕ ਰੱਖੀ। ਸੰਘਣੇ ਰੁੱਖਾਂ ਦੀ ਸੰਘਣੀ ਛਾਂ ਦਾ ਛੇ ਛੇ ਫੁੱਟ ਦੀ ਦੂਰੀ ਰੱਖ ਕੇ ਇਸ ਬੈਠਕ ਦਾ ਪੂਰਾ ਅਨੰਦ ਮਾਣਿਆ। ਆਮ ਜਿਹੀਆਂ ਗੱਲਾਂ ਤੋਂ ਇਲਾਵਾ ਖਾਸ ਗੱਲ ਪੰਜਾਬੀ ਫੌਂਟਸ ਨੂੰ ਵਿਕਸਿਤ ਕਰਨ ਬਾਰੇ ਕੀਤੀ ਗਈ। ਇਸ ਸਬੰਧੀ ਸੀਨੀਅਰ ਪੱਤਰਕਾਰ ਬਲਦੇਵ ਸਿੰਘ ਗਰੇਵਾਲ ਤੇ ਡਾ. ਸੰਦੀਪ ਸਿੰਘ ਨੇ ਕਈ ਸੁਝਾਅ ਦੇ ਕੇ ਗੱਲ ਅਗਾਂਹ ਤੋਰਨ ਦੀ ਸਲਾਹ ਦਿੱਤੀ ਤੇ ਸਭ ਦਾ ਸਾਥ ਮੰਗਿਆ।

ਇਸ ਪਿਛੋਂ ਮਨਮੋਹਨ ਪੂਨੀ ਨੇ ਡਾ. ਗੁਰੂਮੇਲ ਸਿੰਘ ਦੀਆਂ ਲਿਖੀਆਂ ਦੋ ਕਵਿਤਾਵਾਂ ਤੇ ਇਕ ਕਵਿਤਾ ਸੁਰਿੰਦਰ ਸੋਹਲ ਦੀ ਕਿਤਾਬ 'ਸਾਖੀਉਂ ਨੂਰ ਝਰੇ' ਵਿਚੋਂ ਪੜ੍ਹੀ। ਸੰਦੀਪ ਸਿੰਘ ਨੇ ਆਪਣੇ ਅੰਦਰਲੇ ਨਾਲ ਘੋਲ ਕਰਨ ਬਾਰੇ ਬਹੁਤ ਪਾਏਦਾਰ ਕਵਿਤਾ ਪੜ੍ਹੀ। ਜੱਸੀ ਢਿੱਲੋਂ ਨੇ ਰੁਮਾਂਸ ਨਾਲ ਰਸੀਆਂ ਦੋ ਕਵਿਤਾਵਾਂ ਪੜ੍ਹੀਆਂ। ਮੋਹਨ ਸਿੰਘ ਭੰਵਰਾ ਨੇ ਨਿਕੰਮੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਮੂਹਰੇ ਸੀਨਾ ਤਾਣ ਕੇ ਖੜਨ ਬਾਰੇ ਦੋ ਗੀਤ ਤਰੰਨਮ ਵਿਚ ਗਾਏ। ਜਸਬੀਰ ਸਿੰਘ ਡੁਮੇਲੀ ਨੇ ਬੰਦੇ ਦੀ ਰੋਗੀ ਹੋ ਚੁਕੀ ਮਾਨਸਿਕਤਾ ਬਾਰੇ ਦੋ ਕਵਿਤਾਵਾਂ ਪੜ੍ਹੀਆਂ। ਬਲਵੀਰ ਸਿੰਘ ਡੁਮੇਲੀ ਨੇ ਚਾਰ ਕੁ ਦੋਹੇ ਸੁਣਾਏ, ਉਂਕਾਰ ਸਿੰਘ ਡੁਮੇਲੀ ਨੇ ਕਾਲਿਆਂ ਵਾਲੇ ਖੂਹ ਦੇ ਇਤਿਹਾਸਕ ਪਿਛੋਕੜ ਬਾਰੇ ਇਕ ਵਿਸਥਾਰਤ ਲੇਖ ਪੜ੍ਹਿਆ।

ਬਲਦੇਵ ਸਿੰਘ ਗਰੇਵਾਲ ਨੇ ਆਪਣੀ ਕਹਾਣੀ 'ਉਸ ਦਾ ਨਾਂ' ਪੜ੍ਹੀ, ਜਿਸ ਨੂੰ ਸੁਣ ਕੇ ਸਾਰੇ ਭਾਵੁਕ ਹੋ ਗਏ। ਰੇਸ਼ਮ ਸਿੰਘ ਡੁਮੇਲੀ ਤੇ ਜਸਵਿੰਦਰ ਸਿੰਘ ਡੁਮੇਲੀ ਨੇ ਵੀ ਆਪਣੀ ਹਾਜ਼ਰੀ ਭਰੀ। ਅਖੀਰ ਵਿਚ ਰੀਟਾ ਕੋਹਲੀ ਨੇ ਇਕ ਗਜ਼ਲ ਸੁਣਾ ਕੇ ਬੈਠਕ ਵਿਚ ਸੰਗੀਤਕ ਰੰਗ ਭਰ ਦਿੱਤੇ। ਸਾਰਿਆਂ ਨੇ ਲਿਆਂਦੇ ਗਏ ਹਲਕੇ ਜਿਹੇ ਸਨੈਕਸ ਦਾ ਸੁਆਦ ਵੀ ਚੱਖਿਆ। ਇਹ ਬੈਠਕ ਕੋਈ ਤਿੰਨ ਘੰਟੇ ਤੱਕ ਚੱਲੀ, ਜਿਸ ਦੌਰਾਨ ਸਭ ਨੇ ਰਚਨਾਵਾਂ ਦਾ ਅਨੰਦ ਮਾਣਨ ਦੇ ਨਾਲ ਨਾਲ ਕੁਦਰਤ ਦੀ ਮਨਮੋਹਣੀ ਦਿੱਖ ਦਾ ਵੀ ਅਨੰਦ ਮਾਣਿਆ।

## ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ 31 ਜੁਲਾਈ ਤੋਂ 2 ਅਗਸਤ ਤੱਕ

**ਨਿਊ ਯਾਰਕ (ਬਿਊਰੋ):** ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਇਕ ਸਮਾਗਮ 31 ਜੁਲਾਈ ਤੋਂ 2 ਅਗਸਤ ਤੱਕ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਕੀਤਾ ਜਾਵੇਗਾ।

ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ ਜੀ ਸਭਾ ਆਫ ਨਿਊ ਯਾਰਕ ਵੱਲੋਂ ਗੁਰਦੁਆਰਾ ਰਿੱਚਮੰਡ ਹਿੱਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਭਾ ਸੁਸਾਇਟੀਆਂ ਤੇ ਸੰਗਤਾ ਦੇ ਸਾਂਝੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ 31 ਜੁਲਾਈ, ਸ਼ੁਕਰਵਾਰ ਨੂੰ ਸਵੇਰੇ 9:30 ਵਜੇ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ ਐਤਵਾਰ, 2 ਅਗਸਤ ਨੂੰ ਸਵੇਰੇ 9:30 ਵਜੇ ਅਖੰਡ ਪਾਠ ਦੇ ਭੋਗ ਉਪਰੰਤ ਦਿਨ ਭਰ ਦੇ ਦੀਵਾਨ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਹੋਣਗੇ।

ਹੋਰ ਜਾਣਕਾਰੀ ਲਈ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਫੋਨ: 917-353-7265, ਮੁੱਖ ਸੇਵਾਦਾਰ ਦਵਿੰਦਰ ਸਿੰਘ ਬੋਪਾਰਾਏ ਫੋਨ: 718-909-0651, ਜਸਵੰਤ ਸਿੰਘ ਫੋਨ: 347-249-2473 ਅਤੇ ਸਵਿੰਦਰ ਸਿੰਘ ਜੋਸ਼ਨ ਨਾਲ ਫੋਨ: 347-476-7163 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਜ਼ਿਮਨੀ ਚੋਣਾਂ ਮੁਲਤਵੀ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਲੋਕ ਸਭਾ ਦੀ ਇਕ ਤੇ ਵਿਧਾਨ ਸਭਾ ਦੀਆਂ ਸੱਤ ਸੀਟਾਂ 'ਤੇ ਜ਼ਿਮਨੀ ਚੋਣਾਂ ਮੁਲਤਵੀ ਕਰ ਦਿੱਤੀਆਂ ਹਨ। ਜਿਨ੍ਹਾਂ ਸੂਬਿਆਂ 'ਚ ਜ਼ਿਮਨੀ ਚੋਣਾਂ ਮੁਲਤਵੀ ਕੀਤੀਆਂ ਹਨ, ਉਨ੍ਹਾਂ 'ਚ ਬਿਹਾਰ ਦੀ ਵਾਲਮੀਕੀ ਨਗਰ ਲੋਕ ਸਭਾ ਸੀਟ, ਤਾਮਿਲ ਨਾਡੂ ਤੇ ਉਤਰ ਪ੍ਰਦੇਸ਼ ਦੇ ਦੋ-ਦੋ, ਮੱਧ ਪ੍ਰਦੇਸ਼ ਅਤੇ ਕੇਰਲਾ 'ਚ ਇਕ-ਇਕ ਵਿਧਾਨ ਸਭਾ ਸੀਟਾਂ ਸ਼ਾਮਲ ਹਨ।


ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ ਵਿਚ ਨਾਰਥ ਇੰਡੀਅਨ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ

ਫੋਨ: 414-581-3784

bsingh1350@me.com

28-


# Matrimonials

### ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

Suitable match for USA citizen clean shaven Jatt Sikh boy, 35 yrs, 5'-11", Masters in Event Tourism Management. No dowry. Contact: 317-909-3287; WhatsApp+1-317-529-3886. 28-31

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28


**Punjab Times**

*Punjabtimes1@gmail.com*

*Ph: 847-359-0746*

*punjabtimesusa.com*


### ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24


*To Advertise with Punjab Times Call: 847-359-0746*

*Visit us on the web:www.punjabtimesusa.com*



ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ)
ਫੋਨ: 210-573-3017

ਯੋਗਤਾਵਾਂ

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।
*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।
*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।
*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

ਡਿਊਟੀ ਵਿਚ ਸ਼ਾਮਿਲ ਹਨ

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ
ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

# ਪੰਜਾਬ 'ਚ ਕੀਟਨਾਸ਼ਕਾਂ ਦੀ ਵਰਤੋਂ ਹੁਣ 5543 ਮੀਟ੍ਰਿਕ ਟਨ ਹੋਈ

**ਲੁਧਿਆਣਾ:** ਪੰਜਾਬ ਵਿਚ ਕੀਟਨਾਸ਼ਕਾਂ ਦੀ ਵਰਤੋਂ ਕਰਨ ਦਾ ਰੁਝਾਨ ਹਰ ਸਾਲ ਘਟਦਾ ਜਾ ਰਿਹਾ ਹੈ, ਜਿਸ ਤਹਿਤ ਸਾਲ 2007-2008 ਵਿਚ 5900 ਮੀਟ੍ਰਿਕ ਟਨ ਦੇ ਮੁਕਾਬਲੇ ਸਾਲ 2018-2019 ਵਿਚ 5543 ਮੀਟ੍ਰਿਕ ਟਨ ਕੀਟਨਾਸ਼ਕਾਂ ਦੀ ਵਰਤੋਂ ਹੋਈ ਹੈ।

ਖੇਤੀਬਾੜੀ ਵਿਭਾਗ ਪੰਜਾਬ ਅਨੁਸਾਰ ਪੰਜਾਬ ਵਿਚ ਕੀਟਨਾਸ਼ਕਾਂ ਦੀ ਵਰਤੋਂ 2007-2008 ਵਿਚ 5900 ਮੀਟ੍ਰਿਕ ਟਨ, 2011-2012 'ਚ 5600 ਮੀਟ੍ਰਿਕ ਟਨ ਅਤੇ ਸਾਲ 2018-2019 'ਚ 5543 ਮੀਟ੍ਰਿਕ ਟਨ ਉਤੇ ਪੁੱਜ ਗਈ ਹੈ।

ਕੀਟਨਾਸ਼ਕਾਂ ਦੀ ਵਰਤੋਂ ਵਿਚ ਕਮੀ ਭੋਜਨ ਪਦਾਰਥਾਂ ਵਿਚ ਰਸਾਇਣਿਕ ਅੰਸ਼ਾਂ ਦੀ ਘਾਟ ਤੋਂ ਵੀ ਸਿੱਧ ਹੁੰਦੀ ਹੈ। ਰਸਾਇਣਿਕ ਰਹਿੰਦ-ਖੂੰਹਦ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਅਤੇ ਇਸ ਦੇ ਵਾਤਾਵਰਣ ਉਪਰ ਪੈਣ ਵਾਲੇ ਪ੍ਰਭਾਵਾਂ ਦਾ ਅਹਿਮ ਸੂਚਕ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਰਾਜ ਭਰ ਤੋਂ ਖਾਣ ਪੀਣ ਦੀਆਂ ਵਸਤਾਂ ਦੇ ਨਮੂਨੇ ਇਕੱਠੇ ਕਰਕੇ ਐਨ.ਏ.ਬੀ.ਐਲ. ਤੋਂ ਪ੍ਰਮਾਣਿਕ ਪ੍ਰਯੋਗਸ਼ਾਲਾ ਵਿਚ ਇਸ ਦਾ ਪ੍ਰੀਖਣ ਕਰਦੀ ਹੈ। ਖਾਣ-ਪੀਣ ਦੀਆਂ ਵਸਤਾਂ ਵਿਚ 1991 ਤੋਂ 2000 ਦੌਰਾਨ 44 ਫੀਸਦੀ ਨਮੂਨਿਆਂ ਵਿਚ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਦੀ ਹੋਂਦ ਉਪਰਲੀ ਨਿਰਧਾਰਿਤ ਸੀਮਾ (ਐਮ.ਆਰ.ਐਲ.) ਤੋਂ ਉਤੇ ਸੀ, ਜੋ ਕਿ 2001-2010 ਵਿਚ 4 ਫੀਸਦੀ ਨਮੂਨੇ ਤੱਕ ਰਹਿ ਗਈ ਹੈ। ਇਹ ਅੰਕੜਾ ਹੁਣ ਸਾਲ 2011-2020 ਦੌਰਾਨ 1.4 ਤੱਕ ਸਿਮਟ ਕੇ ਰਹਿ ਗਿਆ ਹੈ। 2007 ਵਿਚ ਇਹ ਅੰਕੜਾ 5.7 ਫੀਸਦੀ ਸੀ, ਜੋ 2011 'ਚ 1 ਫੀਸਦੀ ਅਤੇ 2019 'ਚ ਇਹ ਅੰਕੜਾ 0.81 ਫੀਸਦੀ ਦਰਜ ਕੀਤਾ ਗਿਆ ਹੈ।

## ਉੱਘੀ ਡਾਂਸਰ ਤੇ ਕੋਰੀਓਗ੍ਰਾਫਰ ਅਮਲਾ ਸ਼ੰਕਰ ਦਾ ਦੇਹਾਂਤ

**ਨਵੀਂ ਦਿੱਲੀ:** ਮਸ਼ਹੂਰ ਡਾਂਸਰ, ਕੋਰੀਓਗ੍ਰਾਫਰ ਅਮਲਾ ਸ਼ੰਕਰ ਦਾ ਦੇਹਾਂਤ ਹੋ ਗਿਆ ਹੈ। ਉਹ 101 ਸਾਲ ਦੇ ਸਨ। ਉਹ ਮਰਹੂਮ ਡਾਂਸਰ ਤੇ ਕੋਰੀਓਗ੍ਰਾਫਰ ਉਦੇ ਸ਼ੰਕਰ ਦੀ ਪਤਨੀ ਤੇ ਸੰਗੀਤਕਾਰ ਅਨੰਦ ਸ਼ੰਕਰ ਤੇ ਅਦਾਕਾਰਾ ਮਮਤਾ ਸ਼ੰਕਰ ਦੀ ਮਾਂ ਸੀ। ਅਮਲਾ ਨੇ ਆਪਣੇ ਪਤੀ ਦੁਆਰਾ ਬਣਾਈ ਫਿਲਮ ਕਲਪਨਾ ਵਿਚ ਵੀ ਅਦਾਕਾਰੀ ਕੀਤੀ ਸੀ।



*ਨਾਮੀ ਢਾਡੀ ਗਿਆਨੀ ਮੋਹਨ ਸਿੰਘ ਬਡਾਨਾ ਦਾ 'ਭਾਈ ਨੱਥਾ ਜੀ ਭਾਈ ਅਬਦੁੱਲਾ ਢਾਡੀ ਸਭਾ, ਯੂ. ਐਸ. ਏ.' ਦਾ ਪ੍ਰਧਾਨ ਬਣਨ 'ਤੇ ਸਨਮਾਨ ਕਰਦੇ ਹੋਏ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊ ਯਾਰਕ ਦੇ ਪ੍ਰਬੰਧਕ ਅਤੇ ਭਾਈਚਾਰੇ ਦੀਆਂ ਹੋਰ ਸ਼ਖਸੀਅਤਾਂ। ਇਸ ਮੌਕੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਪ੍ਰਧਾਨ ਦਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਕੰਗ (ਹਿਊਮਨ ਰਾਈਟਸ ਕਮਿਸ਼ਨਰ), ਕੁਲਦੀਪ ਸਿੰਘ ਢਿੱਲੋਂ (ਸਾਬਕਾ ਪ੍ਰਧਾਨ), ਜਨਰਲ ਸਕੱਤਰ ਭਾਈ ਬਲਾਕਾ ਸਿੰਘ, ਸੁਰਜੀਤ ਸਿੰਘ ਮੁਦਲ, ਬੂਟਾ ਸਿੰਘ ਚੀਮਾ, ਅਵਤਾਰ ਸਿੰਘ ਪੰਨੂ, ਮਹਿੰਦਰ ਸਿੰਘ ਉਪਲ, ਭਾਈ ਸੁਖਦੇਵ ਸਿੰਘ, ਭਾਈ ਕਿੱਕਰ ਸਿੰਘ, ਗੁਰਵਿੰਦਰ ਗੁਰੀ, ਭਾਈ ਵਰਿੰਦਰ ਸਿੰਘ ਅਤੇ ਅਮਰਜੀਤ ਸਿੰਘ ਸੰਧੂ ਹਾਜ਼ਰ ਸਨ।*

## ਸ਼ਰਾਬ ਜ਼ਰੂਰੀ ਵਸਤਾਂ ਦੀ ਸ਼੍ਰੇਣੀ 'ਚ ਸ਼ਾਮਲ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ਰਾਬ ਜ਼ਰੂਰੀ ਵਸਤੂ ਨਹੀਂ ਹੈ। ਮੁੰਬਈ 'ਚ ਦੁਕਾਨਾਂ ਉਤੇ ਸ਼ਰਾਬ ਦੀ ਵਿਕਰੀ ਦੇ ਨਿਰਦੇਸ਼ਾਂ ਨੂੰ ਬੰਬਈ ਹਾਈ ਕੋਰਟ ਵੱਲੋਂ ਨਕਾਰੇ ਜਾਣ ਮਗਰੋਂ ਮਹਾਰਾਸ਼ਟਰ ਵਾਈਨ ਮਰਚੈਂਟਸ ਐਸੋਸੀਏਸ਼ਨ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ ਜਿਸ ਨੇ ਅਪੀਲ ਨੂੰ ਰੱਦ ਕਰ ਦਿੱਤਾ।

ਬੈਂਚ ਅਨੁਸਾਰ ਹਾਈ ਕੋਰਟ ਨੇ ਪਟੀਸ਼ਨਰ ਨੂੰ ਪਹਿਲਾਂ ਹੀ ਇਹ ਕੇਸ ਮਿਊਂਸਪਲ ਕਾਰਪੋਰੇਸ਼ਨ ਕੋਲ ਉਠਾਉਣ ਲਈ ਕਿਹਾ ਹੈ ਅਤੇ ਇਸ ਸਪੈਸ਼ਲ ਲੀਵ ਪਟੀਸ਼ਨ ਦੀ ਸੁਣਵਾਈ 'ਚ ਕੋਈ ਤੁਕ ਨਹੀਂ ਹੈ। ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਸ਼ਰਾਬ ਦੀ ਆਨਲਾਈਨ ਵਿਕਰੀ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ: 317-888-2040



ਵੇਟਰ, ਹੈਲਪਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।
ਸੰਪਰਕ ਕਰੋ, ਦਵਿੰਦਰ ਸਿੰਘ
ਫੋਨ: 262-391-7666
26-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



Midway Business Broker




For All Your Commercial Real Estate Needs
MIDWAY Business Broker
We Build Your Dreams
We Help You To
*Gas Station
*Commercial
*Liquor Store
*Hotel/Motel
*Miscellaneous Store
We will assist you to provide funding from $25K to $500K in 48 hrs.
List your business at: WWW.MBBBIZ.COM
Ajeet Singh: 847-529-9778
Nick Verma: 630-664-1435



Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਕੈਪਟਨ ਦੀ ਸਖਤੀ ਦੇ ਬਾਵਜੂਦ ਖੇਤੀ ਆਰਡੀਨੈਂਸਾਂ ਖਿਲਾਫ ਡਟੇ ਕਿਸਾਨ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਬਹਾਨੇ ਕੈਪਟਨ ਸਰਕਾਰ ਦੀ ਸਖਤੀ ਦੇ ਬਾਵਜੂਦ ਕਿਸਾਨਾਂ ਜਥੇਬੰਦੀਆਂ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਤਿੰਨ ਆਰਡੀਨੈਂਸਾਂ ਖਿਲਾਫ ਮੋਰਚੇ ਉਤੇ ਡਟੀਆਂ ਹੋਈਆਂ ਹਨ। ਆਰਡੀਨੈਂਸਾਂ ਦੇ ਵਿਰੋਧ 'ਚ 13 ਕਿਸਾਨ ਜਥੇਬੰਦੀਆਂ ਦੇ ਦਿੱਤੇ ਸੰਘਰਸ਼ ਦੇ ਸੱਦੇ ਤਹਿਤ ਕਿਸਾਨਾਂ ਦੇ ਟਰੈਕਟਰ ਕਾਫਲਿਆਂ ਨੇ ਸਰਕਾਰਾਂ ਦੀ ਜਾਗ ਖੋਲ੍ਹੀ ਹੈ।

ਪੰਜਾਬ 'ਚ ਖੇਤੀ ਆਰਡੀਨੈਂਸਾਂ ਖਿਲਾਫ ਨਿਆਣੇ ਵੀ ਸੰਘਰਸ਼ੀ ਪਿੜ 'ਚ ਉਤਰੇ ਹਨ। ਪਿੰਡੋਂ ਪਿੰਡ ਜੋ ਸੰਘਰਸ਼ੀ ਬਿਗਲ ਵੱਜਿਆ ਹੈ, ਉਸ 'ਚ ਔਰਤਾਂ ਵੀ ਘਰਾਂ 'ਚੋਂ ਨਿਕਲੀਆਂ ਹਨ। ਪਿੰਡਾਂ ਵਿਚ ਜੋ ਅਰਥੀ ਫੂਕ ਮੁਜ਼ਾਹਰੇ ਚੱਲ ਰਹੇ ਹਨ, ਉਨ੍ਹਾਂ 'ਚ ਸਕੂਲੀ ਬੱਚਿਆਂ ਦੀ ਮੌਜੂਦਗੀ ਕੇਂਦਰ ਲਈ ਇਕ ਨਵਾਂ ਸੁਨੇਹਾ ਹੈ। ਭਾਵੇਂ ਸਕੂਲੀ ਬੱਚੇ ਖੇਤੀ ਆਰਡੀਨੈਂਸਾਂ ਦੇ ਵੱਡੇ ਮਾਅਨਿਆਂ ਤੋਂ ਅਣਜਾਣ ਹਨ ਪਰ ਖੇਤਾਂ ਨੂੰ ਪੈਣ ਵਾਲੀ ਚਾਨਣੀ ਦੀ ਸੋਝੀ ਜ਼ਰੂਰ ਰੱਖਦੇ ਹਨ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਬੀਕੇਯੂ (ਡਕੌਂਦਾ), ਬੀਕੇਯੂ (ਕ੍ਰਾਂਤੀਕਾਰੀ), ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਜਮਹੂਰੀ ਅਧਿਕਾਰ ਸਭਾ, ਕਿਰਤੀ ਕਿਸਾਨ ਯੂਨੀਅਨ, ਆਲ ਇੰਡੀਆ ਕਿਸਾਨ ਸਭਾ ਵੱਲੋਂ ਆਪੋ ਆਪਣੇ ਪੱਧਰ 'ਤੇ ਪਿੰਡਾਂ ਵਿਚ ਸੰਘਰਸ਼ੀ ਮੈਦਾਨ ਨੂੰ ਭਖਦਾ ਰੱਖਿਆ ਹੋਇਆ ਹੈ। ਕਿਸਾਨ ਧਿਰਾਂ ਦਾ ਕਹਿਣਾ ਹੈ ਕਿ ਸੰਘਰਸ਼ੀ ਧਿਰਾਂ ਉਤੇ ਪੁਲਿਸ ਦਾ ਦਾਬਾ ਪਾਉਣਾ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਕੇਂਦਰੀ ਆਰਡੀਨੈਂਸਾਂ ਨੂੰ ਲਾਗੂ ਕਰਾਉਣ ਵਿਚ ਭਾਗੀਦਾਰ ਬਣ ਰਹੀ ਹੈ।




ਦੱਸਣਯੋਗ ਹੈ ਕਿ ਪੰਜਾਬ ਦੇ ਖੇਤਾਂ ਵਿਚ ਜੀਰੀ ਦੀ ਲਵਾਈ ਮਗਰੋਂ ਕੰਮ ਘਟ ਗਿਆ ਹੈ ਜਿਸ ਕਰਕੇ ਕਿਸਾਨਾਂ 'ਚ ਆਰਡੀਨੈਂਸ ਦੀ ਮਾਰ ਦੇ ਫਿਕਰ ਵਧੇ ਹਨ। ਹੁਣ ਕਿਸਾਨਾਂ ਨੂੰ ਆਪਣੀ ਫਸਲ ਮੰਡੀਆਂ ਵਿਚ ਠੀਕ-ਠਾਕ ਵਿਕਣ ਦੀ ਚਿੰਤਾ ਪਈ ਹੋਈ ਹੈ।

ਉਧਰ, ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੀ ਆੜ ਹੇਠ ਜਾਰੀ ਕੀਤੇ ਗਏ ਤਿੰਨ ਆਰਡੀਨੈਂਸਾਂ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਆਰਡੀਨੈਂਸਾਂ ਨੂੰ ਵਾਪਸ ਲੈਣ। ਉਹ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਲਿਖ ਰਹੇ ਹਨ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦਾ ਸਾਥ ਛੱਡਣ ਵਿਚ ਦੇਰੀ ਜ਼ਰੂਰ ਹੋਈ ਹੈ ਪਰ ਉਹ ਬਿਨਾ ਦਾਗ ਦੇ ਬਾਹਰ ਆਏ ਹਨ ਅਤੇ ਹੁਣ ਪੰਥ ਅਤੇ ਪੰਜਾਬ ਦੇ ਹਿੱਤਾਂ ਦੀ ਲੜਾਈ ਜ਼ੋਰਦਾਰ ਢੰਗ ਨਾਲ ਲੜੀ ਜਾਵੇਗੀ।

## ਭਾਅ ਨਾਲ ਛੇੜਛਾੜ ਨਹੀਂ ਹੋਣ ਦਿਆਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਕਣਕ ਤੇ ਝੋਨੇ ਦੇ ਘੱਟੋ ਘੱਟ ਸਮਰਥਨ ਮੁੱਲ ਅਤੇ ਯਕੀਨੀ ਮੰਡੀਕਰਨ ਨਾਲ ਕੋਈ ਵੀ ਛੇੜਛਾੜ ਨਹੀਂ ਹੋਣ ਦੇਵੇਗਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਏ.ਪੀ.ਐਮ.ਸੀ. ਐਕਟ ਵਿਚ ਸੋਧ ਕਰਨ ਦਾ ਵਾਅਦਾ ਕੀਤਾ ਸੀ ਤੇ ਹੁਣ ਕਾਂਗਰਸ ਪਾਰਟੀ ਘੱਟੋ ਘੱਟ ਸਮਰਥਨ ਅਤੇ ਯਕੀਨੀ ਮੰਡੀਕਰਨ ਦੀ ਵਿਵਸਥਾ ਖਤਮ ਹੋਣ ਦਾ ਕੂੜ ਪ੍ਰਚਾਰ ਕਰਕੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਾਂਗਰਸ ਪਾਰਟੀ ਵੱਲੋਂ ਮੱਕੀ ਉਤਪਾਦਕ ਕਿਸਾਨਾਂ ਦੀ ਜਿਣਸ ਖਰੀਦਣ ਵਿਚ ਅਸਫਲ ਰਹਿਣ ਉਤੇ ਕਾਂਗਰਸ ਪਾਰਟੀ ਦੀ ਨਿਖੇਧੀ ਕੀਤੀ ਤੇ ਪ੍ਰਾਈਵੇਟ ਕੰਪਨੀਆਂ ਤੋਂ ਮਹਿੰਗੇ ਭਾਅ ਖੇਤੀਬਾੜੀ ਮਸ਼ੀਨਰੀ ਖਰੀਦੇ ਜਾਣ ਦੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ।

## ਕੇਂਦਰ ਸਰਕਾਰ ਦੀ ਨੀਤੀ ਸੰਘੀ ਢਾਂਚੇ ਲਈ ਖਤਰਾ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੱਤਾ ਦੇ ਲਾਲਚ ਵਿਚ ਆਪਣੀਆਂ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਨੂੰ ਧਨ ਬਲ ਨਾਲ ਅਸਥਿਰ ਕਰਕੇ ਜਮਹੂਰੀਅਤ ਦੀ ਹੱਤਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਗੋਆ ਤੇ ਮੱਧ ਪ੍ਰਦੇਸ਼ ਅਤੇ ਹੁਣ ਰਾਜਸਥਾਨ ਵਿਚ ਭਾਜਪਾ ਨੇ ਜਿਸ ਤਰੀਕੇ ਜਮਹੂਰੀਅਤ ਦਾ ਘਾਣ ਕੀਤਾ ਹੈ, ਉਹ ਸਾਡੇ ਦੇਸ਼ ਦੇ ਸੰਘੀ ਢਾਂਚੇ ਲਈ ਖਤਰਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਭਾਜਪਾ ਦੀ ਇਸ ਧੱਕੇਸ਼ਾਹੀ ਖਿਲਾਫ ਚੁੱਪ ਨਹੀਂ ਬੈਠੇਗੀ। ਉਨ੍ਹਾਂ ਸਮੂਹ ਪਾਰਟੀ ਅਹੁਦੇਦਾਰਾਂ ਨੂੰ ਕਿਹਾ ਕਿ ਉਹ ਭਾਜਪਾ ਦੀ ਜਮਹੂਰੀਅਤ ਵਿਰੋਧੀ ਸੋਚ ਖਿਲਾਫ ਸੋਸ਼ਲ ਮੀਡੀਆ ਉਤੇ ਆਪਣੇ ਵੀਡੀਓ ਸ਼ੇਅਰ ਕਰਨ ਤਾਂ ਜੋ ਲੋਕਾਂ ਨੂੰ ਸੱਚ ਤੋਂ ਜਾਣੂ ਕਰਵਾਇਆ ਜਾ ਸਕੇ।

# ਕਰੋਨਾ ਸੰਕਟ: ਪੰਜਾਬ ਮੰਤਰੀ ਮੰਡਲ 'ਚ ਫੇਰਬਦਲ ਟਲਿਆ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਦੇ ਵਿਸਥਾਰ ਅਤੇ ਫੇਰਬਦਲ ਦੀਆਂ ਸਾਰੀ ਅਟਕਲਾਂ ਉਤੇ ਵਿਰਾਮ ਲਗਾਉਂਦੇ ਹੋਏ ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਮੰਤਰੀ ਮੰਡਲ 'ਚ ਫਿਲਹਾਲ ਕੋਈ ਬਦਲਾਅ ਨਹੀਂ ਹੋ ਰਿਹਾ।

ਇਸ ਦੇ ਨਾਲ ਹੀ ਉਨ੍ਹਾਂ ਨੇ ਪਾਰਟੀ ਦੀ ਸੂਬਾ ਇਕਾਈ ਦੇ ਛੇਤੀ ਪੁਨਰਗਠਨ ਦੇ ਸੰਕੇਤ ਵੀ ਦਿੱਤੇ ਹਨ। ਗੱਲਬਾਤ ਦੌਰਾਨ ਆਸ਼ਾ ਕੁਮਾਰੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਅਗਵਾਈ 'ਚ ਪੰਜਾਬ ਮੰਤਰੀ ਮੰਡਲ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਿਹਾ ਹੈ ਅਤੇ ਉਸ ਵਿਚ ਕੋਈ ਬਦਲਾਅ ਕੀਤੇ ਜਾਣ ਉਤੇ ਅਜੇ ਕੋਈ ਵੀ ਵਿਚਾਰ ਨਹੀਂ ਹੋ ਰਿਹਾ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਮੰਤਰੀ ਮੰਡਲ ਦੇ ਵਿਸਥਾਰ ਅਤੇ ਕੁਝ ਮੰਤਰੀਆਂ ਦੇ ਵਿਭਾਗਾਂ ਵਿਚ ਫੇਰਬਦਲ ਦੀਆਂ ਅਟਕਲਾਂ ਚਲਦੀਆਂ ਰਹੀਆਂ ਹਨ।

ਮੰਨਿਆ ਜਾ ਰਿਹਾ ਸੀ ਕਿ ਕੈਪਟਨ ਆਪਣੇ ਮੰਤਰੀ ਮੰਡਲ ਦੇ ਕੁਝ ਮੰਤਰੀਆਂ ਨੂੰ ਬਦਲਣ ਵਾਲੇ ਹਨ ਅਤੇ ਕੁਝ ਮੰਤਰੀਆਂ ਦੇ ਵਿਭਾਗਾਂ 'ਚ ਫੇਰਬਦਲ ਕੀਤਾ ਜਾਵੇਗਾ, ਪਰ ਪੰਜਾਬ ਕਾਂਗਰਸ ਇੰਚਾਰਜ ਨੇ ਇਨ੍ਹਾਂ ਅਟਕਲਾਂ ਉਤੇ ਫਿਲਹਾਲ ਵਿਰਾਮ ਲਾ ਦਿੱਤਾ ਹੈ। ਆਸ਼ਾ ਕੁਮਾਰੀ ਨੇ ਕਿਹਾ ਕਿ ਕੋਵਿਡ ਤਾਲਾਬੰਦੀ ਤੋਂ ਪਹਿਲਾਂ ਪਾਰਟੀ ਦੀ ਪੰਜਾਬ ਇਕਾਈ ਨੂੰ ਭੰਗ ਕਰ ਦਿੱਤਾ ਗਿਆ ਸੀ ਪਰ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਅਹੁਦੇ ਉਤੇ ਬਣਾ ਕੇ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਹੁਣ ਜਾਖੜ ਦੀ ਅਗਵਾਈ 'ਚ ਪਾਰਟੀ ਦੀ ਪ੍ਰਦੇਸ਼ ਇਕਾਈ ਦੇ ਪੁਨਰਗਠਨ ਦੀ ਪ੍ਰਕਿਰਿਆ ਛੇਤੀ ਸ਼ੁਰੂ ਕੀਤੀ ਜਾਵੇਗੀ। ਪੰਜਾਬ ਵਿਧਾਨ ਸਭਾ ਦੇ 2022 ਦੀਆਂ ਚੋਣਾਂ ਅਤੇ ਪੰਜਾਬ 'ਚ ਸਰਗਰਮ ਪੰਥਕ ਰਾਜਨੀਤੀ ਨੂੰ ਲੈ ਕੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕਾਂਗਰਸ ਦਾ ਕੋਈ ਵੀ ਨੇਤਾ ਧਰਮ ਵਿਸ਼ੇਸ਼ ਦੀ ਰਾਜਨੀਤੀ ਨਹੀਂ ਕਰਦਾ। ਉਨ੍ਹਾਂ ਕਿਹਾ, ਪਾਰਟੀ ਸਾਰੇ ਧਰਮਾਂ ਦਾ ਸਨਮਾਨ ਕਰਦੀ ਹੈ ਅਤੇ ਕਿਸੇ ਧਰਮ ਨੂੰ ਵਿਸ਼ੇਸ਼ ਤਰਜੀਹ ਨਹੀਂ ਦਿੰਦੀ। ਡੇਰਾ ਸਿਰਸਾ ਤੋਂ ਵੋਟ ਮੰਗਣ ਸਬੰਧੀ ਸਵਾਲ ਦਾ ਗੋਲਮੋਲ ਜਵਾਬ ਦਿੰਦੇ ਹੋਏ ਆਸ਼ਾ ਕੁਮਾਰੀ ਨੇ ਕਿਹਾ ਕਿ ਚੋਣਾਂ ਦੌਰਾਨ ਕਾਂਗਰਸ ਪਾਰਟੀ ਹਰ ਇਕ ਵੋਟਰ ਕੋਲ ਜਾਵੇਗੀ, ਚਾਹੇ ਉਹ ਕਿਸੇ ਵੀ ਧਰਮ ਤੇ ਸੰਪਰਦਾਇ ਨੂੰ ਮੰਨਣ ਵਾਲਾ ਕਿਉਂ ਨਾ ਹੋਵੇ।

# ਵਿਦੇਸ਼ਾਂ 'ਚ ਫੌਤ ਹੋਏ ਨੌਜਵਾਨਾਂ ਦੀਆਂ ਦੇਹਾਂ ਮੰਗਵਾਉਣ ਲਈ ਅਰਜੋਈ

**ਸ੍ਰੀ ਮੁਕਤਸਰ ਸਾਹਿਬ:** ਕੈਨੇਡਾ ਵਿਚ ਪੜ੍ਹਾਈ ਕਰਨ ਗਏ ਮੁਕਤਸਰ ਦੇ ਵਿਦਿਆਰਥੀ ਪੁਨੀਤ ਰਜੋਰੀਆ (19) ਦੀ 10 ਜੂਨ ਨੂੰ ਕੈਨੇਡਾ ਵਿੱਚ ਬਲੱਡ ਕੈਂਸਰ ਕਾਰਨ ਮੌਤ ਹੋ ਗਈ ਸੀ। ਉਹ ਦਸੰਬਰ 2018 ਵਿਚ ਕੈਨੇਡਾ ਦੇ ਸੂਬੇ ਓਂਟਰੀਓ ਦੇ ਸ਼ਹਿਰ ਓਸ਼ਾਵਾ ਵਿਚ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰਨ ਗਿਆ ਸੀ।



ਹੁਣ ਉਸ ਦੇ ਪਿਤਾ ਦਵਿੰਦਰ ਰਜੋਰੀਆ ਜੋ ਮੁਕਤਸਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਚ ਪ੍ਰਿੰਸੀਪਲ ਹਨ, ਉਸ ਦੀ ਮ੍ਰਿਤਕ ਦੇਹ ਦੀ ਉਡੀਕ ਕਰ ਰਹੇ ਹਨ। ਇਸੇ ਤਰ੍ਹਾਂ ਪਿੰਡ ਭੰਗੇਵਾਲਾ ਦੇ ਮਜ਼ਦੂਰ ਗੁਰਮੇਲ ਸਿੰਘ ਨੇ ਆਪਣੇ ਪੁੱਤਰ ਸੁਖਮੰਦਰ ਸਿੰਘ (32) ਨੂੰ ਇਸ ਆਸ ਨਾਲ ਦੁਬਈ ਭੇਜਿਆ ਸੀ ਕਿ ਉਹ ਉਨ੍ਹਾਂ ਦੇ ਬੁਢਾਪੇ ਦੀ ਡੰਗੋਰੀ ਬਣੇਗਾ।

ਸੁਖਮੰਦਰ ਸਿੰਘ ਦੁਬਈ ਵਿਚ ਬਿਨ ਲਾਦੇਨ ਨਾਮ ਦੀ ਕੰਪਨੀ ਵਿਚ ਕੰਮ ਕਰਦਾ ਸੀ ਕਿ ਅਚਾਨਕ 23 ਜੂਨ ਨੂੰ ਦਿਲ ਦਾ ਦੌਰਾ ਪੈਣ ਕਰਕੇ ਉਸ ਦੀ ਮੌਤ ਹੋ ਗਈ। ਹੁਣ ਗਰੀਬ ਪਰਿਵਾਰ ਪੁੱਤਰ ਦੀ ਮ੍ਰਿਤਕ ਦੇਹ ਦੀਆਂ ਅੰਤਿਮ ਰਸਮਾਂ ਕਰਨ ਦੇ ਕਾਗਜ਼ੀ ਜਾਲ 'ਚ ਫਸਿਆ ਹੋਇਆ ਹੈ।

ਇਸ ਦੌਰਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਮੁਕਤਸਰ ਦੇ ਪ੍ਰਧਾਨ ਗੁਰਬਿੰਦਰ ਸਿੰਘ ਬਰਾੜ ਨੇ ਕਿਹਾ ਕਿ ਮ੍ਰਿਤਕ ਸੁਖਮੰਦਰ ਸਿੰਘ ਦੀ ਦੇਹ ਨੂੰ ਦੁਬਈ ਤੋਂ ਅੰਮ੍ਰਿਤਸਰ ਹਵਾਈ ਅੱਡੇ ਤੱਕ ਲਿਆਉਣ ਦਾ ਸਾਰਾ ਪ੍ਰਬੰਧ ਟਰੱਸਟ ਵੱਲੋਂ ਕੀਤਾ ਗਿਆ ਹੈ।

# ਟੋਰਾਂਟੋ ਫਿਲਮ ਮੇਲਾ 6 ਅਗਸਤ ਤੋਂ

**ਟੋਰਾਂਟੋ:** ਉਤਰੀ ਅਮਰੀਕਾ ਦੇ ਸਭ ਤੋਂ ਵੱਡੇ ਦੱਖਣੀ ਏਸ਼ਿਆਈ ਫਿਲਮ ਮੇਲਾ- ਬੀ. ਐਮ. ਓ. ਆਈ.ਐਫ.ਐਸ.ਐਸ.ਏ. ਇਸ ਵਾਰ ਵੱਖਰੇ ਰੂਪ ਵਿਚ ਹਾਜ਼ਰ ਹੈ। ਇਸ ਵਾਰ ਇਹ ਵਰਚੂਅਲ ਪੋਰਟਲ ਰਾਹੀਂ ਹਾਜ਼ਰ ਹੋਵੇਗਾ। ਇਸ ਕਾਰਜ ਲਈ ਵਰਚੂਅਲ ਪੋਰਟਲ 2020 ਤਿਆਰ ਕਰ ਲਿਆ ਗਿਆ ਹੈ।

ਕੋਵਿਡ ਸੰਕਟ ਕਾਰਨ ਮੇਲੇ ਬਾਰੇ ਜੋ ਅਨਿਸ਼ਚਿਤਤਾ ਬਣ ਰਹੀ ਹੈ, ਆਈ. ਐਫ. ਐਸ. ਏ. ਦੀ ਟੀਮ ਨੇ ਇਸ ਬਾਰੇ ਵਿਚਾਰਾਂ ਕੀਤੀਆਂ। ਆਪਣੇ ਦਰਸ਼ਕਾਂ ਤੱਕ ਪਹੁੰਚ ਲਈ ਇਹ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਕੰਮ ਕਰ ਰਹੀ ਹੈ। ਹੁਣ ਇਹ ਡਿਜੀਟਲ ਰੂਪ ਲੈ ਕੇ ਆਈ ਹੈ। ਹੁਣ ਬੀ.ਐਮ.ਓ. ਆਈ. ਐਫ. ਐਸ. ਐਸ. ਏ. ਵਰਚੂਅਲ 2020 ਆਨਲਾਈਨ ਕੀਤਾ ਜਾ ਰਿਹਾ ਹੈ ਅਤੇ ਇਹ 6 ਤੋਂ 16 ਅਗਸਤ ਤੱਕ iffsatoronto.comfrom ਉਤੇ ਚੱਲੇਗਾ।

ਮੇਲੇ ਦੀ ਸ਼ੁਰੂਆਤ ਮਿਸਾਲੀ ਅਦਾਕਾਰ ਇਰਫਾਨ ਖਾਨ ਨੂੰ ਵਿਸ਼ੇਸ਼ ਸ਼ਰਧਾਂਜਲੀ ਨਾਲ ਹੋਵੇਗੀ, ਜੋ ਮੇਲੇ ਨਾਲ ਚੰਗੇ ਖੈਰਖਵਾਹ ਵਜੋਂ ਜੁੜਿਆ ਹੋਇਆ ਸੀ। ਇਸ ਪਿੱਛੋਂ ਉਸ ਦੀ ਇਨਾਮ ਜੇਤੂ ਫਿਲਮ 'ਕਿੱਸਾ' ਦਿਖਾਈ ਜਾਵੇਗੀ ਜੋ ਅਨੂਪ ਸਿੰਘ ਨੇ ਡਾਇਰੈਕਟ ਕੀਤੀ ਹੈ। ਨਾਲ ਹੀ ਇਸ ਫਿਲਮ ਬਾਰੇ ਪੈਨਲ ਵਿਚਾਰ-ਵਟਾਂਦਰਾ ਹੋਵੇਗਾ ਜਿਸ 'ਚ ਅਨੂਪ ਸਿੰਘ ਤੋਂ ਇਲਾਵਾ ਫਿਲਮ ਨਾਲ ਜੁੜੇ ਹੋਰ ਕਲਾਕਾਰ ਵੀ ਹਿੱਸਾ ਲੈਣਗੇ।

ਐਤਕੀਂ ਮੇਲੇ 'ਚ 16 ਭਾਸ਼ਾਵਾਂ ਦੀਆਂ 100 ਤੋਂ ਉਪਰ ਫਿਲਮਾਂ ਦਿਖਾਈਆਂ ਜਾਣਗੀਆਂ। ਇਸ ਕਾਰਜ ਲਈ 50 ਤੋਂ ਉਪਰ ਸਮਾਗਮ ਉਲੀਕੇ ਗਏ ਹਨ। ਮੇਲੇ 'ਚ 50 ਤੋਂ ਵੱਧ ਫਿਲਮਸਾਜ਼ ਤੇ ਹੋਰ ਸ਼ਖਸੀਅਤਾਂ ਸ਼ਿਰਕਤ ਕਰਨਗੀਆਂ।

ਇਨ੍ਹਾਂ ਵਿਚ ਗੁਰਿੰਦਰ ਚੱਢਾ, ਜਾਵੇਦ ਅਖਤਰ, ਅਨੁਰਾਗ ਕਸ਼ਿਅਪ, ਮਨੋਜ ਬਾਜਪਾਈ, ਅਨੂਪ ਸਿੰਘ, ਗੁਲਸ਼ਿਫਤਾਹ ਫਰਹਾਨੀ, ਨੰਦਿਤਾ ਦਾਸ, ਗੌਤਮ ਘੋਸ਼, ਮੁਸਤਫਾ ਸਰਵਰ ਫਾਰੂਕੀ, ਸ਼ਹਰਬਾਨੋ ਸਾਅਦਤ, ਰੀਮਾ ਦਾਸ, ਰਾਜਕੁਮਾਰ ਰਾਓ, ਗੁਰਵਿੰਦਰ ਸਿੰਘ ਤੇ ਕੁਨਕੁਨਾ ਸੇਨ ਸ਼ਾਮਲ ਹਨ।

# ਹਾਈਕੋਰਟ ਵਲੋਂ ਸ਼ਿਵਇੰਦਰ ਸਿੰਘ ਨੂੰ ਜ਼ਮਾਨਤ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਰੇਲੀਗੇਅਰ ਫਿਨਵੈਸਟ ਲਿਮਟਿਡ (ਆਰ. ਐਫ. ਐਲ.) ਦੇ ਕਥਿਤ ਫੰਡਾਂ ਦੀ ਹੇਰਾਫੇਰੀ ਨਾਲ ਸਬੰਧਤ ਹਵਾਲਾ ਰਾਸ਼ੀ ਮਾਮਲੇ 'ਚ ਫੋਰਟਿਸ ਹੈਲਥਕੇਅਰ ਦੇ ਸਾਬਕਾ ਪ੍ਰਮੋਟਰ ਸ਼ਿਵਇੰਦਰ ਮੋਹਨ ਸਿੰਘ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਅਦਾਲਤ ਨੇ ਕਿਹਾ ਕਿ ਉਹ ਉਸ ਦੀ ਰਿਹਾਈ ਨਾਲ ਵੱਡੇ ਪੈਮਾਨੇ ਉਤੇ ਸਮਾਜ ਜਾਂ ਜਨਤਾ ਦੇ ਹਿੱਤਾਂ ਲਈ ਕੋਈ ਗੰਭੀਰ ਖਤਰਾ ਨਹੀਂ ਸਮਝਦੀ। ਜਸਟਿਸ ਅਨੂਪ ਜੈਰਾਮ ਭਾਂਭਾਨੀ ਨੇ ਸ਼ਿਵਇੰਦਰ ਨੂੰ ਇਕ ਕਰੋੜ ਦੇ ਨਿੱਜੀ ਮੁਚਲਕੇ ਅਤੇ ਪਰਿਵਾਰਕ ਮੈਂਬਰਾਂ ਦੀਆਂ 25-25 ਲੱਖ ਦੀਆਂ ਦੋ ਜ਼ਾਮਨੀਆਂ ਉਤੇ ਰਾਹਤ ਪ੍ਰਦਾਨ ਕੀਤੀ।

ਜੱਜ ਨੇ ਸ਼ਿਵਇੰਦਰ ਨੂੰ ਆਪਣਾ ਪਾਸਪੋਰਟ ਜਮ੍ਹਾਂ ਕਰਵਾਉਣ ਨੂੰ ਵੀ ਕਿਹਾ ਅਤੇ ਈ.ਡੀ. ਦੇ ਜਾਂਚ ਅਧਿਕਾਰੀ ਨੂੰ ਆਦੇਸ਼ ਦਿੱਤਾ ਕਿ ਉਹ ਗ੍ਰਹਿ ਮੰਤਰਾਲੇ ਦੇ ਇਮੀਗ੍ਰੇਸ਼ਨ ਬਿਊਰੋ ਨੂੰ ਸ਼ਿਵਇੰਦਰ ਦੇ ਨਾਂ ਉਤੇ ਤੁਰਤ ਲੁਕ ਆਊਟ ਨੋਟਿਸ ਕੱਢਣ ਲਈ ਬੇਨਤੀ ਕਰਨ ਤਾਂ ਜੋ ਉਹ ਹੇਠਲੀ ਅਦਾਲਤ ਦੀ ਆਗਿਆ ਨਾਲ ਦੇਸ਼ ਛੱਡ ਕੇ ਨਾ ਜਾ ਸਕੇ। ਹਾਈਕੋਰਟ ਨੇ ਹੋਰ ਵੀ ਕਈ ਸ਼ਰਤਾਂ ਲਗਾਈਆਂ ਹਨ, ਜਿਨ੍ਹਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਸਬੂਤਾਂ ਨਾਲ ਛੇੜਛਾੜ ਨਹੀਂ ਕਰੇਗਾ ਅਤੇ ਨਾ ਹੀ ਸਿੱਧੇ ਜਾਂ ਅਸਿੱਧੇ ਤੌਰ ਉਤੇ ਗਵਾਹਾਂ ਨੂੰ ਪ੍ਰਭਾਵਿਤ ਕਰੇਗਾ। ਦੱਸਣਯੋਗ ਹੈ ਕਿ ਸ਼ਿਵਇੰਦਰ ਨੂੰ ਈ.ਡੀ. ਵੱਲੋਂ ਦਾਇਰ ਹਵਾਲਾ ਰਾਸ਼ੀ ਮਾਮਲੇ 'ਚ ਬੀਤੇ ਸਾਲ 12 ਦਸੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਦਕਿ ਆਰਥਿਕ ਅਪਰਾਧ ਵਿੰਗ (ਈ.ਓ.ਡਬਲਯੂ.) ਵੱਲੋਂ ਉਸ ਨੂੰ ਇਕ ਹੋਰ ਧੋਖਾਧੜੀ ਦੇ ਮਾਮਲੇ 'ਚ ਬੀਤੇ ਸਾਲ 10 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਸੀ। ਕਿਉਂਕਿ ਉਸ ਨੂੰ ਅਜੇ ਈ.ਓ.ਡਬਲਯੂ. ਵਾਲੇ ਕੇਸ 'ਚ ਜ਼ਮਾਨਤ ਨਹੀਂ ਮਿਲੀ, ਇਸ ਕਰਕੇ ਉਹ ਜੇਲ੍ਹ 'ਚ ਹੀ ਰਹੇਗਾ।

# ਸਵਾਂਗ ਮਾਮਲਾ: ਡੇਰਾ ਮੁਖੀ ਨਾਲ ਲਿਹਾਜ਼ ਬਾਰੇ ਸੁਖਬੀਰ ਨੂੰ ਸਵਾਲ

**ਜਲੰਧਰ:** ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਆਖਿਆ ਕਿ ਡੇਰਾ ਮੁਖੀ ਸਵਾਂਗ ਰਚਣ ਦੇ ਮਾਮਲੇ ਵਿਚ ਕਿਵੇਂ ਬਚਿਆ, ਇਸ ਬਾਰੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਡੇਰਾ ਮੁਖੀ ਖਿਲਾਫ ਸਾਲ 2007 'ਚ ਸਵਾਂਗ ਰਚਣ ਦਾ ਮਾਮਲਾ ਦਰਜ ਹੋਇਆ ਸੀ ਪਰ ਉਸ ਵਿਰੁੱਧ ਚਲਾਨ ਪੇਸ਼ ਨਹੀਂ ਕੀਤਾ ਗਿਆ।

ਉਨ੍ਹਾਂ ਆਖਿਆ ਕਿ ਬਾਦਲ ਸਰਕਾਰ ਨੇ ਡੇਰਾ ਮੁਖੀ ਵਿਰੁੱਧ ਪੰਜ ਸਾਲ ਤੱਕ ਚਲਾਨ ਪੇਸ਼ ਕਰਨ ਦੀ ਥਾਂ ਕੇਸ ਰੱਦ ਕਰਨ ਦੀ ਅਰਜੀ ਕਿਉਂ ਦਾਇਰ ਕੀਤੀ ਸੀ? ਉਨ੍ਹਾਂ ਆਖਿਆ ਕਿ 2007 ਵਿਚ ਗ੍ਰਹਿ ਵਿਭਾਗ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਕੋਲ ਸੀ ਅਤੇ ਫਿਰ 2009 ਵਿਚ ਉਪ ਮੁੱਖ ਮੰਤਰੀ ਬਣਨ ਉਤੇ ਇਹ ਵਿਭਾਗ ਸੁਖਬੀਰ ਸਿੰਘ ਬਾਦਲ ਕੋਲ ਚਲਾ ਗਿਆ। ਉਨ੍ਹਾਂ ਕਿਹਾ ਕਿ ਇੰਨੇ ਚਰਚਿਤ ਕੇਸ 'ਚ ਚਲਾਨ ਪੇਸ਼ ਨਾ ਹੋਣਾ ਸ਼ੰਕੇ ਖੜ੍ਹੇ ਕਰਦਾ ਹੈ। ਉਨ੍ਹਾਂ ਆਖਿਆ ਕਿ ਜੇਕਰ ਅਕਾਲੀ ਦਲ ਦੀ ਸਰਕਾਰ ਨੇ 2007 ਵਿਚ ਡੇਰਾ ਮੁਖੀ ਉਤੇ ਸ਼ਿਕੰਜਾ ਕਸਿਆ ਹੁੰਦਾ ਤਾਂ ਬੇਅਦਬੀ ਵਰਗੀਆਂ ਘਟਨਾਵਾਂ ਨਾ ਵਾਪਰਦੀਆਂ।

ਪੰਜਾਬ ਤੇ ਖਾਸ ਕਰਕੇ ਸਿੱਖ ਭਾਈਚਾਰੇ ਨੂੰ 2007 ਤੋਂ ਬਾਅਦ ਵਾਪਰੀਆਂ ਸਾਰੀਆਂ ਘਟਨਾਵਾਂ ਨੂੰ ਜੋੜ ਕੇ ਦੇਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਸ਼ਾਕ ਦਾ ਮਾਮਲਾ ਏਨਾ ਗਰਮਾਇਆ ਹੋਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਾਰੀ ਤਾਕਤ ਸਫਾਈ ਦੇਣ ਉਤੇ ਲਾ ਦਿੱਤੀ ਹੈ। ਪੁਸ਼ਾਕ ਬਾਰੇ ਜਾਂਚ ਕਿਉਂ ਨਹੀਂ ਕੀਤੀ ਗਈ। ਉਨ੍ਹਾਂ ਆਖਿਆ ਕਿ ਪੰਜਾਬ ਪੁਲਿਸ ਨੇ ਚੁੱਪ-ਚੁਪੀਤੇ 27 ਜਨਵਰੀ 2012 ਨੂੰ ਬਠਿੰਡਾ ਅਦਾਲਤ ਵਿਚ ਕੇਸ ਰੱਦ ਕਰਨ ਦੀ ਅਰਜ਼ੀ ਦਾਇਰ ਕਰ ਦਿੱਤੀ, ਜਿਸ ਨੂੰ ਅਦਾਲਤ ਨੇ ਅਗਸਤ 2014 ਵਿਚ ਸਵੀਕਾਰ ਕਰ ਲਿਆ। ਜਦਕਿ ਹਾਈ ਕੋਰਟ ਵਿਚ ਵਧੀਕ ਆਈ.ਜੀ. ਪੱਧਰ ਦੇ ਅਧਿਕਾਰੀ ਨੇ ਇਹ ਹਲਫਨਾਮਾ ਦਾਇਰ ਕੀਤਾ ਸੀ ਕਿ ਡੇਰਾ ਮੁਖੀ ਵਿਰੁੱਧ ਪੁਖਤਾ ਲੋੜੀਂਦੇ ਸਬੂਤ ਹਨ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਨੇ ਸਾਲ 2009 ਤੇ 2014 ਦੀਆਂ ਲੋਕ ਸਭਾ ਚੋਣਾਂ ਅਤੇ 2012 ਤੇ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਡੇਰਾ ਸਮਰਥਕਾਂ ਦੀਆਂ ਵੋਟਾਂ ਦੀ ਖਾਤਰ ਡੇਰਾ ਮੁਖੀ ਨੂੰ ਬਚਾਇਆ ਸੀ।




ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ, ਅਮਰੀਕਾ
UNITED SPORTS CLUB CALIFORNIA, AMERICA
ਅਸੀਂ ਆਪਣੇ ਸਮੂਹ ਸਪਾਂਸਰਾਂ, ਕਬੱਡੀ ਪ੍ਰੇਮੀਆਂ,
ਖਿਡਾਰੀਆਂ ਤੇ ਸ਼ੁੱਭ ਚਿੰਤਕਾਂ ਦੀ ਹਮੇਸ਼ਾ ਵਾਂਗ
ਖੈਰ ਸੁੱਖ ਮੰਗਦੇ ਹਾਂ।
ਅਮੋਲਕ ਸਿੰਘ ਗਾਖਲ
ਚੀਫ ਪੈਟਰਨ
ਤੀਰਥ ਗਾਖਲ
ਰੰਗ ਕਬੱਡੀ ਦੇ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Mike Boparai Advisor
Inder Dosanjh Advisor
Sadhu Singh Khlaur Advisor
Natha Singh Gakhal Advisor
Makhan Singh Dhaliwal Advisor
Jagir Singh Sabzi Mandi Advisor
Debi Sohal Sidhwan Dona Advisor
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Balvir Singh Bhatia Director
Jagjit Singh Rakkar Advisor
Kuljeet Singh Nijjar Advisor
Lakha Gazipur Advisor
Jaswant Srai Advisor
Sewa Singh Randhawa Advisor
Harjinder Ladhar Advisor
Dalwinder Padda Advisor
Arundeep Singh Advisor
Baljinder Singh Advisor
Kala Gakhal Advisor
ਕਰੋਨਾ ਮਹਾਂਮਾਰੀ ਦੇ ਦੌਰ ਵਿਚ ਇਸ ਵਾਰ ਵਿਸ਼ਵ ਕਬੱਡੀ ਕੱਪ ਕਰਵਾਉਣ ਦੀ ਕੋਈ ਵਿਵਸਥਾ ਨਾ ਹੋਣ ਕਰਕੇ ਅਸੀਂ ਤੇ ਤੁਸੀਂ ਸਾਰੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਪ੍ਰਦਰਸ਼ਨ ਤੋਂ ਵਿਰਵੇ ਰਹਾਂਗੇ।
ਸ. ਅਮੋਲਕ ਸਿੰਘ ਗਾਖਲ ਮੁੱਖ ਪ੍ਰਬੰਧਕ ਤੇ ਯੂਨਾਇਟਡ ਸਪੋਰਟਸ ਕਲੱਬ ਵਲੋਂ ਸਮੂਹ ਕਬੱਡੀ ਖਿਡਾਰੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਅਭਿਆਸ ਤੇ ਮਿਹਨਤ ਕਰਦੇ ਰਹਿਣ, ਇਹ ਉਦਾਸੀ ਭਰੇ ਦਿਨ ਮੁੱਕਣ ਵਾਲੇ ਹਨ ਤੇ ਕਬੱਡੀ ਦੇ ਜੌਹਰ ਦਿਖਾਉਣ ਦਾ ਜਲਦ ਮੌਕਾ ਮਿਲੇਗਾ
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਪੁੱਤਰਾਂ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਦੁਆ ਹੈ ਤੇ ਜਦੋਂ ਵੀ ਮਹੌਲ ਤੇ ਹਾਲਾਤ ਖੁਸ਼ਗਵਾਰ ਹੋਣਗੇ ਯੂਨਾਇਟਡ ਸਪੋਰਟਸ ਕਲੱਬ ਫਿਰ ਕਬੱਡੀ ਦੇ ਮੈਦਾਨ ਰੌਣਕਾਂ ਨਾਲ ਭਰਨ ਲਈ ਆਸ਼ਾਵਾਦੀ ਰਹੇਗਾ।
ਜਾਰੀ ਕਰਤਾ: ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆਂ

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਹਵਾਰਾ ਨੂੰ ਤੁਰਤ ਲੋੜੀਂਦਾ ਇਲਾਜ ਮੁਹੱਈਆ ਕਰਵਾਏ ਸਰਕਾਰ: ਜਥੇਦਾਰ

**ਤਲਵੰਡੀ ਸਾਬੋ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਦਿੱਲੀ ਦੀ ਤਿਹਾੜ ਜੇਲ੍ਹ 'ਚ ਨਜ਼ਰਬੰਦ ਜਗਤਾਰ ਸਿੰਘ ਹਵਾਰਾ ਨੂੰ ਅੱਖ ਦਾ ਇਲਾਜ ਕਰਵਾਉਣ 'ਚ ਭਾਰੀ ਦਿੱਕਤ ਪੇਸ਼ ਆ ਰਹੀ ਹੈ। ਜੇਲ੍ਹ ਪ੍ਰਸ਼ਾਸਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਤੁਰਤ ਭਾਈ ਹਵਾਰਾ ਦਾ ਉਚਿੱਤ ਇਲਾਜ ਕਰਵਾਏ ਤਾਂ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਭਾਈ ਜਗਤਾਰ ਸਿੰਘ ਹਵਾਰਾ ਦੀ ਸੱਜੀ ਅੱਖ 'ਚ ਚਿੱਟੇ ਮੋਤੀਏ ਦੀ ਸਮੱਸਿਆ ਆਈ ਪਈ ਹੈ ਅਤੇ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਉਸ ਅੱਖ ਤੋਂ ਦਿਖਾਈ ਦੇਣਾ ਵੀ ਘੱਟ ਗਿਆ ਹੈ ਪਰ ਜੇਲ੍ਹ ਪ੍ਰਸ਼ਾਸਨ ਉਨ੍ਹਾਂ ਦੀ ਅੱਖ ਦੇ ਇਲਾਜ ਤੋਂ ਲਗਾਤਾਰ ਆਨਾਕਾਨੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਜ ਨਾ ਹੁੰਦਾ ਦੇਖ ਕੇ ਭਾਈ ਹਵਾਰਾ ਦੇ ਵਕੀਲਾਂ ਨੂੰ ਅਦਾਲਤ ਦਾ ਸਹਾਰਾ ਲੈਣਾ ਪੈ ਰਿਹਾ ਹੈ।

## ਲਖਵੰਤ ਸਿੰਘ ਕੇਸ 'ਚ ਵੱਡੀ ਜਿੱਤ ਦਰਜ

**ਲੇਕਵੁੱਡ (ਕਾਲੋਰਾਡੋ):** ਜੈਫਰਸਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਐਰਿਕ ਬ੍ਰੀਮੈਨ ਦੇ ਖਿਲਾਫ ਨਫਰਤੀ ਅਪਰਾਧ ਦੇ ਦੋਸ਼ ਲਾਉਣ ਦਾ ਫੈਸਲਾ ਕੀਤਾ ਹੈ। ਉਸ ਖਿਲਾਫ ਹੋਰ ਵੀ ਕਈ ਦੋਸ਼ ਆਇਦ ਕੀਤੇ ਜਾਣਗੇ।

ਜ਼ਿਕਰਯੋਗ ਹੈ ਕਿ ਉਸ ਨੇ 29 ਅਪਰੈਲ ਨੂੰ ਸ. ਲਖਵੰਤ ਸਿੰਘ ਉਤੇ ਹਮਲਾ ਕੀਤਾ ਸੀ। ਇਸੇ ਦੌਰਾਨ ਲਖਵੰਤ ਸਿੰਘ ਨੇ ਉਨ੍ਹਾਂ ਸਾਰੇ ਸਿੱਖਾਂ ਅਤੇ ਗੈਰ ਸਿੱਖਾਂ ਦਾ ਧੰਨਵਾਦ ਕੀਤਾ ਜੋ ਸੰਕਟ ਦੀ ਇਸ ਘੜੀ ਦੌਰਾਨ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਖੜ੍ਹੇ। ਉਨ੍ਹਾਂ ਜੈਫਰਸਨ ਕਾਊਂਟੀ ਦੀ ਅਥਾਰਿਟੀਜ਼ ਦੀ ਵੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਉਸ ਦੀ ਗੱਲ ਢੰਗ ਨਾਲ ਸੁਣੀ ਜਿਸ ਕਰ ਕੇ ਦੋਸ਼ ਤੈਅ ਕਰਨੇ ਸੰਭਵ ਹੋ ਸਕੇ।

ਯਾਦ ਰਹੇ ਕਿ ਬ੍ਰੀਮੈਨ ਨੇ ਲਖਵੰਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਉਤੇ ਉਨ੍ਹਾਂ ਦੇ ਲੇਕਵੁੱਡ ਵਿਚ ਸਥਿਤ ਸਟੋਰ ਵਿਚ ਉਨ੍ਹਾਂ ਲਈ ਮਾੜੀ ਸ਼ਬਦਾਵਲੀ ਵਰਤੀ ਅਤੇ ਵਾਰ-ਵਾਰ ਕਿਹਾ ਕਿ ਉਹ ਆਪਣੇ ਮੁਲਕ ਚਲੇ ਜਾਣ। ਬਾਅਦ ਵਿਚ ਉਸ ਨੇ ਪਾਰਕਿੰਗ ਵਿਚ ਲਖਵੰਤ ਸਿੰਘ ਵਿਚ ਆਪਣੀ ਕਾਰ ਮਾਰੀ। ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਨੇ ਲਖਵੰਤ ਸਿੰਘ ਨੂੰ 'ਬੁੱਢਾ ਅਰਬ' ਕਹਿ ਕੇ ਗਾਲੀ-ਗਲੋਚ ਕੀਤਾ।

ਸਿੱਖ ਕੁਲੀਸ਼ਨ ਦੀ ਕਾਨੂੰਨੀ ਡਾਇਰੈਕਟਰ ਅੰਮ੍ਰਿਤ ਕੌਰ ਨੇ ਕਿਹਾ ਹੈ ਕਿ ਬ੍ਰੀਮੈਨ ਖਿਲਾਫ ਦੋਸ਼ ਆਇਦ ਹੋਣੇ ਲਖਵੰਤ ਸਿੰਘ ਲਈ ਜਿੱਤ ਹੀ ਨਹੀਂ ਬਲਕਿ ਉਨ੍ਹਾਂ ਘੱਟਗਿਣਤੀ ਭਾਈਚਾਰਿਆਂ ਲਈ ਇਕ ਤਰ੍ਹਾਂ ਨਾਲ ਰਾਹਤ ਹੈ ਜਿਨ੍ਹਾਂ ਨਾਲ ਆਏ ਦਿਨ ਅਜਿਹੇ ਵਿਤਕਰੇ ਹੁੰਦੇ ਰਹਿੰਦੇ ਹਨ। ਇਨ੍ਹਾਂ ਦੋਸ਼ਾਂ ਨਾਲ ਇਹ ਸੁਨੇਹਾ ਗਿਆ ਹੈ ਕਿ ਜੈਫਰਸਨ ਕਾਊਂਟੀ 'ਚ ਨਫਰਤ ਲਈ ਕੋਈ ਥਾਂ ਨਹੀਂ ਹੈ।

ਯਾਦ ਰਹੇ ਕਿ ਸਿੱਖ ਕੁਲੀਸ਼ਨ ਜੋ 2001 ਵਿਚ ਹੋਂਦ ਵਿਚ ਆਈ ਸੀ, ਸਥਾਨਕ ਭਾਈਚਾਰੇ ਅਤੇ ਲਾਅ ਫਰਮ ਵਿਲਮਰਹੇਲ ਨਾਲ ਰਲ ਕੇ ਪਿਛਲੇ ਦੋ ਮਹੀਨਿਆਂ ਤੋਂ ਇਸ ਕੇਸ ਨਾਲ ਜੁੜੀ ਹੋਈ ਹੈ। ਇਸ ਦੀ ਕੋਸ਼ਿਸ਼ ਸਦਕਾ ਹੀ 2600 ਤੋਂ ਵੀ ਵੱਧ ਲੋਕਾਂ ਨੇ ਜੈਫਰਸਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਪੀਟਰ ਵੀਅਰ ਨੂੰ ਈਮੇਲਜ਼ ਘੱਲੀਆਂ। ਇਸ ਤੋਂ ਇਲਾਵਾ 29 ਸੰਸਥਾਵਾਂ ਨੇ ਦੋਸ਼ੀ ਖਿਲਾਫ ਕਾਰਵਾਈ ਲਈ ਸਾਂਝਾ ਪੱਤਰ ਲਿਖਿਆ। ਸਿੱਖ ਕੁਲੀਸ਼ਨ ਨੇ ਇਸ ਕੇਸ ਵਿਚ ਲਖਵੰਤ ਸਿੰਘ ਨੂੰ ਕਾਨੂੰਨੀ ਸਹਾਇਤਾ ਵੀ ਮੁਹੱਈਆ ਕਰਵਾਈ।

## ਮੁਸਲਮਾਨਾਂ ਦੇ ਅਮਰੀਕਾ 'ਚ ਦਾਖਲੇ 'ਤੇ ਪਾਬੰਦੀ ਦੇ ਹੁਕਮ ਰੱਦ

**ਵਾਸ਼ਿੰਗਟਨ:** ਅਮਰੀਕੀ ਪ੍ਰਤੀਨਿਧ ਸਭਾ ਨੇ ਟਰੰਪ ਪ੍ਰਸ਼ਾਸਨ ਦੇ ਮੁਸਲਿਮ ਅਬਾਦੀ ਵਾਲੇ ਮੁਲਕਾਂ ਦੇ ਨਾਗਰਿਕਾਂ ਦੇ ਅਮਰੀਕਾ 'ਚ ਦਾਖਲੇ ਉਤੇ ਪਾਬੰਦੀ ਲਗਾਉਣ ਵਾਲੇ ਹੁਕਮਾਂ ਨੂੰ ਰੱਦ ਕਰਨ ਵਾਲੇ ਬਿੱਲ ਨੂੰ ਪਾਸ ਕਰ ਦਿੱਤਾ ਹੈ। ਇਹ ਮੁਸਲਿਮ ਅਮਰੀਕੀਆਂ ਅਤੇ ਮਨੁੱਖੀ ਅਧਿਕਾਰ ਗੁੱਟਾਂ ਲਈ ਸੰਕੇਤਕ ਜਿੱਤ ਹੈ। ਡੈਮੋਕਰੈਟਾਂ ਦੇ ਕੰਟਰੋਲ ਵਾਲੇ ਸਦਨ 'ਚ 183 ਦੇ ਮੁਕਾਬਲੇ 233 ਵੋਟਾਂ ਨਾਲ ਇਸ ਬਿੱਲ ਨੂੰ ਪਾਸ ਕੀਤਾ ਗਿਆ।

ਮੁਸਲਿਮ ਐਡਵੋਕੇਟਸ ਦੀ ਕਾਰਜਕਾਰੀ ਡਾਇਰੈਕਟਰ ਫਰਹਾਨਾ ਖੇੜਾ ਨੇ ਕਿਹਾ ਕਿ ਇਹ ਮੁਸਲਮਾਨਾਂ ਲਈ ਇਤਿਹਾਸਕ ਪਲ ਹੈ। ਵ੍ਹਾਈਟ ਹਾਊਸ ਨੇ ਮਾਰਚ 'ਚ ਇਸ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਯਾਤਰਾ 'ਤੇ ਪਾਬੰਦੀ ਨਾ ਲਗਾਉਣ ਨਾਲ ਅਮਰੀਕਾ ਦੀ ਕੌਮੀ ਸੁਰੱਖਿਆ ਨੂੰ ਨੁਕਸਾਨ ਪਹੁੰਚੇਗਾ। ਉਧਰ ਸੈਨੇਟ 'ਚ ਮਾਈਕ ਲੀ ਨੇ ਦਾਅਵਾ ਕੀਤਾ ਕਿ ਮੌਜੂਦਾ ਗਰੀਨ ਕਾਰਡ ਨੀਤੀ ਨੇ ਪਰਵਾਸੀਆਂ ਦੇ ਬੱਚਿਆਂ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ, ਜੇ ਭਾਰਤ ਤੋਂ ਕੋਈ ਅਮਰੀਕਾ 'ਚ ਆਵੇਗਾ ਤਾਂ ਈਬੀ-3 ਗਰੀਨ ਕਾਰਡ ਹਾਸਲ ਕਰਨ ਲਈ 195 ਵਰ੍ਹਿਆਂ ਦੀ ਉਡੀਕ ਕਰਨੀ ਪਵੇਗੀ। ਉਨ੍ਹਾਂ ਇਸ ਮਸਲੇ ਦੇ ਹੱਲ ਲਈ ਸਾਥੀਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

# ਕਿਸਾਨਾਂ ਦਾ ਰੋਹ ਸੜਕਾਂ 'ਤੇ ਆਇਆ

*(ਸਫਾ ਇਕ ਦੀ ਬਾਕੀ)*

ਉਹ ਉਸ (ਕੇਂਦਰ) ਦੇ ਫੈਸਲਿਆਂ ਉਤੇ ਉਂਗਲ ਚੁੱਕੇ। ਕਰੋਨਾ ਕਾਰਨ ਸੂਬੇ ਦੇ ਵਿੱਤੀ ਹਾਲਾਤ ਇੰਨੇ ਮਾੜੇ ਹਨ ਕਿ ਉਸ (ਕੈਪਟਨ ਸਰਕਾਰ) ਕੋਲ ਕੇਂਦਰ ਅੱਗੇ ਹੱਥ ਅੱਡਣ ਦੇ ਸਿਵਾਏ ਕੋਈ ਚਾਰਾ ਨਹੀਂ ਹੈ। ਅਸਲ ਵਿਚ, ਪੰਜਾਬ ਦੀ ਸਿਆਸਤ ਇਸ ਸਮੇਂ ਭੰਬਲਭੂਸੇ ਵਿਚ ਪਈ ਹੋਈ ਹੈ। ਹੁਕਮਰਾਨ ਕਾਂਗਰਸ ਪਾਰਟੀ ਖਿਲਾਫ ਸਥਾਪਤੀ ਵਿਰੋਧੀ ਰੁਝਾਨ ਦਿਨੋ-ਦਿਨ ਵਧ ਰਿਹਾ ਹੈ, ਪਰ ਅਕਾਲੀ ਦਲ ਫਿਲਹਾਲ ਮੌਜੂਦਾ ਹਾਲਾਤ ਦਾ ਫਾਇਦਾ ਚੁੱਕਣ ਦੀ ਸਥਿਤੀ ਵਿਚ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਡੇਰਾ ਸਿਰਸਾ ਮੁਖੀ ਨਾਲ 'ਸਾਂਝ' ਤੇ ਪਾਰਟੀ ਵਿਚ ਅੰਦਰੂਨੀ ਬਗਾਵਤ ਕਾਰਨ ਬਾਦਲ ਲਾਣਾ ਚੁਫੇਰਿਉਂ ਘਿਰਿਆ ਹੋਇਆ ਹੈ। ਪਾਰਟੀ ਤੋਂ ਬਾਗੀ ਹੋਏ ਸੁਖਦੇਵ ਸਿੰਘ ਢੀਂਡਸਾ ਧੜੇ ਨੂੰ ਮਿਲ ਰਹੇ ਹੁੰਗਾਰੇ ਕਾਰਨ ਵੀ ਬਾਦਲ ਅਜੇ ਭਾਜਪਾ ਨਾਲ ਕੋਈ ਪੰਗਾ ਲੈਣ ਤੋਂ ਟਲ ਰਹੇ ਹਨ। ਪੰਥਕ ਧਿਰਾਂ ਵਿਚੋਂ ਮੋਹਕਮ ਸਿੰਘ, ਸਿੱਖ ਸਟੂਡੈਂਟ ਫੈਡਰੇਸ਼ਨਾਂ ਦੇ ਕੁਝ ਧੜੇ ਅਤੇ ਤਲਵੰਡੀ ਪਰਿਵਾਰ ਵਲੋਂ ਢੀਂਡਸਾ ਨਾਲ ਰਲਣ ਤੋਂ ਬਾਅਦ ਪੰਜਾਬ ਦੇ ਸਿਆਸੀ ਸਮੀਕਰਨਾਂ ਦੇ ਨਵੇਂ ਸੰਕੇਤ ਵਜੋਂ ਵੇਖਿਆ ਜਾ ਰਿਹਾ ਹੈ। ਇਸ ਲਈ ਪੰਜਾਬ ਦੀਆਂ ਸਿਆਸੀ ਧਿਰਾਂ ਮੌਕੇ ਦੀ ਨਜ਼ਾਕਤ ਨੂੰ ਹੀ ਵੇਖਣ ਵਿਚ ਆਪਣਾ ਭਲਾ ਸਮਝ ਰਹੀਆਂ ਹਨ।

ਯਾਦ ਰਹੇ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਿਆਂ 3 ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ। ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵੀ ਦੋ ਪਾਰੀਆਂ ਖੇਡ ਚੁੱਕੀ ਹੈ। ਇਸ ਸਮੇਂ ਵਿਚ ਕੁਝ ਅਜਿਹੇ ਮਸਲੇ ਉਭਰੇ ਸਨ, ਜਿਨ੍ਹਾਂ ਨੇ ਪਹਿਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਸਬੰਧੀ ਅਨੇਕਾਂ ਸਵਾਲ ਖੜ੍ਹੇ ਕੀਤੇ ਸਨ। ਅਜਿਹੇ ਉਭਰੇ ਸਵਾਲਾਂ ਦੀ ਕੀਮਤ ਅਕਾਲੀ-ਭਾਜਪਾ ਗੱਠਜੋੜ ਨੂੰ ਭੁਗਤਣੀ ਪਈ ਪਰ ਕਾਂਗਰਸੀ ਪ੍ਰਸ਼ਾਸਨ ਨੇ ਵੀ ਉਨ੍ਹਾਂ ਪੈੜਾਂ ਨੂੰ ਨਹੀਂ ਛੱਡਿਆ ਜੋ ਪਹਿਲੀ ਸਰਕਾਰ ਨੇ ਪਾਈਆਂ ਸਨ। ਇਹ ਮਸਲੇ ਸਨ- ਰੇਤ ਬਜਰੀ ਅਤੇ ਟਰਾਂਸਪੋਰਟ ਮਾਫੀਆ ਦੇ। ਇਨ੍ਹਾਂ ਦੇ ਨਾਲ ਹੀ ਇਕ ਵੱਡਾ ਮਸਲਾ ਸਿੰਥੈਟਿਕ ਨਸ਼ਿਆਂ ਅਤੇ ਸ਼ਰਾਬ ਦੇ ਨਾਜਾਇਜ਼ ਧੰਦੇ ਦਾ ਵੀ ਸੀ।

ਕਾਂਗਰਸੀ ਆਗੂਆਂ ਨੇ ਲੋਕਾਂ ਨਾਲ ਜੋ ਰਿਆਇਤਾਂ ਦੇਣ ਅਤੇ ਸੂਬੇ ਨੂੰ ਉਚਾਈਆਂ 'ਤੇ ਪਹੁੰਚਾਉਣ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ, ਉਹ ਪੂਰੀ ਤਰ੍ਹਾਂ ਭੁੱਲ-ਭੁਲਾ ਹੀ ਗਏ। ਹੁਣ ਵਿਧਾਨ ਸਭਾ ਚੋਣਾਂ ਵਿਚ ਤਕਰੀਬਨ ਡੇਢ ਸਾਲ ਦਾ ਸਮਾਂ ਬਚਿਆ ਹੈ। ਵਾਅਦਾਖਿਲਾਫੀ ਕਾਰਨ ਕਾਂਗਰਸ ਸਰਕਾਰ ਖਿਲਾਫ ਰੋਹ ਤਿੱਖਾ ਹੋ ਰਿਹਾ ਹੈ। ਸਰਕਾਰ ਕਰੋਨਾ ਬਹਾਨੇ ਸਖਤੀ ਕਰਕੇ ਪਿਛਲੇ 5 ਮਹੀਨਿਆਂ ਤੋਂ ਇਸ ਰੋਹ ਦਾ ਗਲਾ ਘੁੱਟ ਰਹੀ ਹੈ ਤੇ ਇਹ ਸਿਲਸਲਾ ਅੱਗੇ ਵੀ ਜਾਰੀ ਰੱਖਣ ਵਿਚ ਆਪਣਾ ਭਲਾ ਸਮਝ ਰਹੀ ਹੈ।

## ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ ਦਾ ਮੁੱਦਾ ਭਖਿਆ

*(ਸਫਾ ਇਕ ਦੀ ਬਾਕੀ)*

ਸੋਧ, ਦੋਵੇਂ ਕਾਨੂੰਨ ਕੇਂਦਰਵਾਦੀ ਰੁਝਾਨ ਵਾਲੀਆਂ ਪਹਿਲਕਦਮੀਆਂ ਹਨ ਅਤੇ ਇਨ੍ਹਾਂ ਕਾਰਨ ਪੁਲਿਸ, ਖਾਸ ਤੌਰ ਉਤੇ ਐਨ.ਆਈ.ਏ. ਨੂੰ ਅਥਾਹ ਤਾਕਤ ਦੇ ਦਿੱਤੀ ਗਈ ਹੈ। ਕੁਝ ਕਾਨੂੰਨੀ ਮਾਹਿਰਾਂ ਮੁਤਾਬਕ, ਦੋਵੇਂ ਸੰਵਿਧਾਨਕ ਕਸੌਟੀ 'ਤੇ ਪੂਰਾ ਨਹੀਂ ਉਤਰਦੇ। ਇਸ ਦੇ ਬਾਵਜੂਦ ਪੰਜਾਬ ਦੀਆਂ ਜ਼ਿਆਦਾਤਰ ਸਿਆਸੀ ਧਿਰਾਂ ਖਾਮੋਸ਼ ਹਨ। ਉਨ੍ਹਾਂ ਨੂੰ 2022 ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਿਨਾਂ ਕੁਝ ਨਜ਼ਰ ਨਹੀਂ ਆਉਂਦਾ। ਸੱਤਾ 'ਤੇ ਕਾਬਜ਼ ਹੋਣਾ ਉਨ੍ਹਾਂ ਲਈ ਮੁੱਖ ਮੁੱਦਾ ਹੈ।

## ਵਿਧਾਨ ਸਭਾ ਚੋਣਾਂ ਨਹੀਂ ਲੜਾਂਗਾ: ਢੀਂਡਸਾ

**ਸੰਗਰੂਰ:** ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਦੱਸਿਆ ਕਿ ਪੰਜਾਬ 'ਚ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਨਾ ਉਹ ਕਿਸੇ ਹਲਕੇ ਤੋਂ ਖੜ੍ਹੇ ਹੋਣਗੇ ਅਤੇ ਨਾ ਹੀ ਮੁੱਖ ਮੰਤਰੀ ਦੇ ਦਾਅਵੇਦਾਰ ਹੋਣਗੇ।

ਸ੍ਰੀ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਸ਼੍ਰੋਮਣੀ ਅਕਾਲੀ ਦਲ ਦੀ ਡਿੱਗੀ ਸਾਖ ਨੂੰ ਮੁੜ ਲੀਹਾਂ ਉਤੇ ਲਿਆਉਣਾ, ਪਾਰਟੀ ਲਈ ਇਮਾਨਦਾਰੀ ਨਾਲ ਕੰਮ ਕਰਨ ਤੋਂ ਇਲਾਵਾ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਨਾਲ ਜੋੜਨਾ, ਕਿਸਾਨਾਂ, ਵਪਾਰੀਆਂ ਅਤੇ ਹੋਰਨਾਂ ਵਰਗਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਹੈ। ਉਹ ਪਾਰਟੀ ਦੇ ਇਕ ਸੱਚੇ ਸੇਵਾਦਾਰ ਵਾਂਗ ਸੂਬੇ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸਤ ਤੋਂ ਮੁਕਤ ਕਰਕੇ ਪੜ੍ਹੇ-ਲਿਖੇ ਅਤੇ ਬੇਦਾਗ ਲੋਕਾਂ ਨੂੰ ਅੱਗੇ ਲਿਆਉਣਾ ਉਨ੍ਹਾਂ ਦਾ ਫਰਜ਼ ਹੈ।

## ਬੀਤੇ ਜ਼ਮਾਨੇ ਦੀ ਅਦਾਕਾਰਾ ਕੁਮਕੁਮ ਦਾ ਦੇਹਾਂਤ

**ਚੰਡੀਗੜ੍ਹ:** ਬੀਤੇ ਜ਼ਮਾਨੇ ਦੀ ਅਦਾਕਾਰਾ ਕੁਮਕੁਮ ਦਾ ਦੇਹਾਂਤ ਹੋ ਗਿਆ। ਉਹ 86 ਸਾਲਾਂ ਦੀ ਸੀ। ਉਸ ਦੀਆਂ ਜ਼ਿਕਰਯੋਗ ਫਿਲਮਾਂ ਹਨ 'ਮਦਰ ਇੰਡੀਆ', 'ਕੋਹਿਨੂਰ', 'ਉਜਲਾ', 'ਏਕ ਸਪੇਰਾ ਏਕ ਲੁਟੇਰਾ', 'ਨਯਾ ਦੌਰ', 'ਰਾਜਾ ਹੋਰ ਰੰਕ', ਗੀਤ, 'ਆਖੇਂ ਤੇ ਲਲਕਾਰ ਸਣੇ 115 ਫਿਲਮਾਂ ਵਿਚ ਕੰਮ ਕੀਤਾ ਸੀ। ਉਹ ਕਾਫੀ ਸਮੇਂ ਤੋਂ ਬਿਮਾਰ ਸੀ।

## ਕਫੀਲ ਖਾਨ ਅਜੇ ਵੀ ਸੀਖਾਂ ਪਿੱਛੇ

**ਨਵੀਂ ਦਿੱਲੀ:** ਤਕਰੀਬਨ ਤਿੰਨ ਸਾਲ ਪਹਿਲਾਂ ਡਾਕਟਰ ਕਫੀਲ ਖਾਨ ਨੇ ਜਦੋਂ 10 ਅਗਸਤ ਦੀ ਰਾਤ ਨੂੰ ਗੋਰਖਪੁਰ ਦੇ ਬੀ.ਆਰ.ਡੀ. ਮੈਡੀਕਲ ਕਾਲਜ 'ਚ ਆਕਸੀਜਨ ਦੀ ਕਮੀ ਕਾਰਨ ਮਰ ਰਹੇ ਬੱਚਿਆਂ ਨੂੰ ਬਚਾਇਆ ਸੀ ਤਾਂ ਉਸ ਨੂੰ ਨਾਇਕ ਕਿਹਾ ਗਿਆ ਸੀ। ਪਰ 22 ਅਗਸਤ ਨੂੰ ਹਾਲਾਤ ਅਜਿਹੇ ਬਣੇ ਕਿ ਉਸ ਨੂੰ ਲੈਕਚਰਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਗਿਆ ਅਤੇ ਹਸਪਤਾਲ 'ਚ 60 ਬੱਚਿਆਂ ਦੀ ਹੋਈ ਮੌਤ ਲਈ ਉਸ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ।

ਉਸ ਤੋਂ ਬਾਅਦ ਕਫੀਲ ਖਾਨ ਨੂੰ 9 ਮਹੀਨਿਆਂ ਤੱਕ ਜੇਲ੍ਹ 'ਚ ਡੱਕਿਆ ਗਿਆ। ਉਹ ਸਾਰੇ ਦੋਸ਼ਾਂ ਤੋਂ ਬਰੀ ਹੋ ਗਿਆ ਸੀ ਪਰ ਸਰਕਾਰ ਵਿਰੋਧੀ ਟਿੱਪਣੀਆਂ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਸੀ.ਏ.ਏ. ਖਿਲਾਫ ਪ੍ਰਦਰਸ਼ਨ ਦੌਰਾਨ ਕੀਤੀ ਗਈ ਬਿਆਨਬਾਜ਼ੀ ਨਾਲ ਉਹ ਫਿਰ ਫਸ ਗਿਆ।

ਉਸ 'ਤੇ ਨੈਸ਼ਨਲ ਸੁਰੱਖਿਆ ਐਕਟ, 1980 ਲਗਾਇਆ ਗਿਆ ਜਿਸ ਕਰ ਕੇ ਉਹ ਹੁਣ ਜੇਲ੍ਹ 'ਚ ਬੰਦ ਹੈ। ਉਸ ਦੀ ਮਾਂ ਨੇ ਸੁਪਰੀਮ ਕੋਰਟ 'ਚ ਹੈਬੀਅਸ ਕਾਰਪਸ ਅਰਜ਼ੀ ਦਾਖਲ ਕੀਤੀ ਹੋਈ ਹੈ ਜਿਸ 'ਤੇ ਅਲਾਹਾਬਾਦ ਹਾਈ ਕੋਰਟ 'ਚ ਸੁਣਵਾਈ ਹੋਣੀ ਸੀ ਪਰ ਕੋਵਿਡ ਮਹਾਮਾਰੀ ਅਤੇ ਫਿਰ ਲੌਕਡਾਊਨ ਕਰ ਕੇ ਇਸ 'ਤੇ ਸੁਣਵਾਈ ਨਹੀਂ ਹੋ ਸਕੀ।

## ਝੀਲ 'ਚ ਡੁੱਬਣ ਕਾਰਨ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਵੈਨਕੂਵਰ:** ਇਥੇ ਸਥਿਤ ਕਲਟਸ ਲੇਕ ਵਿਚ ਇਕ ਪੰਜਾਬੀ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਸਿੰਘ (21) ਵਜੋਂ ਹੋਈ ਹੈ ਜੋ ਗੁਰਦਾਸਪੁਰ ਦੇ ਪਿੰਡ ਚੱਕ ਸ਼ਰੀਫ ਤੋਂ ਇਥੇ ਪੜ੍ਹਾਈ ਲਈ ਆਇਆ ਸੀ। ਘੁੰਮਣ-ਫਿਰਨ ਲਈ ਉਹ ਆਪਣੇ ਦੋਸਤਾਂ ਨਾਲ ਝੀਲ 'ਤੇ ਗਿਆ ਸੀ। ਇਸ ਦੌਰਾਨ ਉਹ ਅਚਾਨਕ ਡੂੰਘੇ ਪਾਣੀ 'ਚ ਚਲਾ ਗਿਆ ਤੇ ਉਸ ਦੇ ਪੈਰ ਨਾ ਲੱਗ ਸਕੇ। ਉਸ ਦਾ ਇਕ ਸਾਥੀ ਵੀ ਡੁੱਬ ਗਿਆ, ਪਰ ਤੈਰਨਾ ਜਾਣਨ ਵਾਲੇ ਉਸ ਦੇ ਸਾਥੀਆਂ ਨੇ ਉਸ ਨੂੰ ਬਚਾ ਲਿਆ।

ਮਨਪ੍ਰੀਤ ਸਿੰਘ ਦੀ ਲਾਸ਼ ਲੱਭਣ ਲਈ ਗੋਤਾਖੋਰਾਂ ਨੂੰ ਕਾਫੀ ਸਮਾਂ ਲੱਗਾ। ਉਸ ਨੂੰ ਬਚਾਉਣ ਲਈ ਬਚਾਅ ਅਮਲਾ ਹੈਲੀਕਾਪਟਰ ਰਾਹੀਂ ਉਸ ਨੂੰ ਹਸਪਤਾਲ ਵੀ ਲੈ ਕੇ ਗਿਆ, ਪਰ ਇਸ ਦੌਰਾਨ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ ਅਲਬਰਟਾ ਵਿਚ ਲੇਕ ਲੂਈਜ਼ ਝੀਲ 'ਚ ਵੀ ਇੱਕ ਪੰਜਾਬੀ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਗਗਨਦੀਪ ਸਿੰਘ ਵਿਦਿਆਰਥੀ ਵੀਜ਼ਾ 'ਤੇ ਗਿੱਦੜਬਾਹਾ ਨੇੜਲੇ ਇਕ ਪਿੰਡ ਤੋਂ ਕੈਨੇਡਾ ਆਇਆ ਸੀ। ਉਹ ਵੀਕਐਂਡ ਮਨਾਉਣ ਲਈ ਝੀਲ ਉਤੇ ਗਿਆ ਸੀ, ਪਰ ਪਾਣੀ ਦੇ ਤੇਜ਼ ਵਹਾਅ ਕਾਰਨ ਡੁੱਬ ਗਿਆ।

## ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ ਐਸ. ਵਾਈ. ਐਲ. ਮਾਮਲੇ 'ਤੇ ਗੱਲਬਾਤ ਕਰਨ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਲੰਬੇ ਸਮੇਂ ਤੋਂ ਲਟਕੇ ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐਲ.) ਮੁੱਦੇ ਉਤੇ ਗੱਲਬਾਤ ਕਰਕੇ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਕਿਹਾ ਹੈ। ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਗੱਲਬਾਤ ਉਚ ਰਾਜਨੀਤਿਕ ਪੱਧਰ ਉਤੇ ਹੋਣੀ ਚਾਹੀਦੀ ਹੈ। ਦੋਵੇਂ ਰਾਜ ਸਪਸ਼ਟ ਤੌਰ 'ਤੇ ਇਹ ਦੱਸਣ ਕਿ ਕੀ ਉਹ ਇਸ ਨੂੰ ਗੱਲਬਾਤ ਰਾਹੀਂ ਹੱਲ ਕਰ ਸਕਦੇ ਹਨ ਜਾਂ ਨਹੀਂ? ਅਗਲੀ ਸੁਣਵਾਈ ਅਗਸਤ ਦੇ ਤੀਜੇ ਹਫਤੇ ਹੋਣ ਦੀ ਸੰਭਾਵਨਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਰੋਨਾ ਸੰਕਟ: ਫੰਡਾਂ ਵਿਚ ਘਾਲੇਮਾਲੇ ਦੇ ਮਾਮਲੇ ਉਤੇ ਕੈਪਟਨ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਕਰੋਨਾ ਸੰਕਟ ਦੌਰਾਨ ਪੰਜਾਬ ਵਿਚ ਮੁੱਖ ਮੰਤਰੀ ਰਾਹਤ ਫੰਡ ਰਾਹੀਂ ਇਕੱਠੇ ਕੀਤੇ ਪੈਸੇ ਵਿਚ ਹੇਰਫੇਰ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਰਾਹਤ ਫੰਡ ਵਿਚ ਇਕੱਠੇ ਹੋਏ ਪੈਸੇ ਹਸਪਤਾਲਾਂ, ਮਰੀਜ਼ਾਂ ਤੇ ਕਰੋਨਾ ਮਹਾਮਾਰੀ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਵਾਸਤੇ ਜਾਰੀ ਨਾ ਕੀਤੇ ਜਾਣ ਸਬੰਧੀ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਸਪੱਸ਼ਟੀਕਰਨ ਮੰਗਿਆ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਅਮਨ ਅਰੋੜਾ ਨੇ ਕਰੋਨਾ ਦੌਰਾਨ ਹਸਪਤਾਲਾਂ ਦੇ ਮਾੜੇ ਹਾਲਾਤ ਸਬੰਧੀ ਸੂਬਾ ਸਰਕਾਰ ਉਤੇ ਫੰਡਾਂ ਵਿਚ ਗੜਬੜੀ ਕਰਨ ਦੇ ਦੋਸ਼ ਲਗਾਉਂਦਿਆਂ ਕੁੱਲ ਖਰਚ ਦਾ ਹਿਸਾਬ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕਰੋਨਾ ਦੇ ਨਾਂ ਉਤੇ ਇਕੱਠੇ ਕੀਤੇ ਫੰਡਾਂ ਨੂੰ ਸਹਿਕਾਰੀ ਬੈਂਕ ਵਿਚੋਂ ਕਢਾ ਕੇ ਪ੍ਰਾਈਵੇਟ ਬੈਂਕ ਵਿਚ ਰੱਖ ਦਿੱਤਾ ਹੈ। ਦੂਜੇ ਪਾਸੇ ਕਰੋਨਾ ਕੇਅਰ ਸੈਂਟਰਾਂ ਸਮੇਤ ਸਰਕਾਰੀ ਹਸਪਤਾਲਾਂ ਵਿਚ ਲੋਕ ਸਾਫ-ਸਫਾਈ ਸਮੇਤ ਬੁਨਿਆਦੀ ਸਹੂਲਤਾਂ ਨੂੰ ਵੀ ਤਰਸ ਰਹੇ ਹਨ। 'ਆਪ' ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਖਰਚੇ ਦੇ ਵੇਰਵੇ ਜਾਰੀ ਕਰੇ।



ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਰਾਹਤ ਫੰਡ ਦੇ ਇਕ ਪ੍ਰਾਈਵੇਟ ਬੈਂਕ ਵਿਚਲੇ ਖਾਤੇ ਵਿਚ 64 ਕਰੋੜ ਤੋਂ ਵੱਧ ਰੁਪਏ ਇਕੱਠੇ ਹੋਏ ਪਏ ਹਨ ਪਰ ਇਹ ਪੈਸਾ ਮਹਾਮਾਰੀ ਨਾਲ ਪ੍ਰਭਾਵਿਤ ਹੋਏ ਲੋਕਾਂ ਵਾਸਤੇ ਨਹੀਂ ਖਰਚਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਰਿਪੋਰਟਾਂ ਮੁਤਾਬਕ ਬੈਂਕ ਵਿਚ ਰੋਜ਼ਾਨਾ ਪੈਸਾ ਜਮ੍ਹਾਂ ਹੋ ਰਿਹਾ ਹੈ ਪਰ ਕਾਫੀ ਸਮਾਂ ਪਹਿਲਾਂ ਦੋ ਕਿਸ਼ਤਾਂ ਵਿਚ 2.28 ਕਰੋੜ ਰੁਪਏ ਜਾਰੀ ਕਰਨ ਤੋਂ ਇਲਾਵਾ ਕਿਸੇ ਰੂਪ ਵਿਚ ਪੈਸਾ ਜਾਰੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਕਾਂਗਰਸ ਸਰਕਾਰ ਨੇ ਡਾਕਟਰਾਂ ਵਾਸਤੇ ਸੁਰੱਖਿਆ ਉਪਕਰਨ ਤੇ ਹਸਪਤਾਲਾਂ ਵਿਚ ਵੈਂਟੀਲੇਟਰ ਤੇ ਹੋਰ ਬੁਨਿਆਦੀ ਢਾਂਚੇ ਦੀ ਖਰੀਦ ਵਾਸਤੇ ਵੀ ਇਹ ਪੈਸਾ ਜਾਰੀ ਕਰਨਾ ਜ਼ਰੂਰੀ ਨਹੀਂ ਸਮਝਿਆ। ਸਰਕਾਰ ਨੇ ਕਰੋਨਾ ਮਰੀਜ਼ਾਂ ਦੇ ਮੈਡੀਕਲ ਇਲਾਜ ਵਾਸਤੇ ਸਬਸਿਡੀ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ ਹਾਲਾਂਕਿ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿਚ ਮੋਟੇ ਬਿੱਲ ਤਾਰਨੇ ਪਏ ਹਨ।

## ਹੋਛੀ ਸਿਆਸਤ ਉਤੇ ਆਏ ਅਕਾਲੀ: ਕੈਪਟਨ

**ਚੰਡੀਗੜ੍ਹ:** ਅਕਾਲੀ ਦਲ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਉਤੇ ਸੂਬਾ ਸਰਕਾਰ ਦੀ ਕੀਤੀ ਜਾ ਰਹੀ ਆਲੋਚਨਾ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਦੋਂ ਲੋਕ ਮਰ ਰਹੇ ਹਨ ਤਾਂ ਅਕਾਲੀ ਸੂਬੇ ਵਿਚ ਹੋਛੀ ਰਾਜਨੀਤੀ ਉਤੇ ਉਤਰੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਮੇਂ ਜਿਹੀ ਸੰਵੇਦਨਸ਼ੀਲ ਸਥਿਤੀ 'ਤੇ ਇਸ ਮੁੱਦੇ ਉਪਰ ਕੋਈ ਰਾਜਨੀਤੀ ਨਹੀਂ ਕਰਨੀ ਚਾਹੀਦੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਰਾਹਤ ਫੰਡ ਵਿਚ ਪਏ 64 ਕਰੋੜ ਰੁਪਏ ਕੋਵਿਡ ਰਾਹਤ ਕੰਮਾਂ ਉਤੇ ਹੀ ਖਰਚੇ ਜਾਣਗੇ। ਮਹਾਂਮਾਰੀ ਨੇ ਹਾਲੇ ਸਿਖਰ ਨਹੀਂ ਛੂਹਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਹਿਲਾਂ ਹੀ ਕੋਵਿਡ ਦੇ ਕੰਮਾਂ ਉਤੇ 300 ਕਰੋੜ ਰੁਪਏ ਖਰਚ ਚੁੱਕੀ ਹੈ ਅਤੇ ਇਸ ਕੰਮ ਉਤੇ ਘੱਟੋ-ਘੱਟ 200 ਕਰੋੜ ਰੁਪਏ ਹੋਰ ਖਰਚੇ ਜਾਣਗੇ।

# ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਡੀ. ਐਸ. ਪੀ. ਸਰਬਜੀਤ ਸਿੰਘ ਰਾਏ ਨੇ ਪੌਦੇ ਲਾਏ

**ਜਲੰਧਰ (ਬਿਊਰੋ):** ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਪੰਜਾਬ ਪੁਲਿਸ ਦੇ ਡੀ. ਐਸ. ਪੀ. ਸਰਬਜੀਤ ਸਿੰਘ ਰਾਏ ਪਿੰਡਾਂ-ਸ਼ਹਿਰਾਂ ਵਿਚ ਪੌਦੇ ਲਾ ਕੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਦਾ ਸੁਨੇਹਾ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਸੰਤ ਸੀਚੇਵਾਲ ਨੇ ਸੰਗਤ ਦੇ ਸਹਿਯੋਗ ਨਾਲ ਕਾਲੀ ਵੇਈਂ ਦੀ ਸਫਾਈ ਲਈ ਸ਼ਲਾਘਾਯੋਗ ਉਪਰਾਲਾ ਕਰਨ ਦੇ ਨਾਲ ਨਾਲ ਵਾਤਾਵਰਣ ਦੀ ਸਾਂਭ-ਸੰਭਾਲ ਲਈ ਅਨੇਕਾਂ ਹੋਰ ਉਪਰਾਲੇ ਵੀ ਕੀਤੇ ਹਨ। ਉਹ ਹੁਣ ਵੀ ਸਮਾਜਕ ਕਾਰਜਾਂ ਵਿਚ ਵੱਡੀ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਸਮੂਹ ਗਾਖਲ ਪਰਿਵਾਰ ਦੇ ਸਹਿਯੋਗ ਨਾਲ ਬੀਤੇ ਦਿਨੀਂ ਪਿੰਡ ਗਾਖਲ ਵਿਖੇ ਪੌਦੇ ਲਾਏ ਅਤੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਪੌਦੇ, ਦਰਖਤ ਵਗੈਰਾ ਫੇਫੜਿਆਂ ਨੂੰ ਤਾਜ਼ਾ ਹਵਾ ਮੁਹੱਈਆ ਕਰਵਾਉਣ ਵਿਚ ਬੇਹੱਦ ਸਹਾਈ ਹੁੰਦੇ ਹਨ।



ਇਸੇ ਦੌਰਾਨ ਉਘੇ ਸਮਾਜ ਸੇਵੀ ਤੇ ਬਿਜਨਸਮੈਨ ਅਮੋਲਕ ਸਿੰਘ ਗਾਖਲ ਤੇ ਗਾਖਲ ਭਰਾਵਾਂ ਨੇ ਸਮੂਹ ਵਾਤਾਵਰਣ ਪ੍ਰੇਮੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਿੰਡਾਂ-ਸ਼ਹਿਰਾਂ ਵਿਚ, ਜਿੱਥੇ ਵੀ ਥਾਂ ਮਿਲਦੀ ਹੈ, ਵੱਧ ਤੋਂ ਵੱਧ ਪੌਦੇ ਲਾਉਣ। ਉਨ੍ਹਾਂ ਕਿਹਾ ਕਿ ਪੌਦੇ ਲਾਉਣ ਲਈ ਹੁਣ ਵਧੀਆ ਮੌਸਮ ਹੈ। ਉਨ੍ਹਾਂ ਕਿਹਾ ਕਿ ਚੰਗੇ ਭਵਿੱਖ ਅਤੇ ਸਾਫ-ਸੁਥਰੇ ਵਾਤਾਵਰਣ ਤੇ ਤਾਜ਼ਾ ਸ਼ੁੱਧ ਹਵਾ ਲਈ ਪੌਦੇ ਲਾਉਣੇ ਅੱਜ ਦੀ ਮੁੱਖ ਲੋੜ ਹੈ। ਜ਼ਿਕਰਯੋਗ ਹੈ ਕਿ ਗਾਖਲ ਭਰਾਵਾਂ ਨੇ ਹਾਲ ਹੀ ਵਿਚ ਪਿੰਡ ਗਾਖਲ ਵਿਖੇ ਛੱਪੜ ਪੂਰ ਕੇ ਸੁੰਦਰ ਪਾਰਕ ਬਣਾਉਣ ਦਾ ਉਪਰਾਲਾ ਵੀ ਕੀਤਾ ਹੈ।

# ਪੰਜਾਬ ਪੁਲਿਸ ਵਲੋਂ ਅੰਤਰ-ਰਾਜੀ ਡਰੱਗ ਮਾਫੀਏ ਦਾ ਪਰਦਾਫਾਸ਼

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਹਵਾਲਾ ਚੈਨਲ ਰੂਟ ਦੀ ਵਰਤੋਂ ਰਾਹੀਂ 11 ਰਾਜਾਂ ਵਿਚ 50 ਤੋਂ ਵੱਧ ਜ਼ਿਲ੍ਹਿਆਂ ਵਿਚ ਚੱਲ ਰਹੇ ਅੰਤਰ-ਰਾਜੀ ਡਰੱਗ ਮਾਫੀਏ ਦਾ ਪਰਦਾਫਾਸ਼ ਕੀਤਾ ਹੈ। ਇਸ ਮੁਹਿੰਮ ਵਿਚ 20 ਵਿਅਕਤੀਆਂ ਨੂੰ ਪਹਿਲਾਂ ਹੀ ਨਸ਼ਿਆਂ ਦੀ ਵੱਡੀ ਖੇਪ, ਡਰੱਗ ਮਨੀ ਅਤੇ ਪੰਜ ਵਾਹਨਾਂ ਨਾਲ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ 'ਆਗਰਾ ਗੈਂਗ' ਵਜੋਂ ਜਾਣਿਆ ਜਾਂਦਾ ਇਹ ਡਰੱਗ ਮਾਫੀਆ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਨੂੰ ਦੇਸ਼ ਭਰ ਵਿਚ ਫੈਲੇ ਡਰੱਗ ਨਿਰਮਾਤਾ, ਸਪਲਾਇਰ, ਥੋਕ ਵਿਕਰੇਤਾ ਤੇ ਪ੍ਰਚੂਨ ਕੈਮਿਸਟ ਤੋਂ ਲੈ ਕੇ ਭਾਰਤ ਭਰ ਦੇ ਬਾਜ਼ਾਰਾਂ ਵਿਚ ਭੇਜ ਰਿਹਾ ਸੀ। ਹੁਣ ਤੱਕ ਗ੍ਰਿਫਤਾਰ ਕੀਤੇ ਗਏ 20 ਲੋਕਾਂ ਵਿਚੋਂ 16 ਪੰਜਾਬ, 2 ਯੂਪੀ ਅਤੇ ਇਕ-ਇਕ ਹਰਿਆਣਾ ਅਤੇ ਦਿੱਲੀ ਨਾਲ ਸਬੰਧਤ ਹਨ।

ਇਸ ਗਰੋਹ ਦੇ ਮੈਂਬਰਾਂ ਦੀ ਗ੍ਰਿਫਤਾਰੀ ਨਾਲ, ਨਸ਼ਾ ਸਿੰਡੀਕੇਟ ਦਾ ਇਕ ਵੱਡਾ ਨੈੱਟਵਰਕ ਜੋ 10-12 ਕਰੋੜ ਦੀਆਂ ਨਸ਼ੀਲੀਆਂ ਦਵਾਈਆਂ ਗੋਲੀਆਂ/ਕੈਪਸੂਲ/ ਟੀਕੇ/ਸਿਰਪ ਦੇ ਰੂਪ ਵਿਚ ਹਰੇਕ ਮਹੀਨੇ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਭੇਜ ਰਿਹਾ ਸੀ, ਦਾ ਪਰਦਾਫਾਸ਼ ਹੋਇਆ ਹੈ। ਇਸ ਗਰੋਹ ਦਾ ਬਰਨਾਲਾ ਪੁਲਿਸ ਟੀਮ ਨੇ ਪਰਦਾਫਾਸ਼ ਕੀਤਾ। ਗਰੋਹ ਦੇ ਮੁੱਖੀ ਸਮੇਤ 20 ਵਿਅਕਤੀਆਂ ਦੀ ਗ੍ਰਿਫਤਾਰੀ ਪੰਜਾਬ, ਹਰਿਆਣਾ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼ ਅਤੇ ਦਿੱਲੀ ਤੋਂ ਵੱਖ-ਵੱਖ ਥਾਵਾਂ ਤੋਂ ਕੀਤੀ ਗਈ।

ਉਨ੍ਹਾਂ ਕੋਲੋਂ 27,62,137 ਨਸ਼ੀਲੀਆਂ ਗੋਲੀਆਂ, ਕੈਪਸੂਲ, ਟੀਕੇ ਅਤੇ ਸਿਰਪ ਬੋਤਲਾਂ ਬਰਾਮਦ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ 70,03,800 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਬਰਨਾਲਾ ਪੁਲਿਸ ਨੇ ਮਾਰਚ 2020 ਵਿਚ ਇਸੇ ਤਰ੍ਹਾਂ 'ਮਥੁਰਾ ਗੈਂਗ' ਦਾ ਪਰਦਾਫਾਸ਼ ਕੀਤਾ ਸੀ। ਇਸੇ ਮਈ ਮਹੀਨੇ ਬਲਵਿੰਦਰ ਸਿੰਘ ਉਰਫ ਨਿੱਕਾ ਪੁੱਤਰ ਗੁਰਜੰਟ ਸਿੰਘ ਅਤੇ ਚਾਰ ਹੋਰਾਂ ਦੀ 2,85,000 ਨਸ਼ੀਲੀਆਂ ਗੋਲੀਆਂ (ਟੈਬ ਕਲੋਵੀਡੋਲ) ਸਮੇਤ ਗ੍ਰਿਫਤਾਰੀ ਨਾਲ ਇਸ ਮੁਕੱਦਮੇ ਤੋਂ ਪਰਦਾ ਉੱਠਣਾ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਜ਼ੁਲਫੀਕਾਰ ਅਲੀ ਨੂੰ 12,000 ਨਸ਼ੀਲੀਆਂ ਗੋਲੀਆਂ (ਟੈਬ ਕਲੋਵੀਡੋਲ) ਗ੍ਰਿਫਤਾਰ ਕੀਤਾ ਗਿਆ। ਉਸ ਤੋਂ ਪੁੱਛ-ਪੜਤਾਲ ਬਾਅਦ ਹਰੀਸ਼ ਦੀ ਭੂਮਿਕਾ ਦਾ ਖੁਲਾਸਾ ਹੋਇਆ, ਜੋ ਪੰਜਾਬ ਵਿਚ ਫਾਰਮਾਸਿਊਟੀਕਲ ਓਪੀਡਜ਼ ਦੀ ਆਮਦ ਅਤੇ ਸਪਲਾਈ ਵਿਚ ਮਾਸਟਰਮਾਈਂਡ ਹੈ। ਤਸਕਰਾਂ ਨੇ ਪਹਿਲਾਂ ਤੋਂ ਹੀ ਦਿੱਲੀ, ਆਗਰਾ, ਅੰਮ੍ਰਿਤਸਰ, ਜੈਪੁਰ, ਗਵਾਲੀਅਰ ਅਤੇ ਭੋਪਾਲ ਵਰਗੇ ਪ੍ਰਮੁੱਖ ਸ਼ਹਿਰਾਂ ਵਿਚ ਚੱਲ ਰਹੇ ਕੋਰੀਅਰ/ਟ੍ਰਾਂਸਪੋਰਟ/ਮਾਲ ਢੁਆਈ ਵਰਗੇ ਨੈਟਵਰਕ ਦੀ ਵਰਤੋਂ ਕੀਤੀ ਅਤੇ ਨਕਲੀ ਬਿੱਲਾਂ ਦੀ ਮਦਦ ਨਾਲ ਸਥਾਨਕ ਟਰਾਂਸਪੋਰਟਰਾਂ ਦੀ ਵਰਤੋਂ ਕਰਦੇ ਹੋਏ ਕਈ ਰਾਜਾਂ ਦੇ ਵੱਖ-ਵੱਖ ਥਾਵਾਂ 'ਤੇ ਖੇਪਾਂ ਭੇਜੀਆਂ। ਹਵਾਲਾ ਚੈਨਲਾਂ ਦੀ ਵਰਤੋਂ ਕਰਕੇ ਪੈਸੇ ਦੀ ਅਦਾਇਗੀ ਅਤੇ ਲੈਣ-ਦੇਣ ਕੀਤਾ ਗਿਆ।

# ਕਰੋਨਾ: ਨੇਮਾਂ ਦੀ ਉਲੰਘਣਾ 'ਤੇ ਹੋਣਗੇ ਭਾਰੀ ਜੁਰਮਾਨੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਸਬੰਧੀ ਸੁਰੱਖਿਆ ਨੇਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਭਾਰੀ ਜੁਰਮਾਨੇ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲਿਸ ਨੂੰ ਵੀ ਸਖਤੀ ਵਰਤਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਪੰਜਾਬ ਸਰਕਾਰ ਨੇ ਸੂਬੇ 'ਚ 240 'ਕੋਵਿਡ ਦਸਤੇ' ਬਣਾਉਂਦਿਆਂ ਗੈਰ ਜ਼ਰੂਰੀ ਥਾਵਾਂ ਤੋਂ 6355 ਪੁਲਿਸ ਮੁਲਾਜ਼ਮ ਵਾਪਸ ਬੁਲਾ ਲਏ ਹਨ। ਨਵੇਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਾਜ ਵਿਚ ਘਰੇਲੂ ਇਕਾਂਤਵਾਸ ਦੀ ਉਲੰਘਣਾ ਕਰਨ ਵਾਲੇ ਕੋਵਿਡ ਮਰੀਜ਼ਾਂ ਨੂੰ 5000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਵੇਲੇ 951 ਮਰੀਜ਼ ਘਰੇਲੂ ਇਕਾਂਤਵਾਸ ਵਿਚ ਹਨ। ਮੁੱਖ ਮੰਤਰੀ ਨੇ ਕੋਵਿਡ ਦੀ ਸਥਿਤੀ ਤੇ ਟਾਕਰੇ ਲਏ ਕੀਤੇ ਪ੍ਰਬੰਧਾਂ ਦੀ ਸਮੀਖਿਆ ਲਈ ਵੀਡੀਓ ਕਾਨਫਰੰਸ ਰਾਹੀਂ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਬੰਦਿਸ਼ਾਂ ਦੀ ਸਖਤੀ ਨਾਲ ਪਾਲਨਾ ਯਕੀਨੀ ਬਣਾਉਣ ਵਾਸਤੇ ਰੈਸਟੋਰੈਂਟ ਅਤੇ ਖਾਣ ਪੀਣ ਵਾਲੀਆਂ ਵਪਾਰਕ ਥਾਵਾਂ ਉਤੇ ਸਮਾਜਿਕ ਵਿੱਥ ਦੀ ਉਲੰਘਣਾ ਕਰਨ ਵਾਲਿਆਂ ਲਈ ਵੀ 5000 ਰੁਪਏ ਜੁਰਮਾਨਾ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕੱਠਾਂ ਦੌਰਾਨ ਸਮਾਜਿਕ ਦੂਰੀ ਦੀ ਉਲੰਘਣਾ ਕਰਨ ਵਾਲਿਆਂ ਅਤੇ ਨਿਰਧਾਰਤ ਗਿਣਤੀ ਤੋਂ ਵੱਧ ਇਕੱਠ ਕਰਨ ਵਾਲਿਆਂ ਉਤੇ 10000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਹ ਵੀ ਸਪੱਸ਼ਟ ਕੀਤਾ ਕਿ ਤਾਜ਼ਾ ਐਲਾਨੇ ਗਏ ਜੁਰਮਾਨੇ ਪਹਿਲੇ ਐਲਾਨੇ ਗਏ ਜੁਰਮਾਨਿਆਂ ਤੋਂ ਵੱਖ ਹੋਣਗੇ।

# ਕਰੋਨਾ ਦਾ ਟਾਕਰਾ: ਹੁਣ ਵਾਇਰਸ ਦਾ ਟੀਕਾ ਹੀ ਆਸ ਦੀ ਕਿਰਨ

**ਨਵੀਂ ਦਿੱਲੀ:** ਦੁਨੀਆਂ ਭਰ ਵਿਚ ਤਬਾਹੀ ਮਚਾਉਣ ਵਾਲੀ ਕਰੋਨਾ ਮਹਾਮਾਰੀ ਦਾ ਤੋੜ ਲੱਭਣ ਲਈ ਦੁਨੀਆਂ ਭਰ ਦੇ ਵਿਗਿਆਨੀ ਦਿਨ ਰਾਤ ਇਕ ਕਰ ਰਹੇ ਹਨ। ਇਸ ਸਮੇਂ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਵੱਲੋਂ ਇਸ ਬਿਮਾਰੀ ਦੇ ਟੀਕੇ ਲਈ ਜਿਸ ਸ਼ਿੱਦਤ ਨਾਲ ਵੱਡੀ ਪੱਧਰ ਉਤੇ ਖੋਜ ਜਾਰੀ ਹੈ, ਸ਼ਾਇਦ ਹੀ ਪਹਿਲਾਂ ਕਦੀ ਇਸ ਤਰ੍ਹਾਂ ਹੋਇਆ ਹੋਵੇ। ਹੁਣ ਤੱਕ ਦੁਨੀਆਂ ਦੀਆਂ ਟੀਕੇ ਈਜਾਦ ਕਰਨ ਵਾਲੀਆਂ ਕੰਪਨੀਆਂ ਵਿਚੋਂ 3 ਅਦਾਰੇ ਕਾਫੀ ਸਫਲ ਹੁੰਦੇ ਦਿਖਾਈ ਦੇ ਰਹੇ ਹਨ। ਇਨ੍ਹਾਂ 'ਚੋਂ ਆਕਸਫੋਰਡ-ਐਸਟ੍ਰਾਜੀਨੀਕਾ, ਫਾਈਜ਼ਰ ਅਤੇ ਕੈਨਸਿਨੋ ਸਭ ਤੋਂ ਮੋਹਰਲੀ ਕਤਾਰ ਵਿਚ ਆ ਖੜ੍ਹੀਆਂ ਹਨ।




ਇਨ੍ਹਾਂ ਤਿੰਨਾਂ ਵੱਲੋਂ ਹੀ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਦਵਾਈ ਦੀ ਪਰਖ ਦਾ ਦੂਸਰਾ ਪੜਾਅ ਪੂਰਾ ਕਰ ਲਿਆ ਹੈ। ਆਖਰੀ ਅਤੇ ਤੀਸਰਾ ਪੜਾਅ ਹੀ ਬਾਕੀ ਹੈ। ਇਸੇ ਸਮੇਂ ਹੀ ਰੂਸ ਨੇ ਵੀ ਇਹ ਦਾਅਵਾ ਕੀਤਾ ਹੈ ਕਿ ਉਸ ਦੀਆਂ ਲੈਬਾਰਟਰੀਆਂ ਵੀ ਵੈਕਸੀਨ ਦੀ ਪਰਖ ਦੇ ਤੀਸਰੇ ਪੜਾਅ ਉਤੇ ਪੁੱਜ ਗਈਆਂ ਹਨ ਅਤੇ ਇਸ ਪੜਾਅ ਦੀ ਸ਼ੁਰੂਆਤ 3 ਅਗਸਤ ਨੂੰ ਕੀਤੀ ਜਾਏਗੀ ਅਤੇ ਸਤੰਬਰ ਵਿਚ ਇਹ ਟੀਕਾ ਲੋਕਾਂ ਲਈ ਮੁਹੱਈਆ ਕਰ ਦਿੱਤਾ ਜਾਵੇਗਾ। ਦੂਸਰੇ ਪਾਸੇ ਸਭ ਤੋਂ ਅੱਗੇ ਚੱਲ ਰਹੀ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਨੇ ਇਹ ਦਾਅਵਾ ਕਰ ਦਿੱਤਾ ਹੈ ਕਿ ਉਹ ਇਸ ਸਾਲ ਦੇ ਅਖੀਰ ਤੱਕ ਅਜਿਹਾ ਟੀਕਾ ਜਾਰੀ ਕਰ ਦੇਵੇਗੀ।

ਇਸ ਯੂਨੀਵਰਸਿਟੀ ਦਾ ਐਸਟ੍ਰਾਜੀਨੀਕਾ ਕੰਪਨੀ ਨਾਲ ਕਰਾਰ ਹੈ। ਇਸ ਖੋਜ ਦੀ ਮੋਹਰੀ ਸਾਰਾ ਗਿਲਬਰਟ ਨੇ ਕਿਹਾ ਹੈ ਕਿ ਆਖਰੀ ਪੜਾਅ ਉਤੇ ਪੁੱਜੇ ਇਸ ਦੇ ਤਜਰਬੇ ਮਗਰੋਂ ਵੱਡੀ ਗਿਣਤੀ ਵਿਚ ਇਸ ਦੇ ਉਤਪਾਦਨ ਦੀ ਜ਼ਰੂਰਤ ਹੋਵੇਗੀ ਅਤੇ ਇਸ ਤੋਂ ਪਹਿਲਾਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਇਹ ਟੀਕਾ ਲਗਾ ਕੇ ਇਸ ਦੀ ਪੂਰੀ ਤਰ੍ਹਾਂ ਪਰਖ ਕਰ ਲਈ ਜਾਏਗੀ। ਇਸ ਲਈ ਭਾਰਤ ਦੀ ਸੀਰਮ ਕੰਪਨੀ, ਜੋ ਦੁਨੀਆਂ ਭਰ ਵਿਚ ਸਭ ਤੋਂ ਜ਼ਿਆਦਾ ਟੀਕਿਆਂ ਦਾ ਉਤਪਾਦਨ ਕਰਦੀ ਹੈ ਅਤੇ ਜਿਸ ਦਾ ਇੰਗਲੈਂਡ ਦੀ ਆਕਸਫੋਰਡ ਐਸਟ੍ਰਾਜੀਨੀਕਾ ਨਾਲ ਕਰਾਰ ਹੋ ਚੁੱਕਾ ਹੈ, ਦੇ ਮੁਖੀ ਪੂਨਾਵਾਲਾ ਨੇ ਇਹ ਕਿਹਾ ਹੈ ਕਿ ਉਨ੍ਹਾਂ ਦੀ ਕੰਪਨੀ ਵਲੋਂ ਕਰੋੜਾਂ ਦੀ ਗਿਣਤੀ ਵਿਚ ਟੀਕੇ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਇਹ ਵੀ ਕਿ ਉਨ੍ਹਾਂ ਦਾ ਇਹ ਯਤਨ ਹੋਵੇਗਾ ਕਿ ਅਜਿਹੇ ਟੀਕੇ ਦੀ ਕੀਮਤ ਆਮ ਲੋਕਾਂ ਦੀ ਪਹੁੰਚ ਵਿਚ ਹੋਵੇ ਅਤੇ ਇਹ 1000 ਰੁਪਏ ਤੋਂ ਵੱਧ ਨਾ ਹੋਵੇ ਅਤੇ ਉਨ੍ਹਾਂ ਇਹ ਵੀ ਕਿਹਾ ਹੈ ਕਿ ਇਸ ਟੀਕੇ ਨੂੰ ਘੱਟੋ-ਘੱਟ 2 ਜਾਂ 3 ਵਾਰ ਲਗਾਇਆ ਜਾਣਾ ਜ਼ਰੂਰੀ ਹੋਵੇਗਾ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਹ ਟੀਕਾ ਇਸ ਸਾਲ ਦੇ ਅਖੀਰ ਤੱਕ ਬਾਜ਼ਾਰ ਵਿਚ ਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਪਹਿਲਾਂ ਇਹ ਟੀਕਾ ਉਨ੍ਹਾਂ ਵਿਅਕਤੀਆਂ ਦੇ ਲਗਾਇਆ ਜਾਣਾ ਜ਼ਰੂਰੀ ਹੈ ਜੋ ਅਮਲੀ ਰੂਪ ਵਿਚ ਇਸ ਬਿਮਾਰੀ ਨਾਲ ਜੂਝ ਰਹੇ ਹਨ। ਇਨ੍ਹਾਂ ਵਿਚ ਸਿਹਤ ਕਰਮਚਾਰੀ ਤੇ ਉਨ੍ਹਾਂ ਦੇ ਨਾਲ ਦੇ ਸਟਾਫ, ਬੱਚੇ ਅਤੇ ਵੱਡੀ ਉਮਰ ਦੇ ਉਨ੍ਹਾਂ ਵਿਅਕਤੀਆਂ ਜਿਨ੍ਹਾਂ ਦੀ ਰੋਗ ਪ੍ਰਤੀਰੋਧੀ ਸ਼ਕਤੀ ਘੱਟ ਹੋਵੇ, ਨੂੰ ਇਹ ਟੀਕਾ ਪਹਿਲਾਂ ਲਗਾਇਆ ਜਾਵੇਗਾ।

ਅਮਰੀਕਾ ਵਰਗੇ ਦੇਸ਼ਾਂ ਨੇ ਤਾਂ ਇਨ੍ਹਾਂ ਕੰਪਨੀਆਂ ਨੂੰ ਹੁਣ ਤੋਂ ਹੀ ਕਰੋੜਾਂ ਟੀਕਿਆਂ ਦੇ ਆਰਡਰ ਵੀ ਦੇ ਦਿੱਤੇ ਹਨ। ਅਜਿਹੇ ਟੀਕਿਆਂ ਦੀ ਇਸ ਲਈ ਵੀ ਵੱਡੀ ਗਿਣਤੀ ਵਿਚ ਜ਼ਰੂਰਤ ਹੋਵੇਗੀ, ਕਿਉਂਕਿ ਇਸ ਬਿਮਾਰੀ ਦੀ ਹਾਲੇ ਤੱਕ ਕੋਈ ਇਕ ਪਛਾਣ ਨਹੀਂ ਬਣਾਈ ਜਾ ਸਕੀ। ਇਹ ਵਾਇਰਸ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਢੰਗ ਨਾਲ ਵਿਚਰਦਾ ਨਜ਼ਰ ਆ ਰਿਹਾ ਹੈ। ਹੁਣ ਤੱਕ ਇਸ ਦੀਆਂ 6 ਵੱਖ-ਵੱਖ ਕਿਸਮਾਂ ਦੀ ਪਛਾਣ ਹੋ ਚੁੱਕੀ ਹੈ।

## ਜੇਨਬੁਰਕਟ ਵਲੋਂ 'ਫੈਵੀਵੈਂਟ' ਗੋਲੀ ਲਾਂਚ

**ਨਵੀਂ ਦਿੱਲੀ:** ਭਾਰਤੀ ਦਵਾ ਨਿਰਮਾਤਾ ਕੰਪਨੀ ਜੇਨਬੁਰਕਟ ਫਾਰਮਾਸਿਊਟੀਕਲ ਲਿਮਿਟਡ (ਜੇ.ਐਫ.ਸੀ.) ਨੇ ਕੋਵਿਡ-19 ਦੇ ਦਰਮਿਆਨੇ ਪੀੜਤ ਮਰੀਜ਼ਾਂ ਲਈ ਲਾਗ ਵਿਰੋਧੀ ਦਵਾਈ 'ਫੈਵੀਪਿਰਾਵਿਰ' ਨੂੰ 'ਫੈਵੀਵੈਂਟ' ਦੇ ਨਾਂ ਹੇਠ ਲਾਂਚ ਕੀਤੀ ਹੈ। ਕੰਪਨੀ ਨੇ ਇਹ ਦਵਾਈ 39 ਰੁਪਏ ਪ੍ਰਤੀ ਗੋਲੀ ਵੇਚਣ ਦਾ ਐਲਾਨ ਕੀਤਾ ਹੈ। 200 ਐਮਜੀ ਦੀ ਇਹ ਗੋਲੀ 10 ਗੋਲੀਆਂ ਦੇ ਪੱਤੇ ਦੇ ਰੂਪ 'ਚ ਉਪਲੱਬਧ ਹੋਵੇਗੀ। ਜੇ.ਐਫ.ਸੀ. ਵੱਲੋਂ ਜਾਰੀ ਬਿਆਨ ਮੁਤਾਬਕ ਇਹ ਦਵਾਈ ਤਿਲੰਗਾਨਾ ਵਿਚ ਫਾਰਮਾਸਿਊਟੀਕਲ ਪਲਾਂਟ 'ਚ ਉੱਚ ਸੁਰੱਖਿਆ ਤੇ ਨਿਰਮਾਣ ਮਾਪਦੰਡਾਂ ਦੀ ਪਾਲਣਾ ਕਰਦਿਆਂ ਤਿਆਰ ਕੀਤੀ ਜਾਵੇਗੀ।

# ਢੀਂਡਸਿਆਂ ਦਾ ਕਾਫਲਾ ਹੋਇਆ ਲੰਮਾ, ਵੱਡੀ ਗਿਣਤੀ ਆਗੂਆਂ ਵਲੋਂ ਸਮਰਥਨ

**ਚੰਡੀਗੜ੍ਹ:** ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੇ ਪ੍ਰਧਾਨ ਵਜੋਂ ਚੁਣੌਤੀ ਦੇਣ ਵਾਲੇ ਸੁਖਦੇਵ ਸਿੰਘ ਢੀਂਡਸਾ ਦਾ ਕਾਫਲਾ ਲੰਮਾ ਹੁੰਦਾ ਜਾ ਰਿਹਾ ਹੈ। ਪਿਛਲੇ ਹਫਤੇ ਆਪਣੇ ਆਪਣੇ ਆਪ ਨੂੰ ਅਕਾਲੀ ਦਲ ਦਾ 'ਅਸਲੀ' ਪ੍ਰਧਾਨ ਐਲਾਨਣ ਤੋਂ ਬਾਅਦ ਅਕਾਲੀ ਦਲ ਤੋਂ ਬਾਗੀ ਹੋਈ ਵੱਡੀ ਗਿਣਤੀ ਆਗੂ ਢੀਂਡਸਾ ਦੇ ਕਾਫਲੇ ਵਿਚ ਸ਼ਾਮਲ ਹੋ ਰਹੇ ਹਨ।



ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਧੜੇ ਨੂੰ ਉਸ ਸਮੇਂ ਤਕੜਾ ਹੁਲਾਰਾ ਮਿਲਿਆ, ਜਦੋਂ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਮੋਹਕਮ ਸਿੰਘ ਨੇ ਆਪਣੇ ਸਾਥੀ ਸਤਨਾਮ ਸਿੰਘ ਮਨਾਵਾਂ ਤੇ ਹੋਰਨਾਂ ਵੱਡੀ ਗਿਣਤੀ ਆਗੂਆਂ ਦੇ ਨਾਲ ਪਾਰਟੀ ਨੂੰ ਭੰਗ ਕਰਕੇ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ 'ਚ ਰਲੇਵੇਂ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਮਰਹੂਮ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪੁੱਤਰ ਅਤੇ ਸਾਬਕਾ ਅਕਾਲੀ ਵਿਧਾਇਕ ਜਥੇਦਾਰ ਰਣਜੀਤ ਸਿੰਘ ਤਲਵੰਡੀ ਸਾਥੀਆਂ ਸਮੇਤ ਸ. ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ। ਜਥੇਦਾਰ ਤਲਵੰਡੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸੁਖਬੀਰ ਬਾਦਲ ਨੇ ਅਕਾਲੀ ਦਲ ਨੂੰ ਕਾਰਪੋਰੇਟ ਘਰਾਣਿਆਂ ਦੀ ਪਾਰਟੀ ਬਣਾ ਕੇ ਰੱਖ ਦਿੱਤਾ ਹੈ, ਜਦੋਂਕਿ ਕੁਰਬਾਨੀਆਂ ਦੇਣ ਵਾਲੇ ਟਕਸਾਲੀ ਪਰਿਵਾਰਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਤਲਵੰਡੀ ਨੇ ਕਿਹਾ ਕਿ ਇਹੀ ਵਜ੍ਹਾ ਹੈ ਕਿ ਉਹ ਪਿਛਲੇ ਇਕ ਸਾਲ ਤੋਂ ਸਿਆਸੀ ਸਰਗਰਮੀਆਂ ਤੋਂ ਮੂੰਹ ਮੋੜਦਿਆਂ ਅਕਾਲੀ ਦਲ ਦੀ ਕਿਸੇ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ।

ਇਸ ਮੌਕੇ ਭਾਈ ਮੋਹਕਮ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ 'ਚ ਸ਼ਾਮਲ ਹੋਣ ਉਤੇ ਸਵਾਗਤ ਕਰਦਿਆਂ ਢੀਂਡਸਾ ਨੇ ਕਿਹਾ ਕਿ ਹਰ ਵਰਗ ਦੇ ਲੋਕਾਂ ਅਤੇ ਖਾਸ ਕਰਕੇ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਜੁੜਨ ਨਾਲ ਪਾਰਟੀ ਦਾ ਕਾਫਲਾ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਵਿਖੇ ਕਰਵਾਏ ਇਕ ਸਮਾਗਮ ਦੌਰਾਨ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਭਾਈ ਮੋਹਕਮ ਸਿੰਘ ਨੇ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਸਮੂਹ ਪੰਥਕ ਧਿਰਾਂ ਨੂੰ ਇਕ ਝੰਡੇ, ਇਕ ਨਿਸ਼ਾਨ ਅਤੇ ਇਕ ਵਿਧਾਨ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਬੇਹੱਦ ਔਖੇ ਦੌਰ ਵਿਚੋਂ ਲੰਘ ਰਿਹਾ ਹੈ ਤੇ ਸੂਬੇ ਦਾ ਆਰਥਿਕ, ਸਮਾਜਿਕ, ਸਿਆਸੀ ਤੇ ਧਾਰਮਿਕ ਸੰਕਟ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਅਜਿਹੇ ਨਾਜ਼ੁਕ ਸਮੇਂ ਢੀਂਡਸਾ ਵਰਗਾ ਸੁੱਘੜ ਤੇ ਸੁਲਝਿਆ ਹੋਇਆ ਆਗੂ ਹੀ ਪੰਜਾਬ ਤੇ ਪੰਥ ਨੂੰ ਸਹੀ ਸੇਧ ਦੇ ਸਕਦਾ ਹੈ ਤੇ ਪੰਜਾਬ ਦੀ ਬੇੜੀ ਪਾਰ ਲੰਘਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਢੀਂਡਸਾ ਕੋਲ ਲੰਬਾ ਸਿਆਸੀ ਤਜਰਬਾ ਹੈ ਤੇ ਉਨ੍ਹਾਂ ਨੇ ਸੂਬੇ ਦੀ ਸਿਆਸਤ ਨੂੰ ਬਹੁਤ ਨੇੜੇ ਤੋਂ ਦੇਖਿਆ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਮਹਿਸੂਸ ਕੀਤਾ ਹੈ। ਬਿਨਾਂ ਸ਼ਰਤ ਢੀਂਡਸਾ ਦੀ ਅਗਵਾਈ ਕਬੂਲਣ ਦੇ ਫੈਸਲੇ ਬਾਰੇ ਗੱਲ ਕਰਦਿਆਂ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕਦੇ ਵੀ ਕਿਸੇ ਤਰ੍ਹਾਂ ਦੀ ਕੋਈ ਸਿਆਸੀ ਲਾਲਸਾ ਨਹੀਂ ਰਹੀ ਤੇ ਨਾ ਹੀ ਉਨ੍ਹਾਂ ਨੇ ਕਿਸੇ ਸਿਆਸੀ ਮਕਸਦ ਲਈ ਪਾਰਟੀ ਦਾ ਗਠਨ ਕੀਤਾ ਸੀ, ਬਲਕਿ ਉਹ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਸੰਤ ਠਾਕੁਰ ਸਿੰਘ ਨਾਲ ਸੇਵਾ ਕਰਦਿਆਂ ਧਾਰਮਿਕ ਖੇਤਰ ਨਾਲ ਜੁੜੇ ਰਹੇ ਹਨ ਪਰ ਪਿਛਲੇ ਸਮੇਂ ਦੌਰਾਨ ਸਿੱਖ ਸਰਕਾਰਾਂ ਵਲੋਂ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਵੱਖ-ਵੱਖ ਢੰਗ ਤਰੀਕਿਆਂ ਨਾਲ ਪਹੁੰਚਾਈ ਗਈ ਠੇਸ ਦੇ ਰੋਸ ਵਜੋਂ ਉਹ ਯੂਨਾਈਟਿਡ ਅਕਾਲੀ ਦਲ ਬਣਾਉਣ ਲਈ ਮਜਬੂਰ ਹੋਏ ਸਨ।

## ਬਾਦਲ ਨੇ ਪੁੱਤਰ ਮੋਹ 'ਚ ਅਕਾਲੀ ਦਲ ਦਾ ਘਾਣ ਕੀਤਾ: ਢੀਂਡਸਾ

**ਖੰਨਾ:** ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਆਪਣੇ ਪੁੱਤਰ ਦੀ ਚੌਧਰ ਖਾਤਰ ਵੱਡੇ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਮਰਿਆਦਾਵਾਂ ਦਾ ਘਾਣ ਕਰ ਦਿੱਤਾ ਹੈ, ਜਿਸ ਕਾਰਨ ਅੱਜ ਹਰ ਪੰਥ ਦਰਦੀ ਦੁਖੀ ਹੈ। ਉਨ੍ਹਾਂ ਕਿਹਾ ਕਿ ਸਮਾਂ ਆਉਣ ਉਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗੁਰੂ ਗ੍ਰੰਥ ਸਾਹਿਬ ਦੇ 267 ਗਾਇਬ ਹੋਏ ਸਰੂਪ ਤੇ ਸ਼੍ਰੋਮਣੀ ਕਮੇਟੀ 'ਚ ਹੋਏ ਘਪਲਿਆਂ ਦਾ ਪਰਦਾਫਾਸ਼ ਕਰਕੇ ਸਖਤ ਐਕਸ਼ਨ ਲਿਆ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਬਾਦਲ ਪਰਿਵਾਰ ਤੋਂ ਦੁਖੀ ਹੋ ਕੇ ਨਵੇਂ ਅਕਾਲੀ ਦਲ ਵਿਚ ਆਗੂ ਤੇ ਵਰਕਰ ਵੱਡੀ ਗਿਣਤੀ ਵਿਚ ਸ਼ਾਮਲ ਹੋ ਰਹੇ ਹਨ।

## ਸਾਰੀਆਂ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੀ ਬਿਹਤਰੀ ਲਈ ਸੁਖਦੇਵ ਸਿੰਘ ਢੀਂਡਸਾ ਨੇ ਸਾਰੀਆਂ ਪੰਥਕ ਤੇ ਸਿਆਸੀ ਧਿਰਾਂ ਨੂੰ ਇਕ ਮੰਚ ਉਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਦੇਸ਼ ਕੌਮ 'ਤੇ ਭੀੜ ਪਈ ਤਾਂ ਸਿੱਖ ਜਥੇਬੰਦੀਆਂ ਨੇ ਇਕਜੁੱਟ ਹੋ ਕੇ ਲੜਾਈ ਲੜੀ। ਹੁਣ ਵੀ ਉਹ ਪੰਜਾਬ ਦੇ ਹਿੱਤਾਂ ਲਈ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਕਰਨਗੇ। ਉਨ੍ਹਾਂ ਨਸ਼ਿਆਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਆਦਿ ਮੁੱਦਿਆਂ 'ਤੇ ਮੌਜੂਦਾ ਰਾਜ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪਹਿਲਾਂ ਬਾਦਲ ਪਰਿਵਾਰ ਤੇ ਹੁਣ ਕੈਪਟਨ ਅਮਰਿੰਦਰ ਸਿੰਘ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਹਰ ਵਰਗ ਦੁਖੀ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ 'ਚ ਕੋਈ ਚੋਣ ਨਹੀਂ ਲੜਨਗੇ ਅਤੇ ਨਾ ਹੀ ਮੁੱਖ ਮੰਤਰੀ ਦੀ ਕੁਰਸੀ ਦੇ ਦਾਅਵੇਦਾਰ ਹਨ। ਉਹ ਸੱਚੇ ਸੇਵਾਦਾਰ ਵਾਂਗ ਸੂਬੇ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ ਤੇ ਕਰਦੇ ਰਹਿਣਗੇ।

## ਯੂਨਾਈਟਿਡ ਅਕਾਲੀ ਦਲ ਸ਼ਾਮਲ ਨਹੀਂ: ਗੁਰਦੀਪ ਸਿੰਘ

**ਜਲੰਧਰ:** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ, ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਚੰਡੀਗੜ੍ਹ ਅਤੇ ਬਹਾਦਰ ਸਿੰਘ ਰਾਹੋਂ, ਸਕੱਤਰ ਜਨਰਲ ਜਤਿੰਦਰ ਸਿੰਘ ਈਸੜੂ, ਸੀਨੀਅਰ ਆਗੂ ਬਾਬਾ ਚਮਕੌਰ ਸਿੰਘ ਭਾਈਰੂਪਾ ਅਤੇ ਜਸਵਿੰਦਰ ਸਿੰਘ ਘੋਲੀਆ ਨੇ ਸਪੱਸ਼ਟ ਕੀਤਾ ਹੈ ਕਿ ਭਾਈ ਮੋਹਕਮ ਸਿੰਘ ਅਤੇ ਭਾਈ ਸਤਨਾਮ ਸਿੰਘ ਮਨਾਵਾਂ ਪਿਛਲੇ ਇਕ ਸਾਲ ਤੋਂ ਪੂਰੀ ਤਰ੍ਹਾਂ ਗੈਰ ਸਰਗਰਮ ਸਨ। ਜੁਲਾਈ 2019 'ਚ ਪਾਰਟੀ ਸੰਵਿਧਾਨ ਮੁਤਾਬਕ ਪਾਰਟੀ ਪ੍ਰਧਾਨ ਤੇ ਸਮੁੱਚੇ ਜਥੇਬੰਦਕ ਢਾਂਚੇ ਦੀ ਚੋਣ ਕੀਤੀ ਗਈ। ਉਨ੍ਹਾਂ ਦੇ ਅਹੁਦੇਦਾਰਾਂ ਅਤੇ ਵਰਕਰਾਂ 'ਚੋਂ ਇਕ ਵੀ ਵਰਕਰ ਢੀਂਡਸਾ ਧੜੇ 'ਚ ਨਹੀਂ ਜਾ ਰਿਹਾ। ਭਾਈ ਮੋਹਕਮ ਸਿੰਘ ਅਤੇ ਭਾਈ ਸਤਨਾਮ ਸਿੰਘ ਮਨਾਵਾਂ ਦਾ ਢੀਂਡਸਾ ਧੜੇ 'ਚ ਸ਼ਾਮਲ ਹੋਣਾ ਚਾਹੁੰਦੇ ਹਨ ਉਨ੍ਹਾਂ ਦਾ ਆਪਣਾ ਫੈਸਲਾ ਹੈ।

# ਵਰਕ ਪਰਮਿਟ 'ਚ ਦੇਰੀ ਲਈ ਭਾਰਤੀ ਮਹਿਲਾ ਵਲੋਂ ਅਮਰੀਕਾ ਖਿਲਾਫ ਕੇਸ

**ਵਾਸ਼ਿੰਗਟਨ:** ਵਰਕ ਪਰਮਿਟ ਜਾਰੀ ਕਰਨ 'ਚ ਕਥਿਤ ਦੇਰੀ ਲਈ ਭਾਰਤੀ ਮਹਿਲਾ ਰਣਜੀਤਾ ਸੁਬਰਾਮਣੀਆ ਨੇ ਅਮਰੀਕੀ ਨਾਗਰਿਕਤਾ ਅਤੇ ਇਮੀਗਰੇਸ਼ਨ ਸਰਵਿਸਿਜ਼ ਖਿਲਾਫ ਮੁਕੱਦਮਾ ਕੀਤਾ ਹੈ। ਉਸ ਕੋਲ ਐੱਚ-4 ਡਿਪੈਂਡੈਂਟ ਵੀਜ਼ਾ ਅਤੇ ਪਤੀ ਵਿਨੋਦ ਸਿਨਹਾ ਕੋਲ ਐੱਚ-1ਬੀ ਵਰਕ ਵੀਜ਼ਾ ਹੈ।

ਓਹਾਇਓ ਦੀ ਸੰਘੀ ਅਦਾਲਤ 'ਚ ਦਾਖਲ ਕੀਤੀ ਗਈ ਅਰਜ਼ੀ ਵਿਚ ਉਸ ਨੇ ਕਿਹਾ ਹੈ ਕਿ ਐਂਪਲਾਇਮੈਂਟ ਆਥੋਰਾਈਜ਼ੇਸ਼ਨ ਡਾਕਿਊਮੈਂਟ (ਈ.ਏ.ਡੀ.) ਦੀ 7 ਅਪਰੈਲ ਨੂੰ ਪ੍ਰਵਾਨਗੀ ਮਿਲ ਗਈ ਸੀ ਪਰ ਉਸ ਨੂੰ ਕੰਮ ਕਰਨ ਸਬੰਧੀ ਕਾਰਡ ਅਜੇ ਤੱਕ ਨਹੀਂ ਮਿਲਿਆ ਹੈ। ਉਸ ਦਾ ਪਹਿਲਾ ਈ.ਏ.ਡੀ. 7 ਜੂਨ ਨੂੰ ਖਤਮ ਹੋ ਗਿਆ ਸੀ ਜਿਸ ਕਰ ਕੇ ਉਸ ਨੂੰ ਨੌਕਰੀ ਤੋਂ ਹਟਣਾ ਪਿਆ।

ਅਰਜ਼ੀ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਇਮੀਗਰੇਸ਼ਨ ਵਿਭਾਗ ਨੇ 75 ਹਜ਼ਾਰ ਈ.ਏ.ਡੀ. ਰੋਕੇ ਹੋਏ ਹਨ। ਆਮ ਤੌਰ ਉਤੇ ਈ.ਏ.ਡੀ. ਪ੍ਰਵਾਨਗੀ ਦੇ 48 ਘੰਟਿਆਂ 'ਚ ਵਿਅਕਤੀ ਕੋਲ ਪਹੁੰਚ ਜਾਂਦਾ ਹੈ ਪਰ 105 ਦਿਨਾਂ ਪਿਛੋਂ ਵੀ ਰੰਜੀਤਾ ਨੂੰ ਇਹ ਨਹੀਂ ਮਿਲਿਆ ਜਿਸ ਕਰ ਕੇ ਉਸ ਨੂੰ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ ਹੈ।

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ \$200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਗਿਆਰਾਂ ਅਫਗਾਨ ਸਿੱਖ ਵਿਸ਼ੇਸ਼ ਵੀਜ਼ਿਆਂ 'ਤੇ ਭਾਰਤ ਆਏ

**ਨਵੀਂ ਦਿੱਲੀ:** ਅਫਗਾਨਿਸਤਾਨ ਦੇ ਘੱਟ ਗਿਣਤੀ ਫਿਰਕਿਆਂ ਨਾਲ ਸਬੰਧਤ 11 ਮੈਂਬਰ ਭਾਰਤ ਪੁੱਜੇ, ਜਿਨ੍ਹਾਂ 'ਚ ਉਹ ਸਿੱਖ ਆਗੂ ਵੀ ਸ਼ਾਮਲ ਹੈ, ਜਿਸ ਨੂੰ ਪਿਛਲੇ ਮਹੀਨੇ ਅਗਵਾ ਕਰ ਲਿਆ ਗਿਆ ਸੀ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਸਾਰਿਆਂ ਨੂੰ ਵੀਜ਼ੇ ਮੁਹੱਈਆ ਕਰਵਾਏ ਤੇ ਉਨ੍ਹਾਂ ਦੇ ਇਥੇ ਭਾਰਤ ਪੁੱਜਣ 'ਚ ਸਹਾਇਤਾ ਕੀਤੀ।

ਵਿਦੇਸ਼ ਮੰਤਰਾਲੇ ਮੁਤਾਬਕ 18 ਜੁਲਾਈ ਨੂੰ ਅਗਵਾਕਾਰਾਂ ਵੱਲੋਂ ਛੱਡੇ ਗਏ ਨਿਧਾਨ ਸਿੰਘ ਸਚਦੇਵਾ ਵੀ ਇਨ੍ਹਾਂ 11 ਮੈਂਬਰਾਂ ਵਿਚ ਸ਼ਾਮਲ ਸਨ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਇਨ੍ਹਾਂ ਸਿੱਖਾਂ ਨੂੰ ਰਹਿਣ ਲਈ ਥਾਂ ਤੇ ਹੋਰ ਸਹੂਲਤਾਂ ਦੇਵੇਗੀ। ਉਨ੍ਹਾਂ ਦੱਸਿਆ ਕਿ ਅਗਲੇ ਜਥੇ ਵਿਚ 70 ਅਤੇ ਉਸ ਤੋਂ ਅਗਲੇ 'ਚ 125 ਸਿੱਖ ਇਥੇ ਪਹੁੰਚਣਗੇ। ਉਨ੍ਹਾਂ ਦੱਸਿਆ ਕਿ 600 ਲੋਕਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਤੇ ਕੋਸ਼ਿਸ਼ ਇਹ ਹੈ ਕਿ ਅਗਸਤ ਦੇ ਅਖੀਰ ਤੱਕ ਸਾਰੇ ਸਿੱਖਾਂ ਨੂੰ ਇਥੇ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਇਨ੍ਹਾਂ ਸਿੱਖਾਂ ਦੇ ਗੁਰਦੁਆਰਾ ਸਾਹਿਬ ਦੀਆਂ ਸਰਾਵਾਂ ਵਿੱਚ ਰਹਿਣ ਦਾ ਇੰਤਜ਼ਾਮ ਕੀਤਾ ਹੈ ਤੇ ਦਿੱਲੀ ਗੁਰਦੁਆਰਾ ਕਮੇਟੀ ਉਨ੍ਹਾਂ ਦੇ ਭਾਰਤ ਵਿਚ ਵਸਣ ਵਿਚ ਮਦਦ ਕਰੇਗੀ।



ਦਿੱਲੀ ਭਾਜਪਾ ਦੇ ਪ੍ਰਧਾਨ ਆਦੇਸ਼ ਗੁਪਤਾ ਤੇ ਆਰ.ਪੀ. ਸਿੰਘ ਨੇ ਭਾਰਤ ਪਹੁੰਚਣ ਉਤੇ ਅਫਗਾਨਿਸਤਾਨ ਤੋਂ ਆਏ ਸਿੱਖ ਭਰਾਵਾਂ/ਭੈਣਾਂ ਦਾ ਦਿੱਲੀ ਏਅਰਪੋਰਟ 'ਤੇ ਸਵਾਗਤ ਕੀਤਾ। ਸ੍ਰੀ ਗੁਪਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਦੂਰਅੰਦੇਸ਼ੀ ਨੀਤੀਆਂ ਸਦਕਾ ਦੇਸ਼ ਵਿਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਕੀਤਾ ਗਿਆ ਹੈ ਜਿਸ ਕਾਰਨ ਅੱਜ ਸਿੱਖ ਭਰਾ ਅਫਗਾਨਿਸਤਾਨ ਤੋਂ ਵਾਪਸ ਘਰ ਪਰਤੇ ਹਨ। ਇਹ ਪਹਿਲਾ ਮੌਕਾ ਹੈ ਜਦੋਂ ਸਿੱਖ ਪਰਿਵਾਰ ਅਫਗਾਨਿਸਤਾਨ ਤੋਂ ਭਾਰਤ ਪਰਤੇ ਹਨ। ਸ੍ਰੀ ਗੁਪਤਾ ਨੇ ਕਿਹਾ ਕਿ ਪਾਕਿਸਤਾਨ, ਬੰਗਲਾਦੇਸ਼ ਤੇ ਅਫਗਾਨਿਸਤਾਨ ਦਾ ਸੰਵਿਧਾਨ ਉਨ੍ਹਾਂ ਨੂੰ ਵੱਖਰੇ ਧਾਰਮਿਕ ਰਾਜ ਬਣਾਉਂਦਾ ਹੈ, ਨਤੀਜੇ ਵਜੋਂ ਇਨ੍ਹਾਂ ਦੇਸ਼ਾਂ ਵਿਚ ਹਿੰਦੂ, ਸਿੱਖ, ਬੋਧੀ, ਪਾਰਸੀ, ਜੈਨ ਅਤੇ ਈਸਾਈ ਭਾਈਚਾਰੇ ਦੇ ਬਹੁਤ ਸਾਰੇ ਲੋਕ ਧਾਰਮਿਕ ਆਧਾਰਾਂ ਉਤੇ ਅੱਤਿਆਚਾਰ ਦਾ ਸਾਹਮਣਾ ਕਰਦੇ ਹਨ।

ਸਿਟੀਜਨਸ਼ਿਪ ਸੋਧ ਐਕਟ ਲਾਗੂ ਹੋਣ ਨਾਲ ਭਾਰਤ ਵਿਚ ਵਸਦੇ ਸ਼ਰਨਾਰਥੀਆਂ ਨੂੰ ਵੀ ਭਾਰਤੀ ਨਾਗਰਿਕਾਂ ਦਾ ਦਰਜਾ ਮਿਲੇਗਾ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਯੋਜਨਾਬੰਦੀ ਤੇ ਸਹੂਲਤਾਂ ਦਾ ਲਾਭ ਮਿਲੇਗਾ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹ ਅਫਗਾਨੀ ਸਿੱਖਾਂ ਲਈ ਹਮੇਸ਼ਾ ਮਦਦ ਲਈ ਉਹ ਤਿਆਰ ਹਨ। ਇਸ ਮੌਕੇ ਦਿੱਲੀ ਦੇ ਹੋਰ ਸਿੱਖ ਆਗੂ ਵੀ ਪੁੱਜੇ ਹੋਏ ਸਨ ਜਿਨ੍ਹਾਂ ਦਿੱਲੀ ਵਿਚ ਹਵਾਈ ਅੱਡੇ ਉਪਰ ਸਿੱਖ ਭਰਾਵਾਂ ਦਾ ਜ਼ੋਰਦਾਰ ਸਵਾਗਤ ਕੀਤਾ। ਇਹ ਸਿੱਖ ਪਰਿਵਾਰ ਉਥੋਂ ਦੀਆਂ ਸਰਕਾਰਾਂ ਤੇ ਦਹਿਸ਼ਤੀ ਗੁੱਟਾਂ ਤੋਂ ਤੰਗ ਸਨ ਤੇ ਹੁਣ ਆਪਣੇ ਮੁਲਕ ਪਰਤੇ ਹਨ।

## ਇੱਛੁਕ ਸਿੱਖਾਂ ਤੇ ਹਿੰਦੂਆਂ ਨੂੰ ਵੀਜ਼ੇ ਦੇਵੇਗਾ ਭਾਰਤ: ਵਿਦੇਸ਼ ਮੰਤਰਾਲਾ

**ਨਵੀਂ ਦਿੱਲੀ:** ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਫਗਾਨਿਸਤਾਨ 'ਚ ਅਤਿਵਾਦੀਆਂ ਵੱਲੋਂ ਬਾਹਰੀ ਸਮਰਥਕਾਂ ਦੇ ਇਸ਼ਾਰੇ ਉਤੇ ਹਿੰਦੂ ਅਤੇ ਸਿੱਖਾਂ 'ਤੇ ਹਮਲੇ ਤੇਜ਼ ਕੀਤੇ ਗਏ ਹਨ ਅਤੇ ਭਾਰਤ ਉਨ੍ਹਾਂ ਭਾਈਚਾਰਿਆਂ ਦੇ ਮੈਂਬਰਾਂ ਨੂੰ ਜ਼ਰੂਰੀ ਵੀਜ਼ਾ ਪ੍ਰਦਾਨ ਕਰ ਰਿਹਾ ਹੈ, ਜੋ ਇਥੇ ਆਉਣਾ ਚਾਹੁੰਦੇ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵਾ ਨੇ ਕਿਹਾ ਕਿ ਇਕ ਵਾਰ ਜੋ ਲੋਕ ਭਾਰਤ ਆਉਣਾ ਚਾਹੁੰਦੇ ਹਨ ਅਤੇ ਇਥੇ ਵਸਣਾ ਚਾਹੁੰਦੇ ਹਨ, ਉਹ ਦੇਸ਼ 'ਚ ਆਉਂਦੇ ਹਨ ਤਾਂ ਉਨ੍ਹਾਂ ਦੀ ਅਪੀਲ ਦੀ ਜਾਂਚ ਕੀਤੀ ਜਾਵੇਗੀ ਤੇ ਮੌਜੂਦਾ ਨਿਯਮਾਂ ਤੇ ਨੀਤੀਆਂ ਦੇ ਆਧਾਰ ਉਤੇ ਕਾਰਵਾਈ ਕੀਤੀ ਜਾਵੇਗੀ।

## ਸੋਨੂੰ ਪੰਜਾਬਣ ਨੂੰ 24 ਸਾਲ ਦੀ ਜੇਲ੍ਹ

**ਨਵੀਂ ਦਿੱਲੀ:** 12 ਸਾਲ ਦੀ ਬੱਚੀ ਦੇ ਅਗਵਾ, ਦੇਹ ਵਪਾਰ ਅਤੇ ਮਨੁੱਖੀ ਤਸਕਰੀ ਦੇ ਮਾਮਲੇ 'ਚ ਸੋਨੂੰ ਪੰਜਾਬਣ ਨੂੰ ਦਿੱਲੀ ਦੀ ਦੁਆਰਕਾ ਅਦਾਲਤ ਨੇ 24 ਸਾਲ ਦੀ ਸਜ਼ਾ ਸੁਣਾਈ ਹੈ।

ਸੋਨੂੰ ਪੰਜਾਬਣ ਦੇ ਨਾਲ ਇਕ ਹੋਰ ਦੋਸ਼ੀ ਸੰਦੀਪ ਬੇਦਵਾਲ ਨੂੰ ਵੀ ਅਦਾਲਤ ਨੇ ਜਬਰ ਜਨਾਹ, ਅਗਵਾ ਅਤੇ ਮਨੁੱਖੀ ਤਸਕਰੀ ਦੇ ਮਾਮਲੇ 'ਚ 20 ਸਾਲ ਦੀ ਸਜ਼ਾ ਸੁਣਾਈ ਹੈ। ਇਹ ਪਹਿਲਾ ਮਾਮਲਾ ਹੈ ਜਿਸ ਵਿਚ ਸੋਨੂੰ ਪੰਜਾਬਣ ਨੂੰ ਪੋਕਸੋ ਅਦਾਲਤ ਨੇ ਸਜ਼ਾ ਸੁਣਾਈ ਹੈ। ਅਸਲ 'ਚ ਇਹ ਪੂਰਾ ਮਾਮਲਾ 12 ਸਾਲ ਦੀ ਇਕ ਨਾਬਾਲਗ ਨਾਲ ਜੁੜਿਆ ਹੈ।

ਦੋਸ਼ੀ ਸੰਦੀਪ ਬੇਦਵਾਲ 2009 'ਚ ਨਾਬਾਲਗ ਬੱਚੀ ਨੂੰ ਪਿਆਰ ਅਤੇ ਵਿਆਹ ਦਾ ਝਾਂਸਾ ਦੇ ਕੇ ਸੀਮਾ ਨਾਂ ਦੀ ਇਕ ਔਰਤ ਦੇ ਘਰ ਲੈ ਗਿਆ। ਨਾਬਾਲਗ ਅਨੁਸਾਰ ਉਥੇ ਦੋਸ਼ੀ ਸੰਦੀਪ ਨੇ ਉਸ ਨਾਲ ਜਬਰ ਜਨਾਹ ਕੀਤਾ ਅਤੇ ਫਿਰ ਉਸ ਨੂੰ ਸੀਮਾ ਕੋਲ ਵੇਚ ਦਿੱਤਾ। ਸੀਮਾ ਨੇ ਨਾਬਾਲਗ ਪਾਸੋਂ ਜ਼ਬਰਦਸਤੀ ਦੇਹ ਵਪਾਰ ਕਰਵਾਇਆ। ਇਸ ਦਰਮਿਆਨ ਨਾਬਾਲਗ ਬੱਚੀ ਨੂੰ ਕਈ ਵਾਰ ਵੇਚਿਆ ਗਿਆ। ਨਾਬਾਲਗ ਨੂੰ ਸੋਨੂੰ ਪੰਜਾਬਣ ਨੇ ਵੀ ਖਰੀਦਿਆ ਸੀ। ਅਜੇ ਵੀ ਇਸ ਮਾਮਲੇ 'ਚ ਕਈ ਲੋਕਾਂ ਦੀ ਪੁਲਿਸ ਨੂੰ ਭਾਲ ਹੈ।

# ਬਲੋਚ ਸਿੱਖਾਂ ਨੂੰ 73 ਸਾਲ ਪਿਛੋਂ ਮਿਲੀ ਗੁਰੂਘਰ ਦੀ ਸੇਵਾ



**ਕੋਇਟਾ:** ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੀ ਸਰਕਾਰ ਨੇ 73 ਸਾਲ ਮਗਰੋਂ ਇਥੋਂ ਦਾ 200 ਸਾਲ ਪੁਰਾਣਾ ਗੁਰਦੁਆਰਾ ਸਿੱਖ ਭਾਈਚਾਰੇ ਨੂੰ ਸੌਂਪ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਥੋਂ ਦੀ ਮਸਜਿਦ ਰੋਡ ਸਥਿਤ ਸ੍ਰੀ ਗੁਰੂ ਸਿੰਘ ਗੁਰਦੁਆਰੇ ਨੂੰ 1947 ਤੋਂ ਏ.ਪੀ.ਡਬਲਯੂ.ਏ. ਸਰਕਾਰੀ ਹਾਈ ਸਕੂਲ (ਲੜਕੀਆਂ) ਵਜੋਂ ਵਰਤਿਆ ਜਾ ਰਿਹਾ ਸੀ। ਸੂਬਾਈ ਸੰਸਦੀ ਸਕੱਤਰ ਤੇ ਘੱਟ ਗਿਣਤੀ ਭਾਈਚਾਰੇ ਦੇ ਮਾਮਲਿਆਂ ਬਾਰੇ ਮੁੱਖ ਮੰਤਰੀ ਦੇ ਸਲਾਹਕਾਰ ਦਿਨੇਸ਼ ਕੁਮਾਰ ਨੇ ਦੱਸਿਆ ਕਿ ਗੁਰਦੁਆਰੇ ਨੂੰ ਮੁੜ ਧਾਰਮਿਕ ਥਾਂ 'ਚ ਤਬਦੀਲ ਕਰਕੇ ਸਿੱਖ ਭਾਈਚਾਰੇ ਨੂੰ ਸੌਂਪਣਾ ਬਲੋਚਿਸਤਾਨ ਸਰਕਾਰ ਦਾ ਇਤਿਹਾਸਕ ਫੈਸਲਾ ਹੈ। ਇਸ ਦੀਆਂ ਵਿਦਿਆਰਥਣਾਂ ਨੂੰ ਨੇੜਲੇ ਸਕੂਲਾਂ 'ਚ ਦਾਖਲਾ ਲੈਣ ਲਈ ਕਿਹਾ ਗਿਆ ਹੈ। ਬਲੋਚਿਸਤਾਨ 'ਚ ਸਿੱਖ ਭਾਈਚਾਰਾ ਕਮੇਟੀ ਦੇ ਚੇਅਰਮੈਨ ਜਸਬੀਰ ਸਿੰਘ ਫੈਸਲਾ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਬਲੋਚਿਸਤਾਨ ਸਰਕਾਰ ਦਾ ਸਿੱਖ ਭਾਈਚਾਰੇ ਨੂੰ ਤੋਹਫਾ ਹੈ।

## ਸ਼੍ਰੋਮਣੀ ਕਮੇਟੀ ਵਲੋਂ ਸਵਾਗਤ

**ਅੰਮ੍ਰਿਤਸਰ:** ਬਲੋਚਿਸਤਾਨ ਦੀ ਰਾਜਧਾਨੀ ਕੋਇਟਾ 'ਚ 73 ਵਰ੍ਹਿਆਂ ਬਾਅਦ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੰਗਤਾਂ ਲਈ ਖੋਲ੍ਹਣ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕੀਤਾ ਹੈ। ਮੁੱਖ ਦਫਤਰ ਤੋਂ ਜਾਰੀ ਬਿਆਨ ਵਿਚ ਉਨ੍ਹਾਂ ਪਾਕਿਸਤਾਨ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਕਿਸਤਾਨ ਅੰਦਰ ਵੱਡੀ ਗਿਣਤੀ ਵਿਚ ਗੁਰਦੁਆਰਾ ਸਾਹਿਬਾਨ ਮੌਜੂਦ ਹਨ, ਜਿਨ੍ਹਾਂ 'ਚੋਂ ਕਈ ਗੁਰੂ ਘਰ ਦੇਸ਼ ਵੰਡ ਮਗਰੋਂ ਬੰਦ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਮੰਗ 'ਤੇ ਗੁਰਦੁਆਰਾ ਸਾਹਿਬ ਮੁੜ ਸੰਗਤ ਅਰਪਣ ਕਰਨਾ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਤਰਜ਼ਮਾਨੀ ਹੈ ਤੇ ਇਸ ਨਾਲ ਸੰਗਤਾਂ ਗੁਰੂ ਘਰ ਵਿਚ ਨਤਮਸਤਕ ਹੋ ਕੇ ਆਪਣੀ ਸ਼ਰਧਾ ਪ੍ਰਗਟ ਕਰ ਸਕਣਗੀਆਂ।

# ਅਮਰੀਕੀ ਸਿੱਖ ਸਟੋਰ ਮਾਲਕ 'ਤੇ ਹਮਲਾ ਕਰਨ ਵਾਲੇ ਖਿਲਾਫ ਲੱਗੇਗਾ ਨਫਰਤੀ ਅਪਰਾਧ ਦਾ ਦੋਸ਼

**ਨਿਊ ਯਾਰਕ:** ਅਮਰੀਕਾ ਦੇ ਰਾਜ ਕੋਲੋਰਾਡੋ ਦੇ ਅਧਿਕਾਰੀ, ਉਸ ਵਿਅਕਤੀ ਖਿਲਾਫ ਨਫਰਤੀ ਅਪਰਾਧ ਦੇ ਦੋਸ਼ ਲਗਾਉਣਗੇ ਜਿਸ ਨੇ ਅਪਰੈਲ ਮਹੀਨੇ 'ਚ ਇਕ ਅਮਰੀਕੀ ਸਿੱਖ ਸਟੋਰ ਮਾਲਕ ਉਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ ਅਤੇ ਉਸ ਨੂੰ 'ਵਾਪਸ ਆਪਣੇ ਦੇਸ਼ ਜਾਣ' ਲਈ ਕਿਹਾ ਸੀ। ਸਿੱਖ ਨਾਗਰਿਕ ਅਧਿਕਾਰਾਂ ਲਈ ਕੰਮ ਕਰਨ ਵਾਲੀ ਸੰਸਥਾ ਸਿੱਖ ਕੋਲੀਸ਼ਨ ਨੇ ਦੱਸਿਆ ਕਿ ਉਸ ਨੂੰ ਸੂਚਿਤ ਕੀਤਾ ਗਿਆ ਹੈ ਕਿ ਜੈਫਰਸਨ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫਤਰ ਵਲੋਂ 29 ਅਪਰੈਲ ਨੂੰ ਸਟੋਰ ਮਾਲਕ ਲਖਵੰਤ ਸਿੰਘ ਉਤੇ ਹਮਲਾ ਕਰਨ ਵਾਲੇ ਮੁਲਜ਼ਮ ਐਰਿਕ ਬ੍ਰੀਮੈਨ ਖਿਲਾਫ ਹੁਣ ਨਫਰਤੀ ਅਪਰਾਧ ਦੇ ਦੋਸ਼ ਲਗਾਉਣ ਦਾ ਫੈਸਲਾ ਵੀ ਲਿਆ ਗਿਆ ਹੈ। ਸੰਸਥਾ ਨੇ ਕਿਹਾ ਕਿ ਲਖਵੰਤ ਸਿੰਘ ਜੋ ਕਿ ਸਟੋਰ ਮਾਲਕ ਹੈ, ਉਤੇ ਅਪਰੈਲ ਮਹੀਨੇ ਵਿਚ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਸੀ। ਬ੍ਰੀਮੈਨ ਨੇ ਦੁਕਾਨ ਅੰਦਰ ਵੜਦਿਆਂ ਹੀ ਲਖਵੰਤ ਸਿੰਘ ਤੇ ਉਸ ਦੀ ਪਤਨੀ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੌਰਾਨ ਬ੍ਰੀਮੈਨ ਨੇ ਕਈ ਚੀਜ਼ਾਂ ਦੀ ਭੰਨ-ਤੋੜ ਕਰਦਿਆਂ ਵਾਰ-ਵਾਰ ਹੱਥ ਜੋੜੇ ਨੂੰ ਆਪਣੇ ਦੇਸ਼ ਵਾਪਸ ਜਾਣ ਲਈ ਕਿਹਾ ਸੀ। ਬ੍ਰੀਮੈਨ ਦੇ ਬਾਹਰ ਨਿਕਲਣ 'ਤੇ ਲਖਵੰਤ ਸਿੰਘ ਉਸ ਦੀ ਲਾਇਸੈਂਸ ਪਲੇਟ ਦੀ ਫੋਟੋ ਖਿੱਚਣ ਲਈ ਬਾਹਰ ਆ ਗਿਆ ਸੀ ਤਾਂ ਜੋ ਉਹ ਪੁਲਿਸ 'ਚ ਸ਼ਿਕਾਇਤ ਕਰ ਸਕੇ। ਇਸ ਦੌਰਾਨ ਬ੍ਰੀਮੈਨ ਨੇ ਸਿੱਖ ਨੂੰ ਆਪਣੇ ਵਾਹਨ ਨਾਲ ਟੱਕਰ ਮਾਰ ਦਿੱਤੀ ਸੀ ਅਤੇ ਉਸ ਨੂੰ ਪਾਰਕਿੰਗ ਤੋਂ ਕਈ ਫੁੱਟ ਦੂਰ ਸੁੱਟ ਦਿੱਤਾ ਸੀ ਜਿਸ ਕਾਰਨ ਲਖਵੰਤ ਸਿੰਘ ਦੀਆਂ ਕਈ ਹੱਡੀਆਂ ਟੁੱਟ ਗਈਆਂ ਸਨ।

# ਸਿੱਖਾਂ ਦੇ ਕਾਤਲ ਅਜੇ ਵੀ ਕਾਲੀ ਸੂਚੀ ਤੋਂ ਬਾਹਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਦਹਿਸ਼ਤੀ ਗੁੱਟਾਂ ਵਿਚ ਲੀਡਰਸ਼ਿਪ ਪੱਧਰ ਉਤੇ ਅਜੇ ਵੀ ਪਾਕਿਸਤਾਨੀ ਨਾਗਰਿਕ ਹੀ ਸਰਗਰਮ ਹਨ। ਇਨ੍ਹਾਂ ਦਹਿਸ਼ਤੀ ਗੁੱਟਾਂ 'ਚੋਂ ਭਾਰਤੀ ਉਪ ਮਹਾਂਦੀਪ 'ਚ ਅਲਕਾਇਦਾ, ਇਰਾਕ 'ਚ ਇਸਲਾਮਿਕ ਸਟੇਟ ਤੇ ਪਾਕਿਸਤਾਨ ਵਿਚ ਖੁਰਾਸਾਨ ਤੇ ਤਹਿਰੀਕ-ਏ-ਤਾਲਿਬਾਨ ਆਪਣੀਆਂ ਗਤੀਵਿਧੀਆਂ ਚਲਾਉਂਦੇ ਹਨ। ਹਾਲਾਂਕਿ ਇਨ੍ਹਾਂ 'ਚੋਂ ਕਈ ਅਜੇ ਵੀ ਕਾਲੀ ਸੂਚੀ ਵਿਚੋਂ ਬਾਹਰ ਹਨ।

ਆਈ.ਐਸ.ਆਈ.ਐਲ, ਅਲਕਾਇਦਾ ਤੇ ਹੋਰ ਸਬੰਧਤ ਵਿਅਕਤੀਆਂ ਤੇ ਜਥੇਬੰਦੀਆਂ ਨਾਲ ਸਬੰਧਤ 'ਐਨਾਲਿਟੀਕਲ ਸਪੋਰਟ ਐਂਡ ਸੈਂਕਸ਼ਨਜ਼ ਮੋਨੀਟਰਿੰਗ ਟੀਮ' ਦੀ 26ਵੀਂ ਰਿਪੋਰਟ ਮੁਤਾਬਕ, ਅਪਰੈਲ ਤੇ ਮਈ 'ਚ ਅਫਗਾਨ ਦੇ ਵਿਸ਼ੇਸ਼ ਬਲਾਂ ਨੇ ਪੂਰੇ ਮੁਲਕ 'ਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਤੇ ਆਈ.ਐਸ.ਆਈ.ਐਲ- ਕੇ ਦੇ ਮੁਖੀ ਅਸਲਮ ਫਾਰੂਕੀ ਤੇ ਉਸ ਤੋਂ ਪਹਿਲੇ ਮੁਖੀ ਜ਼ਿਆ ਉਲ ਹੱਕ ਤੇ ਹੋਰਾਂ ਨੂੰ ਗ੍ਰਿਫਤਾਰ ਕਰ ਲਿਆ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਖੈਬਰ ਪਖਤੂਨਵਾ ਨਾਲ ਸਬੰਧਤ ਫਾਰੂਕੀ ਹੀ ਕਾਬੁਲ ਵਿਚ ਸਥਿਤ ਗੁਰਦੁਆਰੇ ਉਤੇ ਹੋਏ ਦਹਿਸ਼ਤੀ ਹਮਲੇ ਦਾ ਮੁੱਖ ਸਾਜ਼ਿਸ਼ਘਾੜਾ ਸੀ ਜਿਸ 'ਚ 25 ਸਿੱਖ ਮਾਰੇ ਗਏ ਸਨ। ਉਸ ਨੂੰ ਸੰਯੁਕਤ ਰਾਸ਼ਟਰ ਕੌਂਸਲ ਦੀ 1267 ਅਲ-ਕਾਇਦਾ ਪਾਬੰਦੀਆਂ ਸਬੰਧੀ ਕਮੇਟੀ ਵੱਲੋਂ ਕਾਲੀ ਸੂਚੀ 'ਚ ਨਹੀਂ ਪਾਇਆ ਗਿਆ। ਇਸੇ ਤਰ੍ਹਾਂ ਹੱਕ ਵੀ ਪਾਕਿ ਨਾਗਰਿਕ ਹੈ, ਜਿਸ ਨੂੰ ਵੀ ਕਾਲੀ ਸੂਚੀ 'ਚ ਨਹੀਂ ਰੱਖਿਆ ਗਿਆ। ਅਲ-ਕਾਇਦਾ ਦਾ ਮੌਜੂਦਾ ਮੁਖੀ ਪਾਕਿ ਦਾ ਜੰਮਪਲ ਓਸਾਮਾ ਮਹਿਮੂਦ ਹੈ ਜਿਸ ਨੂੰ ਕਾਲੀ ਸੂਚੀ 'ਚ ਨਹੀਂ ਰੱਖਿਆ ਗਿਆ।

# ਪਾਵਨ ਸਰੂਪ ਮੁੱਦਾ: ਸੇਵਾਮੁਕਤ ਸਹਾਇਕ ਸੁਪਰਵਾਈਜ਼ਰ ਕੋਲੋਂ ਪੁੱਛ-ਗਿੱਛ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਗਾਇਬ ਹੋਣ ਦੇ ਮਾਮਲੇ ਦੀ ਜਾਂਚ ਕਰ ਰਹੀ ਟੀਮ ਨੇ ਅਕਾਲ ਤਖਤ ਦੇ ਸਕੱਤਰੇਤ ਵਿਚ ਪਬਲੀਕੇਸ਼ਨ ਵਿਭਾਗ ਦੇ ਸੇਵਾਮੁਕਤ ਸਹਾਇਕ ਸੁਪਰਵਾਈਜ਼ਰ ਕੰਵਲਜੀਤ ਸਿੰਘ ਕੋਲੋਂ ਪੁੱਛ-ਪੜਤਾਲ ਕੀਤੀ। ਵੇਰਵਿਆਂ ਮੁਤਾਬਕ ਇਹ ਪੁੱਛ-ਪੜਤਾਲ ਲਗਭਗ 5 ਘੰਟੇ ਤੋਂ ਵੀ ਵੱਧ ਸਮਾਂ ਚੱਲੀ। ਉਸ (ਕੰਵਲਜੀਤ) ਨੇ ਦਾਅਵਾ ਕਿ ਉਸ ਨੇ ਕਈ ਸਰੂਪ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਮੈਂਬਰਾਂ ਦੇ ਕਹਿਣ ਉਤੇ ਇਸ ਆਧਾਰ 'ਤੇ ਦਿੱਤੇ ਸਨ ਕਿ ਬਾਅਦ ਵਿਚ ਇਨ੍ਹਾਂ ਦੀ ਲਿਖਤੀ ਪ੍ਰਵਾਨਗੀ ਮਿਲ ਜਾਵੇਗੀ। ਇਹ ਵੀ ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਇਕ ਹੋਰ ਕਰਮਚਾਰੀ ਕੋਲੋਂ ਵੀ ਪੁੱਛ-ਪੜਤਾਲ ਕੀਤੀ ਗਈ ਹੈ ਜੋ ਪਾਵਨ ਸਰੂਪ ਦੂਜੇ ਸੂਬਿਆਂ ਵਿਚ ਭੇਜਣ ਅਤੇ ਛੱਡ ਕੇ ਆਉਣ ਦੀ ਜ਼ਿੰਮੇਵਾਰੀ ਨਿਭਾਉਂਦਾ ਸੀ। ਜਾਂਚ ਕਮੇਟੀ ਕੋਲ ਇਕ ਅਜਿਹੀ ਰਿਕਾਰਡਿੰਗ ਵੀ ਪੁੱਜੀ ਹੈ, ਜਿਸ ਵਿਚ ਇਨ੍ਹਾਂ ਦੋਵਾਂ ਕਰਮਚਾਰੀਆਂ ਦੀ ਆਪਸੀ ਗੱਲਬਾਤ ਦੇ ਵੇਰਵੇ ਸ਼ਾਮਲ ਹਨ। ਜਾਂਚ ਟੀਮ ਵੱਲੋਂ ਇਸ ਮਾਮਲੇ ਦੀ ਸ਼ਿਕਾਇਤਕਰਤਾ ਧਿਰ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੂੰ ਹਾਲੇ ਤੱਕ ਪੁੱਛ-ਪੜਤਾਲ ਵਾਸਤੇ ਨਹੀਂ ਸੱਦਿਆ ਗਿਆ ਹੈ। ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਇਸ ਸੰਵੇਦਨਸ਼ੀਲ ਮਾਮਲੇ ਦੀ ਜਾਂਚ ਹਾਈ ਕੋਰਟ ਦੀ ਸਾਬਕਾ ਜੱਜ ਨਵਿਤਾ ਸਿੰਘ ਅਤੇ ਤਿਲੰਗਾਨਾ ਹਾਈ ਕੋਰਟ ਦੇ ਵਕੀਲ ਈਸ਼ਰ ਸਿੰਘ ਨੂੰ ਸੌਂਪੀ ਗਈ ਹੈ। ਇਹ ਜਾਂਚ ਇਕ ਮਹੀਨੇ ਵਿਚ ਮੁਕੰਮਲ ਹੋਵੇਗੀ।

## ਪਬਲੀਕੇਸ਼ਨ ਵਿਭਾਗ ਦਾ ਰਿਕਾਰਡ ਕਬਜ਼ੇ 'ਚ

**ਅੰਮ੍ਰਿਤਸਰ:** ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਹੋਵੇਗੀ ਅਤੇ ਇਕ ਮਹੀਨੇ ਵਿਚ ਜਾਂਚ ਰਿਪੋਰਟ ਆ ਜਾਵੇਗੀ, ਜਿਸ ਤੋਂ ਬਾਅਦ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਜਾਂਚ ਟੀਮ ਨੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦਾ ਦੌਰਾ ਕੀਤਾ ਅਤੇ ਸੀਲ ਕੀਤੇ 5 ਸਾਲ ਦੇ ਰਿਕਾਰਡ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ।

# ਨਵਜੋਤ ਸਿੱਧੂ ਨੇ ਕੈਪਟਨ ਨੂੰ ਪਾਈ ਚਿੱਠੀ

**ਅੰਮ੍ਰਿਤਸਰ:** ਪਿਛਲੇ ਲੰਬੇ ਸਮੇਂ ਤੋਂ ਚੁੱਪ ਧਾਰੀ ਬੈਠੇ ਸਾਬਕਾ ਕੈਬਨਿਟ ਮੰਤਰੀ, ਹਲਕਾ ਪੂਰਬੀ ਦੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖੀ ਹੈ, ਜਿਸ 'ਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ 'ਚ ਹੋ ਰਹੇ ਵਿਕਾਸ ਕਾਰਜਾਂ 'ਚ ਖਾਮੀਆਂ ਹਨ ਅਤੇ ਉਨ੍ਹਾਂ ਦੇ ਹਲਕੇ ਨਾਲ ਵਿਤਕਰਾ ਹੋ ਰਿਹਾ ਹੈ।



ਪੱਤਰ 'ਚ ਕਿਹਾ ਕਿ ਸਾਲ 2018 ਵਿਚ ਅੰਮ੍ਰਿਤਸਰ 'ਚ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ 137 ਕਰੋੜ ਦੇ ਲਾਗਤ ਨਾਲ ਬਣਨ ਵਾਲੇ ਪੰਜ ਪੁੱਲਾਂ ਦਾ ਉਦਘਾਟਨ ਮੁੱਖ ਮੰਤਰੀ ਵੱਲੋਂ ਕੀਤਾ ਗਿਆ ਸੀ ਅਤੇ ਇਨ੍ਹਾਂ ਪੰਜਾਂ 'ਚੋਂ ਦੋ ਹਲਕਾ ਪੂਰਬੀ 'ਚ ਬਣਨੇ ਸਨ, ਰੇਲਵੇ ਲਾਈਨਾਂ ਤੋਂ ਲੰਘਣ ਵਾਲੇ ਇਨ੍ਹਾਂ ਪੁੱਲਾਂ ਲਈ ਉਹ ਕੇਂਦਰੀ ਰੇਲਵੇ ਮੰਤਰੀ ਤੋਂ ਮਨਜ਼ੂਰੀ ਵੀ ਲੈ ਆਏ ਸਨ ਪਰ ਇਨ੍ਹਾਂ ਪੁਲਾਂ ਦਾ ਕੰਮ ਅਟਕਿਆ ਪਿਆ ਹੈ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ 2019 'ਚ ਮੁੱਖ ਮੰਤਰੀ ਵੱਲੋਂ ਵਾਤਾਵਰਣ ਵਿਕਾਸ ਪ੍ਰੋਜੈਕਟ ਫੇਜ-1 ਤਹਿਤ ਪੰਜ ਕਰੋੜ ਹਲਕਾ ਪੂਰਬੀ ਲਈ ਜਾਰੀ ਕੀਤੇ ਸਨ। ਇਨ੍ਹਾਂ ਪ੍ਰੋਜੈਕਟਾਂ ਉਤੇ ਵੀ ਕੋਈ ਕੰਮ ਸ਼ੁਰੂ ਨਹੀਂ ਹੋਇਆ ਹੈ। ਇਸ ਤੋਂ ਪਹਿਲਾਂ ਨਗਰ ਸੁਧਾਰ ਟਰੱਸਟ ਵੱਲੋਂ ਸ਼ੁਰੂ ਕੀਤੇ 13 ਕਰੋੜ ਦੇ ਵਿਕਾਸ ਕਾਰਜ ਵੀ ਰੁਕੇ ਹੋਏ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਜਦੋਂ ਤੋਂ ਉਨ੍ਹਾਂ ਨੇ ਮੰਤਰੀ ਪਦ ਤੋਂ ਅਸਤੀਫਾ ਦਿੱਤਾ ਹੈ, ਉਸ ਦੇ ਹਲਕੇ 'ਚ ਕੋਈ ਵੀ ਵਿਕਾਸ ਕਾਰਜ ਨਹੀਂ ਹੋ ਰਹੇ।

# ਅਮਰੀਕਾ ਵਲੋਂ 33,593 ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ

**ਚੰਡੀਗੜ੍ਹ:** ਅਮਰੀਕਾ ਵਲੋਂ 33,593 ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉਥੋਂ ਵਾਪਸ ਭੇਜੇ ਜਾਣ ਵਾਲੇ ਭਾਰਤੀਆਂ ਵਿਚ ਬਹੁਤੇ ਪੰਜਾਬੀ ਹਨ। ਅਮਰੀਕਾ ਪ੍ਰਸ਼ਾਸਨ ਕੋਲੋਂ ਇਹ ਜਾਣਕਾਰੀ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਕਾਰਜਕਾਰੀ ਡਾਇਰੈਕਟਰ ਵਲੋਂ 'ਫਰੀਡਮ ਆਫ ਇਨਫਰਮੇਸ਼ਨ ਐਕਟ' ਦੇ ਤਹਿਤ ਮੰਗੀ ਗਈ ਸੀ।



ਇਸ ਜਾਣਕਾਰੀ ਦਾ ਜਵਾਬ ਸਬੰਧਤ ਵਿਭਾਗ ਵਲੋਂ ਦਿੱਤਾ ਗਿਆ ਹੈ। ਇਸ ਨਾਲ ਤਿੰਨ ਸਫਿਆਂ ਦੀ ਉਹ ਸੂਚੀ ਵੀ ਦਿੱਤੀ ਗਈ ਹੈ, ਜਿਨ੍ਹਾਂ ਜੇਲ੍ਹਾਂ ਜਾਂ ਹੋਰ ਕੈਂਪਾਂ ਵਿਚ ਇਨ੍ਹਾਂ ਭਾਰਤੀਆਂ ਨੂੰ ਬੰਦ ਰੱਖਿਆ ਹੋਇਆ ਹੈ। ਅਮਰੀਕੀ ਪ੍ਰਸ਼ਾਸਨ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜਿਹੜੇ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ, ਉਨ੍ਹਾਂ ਬਾਰੇ 6 ਜੂਨ 2020 ਤੋਂ ਡਿਪੋਰਟ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਨੇ ਇਹ ਜਾਣਕਾਰੀ ਜੁਲਾਈ 2019 ਵਿਚ ਮੰਗੀ ਸੀ।

ਕਾਊਂਟੀ ਡਿਟੈਂਸ਼ਨ ਸੈਂਟਰ ਵਿਚ 121 ਭਾਰਤੀਆਂ ਨੂੰ ਬੰਦ ਕੀਤਾ ਹੋਇਆ ਹੈ, ਜਦ ਕਿ ਜੈਕਸਨ ਪਾਰਿਸ਼ ਕੋਰੈਕਸ਼ਨਲ ਸੈਂਟਰ ਵਿਚ 38, ਕਾਰਨਿਸ ਕਾਊਂਟੀ ਰੈਜ਼ੀਡੈਂਸ਼ਲ ਸੈਂਟਰ ਵਿਚ 41, ਲਾਸਿਲੇ ਕੋਰੈਕਸ਼ਨ ਸੈਂਟਰ ਵਿਚ 40, ਵੀਨ ਇੰਸਟੀਚਿਊਟ ਵਿਚ 66 ਤੇ ਬਾਕੀਆਂ ਅਮਰੀਕਾ ਦੀਆਂ ਹੋਰ ਵੱਖ-ਵੱਖ ਜੇਲਾਂ ਵਿਚ ਬੰਦ ਕੀਤਾ ਹੋਇਆ ਹੈ। ਜਾਣਕਾਰੀ ਅਨੁਸਾਰ ਇਸ ਸੂਚੀ 'ਚ ਉਨ੍ਹਾਂ ਪੰਜਾਬੀਆਂ ਦੀ ਗਿਣਤੀ ਵੀ ਕਾਫੀ ਦੱਸੀ ਜਾ ਰਹੀ ਹੈ, ਜਿਹੜੇ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ ਸਨ। ਮੈਕਸੀਕੋ ਦੀ ਵੱਡੀ ਸਰਹੱਦ ਅਮਰੀਕਾ ਨਾਲ ਲੱਗਦੀ ਹੈ, ਉਥੋਂ ਵੀ ਆਪਣੀਆਂ ਜ਼ਿੰਦਗੀਆਂ ਦਾਅ ਉਤੇ ਲਾ ਕੇ ਪੰਜਾਬੀ ਸਰਹੱਦ ਪਾਰ ਕਰਦੇ ਹਨ। ਦਸੂਹਾ-ਮੁਕੇਰੀਆਂ ਇਲਾਕੇ ਵਿਚ ਤਿੰਨ ਨੌਜਵਾਨ, ਕਪੂਰਥਲਾ ਤੇ ਅੰਮ੍ਰਿਤਸਰ ਵਿਚੋਂ ਵੀ ਕੁਝ ਨੌਜਵਾਨ ਅਮਰੀਕਾ ਜਾਣ ਲਈ ਰਸਤੇ ਵਿਚ ਹੀ ਕਿਧਰੇ ਲਾਪਤਾ ਹੋ ਗਏ ਸਨ। ਦੋ ਸਾਲ ਬਾਅਦ ਵੀ ਇਨ੍ਹਾਂ ਦੇ ਮਾਪਿਆਂ ਨੂੰ ਆਪਣੇ ਪੁੱਤਾਂ ਦਾ ਕੋਈ ਥਹੁ ਪਤਾ ਨਹੀਂ ਲੱਗਾ।

## ਜਹਾਜ਼ 'ਚ ਗਲਤ ਹਰਕਤਾਂ ਕਰਨ ਵਾਲਾ ਪੰਜਾਬੀ ਡਿਪੋਰਟ

**ਵਿਨੀਪੈਗ:** ਅਦਾਲਤ ਨੇ ਬ੍ਰਿਟਿਸ਼ ਕੋਲੰਬੀਆ 'ਚ ਰਹਿੰਦੇ ਪੰਜਾਬੀ ਬਲਵੀਰ ਸਿੰਘ (59) ਨੂੰ ਵੈਸਟ ਜੈੱਟ ਦੀ ਉਡਾਣ 'ਚ ਗਲਤ ਹਰਕਤਾਂ ਕਾਰਨ ਭਾਰਤ ਡਿਪੋਰਟ ਕਰਨ ਦਾ ਹੁਕਮ ਸੁਣਾਇਆ ਹੈ। ਬਲਵੀਰ ਸਿੰਘ ਨੇ 15 ਜੂਨ ਨੂੰ ਵੈਨਕੂਵਰ ਤੋਂ ਟੋਰਾਂਟੋ ਜਾਣ ਵਾਲੀ ਉਡਾਣ 'ਚ ਬਦਤਮੀਜ਼ੀ ਕੀਤੀ ਸੀ ਅਤੇ ਮੂੰਹ 'ਤੇ ਮਾਸਕ ਨਹੀਂ ਬੰਨ੍ਹਿਆ ਹੋਇਆ ਸੀ। ਉਸ ਦੀ ਇਸ ਹਰਕਤ ਕਾਰਨ ਜਹਾਜ਼ ਨੂੰ ਰਸਤੇ ਵਿਚੋਂ ਹੀ ਵਿਨੀਪੈਗ ਮੁੜਨਾ ਪਿਆ ਸੀ। ਉਸ ਨੂੰ ਸਿਗਰਟ ਪੀਣ ਦਾ ਦੋਸ਼ੀ ਵੀ ਪਾਇਆ ਗਿਆ ਹੈ। ਕੌਮਾਂਤਰੀ ਉਡਾਣਾਂ ਨਾ ਚੱਲਣ ਕਾਰਨ ਉਹ ਅਜੇ ਆਪਣੇ ਕਿਸੇ ਰਿਸ਼ਤੇਦਾਰ ਕੋਲ ਰਹੇਗਾ। ਜ਼ਿਕਰਯੋਗ ਹੈ ਕਿ ਬਲਵੀਰ ਸਿੰਘ ਨੂੰ ਅਦਾਲਤ ਨੇ ਪੰਜ ਦਿਨ ਦੀ ਹਿਰਾਸਤ ਦੀ ਸਜ਼ਾ ਵੀ ਸੁਣਾਈ ਸੀ। ਬਲਵੀਰ ਨੇ ਆਪਣੀ ਗਲਤੀ ਮੰਨ ਕੇ ਮੁਆਫੀ ਵੀ ਮੰਗੀ ਪਰ ਜੱਜ ਨੇ ਕਿਹਾ ਕਿ ਉਸ ਕਾਰਨ ਬਹੁਤ ਸਾਰੇ ਲੋਕ ਖੱਜਲ-ਖੁਆਰ ਹੋਏ ਹਨ, ਇਸ ਲਈ ਉਸ ਨੂੰ ਡਿਪੋਰਟ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਾਰਨ 5000 ਡਾਲਰ ਦਾ ਖਰਚਾ ਵੀ ਅਦਾ ਕਰਨਾ ਪਵੇਗਾ।

# ਭਾਰਤ ਦੇ 403 ਪ੍ਰੋਜੈਕਟਾਂ 'ਚ ਦੇਰੀ ਕਾਰਨ ਲਾਗਤ ਵਧੀ

**ਨਵੀਂ ਦਿੱਲੀ:** ਬੁਨਿਆਦੀ ਢਾਂਚਾ ਖੇਤਰ ਵਿਚ 150 ਕਰੋੜ ਰੁਪਏ ਜਾਂ ਇਸ ਤੋਂ ਵੱਧ ਦੀ ਲਾਗਤ ਵਾਲੇ 403 ਪ੍ਰੋਜੈਕਟਾਂ ਦੀ ਲਾਗਤ ਅਨੁਮਾਨ ਨਾਲੋਂ 4.05 ਲੱਖ ਕਰੋੜ ਰੁਪਏ ਵੱਧ ਗਈ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਦੇਰੀ ਅਤੇ ਹੋਰ ਕਾਰਨਾਂ ਕਰਕੇ ਇਨ੍ਹਾਂ ਪ੍ਰੋਜੈਕਟਾਂ ਦੀ ਲਾਗਤ ਵਧੀ ਹੈ। ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਵਾਲੇ ਮੰਤਰਾਲਾ ਉਨ੍ਹਾਂ ਪ੍ਰੋਜੈਕਟਾਂ ਦੀ ਨਿਗਰਾਨੀ ਕਰਦਾ ਹੈ ਜਿਨ੍ਹਾਂ ਦੀ ਲਾਗਤ 150 ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ।

ਮੰਤਰਾਲੇ ਨੇ ਕਿਹਾ ਕਿ ਅਜਿਹੇ 1,686 ਪ੍ਰੋਜੈਕਟਾਂ ਵਿਚੋਂ 530 ਪ੍ਰੋਜੈਕਟ ਲਟਕੇ ਹੋਏ ਹਨ, ਜਦੋਂ ਕਿ 403 ਪ੍ਰੋਜੈਕਟਾਂ ਦੀ ਲਾਗਤ ਵੱਧ ਗਈ ਹੈ। ਮੰਤਰਾਲੇ ਨੇ ਆਪਣੀ ਮਾਰਚ -2020 ਦੀ ਰਿਪੋਰਟ ਵਿਚ ਕਿਹਾ ਹੈ, 'ਇਨ੍ਹਾਂ 1,686 ਪ੍ਰੋਜੈਕਟਾਂ ਦੇ ਸ਼ੁਰੂ ਦੀ ਲਾਗਤ 20,66,771.94 ਕਰੋੜ ਰੁਪਏ ਸੀ, ਜੋ ਹੁਣ ਵੱਧ ਕੇ 24,71,947.66 ਕਰੋੜ ਰੁਪਏ ਹੋ ਗਈ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਸਲ ਲਾਗਤ ਦੇ ਮੁਕਾਬਲੇ ਦੇਰੀ ਕਾਰਨ ਹੁਣ ਇਹ ਪ੍ਰੋਜੈਕਟ 19.60 ਪ੍ਰਤੀਸ਼ਤ ਭਾਵ 4,05,175.72 ਕਰੋੜ ਰੁਪਏ ਵੱਧ ਲਾਗਤ ਵਾਲੇ ਹੋ ਗਏ ਹਨ।

ਰਿਪੋਰਟ ਮੁਤਾਬਕ ਮਾਰਚ 2020 ਤੱਕ ਇਨ੍ਹਾਂ ਪ੍ਰੋਜੈਕਟਾਂ ਉੱਤੇ 11,20,696.16 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ, ਜੋ ਕੁੱਲ ਅਨੁਮਾਨਤ ਲਾਗਤ ਦਾ 45.34 ਪ੍ਰਤੀਸ਼ਤ ਹੈ।

# ਮੰਤਰਾਲੇ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਭਾਰਤ ਲਿਆਉਣ ਲਈ ਬਣਾਈ ਕਮੇਟੀ

**ਨਵੀਂ ਦਿੱਲੀ:** ਕਰੋਨਾ ਸੰਕਟ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਕਾਫੀ ਪ੍ਰਭਾਵਿਤ ਹੋਈ ਹੈ ਤੇ ਅਜਿਹੇ ਸਮੇਂ ਸਰਕਾਰ ਨੇ ਭਾਰਤ ਆ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ, ਜੋ ਇਹ ਯਕੀਨੀ ਬਣਾਏਗੀ ਕਿ ਦੇਸ਼ 'ਚ ਵਿਦਿਆਰਥੀਆਂ ਦੀ ਪੜ੍ਹਾਈ ਉਤੇ ਕੋਈ ਪ੍ਰਭਾਵ ਨਾ ਪਏ ਤੇ ਨਾਲ ਹੀ ਵਿਦੇਸ਼ ਤੋਂ ਹੋਰ ਜ਼ਿਆਦਾ ਵਿਦਿਆਰਥੀ ਪੜ੍ਹਾਈ ਕਰਨ ਲਈ ਭਾਰਤ ਆਉਣ।

ਮਨੁੱਖੀ ਵਸੀਲਿਆਂ ਤੇ ਵਿਕਾਸ ਬਾਰੇ ਮੰਤਰੀ ਰਮੇਸ਼ ਪੋਖਰਿਆਲ ਨੇ ਐਲਾਨ ਕੀਤਾ ਕਿ ਵਿਦੇਸ਼ ਤੋਂ ਭਾਰਤ ਆਉਣ ਵਾਲੇ ਵਿਦਿਆਰਥੀਆਂ ਨੂੰ ਲੈ ਕੇ ਮੰਤਰਾਲੇ ਨੇ ਦਿਸ਼ਾ-ਨਿਰਦੇਸ਼ ਬਣਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਚੇਅਰਮੈਨ ਦੀ ਅਗਵਾਈ ਵਾਲੀ ਕਮੇਟੀ ਨੂੰ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਉਤੇ ਕੰਮ ਕਰਨ ਅਤੇ ਚੰਗਾ ਪ੍ਰਦਰਸ਼ਨ ਕਰਨ ਵਾਲੀਆਂ ਯੂਨੀਵਰਸਿਟੀਆਂ 'ਚ ਪ੍ਰਵਾਨਤਾ ਦੀ ਸਿਫਾਰਸ਼ ਕਰਨ। ਅਧਿਕਾਰੀਆਂ ਅਨੁਸਾਰ ਕਮੇਟੀ 'ਮਲਟੀ ਡਿਸਿਪਲਨਰੀ' ਤੇ 'ਇਨੋਵੇਟਿਵ ਪ੍ਰੋਗਰਾਮ' ਸ਼ੁਰੂ ਕਰਨ ਦੇ ਰਾਹ ਲੱਭਣ ਦਾ ਕੰਮ ਵੀ ਕਰੇਗੀ। ਇਸ ਦੇ ਨਾਲ ਹੀ ਮੰਤਰਾਲੇ ਨੇ ਵਿਦੇਸ਼ 'ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਵੀ ਸਵਦੇਸ਼ ਲਿਆਉਣ ਲਈ 'ਸਟੇਅ ਇਨ ਇੰਡੀਆ ਐਂਡ ਸਟੱਡੀ ਇਨ ਇੰਡੀਆ' ਦਾ ਨਵਾਂ ਨਾਅਰਾ ਦਿੱਤਾ ਹੈ। ਇਸ ਨੂੰ ਸਾਕਾਰ ਬਣਾਉਣ ਲਈ ਇਕ ਕਮੇਟੀ ਬਣਾਈ ਗਈ ਹੈ, ਜਿਹੜੀ 15 ਦਿਨਾਂ 'ਚ ਆਪਣੀ ਰਿਪੋਰਟ ਦੇਵੇਗੀ।

# ਕਰੋਨਾ ਵਾਇਰਸ ਕਾਲ 'ਚ ਪੰਜਾਬੀ ਬਣੇ ਸਾਈਕਲਾਂ ਵਾਲੇ

**ਲੁਧਿਆਣਾ:** ਕਰੋਨਾ ਕਾਰਨ ਪੈਦਾ ਹੋਏ ਹਾਲਾਤ ਮਗਰੋਂ ਸਰੀਰਕ ਤੌਰ ਉਤੇ ਸਿਹਤਮੰਦ ਰਹਿਣ ਦੀ ਚਾਹ ਨੇ ਪੰਜਾਬੀਆਂ ਵਿਚ ਸਾਈਕਲ ਪ੍ਰਤੀ ਦਿਲਚਸਪੀ ਵਧਾ ਦਿੱਤੀ ਹੈ। ਤਾਲਾਬੰਦੀ ਤੋਂ ਲੈ ਕੇ ਹੁਣ ਤੱਕ ਸਾਈਕਲ ਦੀ ਮੰਗ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਨਅਤਕਾਰਾਂ ਮੁਤਾਬਕ ਇਸ ਮੰਗ ਦਾ ਕਾਰਨ ਲੋਕਾਂ ਦਾ ਕਰੋਨਾ ਕਰਕੇ ਸਿਹਤ ਪੱਖੋਂ ਫਿਕਰਮੰਦ ਹੋਣਾ ਹੈ। ਉਧਰ, ਕਈ ਸਾਈਕਲਾਂ ਦੇ ਮਾਡਲ ਅਜਿਹੇ ਵੀ ਹਨ, ਜਿਨ੍ਹਾਂ ਦਾ ਉਤਪਾਦਨ ਘੱਟ ਹੋਣ ਕਾਰਨ ਉਨ੍ਹਾਂ ਦੀ ਉਡੀਕ ਕਰਨੀ ਪੈ ਰਹੀ ਹੈ।



ਮਾਰਚ ਮਹੀਨੇ ਵਿਚ ਕੀਤੀ ਗਈ ਤਾਲਾਬੰਦੀ ਤੇ ਕਰਫਿਊ ਤੋਂ ਬਾਅਦ ਹੁਣ ਸਰਕਾਰ ਨੇ ਬਹੁਤੀਆਂ ਚੀਜ਼ਾਂ ਦੀ ਖੁੱਲ੍ਹ ਤਾਂ ਦੇ ਦਿੱਤੀ ਹੈ, ਫਿਰ ਵੀ ਬੱਚੇ, ਬਜ਼ੁਰਗ ਤੇ ਔਰਤਾਂ ਜ਼ਿਆਦਾ ਘਰੋਂ ਬਾਹਰ ਨਹੀਂ ਨਿਕਲ ਰਹੇ। ਇਸ ਦੇ ਨਾਲ ਹੀ ਸਿਹਤ ਕਲੱਬ ਤੇ ਜਿਮ ਵੀ ਬੰਦ ਹਨ। ਕਰੋਨਾ ਕਾਲ ਵਿਚ ਫਿਟ ਰਹਿਣ ਲਈ ਲੋਕਾਂ ਕੋਲ ਸੈਰ ਤੇ ਸਾਈਕਲਿੰਗ ਦੋ ਹੀ ਜ਼ਰੀਏ ਬਚਦੇ ਹਨ। ਇਸ ਕਰਕੇ ਸਾਈਕਲ ਦੀ ਮੰਗ ਕਾਫੀ ਵਧ ਗਈ ਹੈ। ਸਨਅਤਕਾਰਾਂ ਦੀ ਮੰਨੀਏ ਤਾਂ ਜਿੰਨੇ ਸਾਈਕਲ ਰੋਜ਼ਾਨਾ ਤਿਆਰ ਹੋ ਰਹੇ ਹਨ, ਬਾਜ਼ਾਰ ਵਿਚ ਉਸ ਤੋਂ ਵੱਧ ਦੀ ਮੰਗ ਆ ਰਹੀ ਹੈ। ਦੁਕਾਨਦਾਰ ਵੀ ਇਸ ਵਧੀ ਸੇਲ ਤੋਂ ਖੁਸ਼ ਹਨ। ਪਿਛਲੇ ਦਿਨੀਂ ਲੁਧਿਆਣਾ ਦੇ ਸਾਈਕਲ ਵੈਲੀ ਦੇ ਦੌਰੇ 'ਤੇ ਆਏ ਹੀਰੋ ਸਾਈਕਲ ਦੇ ਚੇਅਰਮੈਨ ਪੀ. ਮੁੰਜਾਲ ਨੇ ਵੀ ਕਿਹਾ ਸੀ ਕਿ ਕਰੋਨਾ ਦੇ ਦੌਰ ਵਿਚ ਸਾਈਕਲ ਸਨਅਤ ਵਿਚ ਜਿੰਨਾ ਉਛਾਲ ਆਇਆ ਹੈ, ਉਨ੍ਹਾਂ ਅੱਜ ਤੱਕ ਵੇਖਣ ਨੂੰ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਜੁਲਾਈ ਮਹੀਨੇ ਵਿਚ ਹੀਰੋ ਨੇ 4 ਲੱਖ ਸਾਈਕਲ ਬਣਾਏ ਹਨ। ਕਰੋਨਾ ਕਾਰਨ ਕੁਝ ਮਜ਼ਦੂਰ ਪਿੰਡ ਚਲੇ ਗਏ ਸਨ, ਜਿਸ ਕਰਕੇ ਸਾਈਕਲ ਸਨਅਤ ਵਿਚ ਮਜ਼ਦੂਰਾਂ ਦੀ ਕਮੀ ਚੱਲ ਰਹੀ ਹੈ। ਜਦੋਂ ਲੇਬਰ ਆਏਗੀ ਤਾਂ ਸਾਈਕਲ ਉਤਪਾਦਨ ਵਿਚ ਹੋਰ ਵਾਧਾ ਕਰ ਦਿੱਤਾ ਜਾਵੇਗਾ।

# ਅਮਰੀਕਾ ਨੇ ਆਨਲਾਈਨ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਲਈ ਦਰ ਭੇੜੇ

**ਵਾਸ਼ਿੰਗਟਨ:** ਅਮਰੀਕਾ ਦੇ ਇਮੀਗ੍ਰੇਸ਼ਨ ਤੇ ਕਸਟਮ ਐਨਫੋਰਸਮੈਂਟ (ਆਈ.ਸੀ.ਈ.) ਨੇ ਕਿਹਾ ਕਿ ਨਵੇਂ ਤੇ ਮੌਜੂਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਆਉਂਦੇ ਸਮੈਸਟਰ ਦੌਰਾਨ ਇਥੇ ਨਹੀਂ ਆਉਣ ਦਿੱਤਾ ਜਾਵੇਗਾ, ਜੇਕਰ ਉਨ੍ਹਾਂ ਦੇ ਕੋਰਸ ਪੂਰੀ ਤਰ੍ਹਾਂ ਆਨਲਾਈਨ ਹੋਏ।

ਸ਼ਿਨਹੂਆ ਖਬਰ ਏਜੰਸੀ ਦੀਆਂ ਰਿਪੋਰਟਾਂ ਅਨੁਸਾਰ ਆਈ.ਸੀ.ਈ. ਨੇ ਬਿਆਨ ਜਾਰੀ ਕਰਦਿਆਂ ਕਿਹਾ, '9 ਮਾਰਚ 2020 ਤੋਂ ਬਾਅਦ ਉਹ ਨਵੇਂ ਤੇ ਮੌਜੂਦਾ ਐਫ ਤੇ ਐਮ ਵਿਦਿਆਰਥੀ ਆਉਂਦੇ ਸਮੈਸਟਰ ਦੌਰਾਨ ਅਮਰੀਕੀ ਸਕੂਲਾਂ 'ਚ ਗੈਰ-ਪਰਵਾਸੀ ਵਿਦਿਆਰਥੀਆਂ ਵਜੋਂ ਦਾਖਲ ਨਹੀਂ ਹੋ ਸਕਣਗੇ, ਜਿਨ੍ਹਾਂ ਦੇ ਪੜ੍ਹਾਈ ਦੇ ਕੋਰਸ ਸੌ ਫੀਸਦ ਆਨਲਾਈਨ ਹੋਣਗੇ।'

ਉਨ੍ਹਾਂ ਨਾਲ ਹੀ ਸਕੂਲਾਂ ਨੂੰ ਹਦਾਇਤ ਕੀਤੀ ਕਿ ਉਹ ਉਨ੍ਹਾਂ ਨਵੇਂ ਜਾਂ ਮੌਜੂਦਾ ਵਿਦਿਆਰਥੀਆਂ ਨੂੰ ਆਈ-20 (ਗੈਰ-ਪਰਵਾਸੀ ਵਿਦਿਆਰਥੀ ਸਥਿਤੀ ਲਈ ਯੋਗਤਾ ਫਾਰਮ) ਫਾਰਮ ਜਾਰੀ ਨਾ ਕਰਨ ਜੋ ਇਸ ਸਮੇਂ ਅਮਰੀਕਾ ਤੋਂ ਬਾਹਰ ਹਨ ਅਤੇ ਇਥੋਂ ਦੀਆਂ ਵਿਦਿਅਕ ਸੰਸਥਾਵਾਂ 'ਚ ਪੂਰੀ ਤਰ੍ਹਾਂ ਆਨਲਾਈਨ ਪੜ੍ਹਾਈ ਦੀ ਯੋਜਨਾ ਬਣਾ ਰਹੇ ਹਨ।

## ਅਮਰੀਕੀ ਸੰਗਠਨਾਂ ਵਲੋਂ ਐਚ-1ਬੀ ਵੀਜ਼ਾ ਪਾਬੰਦੀਆਂ ਨੂੰ ਚੁਣੌਤੀ

**ਵਾਸ਼ਿੰਗਟਨ:** ਯੂ.ਐਸ. ਚੈਂਬਰ ਆਫ ਕਾਮਰਸ ਅਤੇ ਨੈਸ਼ਨਲ ਐਸੋਸੀਏਸ਼ਨ ਆਫ ਮੈਨੂਫੈਕਚਰਰਜ਼ ਸਮੇਤ ਪੰਜ ਸਿਖਰਲੇ ਵਪਾਰਕ ਸੰਗਠਨਾਂ ਨੇ ਰਾਸ਼ਟਰਪਤੀ ਦੇ ਇਸ ਸਾਲ ਦੇ ਬਾਕੀ ਮਹੀਨਿਆਂ ਲਈ ਨਵੇਂ ਗੈਰ-ਆਵਾਸ ਵੀਜ਼ਾ ਮੁਲਤਵੀ ਕਰਨ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ ਵਿਚ ਐਚ-1 ਬੀ ਵੀਜ਼ਾ ਸ਼ਾਮਲ ਹੈ, ਜੋ ਭਾਰਤੀ ਸੂਚਨਾ ਤਕਨਾਲੋਜੀ ਪੇਸ਼ੇਵਰਾਂ ਵਿਚ ਕਾਫੀ ਮਕਬੂਲ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਮਹੀਨੇ ਆਦੇਸ਼ ਜਾਰੀ ਕੀਤਾ ਸੀ ਜਿਸ ਵਿਚ ਕਈ ਗੈਰ-ਆਵਾਸ ਸ਼੍ਰੇਣੀਆਂ ਵਿਚ ਅਮਰੀਕਾ ਵਿਚ ਪੇਸ਼ੇਵਰਾਂ ਦੇ ਦਾਖਲੇ ਉਤੇ ਰੋਕ ਸੀ।

# ਅਮਰੀਕਾ 'ਚ ਗ੍ਰੀਨ ਕਾਰਡ ਲੈਣ ਲਈ ਭਾਰਤੀਆਂ ਨੂੰ ਲੱਗ ਜਾਣਗੇ 195 ਸਾਲ

**ਵਾਸ਼ਿੰਗਟਨ:** ਅਮਰੀਕਾ 'ਚ ਇਕ ਭਾਰਤੀ ਨਾਗਰਿਕ ਲਈ ਸਥਾਈ ਤੌਰ 'ਤੇ ਰਿਹਾਇਸ਼ੀ ਜਾਂ ਗਰੀਨ ਕਾਰਡ ਪ੍ਰਾਪਤ ਕਰਨ ਦਾ ਬੈਕਲਾਗ 195 ਸਾਲਾਂ ਤੋਂ ਵੀ ਵੱਧ ਦਾ ਹੈ। ਰਿਪਬਲਿਕਨ ਸੈਨੇਟਰ ਨੇ ਕਿਹਾ ਹੈ ਕਿ ਉਹ ਸੈਨੇਟ ਦੇ ਸਹਿਯੋਗੀਆਂ ਨੂੰ ਇਸ ਸਮੱਸਿਆ ਦੇ ਹੱਲ ਲਈ ਵਿਧਾਨਕ ਮਤਾ ਲੈ ਕੇ ਆਉਣ ਦੀ ਅਪੀਲ ਕਰਨਗੇ।

ਗ੍ਰੀਨ ਕਾਰਡ, ਜੋ ਅਧਿਕਾਰਤ ਤੌਰ ਉਤੇ ਸਥਾਈ ਨਿਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ, ਜੋ ਪਰਵਾਸੀਆਂ ਨੂੰ ਅਮਰੀਕਾ ਵਲੋਂ ਜਾਰੀ ਕੀਤਾ ਜਾਂਦਾ ਹੈ। ਸੈਨੇਟਰ ਮਾਈਕ ਲੀ ਨੇ ਕਿਹਾ ਕਿ ਮੌਜੂਦਾ ਗ੍ਰੀਨ ਕਾਰਡ ਨੀਤੀ ਨੇ ਕਿਸੇ ਪਰਵਾਸੀ ਦੇ ਬੱਚੇ ਲਈ ਕੁਝ ਨਹੀਂ ਕੀਤਾ। ਲੀ ਨੇ ਕਿਹਾ, 'ਜੇ ਅੱਜ ਕੋਈ ਭਾਰਤੀ ਗਰੀਨ ਕਾਰਡ ਲੈਣ ਲਈ ਕਤਾਰ ਵਿਚ ਲੱਗਦਾ ਹੈ ਤਾਂ ਉਸ ਨੂੰ ਇਹ ਮਿਲਣ ਵਿਚ 195 ਸਾਲ ਦੀ ਉਡੀਕ ਕਰਨੀ ਪਵੇਗੀ। ਜੇ ਅਸੀਂ ਉਨ੍ਹਾਂ ਦੇ ਬੱਚਿਆਂ ਨੂੰ ਇਹ ਅਧਿਕਾਰ ਦੇ ਵੀ ਦਿੰਦੇ ਹਾਂ ਕਿ ਤੁਹਾਡੇ ਮਾਪਿਆਂ ਦੀ ਥਾਂ ਹੁਣ ਤੁਸੀਂ ਉਸ ਦੇ ਦਾਅਵੇਦਾਰ ਹੋ ਤਾਂ ਵੀ ਇਹ ਕਾਰਡ ਉਨ੍ਹਾਂ ਨੂੰ ਨਹੀਂ ਮਿਲ ਸਕੇਗਾ।'

# ਟਰੰਪ ਅਮਰੀਕਾ ਦਾ 'ਪਹਿਲਾ' ਨਸਲਪ੍ਰਸਤ ਰਾਸ਼ਟਰਪਤੀ: ਬਿਡੇਨ

**ਵਾਸ਼ਿੰਗਟਨ:** ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮੁਲਕ ਦਾ 'ਪਹਿਲਾ' ਨਸਲਪ੍ਰਸਤ ਸਦਰ ਕਰਾਰ ਦਿੱਤਾ ਹੈ।

ਡੈਮੋਕਰੈਟਿਕ ਪਾਰਟੀ ਵੱਲੋਂ ਅਗਾਮੀ ਰਾਸ਼ਟਰਪਤੀ ਚੋਣਾਂ ਵਿਚ ਟਰੰਪ ਨੂੰ ਟੱਕਰ ਦੇਣ ਵਾਲੇ ਸੰਭਾਵੀ ਉਮੀਦਵਾਰ ਤੇ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਨੇ ਇਹ ਟਿੱਪਣੀ ਸਰਵਿਸ ਐਂਪਲਾਈਜ਼ ਇੰਟਰਨੈਸ਼ਨਲ ਯੂਨੀਅਨ ਵੱਲੋਂ ਵਿਉਂਤੀ ਮੀਟਿੰਗ ਦੌਰਾਨ ਕਹੀ।

ਕਰੋਨਾ ਦੁਆਲੇ ਨਸਲਪ੍ਰਸਤੀ ਦਾ ਜਾਲ ਬੁਣਨ ਤੇ ਟਰੰਪ ਵੱਲੋਂ ਇਸ ਦਾ 'ਚਾਈਨਾ ਵਾਇਰਸ' ਵਜੋਂ ਹਵਾਲਾ ਦਿੱਤੇ ਜਾਣ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਬਿਡੇਨ ਨੇ ਟਰੰਪ ਉਤੇ ਨਜ਼ਲਾ ਝਾੜਦਿਆਂ ਕਿਹਾ, 'ਇਹ ਉਸ ਦਾ ਨਸਲਪ੍ਰਸਤੀ ਫੈਲਾਉਣ ਦਾ ਤਰੀਕਾ ਹੈ।'

# ਫੁੱਟਬਾਲ ਨਰਸਰੀ ਮਾਹਿਲਪੁਰ ਬਾਰੇ ਬਲਜਿੰਦਰ ਮਾਨ ਵਲੋਂ ਪੁਸਤਕ ਤਿਆਰ-ਕੁਲਵੰਤ ਸੰਘਾ

**ਮਾਹਿਲਪੁਰ (ਬਿਊਰੋ):** ਫੁੱਟਬਾਲ ਜਗਤ ਵਿਚ ਮਾਹਿਲਪੁਰ ਦਾ ਨਾਮ ਬੜੇ ਅਦਬ ਤੇ ਮਾਣ ਨਾਲ ਲਿਆ ਜਾਂਦਾ ਹੈ। ਇਸ ਇਲਾਕੇ ਦੇ ਫੁਟਬਾਲਰਾਂ ਨੇ ਭਾਰਤੀ ਖੇਡ ਜਗਤ ਵਿਚ ਸ਼ਾਨਦਾਰ ਮੱਲਾਂ ਮਾਰ ਕੇ ਸਰਬਉਚ ਪੁਰਸਕਾਰ ਅਰਜਨ ਅਵਾਰਡ ਤਕ ਹਾਸਿਲ ਕੀਤੇ ਹੋਏ ਹਨ। ਇਹ ਵਿਚਾਰ ਫੁੱਟਬਾਲ ਦੇ ਨਿਕਾਸ ਤੇ ਵਿਕਾਸ ਵਿਚ 58 ਸਾਲ ਤੋਂ ਜੁਟੇ ਹੋਏ ਮਾਹਿਲਪੁਰ ਜਿਲਾ ਹੁਸ਼ਿਆਰਪੁਰ ਦੇ ਇਤਿਹਾਸਕ ਕਲੱਬ 'ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ' ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਮੀਡੀਆ ਨੂੰ ਮੁਖਾਤਿਬ ਹੁੰਦਿਆਂ ਆਖੇ।



ਉਨ੍ਹਾਂ ਕਿਹਾ ਕਿ ਅੱਜ ਤਕ ਫੁੱਟਬਾਲ ਵਿਚ ਚਾਰ ਪੰਜਾਬੀਆਂ ਨੂੰ ਅਰਜਨ ਅਵਾਰਡ ਮਿਲਿਆ ਹੈ, ਜਿਨ੍ਹਾਂ ਵਿਚੋਂ ਦੋ ਫੁਟਬਾਲਰ-ਜਰਨੈਲ ਸਿੰਘ ਤੇ ਗੁਰਦੇਵ ਸਿੰਘ ਗਿੱਲ ਇਸ ਧਰਤੀ ਦੀ ਪੈਦਾਇਸ਼ ਹਨ। ਉਨ੍ਹਾਂ ਕਿਹਾ ਕਿ ਮਾਹਿਲਪੁਰ ਦੀ ਅਮੀਰ ਫੁੱਟਬਾਲ ਵਿਰਾਸਤ ਨੂੰ ਸੰਭਾਲਣ ਵਾਸਤੇ ਕਲੱਬ ਵਲੋਂ 1995 ਵਿਚ 'ਫੁੱਟਬਾਲ ਜਗਤ ਮਾਹਿਲਪੁਰ' ਨਾਮੀ ਪੁਸਤਕ ਦਾ ਪ੍ਰਕਾਸ਼ਨ ਕੀਤਾ ਗਿਆ ਸੀ ਤਾਂ ਕਿ ਅਗਲੀ ਪੀੜ੍ਹੀ ਆਪਣੇ ਅਮੀਰ ਵਿਰਸੇ ਤੋਂ ਜਾਣੂ ਹੋ ਸਕੇ। ਇਹ ਕਾਰਜ ਇਸ ਸਾਲ ਫਿਰ ਅਰੰਭਿਆ ਗਿਆ ਤਾਂ ਕਿ ਪਿਛਲੇ 25 ਸਾਲਾਂ ਵਿਚ ਘੱਟੋ ਘੱਟ ਸੰਤੋਸ਼ ਟਰਾਫੀ ਖੇਡ ਚੁਕੇ ਮਾਹਿਲਪੁਰ ਨਾਲ ਸਬੰਧਿਤ ਫੁੱਟਬਾਲਰ (ਮਾਹਿਲਪੁਰ ਇਲਾਕੇ ਵਿਚ ਖੇਡੇ ਜਾਂ ਜਨਮੇ) ਨਵੀਂ ਰੰਗਦਾਰ ਪੁਸਤਕ ਵਿਚ ਸ਼ਾਮਿਲ ਕੀਤੇ ਜਾਣ।

ਸਿੱਖਿਆ, ਖੇਡ ਸਾਹਿਤ ਖਾਸ ਕਰ ਬਾਲ ਸਾਹਿਤ ਦੇ ਖੇਤਰ ਵਿਚ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦੇ 25 ਸਾਲ ਦੇ ਪ੍ਰਕਾਸ਼ਨ ਨਾਲ ਇਤਿਹਾਸ ਸਿਰਜ ਚੁਕੇ ਉਘੇ ਲੇਖਕ ਤੇ ਸੰਪਾਦਕ ਬਲਜਿੰਦਰ ਮਾਨ ਵਲੋਂ ਇਹ ਪੁਸਤਕ ਮੁੜ ਤਿਆਰ ਕੀਤੀ ਜਾ ਰਹੀ ਹੈ। ਦੇਸ਼ ਵਿਦੇਸ਼ ਵਿਚ ਵਸਦੇ ਸੰਤੋਸ਼ ਟਰਾਫੀ ਖੇਡ ਚੁਕੇ ਖਿਡਾਰੀ ਆਪਣੇ ਵੇਰਵੇ ਤਸਵੀਰ ਸਮੇਤ 15 ਅਗਸਤ 2020 ਤਕ ਲੇਖਕ ਦੇ ਵੱਟਸਐਪ ਨੰ. 91-98150-18947 ਜਾਂ ਈਮੇਲ karumblan1995@gmail.com 'ਤੇ ਭੇਜ ਸਕਦੇ ਹਨ। ਸ. ਸੰਘਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਵਲੋਂ ਸੋਸ਼ਲ ਮੀਡੀਏ ਰਾਹੀਂ ਫਰਵਰੀ ਤੋਂ ਸੂਚਿਤ ਕੀਤਾ ਜਾ ਰਿਹਾ ਹੈ। ਖਿਡਾਰੀਆਂ ਨੂੰ ਵੇਰਵੇ ਭੇਜਣ ਦਾ ਇਹ ਆਖਰੀ ਮੌਕਾ ਹੈ।

# ਭਾਰਤ ਵਿਚ ਜਮਹੂਰੀਅਤ ਦਾ ਸ਼ਰੇਆਮ ਘਾਣ

***2014 ਦੀਆਂ ਚੋਣਾਂ ਹੋਈਆਂ ਅਤੇ ਅਜਿਹਾ ਪ੍ਰਧਾਨ ਮੰਤਰੀ ਸੱਤਾ ਵਿਚ ਆਇਆ ਜਿਹੜਾ ਆਪਣੀ ਸਿਆਸੀ ਸ਼ੈਲੀ ਕਾਰਨ ਇੰਦਰਾ ਗਾਂਧੀ ਦਾ ਦੂਜਾ ਰੂਪ ਕਰਾਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਅਦਾਰਿਆਂ ਦੀ ਖੁਦਮੁਖਤਾਰੀ ਸਬੰਧੀ ਉਹ ਤਾਂ ਇੰਦਰਾ ਗਾਂਧੀ ਨਾਲੋਂ ਵੀ ਵੱਧ ਸ਼ੱਕੀ ਅਤੇ ਅਦਾਰਿਆਂ ਨੂੰ ਦਰੜਨ ਪੱਖੋਂ ਵਧੇਰੇ ਦ੍ਰਿੜ੍ਹ ਹਨ। ਇੰਦਰਾ ਗਾਂਧੀ ਵਾਂਗ ਹੀ ਉਹ ਪ੍ਰੈਸ ਨੂੰ ਡਰਾਉਣ ਤੇ ਨੱਥ ਪਾਉਣ, ਆਪਣੇ ਸਿਆਸੀ ਵਿਰੋਧੀਆਂ ਪਿੱਛੇ ਜਾਂਚ ਏਜੰਸੀਆਂ ਲਾਉਣ ਅਤੇ ਨਿਆਂਪਾਲਿਕਾ ਨੂੰ ਨਕਾਰਾ ਕਰਨ ਦੇ ਤਰਫਦਾਰ ਹਨ। ਉਨ੍ਹਾਂ ਤਾਂ ਅਜਿਹੇ ਅਦਾਰਿਆਂ ਉਤੇ ਵੀ ਆਪਣਾ ਡਰਾਉਣਾ ਸਾਇਆ ਪਾ ਲਿਆ ਜਿਨ੍ਹਾਂ ਨੂੰ ਪਹਿਲਾਂ ਸਿਆਸੀ ਦਖਲ ਤੋਂ ਬੇਲਾਗ ਮੰਨਿਆ ਜਾਂਦਾ ਸੀ, ਜਿਵੇਂ ਫੌਜ, ਭਾਰਤੀ ਰਿਜ਼ਰਵ ਬੈਂਕ, ਚੋਣ ਕਮਿਸ਼ਨ ਆਦਿ।***

ਦਸੰਬਰ 2015 ਦੀ ਗੱਲ ਹੈ, ਜਦੋਂ ਮੈਂ ਲਿਖਿਆ ਸੀ ਕਿ ਭਾਰਤ ਦੇ ਇਕ ਤਰ੍ਹਾਂ 'ਮਹਿਜ਼ ਚੋਣਾਂ ਦੀ ਜਮਹੂਰੀਅਤ' ਬਣ ਜਾਣ ਦਾ ਖਤਰਾ ਹੈ। ਜਦੋਂ ਕੋਈ ਵੀ ਪਾਰਟੀ ਚੋਣ ਵਿਚ ਜਿੱਤ ਕੇ ਸਰਕਾਰ ਬਣਾ ਲੈਂਦੀ ਹੈ ਤਾਂ ਇਸ ਦਾ/ਦੇ ਆਗੂ ਇੰਝ ਵਿਹਾਰ ਕਰਦੇ ਹਨ, ਜਿਵੇਂ ਉਨ੍ਹਾਂ ਦੀ ਕਿਸੇ ਤਰ੍ਹਾਂ ਦੀ ਆਲੋਚਨਾਤਮਕ ਨਿਰਖ-ਪਰਖ ਹੋ ਹੀ ਨਹੀਂ ਸਕਦੀ ਅਤੇ ਉਹ ਅਗਲੇ ਪੰਜ ਸਾਲਾਂ ਦੌਰਾਨ, ਭਾਵ ਅਗਲੀਆਂ ਚੋਣਾਂ ਤੱਕ ਬਿਲਕੁਲ ਉਵੇਂ ਹੀ ਕਰ ਸਕਦੇ ਹਨ, ਜਿਵੇਂ ਉਨ੍ਹਾਂ ਦਾ ਦਿਲ ਚਾਹੇ, ਉਨ੍ਹਾਂ ਦੀ ਮਰਜ਼ੀ ਹੋਵੇ।

ਸਹੀ ਕੰਮ ਕਰਨ ਵਾਲੀ ਜਮਹੂਰੀਅਤ, ਜੋ ਆਪਣੇ ਨਾਂ ਮੁਤਾਬਿਕ ਲੋਕਤੰਤਰੀ ਲੀਹਾਂ 'ਤੇ ਚੱਲੇ, ਵਿਚ ਸਰਕਾਰੀ ਅਹੁਦਿਆਂ ਲਈ ਚੁਣੇ ਗਏ ਆਗੂਆਂ ਦੇ ਤਾਨਾਸ਼ਾਹੀ ਰੁਝਾਨਾਂ ਨੂੰ ਵੱਖ-ਵੱਖ ਅਦਾਰਿਆਂ ਜਿਵੇਂ ਸਰਗਰਮ ਸੰਸਦ, ਆਜ਼ਾਦ ਪ੍ਰੈਸ, ਆਜ਼ਾਦ ਸਿਵਲ ਸਰਵਿਸ ਤੇ ਆਜ਼ਾਦ ਨਿਆਂਪਾਲਿਕਾ ਵਲੋਂ ਕਾਬੂ ਰੱਖਿਆ ਜਾਂਦਾ ਹੈ। ਪੱਛਮੀ ਯੂਰਪ ਤੇ ਉਤਰੀ ਅਮਰੀਕਾ ਵਿਚ ਆਮ ਕਰ ਕੇ ਲੋਕਤੰਤਰ ਇੰਝ ਕੰਮ ਕਰਦਾ ਹੈ ਅਤੇ ਭਾਰਤੀ ਸੰਵਿਧਾਨ ਦੇ



**ਰਾਮਚੰਦਰ ਗੁਹਾ**

ਨਿਰਮਾਤਾਵਾਂ ਨੇ ਵੀ ਇਹੋ ਉਮੀਦ ਕੀਤੀ ਸੀ ਕਿ ਸਾਡੀ ਜਮਹੂਰੀਅਤ ਇੰਝ ਹੀ ਚੱਲੇਗੀ।

ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਦੌਰਾਨ ਇਹ ਕੁੱਲ ਮਿਲਾ ਕੇ ਇੰਝ ਚੱਲੀ ਵੀ। ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਕੁਝ ਸਾਲਾਂ ਦੌਰਾਨ ਇੰਦਰਾ ਗਾਂਧੀ ਨੇ ਵੀ ਇਹੋ ਰਾਹ ਅਪਣਾਇਆ ਜਿਸ 'ਤੇ ਉਨ੍ਹਾਂ ਤੋਂ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਚੱਲਦੇ ਰਹੇ। ਜਿਵੇਂ ਨਿਯਮਤ ਤੌਰ 'ਤੇ ਸੰਸਦੀ ਬਹਿਸਾਂ ਵਿਚ ਹਿੱਸਾ ਲੈਣਾ; ਸਿਵਲ ਸਰਵਿਸ ਤੇ ਨਿਆਂਪਾਲਿਕਾ ਨੂੰ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ ਰੱਖਣਾ ਅਤੇ ਪ੍ਰੈਸ ਨੂੰ ਕਿਸੇ ਤਰ੍ਹਾਂ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਨਾ ਕਰਨਾ ਪਰ ਜਦੋਂ ਉਨ੍ਹਾਂ 1969 ਵਿਚ ਕਾਂਗਰਸ ਨੂੰ ਦੁਫੇੜ ਕੀਤਾ ਤਾਂ ਅਜਿਹੀਆਂ ਗੱਲਾਂ ਬਾਰੇ ਉਨ੍ਹਾਂ ਦਾ ਰਵੱਈਆ ਬਦਲ ਗਿਆ। ਉਨ੍ਹਾਂ 'ਸਮਰਪਿਤ' ਨਿਆਂਪਾਲਿਕਾ ਤੇ 'ਸਮਰਪਿਤ' ਅਫਸਰਸ਼ਾਹੀ ਨੂੰ ਹੁਲਾਰਾ ਦੇਣਾ ਅਤੇ ਸੰਸਦ ਦੀ ਹੇਠੀ ਕਰਨੀ ਤੇ ਅਖਬਾਰਾਂ ਦੇ ਮਾਲਕਾਂ ਤੇ ਸੰਪਾਦਕਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਾਂਗਰਸ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਵੀ ਖਤਮ ਕਰ ਦਿੱਤਾ ਅਤੇ ਇਸ ਨੂੰ ਮਹਿਜ਼ ਇਕ ਵਿਅਕਤੀ (ਅਤੇ ਸਮਾਂ ਪਾ ਕੇ ਇਕ ਪਰਿਵਾਰ) ਦਾ ਮਾਮਲਾ ਬਣਾ ਕੇ ਰੱਖ ਦਿੱਤਾ।

ਇਹ ਸਮਝਣ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਦੇਸ਼ ਦੇ ਆਜ਼ਾਦ ਅਦਾਰਿਆਂ ਨੂੰ ਢਾਹ ਲਾਉਣ ਦੀ ਕਾਰਵਾਈ ਐਮਰਜੈਂਸੀ ਤੋਂ ਪਹਿਲਾਂ ਕਈ ਸਾਲਾਂ ਦੌਰਾਨ ਜਾਰੀ ਰਹੀ, ਭਾਵ ਉਨ੍ਹਾਂ ਨੇ ਇਸ ਅਮਲ ਨੂੰ ਸਿਖਰ ਤੱਕ ਕਈ ਸਾਲਾਂ ਵਿਚ ਪਹੁੰਚਾਇਆ। ਜੂਨ 1975 ਤੋਂ ਮਾਰਚ 1977 ਦੌਰਾਨ ਸਾਡੀ ਜਮਹੂਰੀਅਤ ਦੀ ਅਧਿਕਾਰਤ ਤੌਰ 'ਤੇ ਮੌਤ ਹੋ ਗਈ ਸੀ; ਜਿਸ ਤੋਂ ਬਾਅਦ ਦੇਸ਼ ਦੀ ਜਮਹੂਰੀਅਤ ਉਦੋਂ ਚਮਤਕਾਰੀ ਢੰਗ ਨਾਲ ਮੁੜ ਜ਼ਿੰਦਾ ਹੋਈ, ਜਦੋਂ ਇੰਦਰਾ ਗਾਂਧੀ ਨੇ ਅਚਾਨਕ ਚੋਣਾਂ ਕਰਾਉਣ ਦਾ ਫੈਸਲਾ ਲਿਆ। ਹਾਲਾਂਕਿ ਇਹ ਫੈਸਲਾ ਲਏ ਜਾਣ ਦਾ ਕਾਰਨ ਅੱਜ ਤੱਕ ਕੋਈ ਨਹੀਂ ਜਾਣਦਾ। ਇਨ੍ਹਾਂ ਚੋਣਾਂ ਵਿਚ ਇੰਦਰਾ ਗਾਂਧੀ ਤੇ ਉਨ੍ਹਾਂ ਦੀ ਪਾਰਟੀ ਦੀ ਹਾਰ ਹੋਈ। ਇੰਝ 1977 ਤੋਂ ਬਾਅਦ ਉਹ ਅਦਾਰੇ ਮੁੜ ਮਜ਼ਬੂਤ ਹੋਣ ਲੱਗੇ ਜਿਨ੍ਹਾਂ ਨੂੰ ਇੰਦਰਾ ਗਾਂਧੀ ਨੇ ਦਬਾ ਲਿਆ ਸੀ। ਇਹ ਗੱਲ ਖਾਸਕਰ ਪ੍ਰੈਸ ਦੇ ਮਾਮਲੇ ਵਿਚ ਕਹੀ ਜਾ ਸਕਦੀ ਹੈ। ਜਿਵੇਂ ਰੌਬਿਨ ਜੈਫਰੀ ਨੇ ਆਪਣੀ ਕਿਤਾਬ 'ਇੰਡੀਆ'ਜ਼ ਨਿਊਜ਼ਪੇਪਰ ਰੈਵੋਲਿਊਸ਼ਨ' ਵਿਚ ਦਰਜ ਕੀਤਾ ਹੈ: ਇਸ ਦੌਰ ਦੌਰਾਨ ਅੰਗਰੇਜ਼ੀ ਅਤੇ ਖਾਸਕਰ ਭਾਰਤੀ ਭਾਸ਼ਾਵਾਂ ਵਿਚ ਛਪਣ ਵਾਲੇ ਅਖਬਾਰ ਤੇ ਰਸਾਲੇ ਪਹਿਲਾਂ ਨਾਲੋਂ ਕਿਤੇ ਦਲੇਰੀ ਨਾਲ ਆਪਣੀ ਗੱਲ ਲਿਖਣ ਲੱਗੇ ਅਤੇ ਉਹ ਸਾਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਦੇ ਕਾਲੇ ਕਾਰਨਾਮਿਆਂ ਦਾ ਬਹੁਤ ਹੀ ਖੋਜ ਆਧਾਰਤ ਰਿਪੋਰਟਾਂ ਰਾਹੀਂ ਪਰਦਾਫਾਸ਼ ਕਰ ਰਹੇ ਸਨ। ਇਸ ਦੌਰ ਵਿਚ ਨਿਆਂਪਾਲਿਕਾ ਖਾਸਕਰ ਸੁਪਰੀਮ ਕੋਰਟ ਦੀ ਖੁਦਮੁਖਤਾਰੀ ਦਾ ਬਹਾਲ ਹੋਣਾ ਵੀ ਅਹਿਮੀਅਤ ਵਾਲੀ ਗੱਲ ਸੀ। ਨਾਲ ਹੀ 1980ਵਿਆਂ ਤੇ 1990ਵਿਆਂ ਦੌਰਾਨ ਸੰਸਦ ਦੀਆਂ ਬਹਿਸਾਂ ਵੀ 1950ਵਿਆਂ ਵਰਗੀਆਂ ਹੀ ਜ਼ੋਰਦਾਰ ਹੁੰਦੀਆਂ ਸਨ। ਇਸ ਦੌਰਾਨ ਜਿਸ ਅਦਾਰੇ ਨੂੰ ਆਪਣੀ ਖੁੱਸੀ ਆਜ਼ਾਦੀ ਮੁੜ ਨਹੀਂ ਮਿਲੀ, ਉਹ ਸੀ ਅਫਸਰਸ਼ਾਹੀ ਕਿਉਂਕਿ ਅਫਸਰਾਂ ਦੀਆਂ ਨਿਯੁਕਤੀਆਂ ਤੇ ਤਬਾਦਲੇ ਆਮ ਕਰਕੇ ਪੇਸ਼ੇਵਰ ਸਮਰੱਥਾ ਨਾਲੋਂ ਹਾਕਮ ਸਿਆਸਤਦਾਨਾਂ ਨਾਲ ਨੇੜਤਾ ਦੇ ਆਧਾਰ 'ਤੇ ਜ਼ਿਆਦਾ ਤੈਅ ਹੁੰਦੇ ਹਨ।



ਅਦਾਰਿਆਂ ਦੀ ਆਜ਼ਾਦੀ ਦੀ ਇਹ ਬਹਾਲੀ ਅੰਸ਼ਕ ਤੇ ਅਧੂਰੀ ਸੀ; ਪਰ ਇਸ ਨੇ (ਇਸ ਲੇਖਕ ਸਮੇਤ) ਅਨੇਕਾਂ ਨਿਰੀਖਕਾਂ ਨੂੰ ਆਸ ਜਗਾਈ ਕਿ ਭਾਰਤ ਦੀ ਜਮਹੂਰੀਅਤ ਇਸ ਗਣਰਾਜ ਦੇ ਬਾਨੀਆਂ ਦੀਆਂ ਆਸਾਂ-ਉਮੀਦਾਂ ਨੂੰ ਪੂਰਾ ਕਰਨ ਵਲ ਵਧ ਰਹੀ ਹੈ। ਇਸ ਦੌਰਾਨ 2014 ਦੀਆਂ ਚੋਣਾਂ ਹੋਈਆਂ ਤੇ ਅਜਿਹਾ ਪ੍ਰਧਾਨ ਮੰਤਰੀ ਸੱਤਾ ਵਿਚ ਆਇਆ ਜਿਹੜਾ ਆਪਣੀ ਸਿਆਸੀ ਸ਼ੈਲੀ ਕਾਰਨ ਇੰਦਰਾ ਗਾਂਧੀ ਦਾ ਦੂਜਾ ਰੂਪ ਕਰਾਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਤੋਂ ਹੀ ਜ਼ਾਹਰ ਹੈ ਕਿ ਅਦਾਰਿਆਂ ਦੀ ਖੁਦਮੁਖਤਾਰੀ ਸਬੰਧੀ ਉਹ ਤਾਂ ਇੰਦਰਾ ਗਾਂਧੀ ਨਾਲੋਂ ਵੀ ਵੱਧ ਸ਼ੱਕੀ ਤੇ ਅਦਾਰਿਆਂ ਨੂੰ ਦਰੜਨ ਪੱਖੋਂ ਵਧੇਰੇ ਦ੍ਰਿੜ੍ਹ ਹਨ। ਇੰਦਰਾ ਗਾਂਧੀ ਵਾਂਗ ਹੀ ਉਹ ਪ੍ਰੈਸ ਨੂੰ ਡਰਾਉਣ ਤੇ ਨੱਥ ਪਾਉਣ; ਆਪਣੇ ਸਿਆਸੀ ਵਿਰੋਧੀਆਂ ਤੇ ਮੁਖਾਲਿਫਾਂ ਪਿੱਛੇ ਜਾਂਚ ਏਜੰਸੀਆਂ ਲਾਉਣ ਅਤੇ ਨਿਆਂਪਾਲਿਕਾ ਨੂੰ ਨਕਾਰਾ ਕਰਨ ਦੇ ਤਰਫਦਾਰ ਹਨ। ਉਨ੍ਹਾਂ ਤਾਂ ਅਜਿਹੇ ਅਦਾਰਿਆਂ ਉਤੇ ਵੀ ਆਪਣਾ ਡਰਾਉਣਾ ਸਾਇਆ ਪਾ ਲਿਆ ਜਿਨ੍ਹਾਂ ਨੂੰ ਪਹਿਲਾਂ ਸਿਆਸੀ ਦਖਲ ਤੋਂ ਬੇਲਾਗ ਮੰਨਿਆ ਜਾਂਦਾ ਸੀ, ਜਿਵੇਂ ਫੌਜ, ਭਾਰਤੀ ਰਿਜ਼ਰਵ ਬੈਂਕ ਅਤੇ ਚੋਣ ਕਮਿਸ਼ਨ ਆਦਿ। ਉਹ ਉਨ੍ਹਾਂ ਨੂੰ ਵੀ ਕਾਬੂ ਕਰਨ ਦੇ ਹਾਮੀ ਸਨ ਤੇ ਆਖਰ ਇਸ ਵਿਚ ਸਫਲ ਰਹੇ।

ਆਪਣੀ ਪਾਰਟੀ, ਸਰਕਾਰ ਅਤੇ ਮੁਲਕ ਉਤੇ ਆਪਣਾ ਮੁਕੰਮਲ ਅਧਿਕਾਰ ਜਮਾਉਣ ਦੀ ਧੁਨ ਵਿਚ ਨਰਿੰਦਰ ਮੋਦੀ ਨੇ ਆਪਣੇ ਨਾਲ ਇਕ ਹੀ ਕਰੀਬੀ ਸਾਥੀ ਰੱਖਿਆ ਹੈ - ਉਨ੍ਹਾਂ ਦੇ ਗੁਜਰਾਤ ਤੋਂ ਹੀ ਪੁਰਾਣੇ ਸਾਥੀ ਅਮਿਤ ਸ਼ਾਹ। ਪਹਿਲਾਂ ਉਨ੍ਹਾਂ ਪਾਰਟੀ ਪ੍ਰਧਾਨ ਵਜੋਂ ਤੇ ਹੁਣ ਗ੍ਰਹਿ ਮੰਤਰੀ ਵਜੋਂ ਸਰਕਾਰ ਦੇ ਬਾਹਰਲੇ ਜਮਹੂਰੀ ਵਿਰੋਧ ਦੀ ਸੰਘੀ ਘੁੱਟਣ ਲਈ ਬਹੁਤ ਭਾਰੀ ਅਤੇ ਪ੍ਰਭਾਵਸ਼ਾਲੀ ਕਿਰਦਾਰ ਨਿਭਾਇਆ। ਨਾਲ ਹੀ ਸਰਕਾਰ ਦੇ ਅੰਦਰ ਵੀ ਖੁਦਮੁਖਤਾਰ ਅਦਾਰਿਆਂ ਨੂੰ ਪ੍ਰਧਾਨ ਮੰਤਰੀ ਤੇ ਹਾਕਮ ਪਾਰਟੀ ਦੀ ਮਰਜ਼ੀ ਮੁਤਾਬਿਕ ਝੁਕਾਉਣ ਵਿਚ ਅਹਿਮ ਭੂਮਿਕਾ ਨਿਭਾਈ।

ਇਸ ਤਰ੍ਹਾਂ ਕੇਂਦਰ ਵਿਚ ਮੋਦੀ-ਸ਼ਾਹ ਦੀ ਡੇਢ ਸਾਲ ਜਾਰੀ ਰਹੀ ਜੁਗਲਬੰਦੀ ਨੂੰ ਦੇਖ ਕੇ ਹੀ ਮੈਂ ਦਸੰਬਰ 2015 ਵਿਚ ਭਾਰਤ ਨੂੰ 'ਮਹਿਜ਼ ਚੋਣਾਂ ਦੀ ਜਮਹੂਰੀਅਤ' ਕਰਾਰ ਦਿੱਤਾ ਸੀ। ਅਫਸੋਸ, ਹੁਣ ਸਮਾਂ ਆ ਗਿਆ ਹੈ ਕਿ ਇਸ ਫੈਸਲੇ ਨੂੰ ਸੁਧਾਰੀਏ ਅਤੇ ਸਾਡੀ ਜਮਹੂਰੀਅਤ ਨੂੰ ਹੋਰ ਨਿੱਘਰ ਜਾਣ ਤੋਂ ਰੋਕੀਏ। ਅਸੀਂ ਇਕ ਆਜ਼ਾਦ ਮੁਲਕ ਵਜੋਂ ਆਪਣੇ ਇਤਿਹਾਸ ਦੇ ਉਸ ਦੌਰ ਵਿਚ ਪੁੱਜ ਗਏ ਹਾਂ ਜਿੱਥੇ ਚੋਣਾਂ ਦੀ ਅਹਿਮੀਅਤ ਵੀ ਅੱਗੇ ਤੋਂ ਅੱਗੇ ਘਟਦੀ ਜਾ ਰਹੀ ਹੈ। ਪਿਛਲੇ ਦਿਨੀਂ ਕੇਂਦਰ ਸਰਕਾਰ ਦੇ ਹੁਕਮਾਂ ਉਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਕਰੀਬੀਆਂ ਦੇ ਟਿਕਾਣਿਆਂ ਉਤੇ ਟੈਕਸ ਅਧਿਕਾਰੀਆਂ ਨੇ ਛਾਪੇ ਮਾਰੇ। ਇਨ੍ਹਾਂ ਛਾਪਿਆਂ ਦਾ ਸਮਾਂ ਐਨ ਭਾਜਪਾ ਵਲੋਂ ਸੂਬੇ ਦੀ ਕਾਂਗਰਸ ਸਰਕਾਰ ਨੂੰ ਡੇਗਣ ਲਈ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੂੰ ਲੁਭਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਮੇਲ ਖਾਂਦਾ ਸੀ। ਇਹ ਕੋਸ਼ਿਸ਼ ਹਾਲ ਦੀ ਘੜੀ ਨਾਕਾਮ ਹੋ ਗਈ; ਪਰ ਇਸ ਆਲਮੀ ਮਹਾਂਮਾਰੀ ਦੌਰਾਨ ਅਜਿਹੀ ਕੋਸ਼ਿਸ਼ ਕਰਨਾ ਵੀ ਉਸ ਅਪਮਾਨ ਨੂੰ ਦਰਸਾਉਂਦਾ ਹੈ ਜੋ ਮੋਦੀ-ਸ਼ਾਹ ਨਿਜ਼ਾਮ ਸੰਵਿਧਾਨਕ ਜਮਹੂਰੀਅਤ ਦੀਆਂ ਕਦਰਾਂ-ਕੀਮਤਾਂ ਤੇ ਪ੍ਰਕਿਰਿਆਵਾਂ ਪ੍ਰਤੀ ਰੱਖਦਾ ਹੈ।

ਜੋ ਕੁਝ ਰਾਜਸਥਾਨ ਵਿਚ ਵਾਪਰ ਰਿਹਾ ਹੈ, ਉਹ ਮੱਧ ਪ੍ਰਦੇਸ਼ ਵਿਚ ਬੀਤੇ ਮਾਰਚ ਦੌਰਾਨ ਅਤੇ ਕਰਨਾਟਕ ਵਿਚ ਪਿਛਲੇ ਸਾਲ ਹੋਏ ਵਰਤਾਰੇ ਦਾ ਹੀ ਦੁਹਰਾਅ ਹੈ। ਇਨ੍ਹਾਂ ਸਾਰੇ ਸੂਬਿਆਂ ਵਿਚ ਜਦੋਂ ਚੋਣਾਂ ਹੋਈਆਂ ਤਾਂ ਉਨ੍ਹਾਂ ਤੋਂ ਬਾਅਦ ਇਕ ਅਜਿਹੀ ਸਰਕਾਰ ਸੱਤਾ ਵਿਚ ਆਈ ਜਿਸ ਦੀ ਅਗਵਾਈ ਭਾਜਪਾ ਨਹੀਂ ਸੀ ਕਰ ਰਹੀ - ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਬਣੀ ਜਦੋਂਕਿ ਕਰਨਾਟਕ ਵਿਚ ਜੇਡੀ (ਐਸ) ਤੇ ਕਾਂਗਰਸ ਦੀ ਗੱਠਜੋੜ ਸਰਕਾਰ ਕਾਇਮ ਹੋਈ। ਫਿਰ ਇਨ੍ਹਾਂ ਸੂਬਿਆਂ ਵਿਚ ਵੋਟਰਾਂ ਦੇ ਫਤਵੇ ਨੂੰ ਉਲਟਾਉਣ ਦੇ ਮਨਸ਼ੇ ਨਾਲ ਭਾਜਪਾ ਨੇ ਹਾਕਮ ਪਾਰਟੀ ਦੇ ਵਿਧਾਇਕਾਂ ਨੂੰ ਜਾਂ ਤਾਂ ਦਲਬਦਲੀ ਕਰ ਕੇ ਉਸ ਨਾਲ ਰਲਣ ਜਾਂ ਆਪਣੀਆਂ ਸੀਟਾਂ ਤੋਂ ਅਸਤੀਫੇ ਦੇਣ ਲਈ ਹੱਲਾਸ਼ੇਰੀ ਦਿੱਤੀ ਤਾਂ ਕਿ ਮੌਕੇ ਦੀ ਸਰਕਾਰ ਨੂੰ ਡੇਗ ਕੇ ਭਾਜਪਾ ਸਰਕਾਰ ਬਣਾਈ ਜਾ ਸਕੇ।

ਇਸ ਤਰ੍ਹਾਂ ਭਾਜਪਾ ਨੇ ਪਹਿਲਾਂ ਕਰਨਾਟਕ ਤੇ ਮੱਧ ਪ੍ਰਦੇਸ਼ ਵਿਚ ਅਤੇ ਹੁਣ ਰਾਜਸਥਾਨ ਵਿਚ ਪੂਰੀ ਤਰ੍ਹਾਂ ਗ਼ੈਰਇਖਲਾਕੀ ਅਤੇ ਗ਼ੈਰ-ਜਮਹੂਰੀ ਤਰੀਕਿਆਂ ਨਾਲ ਸਬੰਧਤ ਸੂਬਿਆਂ ਦੇ ਵੋਟਰਾਂ ਦੇ ਅਜਿਹੇ ਫੈਸਲੇ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਿਹੜੇ ਉਸ ਦੇ ਖਿਲਾਫ ਸਨ। ਹਾਕਮ ਜਮਾਤ ਦੇ ਮਾੜੇ ਹਥਕੰਡੇ ਕਿਸੇ ਵੀ ਤਰ੍ਹਾਂ ਮਹਿਜ਼ ਇਨ੍ਹਾਂ ਤਿੰਨ ਸੂਬਿਆਂ ਤੱਕ ਮਹਿਦੂਦ ਨਹੀਂ। ਇਸ ਤੋਂ ਪਹਿਲਾਂ ਗੋਆ ਅਤੇ ਮਨੀਪੁਰ ਵਿਚ ਵੀ ਇਹ ਨਰਿੰਦਰ ਮੋਦੀ ਪ੍ਰਤੀ ਪਿਆਰ ਜਾਂ ਹਿੰਦੂਤਵ ਪ੍ਰਤੀ ਸ਼ਰਧਾ ਨਹੀਂ ਸੀ ਜਿਸ ਨੇ ਆਜ਼ਾਦ ਜਾਂ ਛੋਟੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਭਾਜਪਾ ਨਾਲ ਹੱਥ ਮਿਲਾਉਣ ਲਈ ਉਤਸ਼ਾਹਿਤ ਕੀਤਾ ਸਗੋਂ ਇਹ ਕੋਈ ਇਸ ਤੋਂ ਵੀ ਵੱਡੀ ਤੇ ਦਿਲਚਸਪ ਸ਼ੈਅ ਸੀ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕਾਂ ਵਲੋਂ ਰਾਜ ਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ (ਤੇ ਕੁਝ ਹੋਰ ਸੂਬਿਆਂ ਵਿਚ) ਅਸਤੀਫੇ ਦਿੱਤੇ ਜਾਣ ਦੀ ਕਾਰਵਾਈ ਕਿਸੇ ਵੀ ਤਰ੍ਹਾਂ ਹਾਕਮ ਪਾਰਟੀ ਦੇ ਪ੍ਰਭਾਵ ਤੋਂ ਅਣਭਿੱਜ ਨਹੀਂ ਸੀ।

ਇਨ੍ਹਾਂ ਵਿਧਾਇਕਾਂ ਨੂੰ ਦਲਬਦਲੀ ਕਰਨ ਲਈ ਕਿੰਨੀ ਦੌਲਤ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ, ਇਸ ਬਾਰੇ ਅੰਦਾਜ਼ੇ ਵੱਖੋ-ਵੱਖਰੇ ਹਨ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦਾ ਦਾਅਵਾ ਹੈ ਕਿ ਕਾਂਗਰਸੀ ਵਿਧਾਇਕਾਂ ਨੂੰ ਭਾਜਪਾ ਵਿਚ ਸ਼ਾਮਲ ਹੋਣ ਲਈ ਪੰਦਰਾਂ-ਪੰਦਰਾਂ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਪਰ ਇਸ ਬਾਰੇ ਜਦੋਂ ਮੈਂ ਪੱਤਰਕਾਰਾਂ ਨਾਲ ਕੀਤੀ ਤਾਂ ਇਹ ਰਕਮ 25 ਕਰੋੜ ਤੱਕ ਦੱਸੀ ਗਈ। ਸਮਝਿਆ ਜਾ ਸਕਦਾ ਹੈ ਕਿ ਮੱਧ ਪ੍ਰਦੇਸ਼ ਤੇ ਕਰਨਾਟਕ ਵਿਚ ਵੀ ਰਕਮਾਂ ਇਸ ਦੇ ਨੇੜੇ-ਤੇੜੇ ਹੀ ਹੋਣਗੀਆਂ। ਇਹ ਰਕਮਾਂ ਯਕੀਨਨ ਹੈਰਾਨ ਕਰ ਦੇਣ ਵਾਲੀਆਂ ਹਨ। ਆਖਰ ਇਹ ਪੈਸਾ ਕਿੱਥੋਂ ਆਉਂਦਾ ਹੈ? ਕੀ ਉਨ੍ਹਾਂ ਘਿਨਾਉਣੇ ਚੋਣ ਬਾਂਡਾਂ ਤੋਂ, ਜਿਨ੍ਹਾਂ ਦੀ ਘੋਖ ਕਰਨ ਤੋਂ ਸੁਪਰੀਮ ਕੋਰਟ ਵੀ ਅਫਸੋਸਨਾਕ ਢੰਗ ਨਾਲ ਨਾਕਾਮ ਰਹੀ? ਜਾਂ ਹੋਰ ਵੀ ਕਿਸੇ ਕਾਲੇ ਸਰੋਤਾਂ ਤੋਂ?

ਇਹ ਲੈਣ-ਦੇਣ ਇਕ ਹੋਰ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ - ਜੇ ਵਿਧਾਇਕਾਂ ਨੂੰ ਇੰਝ ਕਿਸੇ ਵੀ ਸਮੇਂ ਖਰੀਦਿਆ-ਵੇਚਿਆ ਜਾ ਸਕਦਾ ਹੈ, ਫਿਰ ਪਹਿਲੀ ਗੱਲ ਤਾਂ ਚੋਣਾਂ ਕਰਾਉਣ ਦੀ ਹੀ ਕੀ ਤੁਕ ਹੈ? ਕੀ ਇਸ ਨਾਲ ਉਨ੍ਹਾਂ ਲੱਖਾਂ ਵੋਟਰਾਂ ਦੀ ਜਮਹੂਰੀ ਪਸੰਦ ਨੂੰ ਰੱਦ ਨਹੀਂ ਕੀਤਾ ਗਿਆ ਜਿਨ੍ਹਾਂ ਨੇ ਇਨ੍ਹਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੋਟ ਪਾਈ ਸੀ? ਜੇ ਭਾਜਪਾ ਦੀ ਪੈਸੇ ਦੀ ਤਾਕਤ ਇਕ ਤਰ੍ਹਾਂ ਆਜ਼ਾਦ ਤੇ ਨਿਰਪੱਖ ਮੰਨੀਆਂ ਜਾਂਦੀਆਂ ਚੋਣਾਂ ਦੇ ਨਤੀਜਿਆਂ ਨੂੰ ਇਸ ਢੰਗ ਨਾਲ ਉਲਟਾ ਸਕਦੀ ਹੈ ਤਾਂ ਫਿਰ ਕੀ ਭਾਰਤ ਨੂੰ 'ਮਹਿਜ਼ ਚੋਣਾਂ ਦੀ ਜਮਹੂਰੀਅਤ' ਵੀ ਆਖਿਆ ਜਾ ਸਕਦਾ ਹੈ?

ਇਸ ਤਰ੍ਹਾਂ ਮੈਂ ਨਰਿੰਦਰ ਮੋਦੀ ਦੇ ਇਕ ਤਰ੍ਹਾਂ ਇੰਦਰਾ ਗਾਂਧੀ ਦਾ ਹੀ ਦੂਜਾ ਰੂਪ ਹੋਣ ਦੀ ਗੱਲ ਕਹੀ ਹੈ। ਇਸ ਤੋਂ ਮੇਰਾ ਭਾਵ ਹੈ ਕਿ ਨਰਿੰਦਰ ਮੋਦੀ ਵਧੇਰੇ ਸ਼ਾਤਿਰ ਵੀ ਹਨ ਤੇ ਵਧੇਰੇ ਬੇਰਹਿਮ ਵੀ। ਇੰਦਰਾ ਗਾਂਧੀ ਤਾਂ ਅਦਾਰਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਖੁੰਢੀ ਖੁਰਪੀ ਦਾ ਹੀ ਇਸਤੇਮਾਲ ਕਰਦੀ ਸੀ, ਪਰ ਮੋਦੀ ਇਸ ਮਕਸਦ ਲਈ ਤਿੱਖੀ ਤਲਵਾਰ ਵਰਤਦੇ ਹਨ। ਇੰਦਰਾ ਗਾਂਧੀ ਨੇ ਆਪਣੀਆਂ ਕੁਝ ਕਾਰਵਾਈਆਂ ਬਾਰੇ ਦੂਜੀ ਵਾਰ ਸੋਚਿਆ ਸੀ, ਖਾਸ ਕਰ ਐਮਰਜੈਂਸੀ ਬਾਰੇ; ਜਦੋਂਕਿ ਦੂਜੇ ਪਾਸੇ ਮੋਦੀ ਦੇ ਸੁਭਾਅ ਲਈ ਅਫਸੋਸ ਜਾਂ ਪਛਤਾਵੇ ਵਰਗੇ ਸ਼ਬਦ ਬਿਲਕੁਲ ਓਪਰੇ ਹਨ। ਇੰਦਰਾ ਆਪਣੇ ਸਾਰੇ ਨੁਕਸਾਂ ਦੇ ਬਾਵਜੂਦ ਧਾਰਮਿਕ ਅਨੇਕਤਾਵਾਦ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਸੀ। ਦੂਜੇ ਪਾਸੇ ਮੋਦੀ ਤਾਨਾਸ਼ਾਹ ਵੀ ਹੈ ਤੇ ਬਹੁਗਿਣਤੀਵਾਦੀ ਵੀ।

ਇੰਦਰਾ ਗਾਂਧੀ ਦੇ ਰਾਜਕਾਲ ਦੌਰਾਨ ਭਾਰਤੀ ਅਦਾਰਿਆਂ ਅਤੇ ਭਾਰਤੀ ਜਮਹੂਰੀਅਤ ਦੀਆਂ ਕਦਰਾਂ-ਕੀਮਤਾਂ ਨੂੰ ਭਾਰੀ ਸੱਟ ਵੱਜੀ। ਆਖਰ ਉਹ ਹੌਲੀ-ਹੌਲੀ ਮੁੜ ਆਪਣੇ ਮੂਲ ਰੂਪ ਵਿਚ ਪਰਤੇ। ਇਸ ਤਰ੍ਹਾਂ 1989 ਤੋਂ 2014 ਦਾ ਭਾਰਤ ਭਾਵੇਂ ਦੇਸ਼ ਦੇ ਸੰਵਿਧਾਨ ਨਿਰਮਾਤਿਆਂ ਦੀ ਸੋਚ ਦੇ ਮੇਚ ਨਾ ਵੀ ਸਹੀ, ਪਰ ਤਾਂ ਵੀ ਇਕ ਜਮਹੂਰੀਅਤ ਮੰਨਿਆ ਜਾ ਸਕਦਾ ਸੀ, ਭਾਵੇਂ ਇਹ ਜਮਹੂਰੀਅਤ ਕਾਫੀ ਨੁਕਸਦਾਰ ਤੇ ਅਧੂਰੀ ਸੀ। ਕੀ ਹੁਣ ਨਰਿੰਦਰ ਮੋਦੀ ਦੇ ਸੱਤਾ ਕਾਲ ਤੋਂ ਬਾਅਦ ਕਦੇ ਭਾਰਤੀ ਅਦਾਰੇ ਮੁੜ ਉਭਰ ਸਕਣਗੇ, ਇਹ ਵੱਡਾ ਸਵਾਲ ਹੈ।

***ਭਾਜਪਾ ਨੇ ਪਹਿਲਾਂ ਕਰਨਾਟਕ ਤੇ ਮੱਧ ਪ੍ਰਦੇਸ਼ ਵਿਚ ਅਤੇ ਹੁਣ ਰਾਜਸਥਾਨ ਵਿਚ ਪੂਰੀ ਤਰ੍ਹਾਂ ਗੈਰਇਖਲਾਕੀ ਅਤੇ ਗੈਰ-ਜਮਹੂਰੀ ਤਰੀਕਿਆਂ ਨਾਲ ਸਬੰਧਤ ਸੂਬਿਆਂ ਦੇ ਵੋਟਰਾਂ ਦੇ ਅਜਿਹੇ ਫੈਸਲੇ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਿਹੜੇ ਉਸ ਦੇ ਖਿਲਾਫ ਸਨ। ਹਾਕਮ ਜਮਾਤ ਦੇ ਮਾੜੇ ਹਥਕੰਡੇ ਕਿਸੇ ਵੀ ਤਰ੍ਹਾਂ ਮਹਿਜ਼ ਇਨ੍ਹਾਂ ਤਿੰਨ ਸੂਬਿਆਂ ਤੱਕ ਮਹਿਦੂਦ ਨਹੀਂ। ਇਸ ਤੋਂ ਪਹਿਲਾਂ ਗੋਆ ਅਤੇ ਮਨੀਪੁਰ ਵਿਚ ਵੀ ਇਹ ਨਰਿੰਦਰ ਮੋਦੀ ਪ੍ਰਤੀ ਪਿਆਰ ਜਾਂ ਹਿੰਦੂਤਵ ਪ੍ਰਤੀ ਸ਼ਰਧਾ ਨਹੀਂ ਸੀ ਜਿਸ ਨੇ ਆਜ਼ਾਦ ਜਾਂ ਛੋਟੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਭਾਜਪਾ ਨਾਲ ਹੱਥ ਮਿਲਾਉਣ ਲਈ ਉਤਸ਼ਾਹਿਤ ਕੀਤਾ ਸਗੋਂ ਇਹ ਕੋਈ ਇਸ ਤੋਂ ਵੀ ਵੱਡੀ ਤੇ ਦਿਲਚਸਪ ਸ਼ੈਅ ਸੀ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕਾਂ ਵਲੋਂ ਰਾਜ ਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ (ਅਤੇ ਕੁਝ ਹੋਰ ਸੂਬਿਆਂ ਵਿਚ) ਅਸਤੀਫੇ ਦਿੱਤੇ ਜਾਣ ਦੀ ਕਾਰਵਾਈ ਕਿਸੇ ਵੀ ਤਰ੍ਹਾਂ ਹਾਕਮ ਪਾਰਟੀ ਦੇ ਪ੍ਰਭਾਵ ਤੋਂ ਅਣਭਿੱਜ ਨਹੀਂ ਸੀ।***



ਪੰਜਾਬ ਟਾਈਮਜ਼

ਸਨਿਚਰਵਾਰ, ਪਹਿਲੀ ਅਗਸਤ 2020

## ਸਿਆਸਤ ਨੂੰ ਚੋਣਾਂ ਵਾਲਾ ਰੰਗ

ਕਰੋਨਾ ਵਾਇਰਸ ਦੇ ਬਹਾਨੇ ਲਾਈਆਂ ਪਾਬੰਦੀਆਂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਚੁਸਤੀਆਂ-ਚਾਲਾਕੀਆਂ ਦੇ ਬਾਵਜੂਦ ਪੰਜਾਬ ਵਿਚ ਸੰਘਰਸ਼ ਦਾ ਪਿੜ ਮਘਿਆ ਹੋਇਆ ਹੈ। ਇਕ ਤਾਂ ਕੇਂਦਰ ਸਰਕਾਰ ਵਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਲਾਗੂ ਕੀਤੇ ਕਿਸਾਨ ਮਾਰੂ ਆਰਡੀਨੈਂਸਾਂ ਖਿਲਾਫ ਪੰਜਾਬ ਦੀਆਂ ਕਰੀਬ ਸਾਰੀਆਂ ਕਿਸਾਨ ਜਥੇਬੰਦੀਆਂ ਰੋਸ ਅਤੇ ਰੋਹ ਪ੍ਰਗਟ ਕਰ ਰਹੀਆਂ ਹਨ; ਦੂਜੇ ਬੰਨੇ ਦਹਿਸ਼ਤਵਾਦ ਰੋਕੂ ਸੋਧ ਕਾਨੂੰਨ (ਯੂ. ਏ. ਪੀ. ਏ.) ਤਹਿਤ ਸਿੱਖ ਨੌਜਵਾਨਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ 'ਤੇ ਸਰਗਰਮੀ ਚੱਲ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਸਿੱਖ ਨੌਜਵਾਨਾਂ ਦੇ ਮਾਮਲੇ 'ਤੇ ਵਿਧਾਇਕ ਸੁਖਪਾਲ ਖਹਿਰਾ ਜਾਂ ਇੱਕਾ-ਦੁੱਕਾ ਹੋਰ ਆਵਾਜ਼ਾਂ ਹੀ ਸਾਹਮਣੇ ਆਈਆਂ ਹਨ। ਇਸੇ ਦੌਰਾਨ ਇਕ ਹੋਰ ਮਾਮਲਾ ਸਾਹਮਣੇ ਆ ਗਿਆ ਹੈ, ਜਿਸ ਬਾਰੇ ਆਉਣ ਵਾਲੇ ਦਿਨਾਂ ਵਿਚ ਸਿਆਸਤ ਭਖਣ ਦੇ ਆਸਾਰ ਬਣ ਰਹੇ ਹਨ। ਇਹ ਮਸਲਾ ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐਲ.) ਨਹਿਰ ਦਾ ਹੈ। ਸੁਪਰੀਮ ਕੋਰਟ ਨੇ ਇਕ ਵਾਰ ਫਿਰ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਕਿਹਾ ਹੈ ਕਿ ਉਹ ਰਲ-ਬੈਠ ਕੇ ਇਸ ਮਸਲੇ ਦਾ ਕੋਈ ਹੱਲ ਕੱਢਣ। ਇਸ ਮਾਮਲੇ ਦੀ ਅਗਲੀ ਸੁਣਵਾਈ ਅਗਸਤ ਦੇ ਤੀਜੇ ਹਫਤੇ ਹੋਣੀ ਹੈ। ਉਂਜ, ਇਸ ਮਸਲੇ 'ਤੇ ਸੁਪਰੀਮ ਕੋਰਟ ਆਪਣਾ ਫੈਸਲਾ ਇਕ ਤਰ੍ਹਾਂ ਨਾਲ ਸੁਣਾ ਚੁਕੀ ਹੈ। ਇਸ ਦਾ ਕਹਿਣਾ ਹੈ ਕਿ ਇਹ ਇਸ ਮਾਮਲੇ ਦੇ ਤੱਥਾਂ ਨੂੰ ਦੁਬਾਰਾ ਘੋਖਣ ਦੇ ਹੱਕ ਵਿਚ ਨਹੀਂ ਹੈ। ਉਧਰ, ਪਹਿਲਾਂ ਹੋਇਆ ਫੈਸਲਾ ਹਰਿਆਣਾ ਦੇ ਹੱਕ ਵਿਚ ਹੈ ਅਤੇ ਉਹ ਵਾਰ-ਵਾਰ ਜ਼ੋਰ ਪਾ ਰਿਹਾ ਹੈ ਕਿ ਇਸ ਮਾਮਲੇ ਨੂੰ ਛੇਤੀ ਤੋਂ ਛੇਤੀ ਨਜਿੱਠਿਆ ਜਾਵੇ। ਯਾਦ ਰਹੇ, ਇਸ ਮਸਲੇ ਬਾਰੇ ਰੱਫੜ 1981 ਤੋਂ ਚੱਲ ਰਿਹਾ ਹੈ। 2004 ਵਿਚ ਕੈਪਟਨ ਸਰਕਾਰ ਨੇ ਵਿਧਾਨ ਸਭਾ ਵਿਚ ਪਾਣੀਆਂ ਬਾਰੇ ਸਾਰੇ ਸਮਝੌਤੇ ਰੱਦ ਕਰਵਾ ਲਏ ਸਨ, ਪਰ ਮਗਰੋਂ ਸੁਪਰੀਮ ਕੋਰਟ ਨੇ ਇਸ ਫੈਸਲੇ ਨੂੰ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ ਸੀ। ਪੰਜਾਬ 'ਚ 2022 ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਪਹਿਲਾਂ ਹੀ ਚੱਲ ਰਹੀਆਂ ਹਨ ਅਤੇ ਇਨ੍ਹਾਂ ਚੋਣਾਂ ਵਿਚ ਲਿੰਕ ਨਹਿਰ ਵੱਡਾ ਮੁੱਦਾ ਬਣ ਸਕਦੀ ਹੈ।

ਮੋਦੀ ਸਰਕਾਰ ਵਲੋਂ ਲਿਆਂਦੇ ਖੇਤੀ ਆਰਡੀਨੈਂਸਾਂ ਦਾ ਵਿਰੋਧ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੀਤਾ ਸੀ ਅਤੇ ਇਸ ਨੂੰ ਮੁਲਕ ਦੇ ਫੈਡਰਲ ਢਾਂਚੇ ਉਤੇ ਸਿੱਧਾ ਹਮਲਾ ਕਰਾਰ ਦਿੱਤਾ ਸੀ, ਹਾਲਾਂਕਿ ਫੈਡਰਲ ਢਾਂਚੇ ਦਾ ਸਦਾ ਹੀ ਅਲੰਬਰਦਾਰ ਰਿਹਾ ਸ਼੍ਰੋਮਣੀ ਅਕਾਲੀ ਦਲ ਇਕ ਤਰ੍ਹਾਂ ਨਾਲ ਇਨ੍ਹਾਂ ਆਰਡੀਨੈਂਸਾਂ ਦੇ ਹੱਕ ਵਿਚ ਹੀ ਡਟਿਆ ਹੋਇਆ ਹੈ। ਇਹ ਮਸਲੇ ਨੂੰ ਉਲਝਾਉਣ ਲਈ ਵਾਰ-ਵਾਰ ਇਹੀ ਗੱਲ ਦੁਹਰਾ ਰਿਹਾ ਹੈ ਕਿ ਇਨ੍ਹਾਂ ਆਰਡੀਨੈਂਸਾਂ ਨਾਲ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਜਿਣਸਾਂ ਦੇ ਮੰਡੀਕਰਨ ਉਤੇ ਕੋਈ ਫਰਕ ਨਹੀਂ ਪਵੇਗਾ। ਹੁਣ ਜਦੋਂ ਸੂਬੇ ਵਿਚ ਆਰਡੀਨੈਂਸਾਂ ਖਿਲਾਫ ਸੰਘਰਸ਼ ਭਖਣ ਲੱਗਾ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਪਾਬੰਦੀਆਂ ਲਾ ਦਿੱਤੀਆਂ ਹਨ। ਉਸ ਦੀ ਸਿਆਸਤ ਇਹ ਹੈ ਕਿ ਵਿਰੋਧ ਦੀ ਆਵਾਜ਼ ਉਠਣ ਹੀ ਨਾ ਦਿੱਤੀ ਜਾਵੇ ਤਾਂ ਕਿ 2022 ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਹੱਕ ਵਿਚ ਮਾਹੌਲ ਬਣਾਇਆ ਜਾ ਸਕੇ। ਇਸ ਸਿਲਸਿਲੇ ਵਿਚ ਉਹ ਕੁਝ ਖਾਸ ਫੈਸਲੇ ਵੀ ਕਰ ਰਹੇ ਹਨ, ਜਿਵੇਂ ਉਨ੍ਹਾਂ ਸਰਕਾਰੀ ਸਕੂਲਾਂ ਦੀਆਂ ਫੀਸਾਂ ਮੁਆਫ ਕਰਨ ਦਾ ਐਲਾਨ ਕਰ ਦਿੱਤਾ ਹੈ। ਪ੍ਰਾਈਵੇਟ ਸਕੂਲਾਂ ਨੂੰ ਫੀਸ ਨਾ ਲੈਣ ਬਾਰੇ ਪਹਿਲਾਂ ਹੀ ਕਹਿ ਦਿੱਤਾ ਗਿਆ ਸੀ। ਜਾਹਰ ਹੈ ਕਿ ਉਨ੍ਹਾਂ ਦਾ ਮੁੱਖ ਨਿਸ਼ਾਨਾ ਹੁਣ ਅਗਲੀਆਂ ਵਿਧਾਨ ਸਭਾ ਚੋਣਾਂ ਹੀ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਵੇਂ ਐਲਾਨ ਕੀਤਾ ਸੀ ਕਿ ਉਹ ਉਨ੍ਹਾਂ ਦੀਆਂ ਆਖਰੀ ਚੋਣਾਂ ਹਨ, ਪਰ ਹੁਣ ਮੌਕੇ ਦੀ ਸਿਆਸਤ ਤਹਿਤ ਉਨ੍ਹਾਂ ਨੂੰ ਲੱਗਣ ਲੱਗ ਪਿਆ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਆਸਾਨੀ ਨਾਲ ਹੀ ਜਿੱਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦਾ ਦਾਈਆ ਹੈ ਕਿ ਵਿਰੋਧੀ ਧਿਰ ਖੇਰੂੰ-ਖੇਰੂੰ ਹੋਈ ਪਈ ਹੈ, ਇਸ ਸੂਰਤ ਵਿਚ ਕਾਂਗਰਸ ਦੀ ਜਿੱਤ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ, ਇਸੇ ਕਰ ਕੇ ਉਨ੍ਹਾਂ ਹੁਣ ਤੋਂ ਹੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਅਰੰਭ ਕਰ ਦਿੱਤੀ ਹੈ।

ਸਿਤਮਜ਼ਰੀਫੀ ਇਹ ਹੈ ਕਿ ਉਹ ਸਿੱਖ ਨੌਜਵਾਨਾਂ ਨੂੰ ਯੂ. ਏ. ਪੀ. ਏ. ਤਹਿਤ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ 'ਤੇ ਕੁਝ ਵੀ ਕਰ ਨਹੀਂ ਰਹੇ। ਕੌਮੀ ਜਾਂਚ ਏਜੰਸੀ (ਆਈ. ਐਨ. ਏ.) ਨੌਜਵਾਨਾਂ ਅੰਦਰ ਦਹਿਸ਼ਤ ਦਾ ਮਾਹੌਲ ਬਣਾ ਰਹੀ ਹੈ ਅਤੇ ਕੁਝ ਸੰਜੀਦਾ ਲੋਕ ਮੁੱਖ ਮੰਤਰੀ ਨੂੰ ਇਸ ਮਾਮਲੇ ਦੀ ਪੈਰਵਾਈ ਕਰਨ ਲਈ ਵੀ ਕਹਿ ਰਹੇ ਹਨ, ਪਰ ਇਸ ਮਾਮਲੇ ਬਾਰੇ ਉਹ ਚੁੱਪ ਹਨ। ਉਹ ਤਾਂ ਸਗੋਂ ਦਹਿਸ਼ਤਵਾਦ ਨੂੰ ਆਪਣੀ ਸਿਆਸਤ ਲਈ ਵੀ ਵਰਤਦੇ ਰਹੇ ਹਨ। ਇਹ ਭਾਵੇਂ ਕਰਤਾਰਪੁਰ ਲਾਂਘੇ ਦਾ ਮਸਲਾ ਸੀ ਜਾਂ ਰੈਫਰੈਂਡਮ ਨਾਲ ਜੁੜੇ ਮਾਮਲੇ ਸਨ, ਉਹ ਦਹਿਸ਼ਤਵਾਦ ਨੂੰ ਵਰਤ ਕੇ ਸਖਤੀ ਦੇ ਹੱਕ ਵਿਚ ਭੁਗਤਦੇ ਰਹੇ ਹਨ। ਉਨ੍ਹਾਂ ਉਤੇ ਵਾਰ-ਵਾਰ ਇਹ ਦੋਸ਼ ਲਗਦੇ ਰਹੇ ਹਨ ਕਿ ਇਨ੍ਹਾਂ ਮਾਮਲਿਆਂ ਵਿਚ ਉਹ ਸਦਾ ਕੇਂਦਰ ਸਰਕਾਰ ਦੇ ਹੱਕ ਵਿਚ ਭੁਗਤਦੇ ਰਹੇ ਹਨ। ਜਿਥੋਂ ਤੱਕ ਕਿਸਾਨਾਂ ਦੇ ਸੰਘਰਸ਼ ਦਾ ਮਸਲਾ ਹੈ, ਜਾਪਦਾ ਹੈ, ਆਉਣ ਵਾਲੇ ਦਿਨਾਂ ਵਿਚ ਇਹ ਮਸਲਾ ਹੋਰ ਭਖਣਾ ਹੈ, ਕਿਉਂਕਿ ਕਿਸਾਨ ਜਥੇਬੰਦੀਆਂ ਨੇ ਆਰ-ਪਾਰ ਦੀ ਲੜਾਈ ਦਾ ਐਲਾਨ ਕੀਤਾ ਹੋਇਆ ਹੈ। ਕੁਝ ਕਿਸਾਨ ਧਿਰਾਂ ਤਾਂ ਗ੍ਰਿਫਤਾਰੀ ਪ੍ਰੋਗਰਾਮ ਸ਼ੁਰੂ ਕਰਨ ਬਾਰੇ ਵੀ ਐਲਾਨ ਕਰ ਚੁਕੀਆਂ ਹਨ। ਇਸ ਸੂਰਤ ਵਿਚ ਕਿਸਾਨਾਂ ਦੀ ਲਾਮਬੰਦੀ ਨੂੰ ਦਰਕਿਨਾਰ ਕਰਨਾ ਸੌਖਾ ਨਹੀਂ ਹੋਵੇਗਾ। ਇਸ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਕੀ ਰੁਖ ਅਖਤਿਆਰ ਕਰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਸ ਨਾਲ ਪੰਜਾਬ ਵਿਚ ਕਿਸੇ ਨਵੀਂ ਸਿਆਸਤ ਲਈ ਰਾਹ ਮੋਕਲਾ ਹੋ ਸਕਦਾ ਹੈ। ਇਹ ਮਸਲਾ ਅਕਾਲੀ ਦਲ ਲਈ ਵੀ ਗਲੇ ਦੀ ਹੱਡੀ ਬਣਿਆ ਹੈ। ਅਕਾਲੀ ਆਗੂ ਆਰਡੀਨੈਂਸ ਦੇ ਮਾਮਲੇ 'ਤੇ ਭਾਵੇਂ ਮਿੱਟੀ ਪਾਉਣ ਦਾ ਯਤਨ ਕਰ ਰਹੇ ਹਨ, ਪਰ ਕਿਸਾਨ ਤੇ ਹੋਰ ਸਿਆਸੀ ਧਿਰਾਂ ਅਕਾਲੀ ਲੀਡਰਸ਼ਿਪ ਲਗਾਤਾਰ ਇਨ੍ਹਾਂ ਮੁੱਦਿਆਂ 'ਤੇ ਸਵਾਲ-ਦਰ-ਸਵਾਲ ਕਰ ਰਹੀਆਂ ਹਨ। ਸਾਫ ਹੈ, ਮਸਲਾ ਥੋੜ੍ਹੀ ਕੀਤੇ ਮੁੱਕਣ ਵਾਲਾ ਨਹੀਂ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਕੱਖ ਨ੍ਹੀਂ ਰਹਿਣਾ!

ਗੁਨਾਹਗਾਰ ਇਕ ਚੋਰ ਤੇ ਚਤਰ ਬਣ ਕੇ, ਅੱਖੀਂ ਘੱਟਾ ਲੋਕਾਈ ਦੇ ਪਾਉਣ ਲਗਦਾ।<br>
ਰਹੇ ਕੱਖ ਨਾ 'ਸਰਾਪ' ਦੇਹ ਦੂਜਿਆਂ ਨੂੰ, ਕਾਰੇ ਕਪਟ ਦੇ ਨਾਲ ਛੁਪਾਉਣ ਲਗਦਾ।<br>
ਹਾਕਮ ਸਮੇਂ ਦਾ 'ਸਿਟ' ਨੂੰ ਥਾਪੜਾ ਦੇ, ਨਿਆਂ ਕਰਨ ਦਾ ਦਾਅਵਾ ਜਤਾਉਣ ਲਗਦਾ।<br>
ਸਿੱਟੇ ਪਹਿਲੀਆਂ 'ਸਿਟਾਂ' ਦੇ ਯਾਦ ਕਰਕੇ, 'ਕੁਝ ਨਾ ਹੋਣ ਦਾ' ਡਰ ਸਤਾਉਣ ਲਗਦਾ।<br>
ਦੇਣੀ ਸਜ਼ਾ ਨਾ, ਮੁੱਦਾ ਲਮਕਾਈ ਜਾਣਾ, ਅੱਖ ਰੱਖ ਕੇ ਰਾਜਸੀ ਪਦਵੀਆਂ 'ਤੇ।<br>
ਰਹਿਣਾ ਉਹਦਾ ਵੀ ਕੱਖ ਨਹੀਂ ਦੇਖ ਲੈਣਾ, ਜੋ ਵੀ ਖੇਡੇਗਾ ਸਿਆਸਤ ਬੇਅਦਬੀਆਂ 'ਤੇ!

# ਕਾਲੇ ਕਾਨੂੰਨਾਂ ਰਾਹੀਂ ਲੋਕਾਂ ਦੀ ਜ਼ੁਬਾਨਬੰਦੀ ਦੇ ਯਤਨ

*ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਹੁਣ ਪੰਜਾਬ ਦੇ ਪੰਜ ਸਿੱਖ ਮੁੰਡਿਆਂ ਉਤੇ ਲਾਗੂ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਬਹੁਤੇ ਦਲਿਤ ਹਨ। ਵਿਧਾਇਕ ਸੁਖਪਾਲ ਖਹਿਰਾ ਅਤੇ ਉਸ ਦੇ ਸਾਥੀਆਂ ਨੇ ਇਸ ਮੁੱਦੇ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਇਆ ਹੈ ਅਤੇ ਪੁਲਿਸ ਦੀਆਂ ਕਹਾਣੀਆਂ ਉਤੇ ਸੁਆਲ ਖੜ੍ਹੇ ਕੀਤੇ ਹਨ। ਇਹ ਲੜਾਈ ਜਮਹੂਰੀਅਤ ਨੂੰ ਬਚਾਉਣ ਅਤੇ ਮਾਨਵੀ ਹੱਕਾਂ ਉਤੇ ਪਹਿਰੇਦਾਰੀ ਦੀ ਹੈ।*

ਦੇਸ਼ ਪੱਧਰ ਉਤੇ ਵੱਖਰੇ ਵਿਚਾਰਾਂ ਵਾਲੇ ਬੁੱਧੀਜੀਵੀਆਂ, ਘੱਟਗਿਣਤੀਆਂ, ਦਲਿਤਾਂ ਅਤੇ ਪੰਜਾਬ ਵਿਚ ਖਾਲਿਸਤਾਨ ਦੇ ਸਮਰਥਕ ਹੋਣ ਦੇ ਨਾਮ ਉਤੇ ਗ੍ਰਿਫਤਾਰੀਆਂ ਨਾਲ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.)-2019 ਉਤੇ ਬਹਿਸ ਮੁੜ ਤੇਜ਼ ਹੋ ਗਈ ਹੈ। ਦੇਸ਼ ਦੀ ਸੁਰੱਖਿਆ ਅਤੇ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਦੇ ਨਾਮ ਉਤੇ ਬਣਾਏ ਬਹੁਤ ਸਾਰੇ ਕਾਨੂੰਨਾਂ ਨੇ ਦਹਿਸ਼ਤਵਾਦ ਰੋਕਣ ਵਿਚ ਨਿਭਾਈ ਭੂਮਿਕਾ ਤਾਂ ਸ਼ੱਕ ਦੇ ਘੇਰੇ ਵਿਚ ਹੈ ਪਰ ਦਲਿਤਾਂ, ਘੱਟਗਿਣਤੀਆਂ ਅਤੇ ਰਾਜਸੀ ਵਿਰੋਧੀਆਂ ਦੀ ਜ਼ੁਬਾਨ ਬੰਦ

**ਹਮੀਰ ਸਿੰਘ**

ਕਰਵਾਉਣ ਲਈ ਇਨ੍ਹਾਂ ਦੀ ਵਰਤੋਂ ਕਰ ਕੇ ਇਹ ਕਾਲੇ ਕਾਨੂੰਨਾਂ ਵਜੋਂ ਯਾਦ ਕੀਤੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸੰਵਿਧਾਨਕ ਤੌਰ ਉਤੇ ਮਿਲੇ ਬੁਨਿਆਦੀ ਹੱਕਾਂ ਨਾਲ ਟਕਰਾਉਣ ਕਰ ਕੇ ਇਨ੍ਹਾਂ ਕਾਨੂੰਨਾਂ ਖਿਲਾਫ ਪੈਦਾ ਲੋਕ ਰਾਇ ਕਾਰਨ ਇਨ੍ਹਾਂ ਨੂੰ ਵਾਪਸ ਲੈਣਾ ਪੈਂਦਾ ਰਿਹਾ ਹੈ। ਉਂਜ, ਹਰ ਵਾਰ ਨਵਾਂ ਕਾਨੂੰਨ ਜਾਂ ਪੁਰਾਣੇ ਵਿਚ ਸੋਧ ਪਹਿਲਾਂ ਨਾਲੋਂ ਵੀ ਜ਼ਿਆਦਾ ਸਖਤ ਅਤੇ ਮਨੁੱਖੀ ਅਧਿਕਾਰਾਂ ਦੇ ਖਿਲਾਫ ਹੀ ਜਾਂਦੀ ਰਹੀ ਹੈ।

ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (ਯੂ.ਏ.ਪੀ.ਏ.) 1967 ਵਿਚ ਬਣਾਇਆ ਗਿਆ ਅਤੇ ਇਸ ਵਿਚ 2004, 2008 ਅਤੇ ਫਿਰ 2012 ਵਿਚ ਸੋਧਾਂ ਕੀਤੀਆਂ ਗਈਆਂ। ਇਸ ਦੌਰਾਨ ਹੀ 'ਟਾਡਾ' ਤੇ 'ਪੋਟਾ' ਵਰਗੇ ਕਾਲੇ ਕਾਨੂੰਨ ਬਣਾਏ ਅਤੇ ਇਨ੍ਹਾਂ ਦੀ ਵਰਤੋਂ ਵੀ ਜ਼ਿਆਦਾਤਰ ਦਲਿਤਾਂ, ਕਬਾਇਲੀਆਂ, ਘੱਟਗਿਣਤੀਆਂ ਅਤੇ ਸਿਆਸੀ ਵਿਰੋਧੀਆਂ ਖਿਲਾਫ ਕੀਤੀ ਗਈ। ਇਨ੍ਹਾਂ ਦੀ ਦੁਰਵਰਤੋਂ ਖਿਲਾਫ ਉਠੀ ਆਵਾਜ਼ ਕਾਰਨ ਇਹ ਵਾਪਸ ਲੈਣੇ ਪਏ ਅਤੇ 2004 ਵਿਚ 'ਪੋਟਾ' ਖਤਮ ਕਰ ਦਿੱਤਾ ਪਰ ਉਸ ਦੀਆਂ ਕਈ ਧਾਰਾਵਾਂ ਪਹਿਲਾਂ ਹੀ ਯੂ.ਏ.ਪੀ.ਏ. ਵਿਚ ਸ਼ਾਮਿਲ ਕਰ ਦਿੱਤੀਆਂ। ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ (ਸੋਧ) ਕਾਨੂੰਨ-2019 ਨੇ ਤਾਂ ਹੱਦ ਹੀ ਪਾਰ ਕਰ ਦਿੱਤੀ। ਸੰਸਦ ਵਿਚ ਹੋਈ ਬਹਿਸ ਦੌਰਾਨ ਅਤੇ ਬਾਹਰ ਵੀ ਇਸ ਉਤੇ ਗੰਭੀਰ ਸੁਆਲ ਉਠਾਏ ਗਏ। ਨਵੰਬਰ 2008 ਵਿਚ ਹੋਏ ਮੁੰਬਈ ਦਹਿਸ਼ਤਵਾਦੀ ਹਮਲੇ ਤੋਂ ਪਿੱਛੋਂ ਬਣਾਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਸਮੇਂ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਵਿਚ ਹੋਰ ਸਖਤ ਧਾਰਾਵਾਂ ਜੋੜ ਦਿੱਤੀਆਂ। 2019 ਵਿਚ ਸੋਧੇ ਮੌਜੂਦਾ ਕਾਨੂੰਨ ਨੂੰ ਪਾਰਲੀਮੈਂਟ ਵਿਚ ਹੋਈ ਬਹਿਸ ਦੌਰਾਨ ਪੁਲਿਸ ਰਾਜ ਲਾਗੂ ਕਰਨ ਦੇ ਤੁੱਲ ਕਰਾਰ ਦਿੱਤਾ ਗਿਆ। ਇਸ ਕਾਨੂੰਨ ਮੁਤਾਬਿਕ ਹੁਣ ਜਥੇਬੰਦੀ ਦੇ ਨਾਲ ਨਾਲ ਦਹਿਸ਼ਤਵਾਦੀ ਜਥੇਬੰਦੀ ਦਾ ਮੈਂਬਰ ਨਾ ਹੋਣ ਦੀ ਸੂਰਤ ਵਿਚ ਵੀ ਕਿਸੇ ਇਕੱਲੇ ਵਿਅਕਤੀ ਨੂੰ ਨਿਆਂਇਕ ਪ੍ਰਕਿਰਿਆ ਵਿਚੋਂ ਗੁਜ਼ਰੇ ਬਿਨਾਂ ਹੀ ਦਹਿਸ਼ਤਗਰਦ ਐਲਾਨਿਆ ਜਾ ਸਕਦਾ ਹੈ। ਦਹਿਸ਼ਤਗਰਦ ਐਲਾਨੇ ਕਿਸੇ ਵਿਅਕਤੀ ਨੂੰ ਕਿਸੇ ਵੀ ਮਕਸਦ ਲਈ ਫੰਡ ਦੇਣ, ਠਾਹਰ ਜਾਂ ਦਹਿਸ਼ਤਗਰਦ ਐਲਾਨੀ ਜਥੇਬੰਦੀ ਦੀ ਮੀਟਿੰਗ ਵਿਚ ਭਾਗ ਲੈਣ ਜਾਂ ਕਿਸੇ ਵੀ ਹੋਰ ਤਰ੍ਹਾਂ ਸਹਾਇਤਾ ਕਰਨ ਵਾਲੇ ਨੂੰ ਵੀ ਇਸ ਕਾਨੂੰਨ ਦੀ ਜੱਦ ਵਿਚ ਲਿਆਂਦਾ ਜਾ ਸਕਦਾ ਹੈ।

ਐਨ.ਆਈ.ਏ. ਨੂੰ ਫੌਜਦਾਰੀ ਮੁਕੱਦਮੇ ਵਿਚ ਦੋਸ਼ੀ ਸਾਬਤ ਹੋਣ ਤੋਂ ਬਿਨਾਂ ਹੀ ਕੇਵਲ ਸ਼ੱਕ ਦੇ ਆਧਾਰ ਉਤੇ ਸਬੰਧਤ ਵਿਅਕਤੀ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦੇਣ ਦਾ ਅਧਿਕਾਰ ਮਿਲ ਗਿਆ ਹੈ। ਇਸ ਕਾਨੂੰਨ ਦੀ ਧਾਰਾ 43 ਤਹਿਤ ਐਨ.ਆਈ.ਏ. ਦਾ ਇੰਸਪੈਕਟਰ ਜਾਂ ਇਸ ਤੋਂ ਉਪਰ ਦਾ ਅਧਿਕਾਰੀ ਜਾਂਚ ਕਰਨ ਦੀ ਤਾਕਤ ਰੱਖਦਾ ਹੈ। ਇਸ ਤੋਂ ਪਹਿਲਾਂ ਨਿਆਂਇਕ ਪ੍ਰਕਿਰਿਆ ਮੁਕੰਮਲ ਹੋ ਕੇ ਸਜ਼ਾ ਹੋਣ ਤੱਕ ਕਿਸੇ ਵੀ ਮੁਲਜ਼ਮ ਨੂੰ ਦੋਸ਼ੀ ਨਹੀਂ ਮੰਨਿਆ ਜਾਂਦਾ ਸੀ ਪਰ ਹੁਣ ਉਸ ਨੂੰ ਦੋਸ਼ੀ ਮੰਨਿਆ ਜਾ ਸਕਦਾ ਹੈ ਅਤੇ ਇਹ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਖੁਦ ਨੂੰ ਨਿਰਦੋਸ਼ ਸਾਬਤ ਕਰੇ। ਪੁਲਿਸ ਰਿਮਾਂਡ ਆਮ ਕਾਨੂੰਨਾਂ ਵਿਚ 14 ਦਿਨ ਅਤੇ ਇਸ ਕਾਨੂੰਨ ਤਹਿਤ 30 ਦਿਨ ਤੱਕ ਦਿੱਤਾ ਜਾ ਸਕਦਾ ਹੈ। ਹੋਰਾਂ ਅਪਰਾਧਿਕ ਮਾਮਲਿਆਂ ਵਿਚ ਚਾਲਾਨ ਪੇਸ਼ ਕਰਨ ਦਾ 90 ਦਿਨਾਂ ਦਾ ਸਮਾਂ ਹੈ ਪਰ ਯੂ.ਏ.ਪੀ.ਏ. ਤਹਿਤ 180 ਦਿਨ ਦਾ ਸਮਾਂ ਦਿੱਤਾ ਗਿਆ ਹੈ। ਹੁਣ ਅਪਰਾਧ ਦਾ ਦਾਇਰਾ ਸੋਚਣ, ਕਿਤਾਬਾਂ, ਪੈਂਫਲਿਟ ਪੜ੍ਹ ਕੇ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਸੋਚ ਨੂੰ ਪ੍ਰਭਾਵਿਤ ਕਰਨ ਤੱਕ ਵਧਾ ਦਿੱਤਾ ਹੈ। ਦਹਿਸ਼ਤਗਰਦ ਐਲਾਨਣ ਦਾ ਕੋਈ ਠੋਸ ਮਾਪਦੰਡ ਨਹੀਂ ਹੈ ਅਤੇ ਪੁਲਿਸ ਨੂੰ ਮਨਮਰਜ਼ੀ ਦੇ ਅਧਿਕਾਰ ਦੇ ਦਿੱਤੇ ਹਨ। ਕਿਸੇ ਦੇ ਘਰੋਂ ਕਮਿਊਨਿਸਟ ਵਿਚਾਰਧਾਰਾ, ਖਾਲਿਸਤਾਨੀ ਵਿਚਾਰਧਾਰਾ ਜਾਂ ਅੰਦੋਲਨ ਅਤੇ ਹੋਰ ਅਜਿਹੇ ਵਿਚਾਰਾਂ ਨਾਲ ਸਬੰਧਤ ਸਾਹਿਤ ਮਿਲ ਜਾਵੇ ਤਾਂ ਵੀ ਵਿਅਕਤੀ ਨੂੰ ਦਹਿਸ਼ਤਗਰਦਾਂ ਦੀ ਕਤਾਰ ਵਿਚ ਖੜ੍ਹਾ ਕੀਤਾ ਜਾ ਸਕਦਾ ਹੈ; ਭਾਵ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਦੋਸ਼ ਸਾਬਤ ਕੀਤੇ ਬਿਨਾਂ ਮਹੀਨਿਆਂ ਬੱਧੀ ਜੇਲ੍ਹ ਵਿਚ ਰਹਿਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਹੋਰਾਂ ਕਾਨੂੰਨਾਂ ਦੀ ਦਿਸ਼ਾ ਵਿਚ ਹੀ ਇਹ ਕਾਨੂੰਨ ਫੈਡਰਲਿਜ਼ਮ ਤਹਿਤ ਰਾਜਾਂ ਨੂੰ ਮਿਲੇ ਅਧਿਕਾਰਾਂ ਉਤੇ ਹਮਲਾ ਹੈ। ਕਾਨੂੰਨ ਵਿਵਸਥਾ ਰਾਜਾਂ ਦਾ ਵਿਸ਼ਾ ਹੈ ਪਰ ਯੂ.ਏ.ਪੀ.ਏ.-2019 ਅਨੁਸਾਰ ਮਨੁੱਖੀ ਤਸਕਰੀ, ਜਾਅਲੀ ਕਰੰਸੀ, ਸਾਈਬਰ ਕ੍ਰਾਈਮ ਅਤੇ ਵਿਸਫੋਟਕ ਪਦਾਰਥ ਕਾਨੂੰਨ-1908 ਅਧੀਨ ਹੋਣ ਵਾਲੇ ਅਪਰਾਧਾਂ ਦੇ ਮੁੱਦੇ ਉਤੇ ਐਨ.ਆਈ.ਏ. ਜਾਂਚ ਕਰੇਗੀ। 2013 ਵਿਚ ਛਤੀਸਗੜ੍ਹ ਵਿਚ ਮਾਓਵਾਦੀਆਂ ਦੇ ਹਮਲੇ ਵਿਚ ਮਰੇ ਕਾਂਗਰਸੀ ਆਗੂਆਂ ਅਤੇ ਹੋਰਾਂ ਦੇ ਕੇਸ ਦੀ ਹੁਣ ਤੱਕ ਸੂਬਾਈ ਪੁਲਿਸ ਵਲੋਂ ਕੀਤੀ ਜਾਂਚ ਬਾਰੇ ਐਨ.ਆਈ.ਏ. ਨੇ ਸੂਬਾ ਸਰਕਾਰ ਨੂੰ ਜਾਂਚ ਬੰਦ ਕਰਨ ਲਈ ਚਿੱਠੀ ਲਿਖ ਦਿੱਤੀ ਹੈ। ਕਿਸੇ ਵਿਅਕਤੀ ਨੂੰ ਦਹਿਸ਼ਤਗਰਦ ਹੋਣ ਤੋਂ ਬਾਹਰ ਕਰਨ ਵਾਸਤੇ ਡੀਨੋਟੀਫਾਈ ਕਰਨ ਲਈ ਰਿਵਿਊ ਕਮੇਟੀ ਬਣਾਉਣ ਦਾ ਅਧਿਕਾਰ ਵੀ ਕੇਂਦਰ ਸਰਕਾਰ ਕੋਲ ਹੈ; ਭਾਵ ਨਿਆਇਕ ਮੁੜ ਪੜਚੋਲ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ ਹੈ।

ਅਸਲ ਵਿਚ ਅਜੋਕੀ ਸੱਤਾਧਾਰੀ ਸਿਆਸੀ ਜਮਾਤ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਕਿ ਯੂ.ਏ.ਪੀ.ਏ. ਦਾ ਵਿਰੋਧ ਕਰਨ ਵਾਲੇ ਦਹਿਸ਼ਤਵਾਦ ਦੇ ਨਾਲ ਹਨ ਅਤੇ ਦੇਸ਼ ਧਰੋਹੀ ਹਨ। ਅਜਿਹੇ ਇਲਜ਼ਾਮਾਂ ਦਾ ਧੜੱਲੇ ਨਾਲ ਮੁਕਾਬਲਾ ਕਰਨ ਦੇ ਬਜਾਇ ਦੇਸ਼ ਧਰੋਹੀ ਦਾ ਠੱਪਾ ਲੱਗਣ ਦਾ ਡਰ ਪਾਰਲੀਮੈਂਟ ਵਿਚ ਇਸ ਕਾਨੂੰਨ ਉਤੇ ਬਹਿਸ ਅਤੇ ਵੋਟਿੰਗ ਸਮੇਂ ਦਿਖਾਈ ਦਿੱਤਾ। ਇਸੇ ਕਰ ਕੇ ਸੱਤਾਧਾਰੀ ਪਾਰਟੀ ਦੇ ਰਾਜ ਸਭਾ ਵਿਚ ਘੱਟਗਿਣਤੀ ਹੋਣ ਦੇ ਬਾਵਜੂਦ ਕਾਨੂੰਨ ਪਾਸ ਹੋ ਗਿਆ। ਬੀਜੂ ਜਨਤਾ ਦਲ ਅਤੇ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਨੇ ਵੀ ਪੱਖ ਵਿਚ ਵੋਟ ਪਾਈ, ਕਾਂਗਰਸ ਨੇ ਵੀ ਲੋਕ ਸਭਾ ਵਿਚੋਂ ਵਾਕਆਊਟ ਕੀਤਾ ਅਤੇ ਰਾਜ ਸਭਾ ਵਿਚ ਵਿਰੋਧੀਆਂ ਨੂੰ ਨਾਲ ਲੈ ਕੇ ਠੋਸ ਵਿਰੋਧ ਨਹੀਂ ਕਰ ਸਕੀ।

> **ਹੋਰਾਂ ਅਪਰਾਧਿਕ ਮਾਮਲਿਆਂ ਵਿਚ ਚਾਲਾਨ ਪੇਸ਼ ਕਰਨ ਦਾ 90 ਦਿਨਾਂ ਦਾ ਸਮਾਂ ਹੈ ਪਰ ਯੂ.ਏ.ਪੀ.ਏ. ਤਹਿਤ 180 ਦਿਨ ਦਾ ਸਮਾਂ ਦਿੱਤਾ ਗਿਆ ਹੈ। ਹੁਣ ਅਪਰਾਧ ਦਾ ਦਾਇਰਾ ਸੋਚਣ, ਕਿਤਾਬਾਂ, ਪੈਂਫਲਿਟ ਪੜ੍ਹ ਕੇ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਸੋਚ ਨੂੰ ਪ੍ਰਭਾਵਿਤ ਕਰਨ ਤੱਕ ਵਧਾ ਦਿੱਤਾ ਹੈ। ਦਹਿਸ਼ਤਗਰਦ ਐਲਾਨਣ ਦਾ ਕੋਈ ਠੋਸ ਮਾਪਦੰਡ ਨਹੀਂ ਹੈ ਅਤੇ ਪੁਲਿਸ ਨੂੰ ਮਨਮਰਜ਼ੀ ਦੇ ਅਧਿਕਾਰ ਦੇ ਦਿੱਤੇ ਹਨ।**

ਇਸ ਕਾਨੂੰਨ ਨੂੰ ਬਹੁਤ ਸਾਰੇ ਕਾਨੂੰਨੀ ਮਾਹਰ ਭਾਰਤੀ ਸੰਵਿਧਾਨ ਦੀ ਧਾਰਾ ਆਰਟੀਕਲ 14 ਤਹਿਤ ਮਿਲੇ ਵੱਖਰੇ ਵਿਚਾਰ ਰੱਖਣ ਅਤੇ ਬਰਾਬਰੀ ਦੇ ਅਧਿਕਾਰ, ਧਾਰਾ 19 ਤਹਿਤ ਮਿਲੇ ਵਿਚਾਰ ਪ੍ਰਗਟਾਵੇ ਦਾ ਅਧਿਕਾਰ ਅਤੇ ਧਾਰਾ 21 ਤਹਿਤ ਜੀਣ ਦੇ ਮਿਲੇ ਬੁਨਿਆਦੀ ਅਧਿਕਾਰ ਦਾ ਉਲੰਘਣ ਮੰਨਦੇ ਹਨ। ਯੂ.ਏ.ਪੀ.ਏ.-2019 ਦੇ ਖਿਲਾਫ ਸਜਾਦ ਅਵਸ਼ਥੀ ਨੇ ਸੁਪਰੀਮ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕੀਤੀ ਹੋਈ ਹੈ, ਅਦਾਲਤ ਨੇ ਕੇਂਦਰ ਤੋਂ ਜਵਾਬ ਮੰਗਿਆ ਹੋਇਆ ਹੈ ਅਤੇ ਕਾਨੂੰਨ ਮਨਮਾਨੇ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸ ਕਾਨੂੰਨ ਦੀ ਮਾਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀ ਆਗੂ ਉਮਰ ਖਾਲਿਦ, ਮੀਰਾ ਹੈਦਰ, ਸਫੂਰਾ ਜ਼ਰਗਰ ਵਰਗੇ ਵਿਦਿਆਰਥੀਆਂ ਨੂੰ ਝੱਲਣੀ ਪੈ ਰਹੀ ਹੈ। 90 ਫੀਸਦ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ, ਇਸ ਤੋਂ ਇਲਾਵਾ ਵਰਵਰਾ ਰਾਓ, ਪ੍ਰੋ. ਆਨੰਦ ਤੇਲਤੁੰਬੜੇ, ਸੁਧਾ ਭਾਰਦਵਾਜ ਸਮੇਤ ਅਨੇਕਾਂ ਬੁੱਧੀਜੀਵੀ ਵਿਚਾਰਾਂ ਦੇ ਵਖਰੇਵੇਂ ਕਾਰਨ ਖਤਰਨਾਕ ਅਪਰਾਧੀਆਂ ਵਾਂਗ ਜੇਲ੍ਹਾਂ ਵਿਚ ਬੰਦ ਹਨ। ਤੇਲਤੁੰਬੜੇ ਨੇ ਤਾਂ ਯੂ.ਏ.ਪੀ.ਏ. ਨੂੰ ਹੋਰ ਸਖਤ ਬਣਾਏ ਜਾਣ ਤੋਂ ਪਹਿਲਾਂ ਹੀ ਦਲਿਤ ਕਾਰਕੁਨਾਂ ਸੁਧੀਰ ਧਾਵਲੇ, ਸੁਰੇਂਦਰ ਗਾਡਗਿਲ, ਸੋਮਾ ਸੇਨ, ਮਹੇਸ਼ ਰਾਊਤ ਅਤੇ ਰੋਨਾ ਵਿਲਸਨ ਨੂੰ ਬੰਦ ਕਰਨ ਖਿਲਾਫ ਲੇਖ ਲਿਖਿਆ ਸੀ। ਸ਼ਾਹੀਨ ਬਾਗ ਅੰਦੋਲਨ ਨਾਲ ਸਬੰਧਤ ਹੋਰ ਕਿੰਨੇ ਹੀ ਕਾਰਕੁਨਾਂ ਦੀ ਜ਼ੁਬਾਨ ਬੰਦ ਕਰਵਾਉਣ ਲਈ ਇਸ ਕਾਨੂੰਨ ਦੀ ਵਰਤੋਂ ਹੋ ਰਹੀ ਹੈ।

ਯੂ.ਏ.ਪੀ.ਏ. ਤੋਂ ਬਿਨਾਂ ਵੀ ਪੁਲਿਸ ਕੋਲ ਬਹੁਤ ਤਾਕਤਾਂ ਮੌਜੂਦ ਹਨ। ਕੇਵਲ ਦਰਬਾਰ ਸਾਹਿਬ ਉਤੇ ਹੋਏ ਹਮਲੇ ਨਾਲ ਸਬੰਧਤ ਕਿਤਾਬਾਂ, ਸਾਹਿਤ ਅਤੇ ਕੁਝ ਪੈਂਫਲਿਟ ਰੱਖਣ ਦੇ ਦੋਸ਼ ਵਿਚ ਹੀ ਪੁਲਿਸ ਵਲੋਂ ਆਈ.ਪੀ.ਸੀ. ਦੀ ਧਾਰਾ 121 ਅਤੇ ਹੋਰ ਧਾਰਾਵਾਂ ਤਹਿਤ ਦਰਜ ਕੇਸ ਵਿਚ ਫਰਵਰੀ 2019 ਨੂੰ ਸ਼ਹੀਦ ਭਗਤ ਸਿੰਘ ਨਗਰ ਦੀ ਸੈਸ਼ਨ ਅਦਾਲਤ ਨੇ ਤਿੰਨ ਨੌਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਜੇ ਅਜਿਹੇ ਤੱਥਾਂ ਨੂੰ ਹੀ ਆਧਾਰ ਬਣਾ ਲਿਆ ਜਾਵੇ ਤਾਂ ਵੱਡੇ ਪੱਧਰ ਉਤੇ ਬੁੱਧੀਜੀਵੀ, ਵਿਦਿਆਰਥੀ ਅਤੇ ਹੋਰ ਸਿਆਸੀ ਕਾਰਕੁਨ ਦੇਸ਼ ਧਰੋਹੀ ਸਾਬਤ ਕਰ ਦਿੱਤੇ ਜਾਣਗੇ। ਹਾਲਾਂਕਿ ਬਲਵੰਤ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਕੇਸ ਵਿਚ ਸੁਪਰੀਮ ਕੋਰਟ ਨੇ ਸਪਸ਼ਟ ਫੈਸਲਾ ਦਿੱਤਾ ਸੀ ਕਿ ਕੁਝ ਨਾਅਰੇ ਲਗਾ ਦੇਣ ਨਾਲ ਕੋਈ ਦੇਸ਼ ਧਰੋਹੀ ਨਹੀਂ ਹੋ ਜਾਂਦਾ। ਸ਼ਾਂਤਮਈ ਤਰੀਕੇ ਨਾਲ ਕਿਸੇ ਨੂੰ ਵੀ ਵੱਖਰੇ ਰਾਜ ਦੀ ਗੱਲ ਕਰਨ ਦਾ ਅਧਿਕਾਰ ਹੈ।

ਯੂ.ਏ.ਪੀ.ਏ. ਹੁਣ ਪੰਜਾਬ ਦੇ ਪੰਜ ਸਿੱਖ ਮੁੰਡਿਆਂ ਉਤੇ ਲਾਗੂ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਬਹੁਤੇ ਦਲਿਤ ਹਨ। ਵਿਧਾਇਕ ਸੁਖਪਾਲ ਖਹਿਰਾ ਅਤੇ ਉਸ ਦੇ ਸਾਥੀਆਂ ਨੇ ਇਸ ਮੁੱਦੇ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਇਆ ਹੈ ਅਤੇ ਪੁਲਿਸ ਦੀਆਂ ਕਹਾਣੀਆਂ ਉਤੇ ਸੁਆਲ ਖੜ੍ਹੇ ਕੀਤੇ ਹਨ। ਅਸਲ ਸਮੱਸਿਆ ਇਹ ਬਣੀ ਹੋਈ ਹੈ ਕਿ ਮਨੁੱਖੀ ਅਧਿਕਾਰਾਂ ਦਾ ਦਾਇਰਾ ਵੀ ਆਪੋ-ਆਪਣੀਆਂ ਵਿਚਾਰਧਾਰਾਵਾਂ ਦੇ ਦਾਇਰੇ ਤੱਕ ਸੁੰਗੜਿਆ ਹੋਇਆ ਹੈ। ਇਹ ਲੜਾਈ ਜਮਹੂਰੀਅਤ ਨੂੰ ਬਚਾਉਣ ਅਤੇ ਮਾਨਵੀ ਹੱਕਾਂ ਉਤੇ ਪਹਿਰੇਦਾਰੀ ਦੀ ਹੈ। ਇਸ ਲਈ ਖੇਤੀ ਨਾਲ ਸਬੰਧਤ ਤਿੰਨ ਆਰਡੀਨੈਂਸ, ਬਿਜਲੀ ਕਾਨੂੰਨ, ਯੂ.ਏ.ਪੀ.ਏ. ਅਤੇ ਫੈਡਰਲਿਜ਼ਮ ਤੇ ਜਮਹੂਰੀਅਤ ਦੇ ਖਿਲਾਫ ਜਾਂਦੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਦੀ ਮੰਗ ਵੱਲ ਸੇਧਤ ਵਿਆਪਕ ਲਾਮਬੰਦੀ ਦੀ ਲੋੜ ਹੈ।

# ਕਰੋਨਾ ਵਾਇਰਸ ਨੇ ਸਿਆਸਤ ਦਾ ਪਰਦਾ ਲਾਹਿਆ

ਪਹਿਲੀ ਨਜ਼ਰ ਵਿਚ ਅਜਿਹਾ ਲਗਦਾ ਹੈ ਕਿ ਇਸ ਸਮੇਂ ਸਾਡਾ ਦੇਸ਼ ਸੰਗੀਨ ਇਤਿਹਾਸਕ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਨੂੰ ਸਮਝਣ ਲਈ ਪਹਿਲਾਂ ਇਸ ਸੰਗੀਨ ਮੁਕਾਮ ਨੂੰ ਸਮਝਣਾ ਜ਼ਰੂਰੀ ਹੈ ਜਿਸ ਕਾਰਨ ਚਿਰਾਂ ਤੋਂ ਅੰਦਰ ਹੀ ਅੰਦਰ ਪੱਕ ਰਿਹਾ ਇਹ ਸੰਕਟ ਅਚਾਨਕ ਉਭਰ ਆਇਆ ਹੈ। ਇਹ ਮੁਕਾਮ ਹੈ ਕਰੋਨਾ ਮਹਾਮਾਰੀ। ਦੁਨੀਆਂ ਵਿਚ ਕਰੋਨਾ ਨਾਲ ਲੜਨ ਦੇ ਕਈ ਮਾਡਲ ਅਪਨਾਏ ਗਏ ਪਰ ਭਾਰਤ ਨੇ ਸੰਪੂਰਨ ਤਾਲਾਬੰਦੀ ਦੀ ਰਣਨੀਤੀ ਨੂੰ ਨਾ ਸਿਰਫ ਪਹਿਲ ਦਿੱਤੀ ਸਗੋਂ ਉਸ ਨੂੰ ਲਾਗੂ ਕਰਨ ਵਿਚ ਪੱਛਮੀ ਦੇਸ਼ਾਂ ਨੂੰ ਵੀ ਪਿੱਛੇ ਛੱਡ ਦਿੱਤਾ। ਨਤੀਜੇ ਵਜੋਂ ਭਾਰਤ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਸਖਤ ਤਾਲਾਬੰਦੀ ਕੀਤੀ ਗਈ। ਜੇ ਅਜਿਹਾ

**ਅਭੈ ਕੁਮਾਰ ਦੂਬੇ**

ਕਰ ਕੇ ਵੀ ਭਾਰਤ ਕਰੋਨਾ 'ਤੇ ਰੋਕ ਲਗਾ ਲੈਂਦਾ ਤਾਂ ਸ਼ਾਇਦ ਇਹ ਸੰਕਟ ਏਨਾ ਤਿੱਖਾ ਨਾ ਹੁੰਦਾ ਪਰ ਇਸ ਤਾਲਾਬੰਦੀ ਦੇ ਬਾਵਜੂਦ ਭਾਰਤ ਵਿਚ ਕਰੋਨਾ ਮਹਾਮਾਰੀ ਰੁਕਣ ਦੀ ਬਜਾਏ ਵਿਸ਼ਵ ਵਿਚ ਕਿਸੇ ਵੀ ਦੇਸ਼ ਦੇ ਮੁਕਾਬਲੇ ਤੇਜ਼ ਰਫਤਾਰ ਨਾਲ ਆਪਣੇ ਪੈਰ ਪਸਾਰ ਰਹੀ ਹੈ। ਹਾਲਾਂਕਿ ਜਿਸ ਨੂੰ ਮਹਾਮਾਰੀ ਦੀ ਸਿਖਰ ਕਹਿੰਦੇ ਹਨ, ਉਹ ਦਿੱਲੀ ਅਤੇ ਕੇਰਲ ਨੂੰ ਛੱਡ ਕੇ ਇਸ ਵਿਸ਼ਾਲ ਦੇਸ਼ ਦੇ ਕਿਸੇ ਸੂਬੇ ਵਿਚ ਦੂਰ-ਦੂਰ ਤਕ ਨਹੀਂ ਦਿਸ ਰਹੀ। ਇਸ ਲਾਗ ਦੀ ਬਿਮਾਰੀ ਕਾਰਨ ਸਾਡੀ ਪਹਿਲਾਂ ਤੋਂ ਹੀ ਜਰਜਰ ਸਿਹਤ ਪ੍ਰਣਾਲੀ, ਸਿੱਖਿਆ ਵਿਵਸਥਾ ਅਤੇ ਪ੍ਰਸ਼ਾਸਨ ਦੀ ਪੋਲ ਖੁੱਲ੍ਹ ਗਈ ਹੈ। ਇਹ ਕਰੋਨਾ ਵਾਇਰਸ ਹੀ ਹੈ ਜਿਸ ਨੇ ਸਾਰੇ ਲੋਕਾਂ ਨੂੰ ਵੀ ਇਹ ਸੰਕਟ ਦੇਖਣ, ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ। ਕਰੋੜਾਂ ਪਰਵਾਸੀ ਮਜ਼ਦੂਰਾਂ ਵਲੋਂ ਚਲਾਏ ਗਏ ਖੁਦ ਨੂੰ ਬਚਾਉਣ ਦੇ ਸੰਘਰਸ਼ ਦੀ ਕਿਸੇ ਮਹਾਨ ਗਾਥਾ ਨਾਲ ਤੁਲਨਾ ਕੀਤੀ ਜਾ ਸਕਦੀ ਹੈ।

ਕਰੋਨਾ ਦੇ ਲਗਾਤਾਰ ਜਾਰੀ ਕਹਿਰ ਦਾ ਨਤੀਜਾ ਇਹ ਨਿਕਲਿਆ ਹੈ ਕਿ ਵੱਖ-ਵੱਖ ਕਾਰਨਾਂ ਨਾਲ ਟਿਕੀ ਹੋਈ ਦੀਰਘ ਕਾਲੀ ਮੰਦੀ ਦੀ ਹੱਦ ਤੋਂ ਵੀ ਹੇਠਾਂ ਡਿਗ ਕੇ ਰਸਾਤਲ ਵਲ ਜਾ ਰਹੀ ਅਰਥਵਿਵਸਥਾ ਤਕਰੀਬਨ ਮਰਨ ਦੀ ਸਥਿਤੀ ਵਿਚ ਪੁੱਜ ਗਈ ਹੈ। ਭਾਵੇਂ ਉਦਯੋਗ ਦਾ ਖੇਤਰ ਹੋਵੇ, ਖੇਤੀਬਾੜੀ ਹੋਵੇ ਜਾਂ ਸੇਵਾ ਖੇਤਰ; ਨਿਵੇਸ਼, ਉਤਪਾਦਨ, ਆਮਦਨ ਤੇ ਖਪਤ ਦਾ ਚੱਕਰ ਇਕ ਇੰਚ ਵੀ ਅੱਗੇ ਨਹੀਂ ਵਧ ਰਿਹਾ। ਇਹ ਆਰਥਿਕ ਸੰਕਟ ਸਥਿਤੀ ਅਨੁਸਾਰ ਨਾ ਹੋ ਕੇ ਪ੍ਰਣਾਲੀ ਅਨੁਸਾਰ ਹੈ। ਇਸ ਦਾ ਸਭ ਤੋਂ ਵੱਡਾ ਸਬੂਤ ਹੈ ਪਿਛਲੇ 20 ਸਾਲਾਂ ਤੋਂ ਬੈਂਕਿੰਗ ਪ੍ਰਣਾਲੀ ਵਿਚ ਵੱਟੇ ਖਾਤੇ ਪਾਏ ਜਾਣ ਵਾਲੇ ਕਰਜ਼ਿਆਂ (ਐਨ.ਪੀ.ਏ.) ਦਾ ਉਹ ਘੁਣ, ਜਿਸ ਨੇ ਬੈਂਕਾਂ ਦੇ ਉਸ ਬੰਦੋਬਸਤ ਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ ਜਿਸ ਨੂੰ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ।

ਜੁਲਾਈ ਦੇ ਆਖਰੀ ਦਿਨਾਂ ਵਿਚ ਜਾਰੀ ਰਿਜ਼ਰਵ ਬੈਂਕ ਦੀ ਛਿਮਾਹੀ ਵਿੱਤੀ ਸਥਿਰਤਾ ਰਿਪੋਰਟ ਨੇ ਬਿਨਾਂ ਕਿਸੇ ਲਗ-ਲਪੇਟ ਦੇ ਦੱਸਿਆ ਹੈ ਕਿ ਐਨ.ਪੀ.ਏ. ਦਾ ਗਰਾਫ ਪਿਛਲੀ 31 ਮਾਰਚ, 2000 ਤੋਂ ਬਾਅਦ ਸਭ ਤੋਂ ਉਚਾ ਜਾਣ ਵਾਲਾ ਹੈ। ਬੈਂਕਾਂ ਤੋਂ ਕਰਜ਼ਾ ਲੈਣ ਵਾਲਿਆਂ ਦੀ ਗਿਣਤੀ ਵਿਚ ਵੱਡੀ ਗਿਰਾਵਟ ਹੋਣਾ ਤੈਅ ਹੈ। ਆਮ ਜਨਤਾ ਦੀ ਕਮਾਈ ਬੈਂਕਾਂ ਵਿਚ ਹੁਣ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਨਹੀਂ ਰਹਿ ਗਈ। ਰਿਜ਼ਰਵ ਬੈਂਕ ਨੇ ਆਪਣਾ ਇਤਰਾਜ਼ ਦਰਜ ਕਰਵਾਉਂਦਿਆਂ ਇਹ ਵੀ ਕਿਹਾ ਹੈ ਕਿ ਸਟਾਕ ਐਕਸਚੇਂਜ ਵਿਚ ਆਉਣ ਵਾਲਾ ਉਛਾਲ ਅਰਥਵਿਵਸਥਾ ਦੀ ਅਸਲ ਹਾਲਤ ਦੀ ਨੁਮਾਇੰਦਗੀ ਨਾ ਕਰ ਕੇ ਭੁਲੇਖਾ-ਪਾਊ ਤਸਵੀਰ ਪੇਸ਼ ਕਰਦਾ ਹੈ। ਇਸ ਦੇ ਨਤੀਜੇ ਬੇਹੱਦ ਨੁਕਸਾਨਦੇਹ ਹੋ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿੱਤੀ ਪ੍ਰਣਾਲੀ ਦੀ ਗੁਣਵੱਤਾ ਵਿਚ ਆਈ ਗਿਰਾਵਟ ਦੀ ਜ਼ਿੰਮੇਵਾਰ ਸਿਰਫ ਮੌਜੂਦਾ ਸਰਕਾਰ ਨਹੀਂ ਹੈ। ਉਸ ਤੋਂ ਪਹਿਲਾਂ 10 ਸਾਲ ਚੱਲੀ ਕਾਂਗਰਸ ਦੀ ਸਰਕਾਰ ਨੇ ਐਨ.ਪੀ.ਏ. ਦੀ ਸਮੱਸਿਆ ਨੂੰ ਨਾ ਸਿਰਫ ਜਨਮ ਦਿੱਤਾ ਸਗੋਂ ਉਸ ਨੂੰ ਵਿਗਾੜਿਆ ਵੀ ਸੀ ਪਰ ਮੌਜੂਦਾ ਸਰਕਾਰ ਵੀ ਹੁਣ 6 ਸਾਲ ਪੂਰੇ ਕਰ ਚੁੱਕੀ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਜਿਨ੍ਹਾਂ ਅਸਫਲਤਾਵਾਂ 'ਤੇ ਉਂਗਲ ਚੁੱਕ ਰਹੀ ਹੈ, ਉਸ ਦੀ ਜ਼ਿੰਮੇਵਾਰੀ ਤੋਂ ਅੱਜ ਦੀ ਸਰਕਾਰ ਵੀ ਭੱਜ ਨਹੀਂ ਸਕਦੀ।

ਸੰਕਟ ਦਾ ਦੂਜਾ ਪਹਿਲੂ ਵਿਦੇਸ਼ ਅਤੇ ਰੱਖਿਆ ਨੀਤੀ ਨਾਲ ਸਬੰਧਿਤ ਹੈ। ਪਿਛਲੇ ਕੁਝ ਦਹਾਕਿਆਂ ਦਾ ਮੁਲਾਂਕਣ ਕਰਨ 'ਤੇ ਯਾਦ ਨਹੀਂ



ਆਉਂਦਾ ਕਿ ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਏਨੇ ਖਰਾਬ ਸਬੰਧ ਕਦੀ ਰਹੇ ਹੋਣਗੇ। ਉਪਰੋਂ ਹੋਇਆ ਇਹ ਕਿ ਪਹਿਲਾਂ ਡੋਕਲਾਮ ਅਤੇ ਫਿਰ ਪੂਰਬੀ ਲੱਦਾਖ ਵਿਚ ਚੀਨ ਵਲੋਂ ਕੀਤੀ ਘੁਸਪੈਠ ਅਜਿਹੀ ਚਟਾਨ ਵਿਚ ਬਦਲ ਚੁੱਕੀ ਹੈ ਜਿਸ ਹੇਠਾਂ ਭਾਰਤ ਦਾ ਹੱਥ ਬੁਰੀ ਤਰ੍ਹਾਂ ਦਬ ਗਿਆ ਹੈ। ਹੁਣ ਇਸ ਨੂੰ ਬਹੁਤ ਹੌਲੀ-ਹੌਲੀ ਧੀਰਜ ਅਤੇ ਕੁਸ਼ਲਤਾ ਨਾਲ ਇੰਚ-ਇੰਚ ਕਰ ਕੇ ਹੀ ਬਾਹਰ ਕੱਢਿਆ ਜਾ ਸਕਦਾ ਹੈ। ਬਹੁਤ ਸਮਾਂ ਲੈਣ ਵਾਲੀ ਇਸ ਪ੍ਰਕਿਰਿਆ ਵਿਚ ਸਾਨੂੰ ਕੁਝ ਨਾ ਕੁਝ ਨੁਕਸਾਨ ਝੱਲਣਾ ਹੀ ਪਵੇਗਾ। ਰਾਸ਼ਟਰੀ ਸ਼ਾਨ 'ਤੇ ਹੋ ਰਹੇ ਇਸ ਹਮਲੇ ਦੀ ਜ਼ਿੰਮੇਵਾਰੀ ਇਕ ਹੱਦ ਤਕ 'ਏਸ਼ੀਆਈ ਮਹਾਂਸ਼ਕਤੀ' ਬਣਨ ਦੀ ਭਾਰਤ ਦੀ ਇੱਛਾ 'ਤੇ ਪਾਈ ਜਾ ਸਕਦੀ ਹੈ। ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਆਰਥਿਕ ਮੋਰਚੇ 'ਤੇ ਬਿਨਾਂ ਲੋੜੀਂਦੀ ਸ਼ਕਤੀ ਖਰਚ ਕੀਤਿਆਂ ਹੀ ਛੋਟੇ ਦੇਸ਼ਾਂ ਨੂੰ ਆਪਣੇ ਖੇਮੇ ਵਿਚ ਲਿਆਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਮੌਜੂਦਾ ਸਥਿਤੀ ਉਸੇ ਦਾ ਹੀ ਨਤੀਜਾ ਹੈ। ਅਜਿਹੇ ਸੰਕਟ ਵਿਚ ਜੇ ਰਾਜਸਥਾਨ ਦੇ ਨਾਟਕ ਅਤੇ ਵਿਕਾਸ ਦੂਬੇ ਕਾਂਡ ਨਾਲ ਜੁੜੀ ਪੁਲਿਸ ਦੀ ਨਾਕਾਮੀ ਵੀ ਜੋੜ ਲਈ ਜਾਵੇ ਤਾਂ ਸਾਫ ਦਿਖਾਈ ਦਿੰਦਾ ਹੈ ਕਿ ਭਾਰਤੀ ਲੋਕਤੰਤਰ ਦੇ ਸੰਸਥਾਈ ਬੰਦੋਬਸਤ ਦਾ ਹਾਲ ਹਰ ਪੱਖੋਂ ਵਿਗੜਿਆ ਹੋਇਆ ਹੈ।

ਪੁਲਿਸ, ਨਾਗਰਿਕ ਪ੍ਰਸ਼ਾਸਨ, ਸਿਹਤ, ਸਿੱਖਿਆ, ਨਿਆਂਪਾਲਿਕਾ, ਵਿਧਾਨ ਪਾਲਿਕਾ ਤੇ ਚੋਣਾਂ ਨਾਲ ਸਬੰਧਿਤ ਪ੍ਰਣਾਲੀਆਂ ਅਤੇ ਢਾਂਚੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਬਜਾਏ ਇਕ ਤੋਂ ਵਧ ਕੇ ਇਕ ਸਮੱਸਿਆਵਾਂ ਪੈਦਾ ਕਰ ਰਹੇ ਹਨ। ਜ਼ਾਹਰ ਹੈ ਕਿ ਇਹ ਬਹੁਤ ਵੱਡੇ-ਵੱਡੇ ਕੰਮ ਹਨ ਜੋ ਇਕੋ ਵਾਰ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਨੂੰ ਅੰਜਾਮ ਦੇਣ ਲਈ ਘੱਟੋ-ਘੱਟ 10 ਜਾਂ 15 ਸਾਲ ਲੱਗਣਗੇ। ਸ਼ਰਤ ਇਹ ਹੈ ਕਿ ਅੱਜ ਦੀ ਤਰੀਕ ਵਿਚ ਸਾਡੀ ਸਰਕਾਰ ਉਨ੍ਹਾਂ ਬਦਲਾਵਾਂ ਦਾ ਖਾਕਾ ਤਿਆਰ ਕਰ ਕੇ ਸਰਬਦਲੀ ਸਹਿਮਤੀ ਨਾਲ ਉਸ 'ਤੇ ਅਮਲ ਸ਼ੁਰੂ ਕਰ ਦੇਵੇ।

ਇਸ ਸਥਿਤੀ ਦਾ ਇਕ ਜ਼ਾਹਰਾ ਵਿਰੋਧਾਭਾਸ ਵੀ ਹੈ। ਵਿਵਸਥਾ ਸੰਕਟਗ੍ਰਸਤ ਹੈ ਪਰ ਸਰਕਾਰ ਮਜ਼ਬੂਤ ਹੈ। ਉਸ ਦੇ ਖਿਲਾਫ ਕੋਈ ਰਾਜਨੀਤਕ ਅੰਦੋਲਨ ਨਹੀਂ ਹੈ ਅਤੇ ਨਾ ਹੀ ਉਸ ਦੀ ਤਿਆਰੀ ਦਿਸ ਰਹੀ ਹੈ। ਵਿਰੋਧੀ ਧਿਰਾਂ ਕੋਲ ਆਪਣੀਆਂ ਲੋਕਤੰਤਰੀ ਜ਼ਿੰਮੇਵਾਰੀਆਂ ਨਿਭਾਉਣ ਲਈ ਨਾ ਤਾਂ ਕੋਈ ਤਤਕਾਲੀ ਯੋਜਨਾ ਹੈ, ਨਾ ਹੀ ਭਵਿਖ ਦੀ ਕੋਈ ਯੋਜਨਾ। ਉਹ ਵੱਖ-ਵੱਖ ਰਾਜਾਂ ਵਿਚ ਆਪਣੀਆਂ ਸਰਕਾਰਾਂ ਦੇ ਬਿਹਤਰ ਪ੍ਰਦਰਸ਼ਨ ਨੂੰ ਵੀ ਕਿਸੇ ਬਦਲਵੇਂ ਰਾਸ਼ਟਰੀ ਮਾਡਲ ਦੀ ਸ਼ਕਲ ਵਿਚ ਪੇਸ਼ ਕਰਨ ਬਾਰੇ ਨਹੀਂ ਸੋਚ ਰਹੀਆਂ। ਨਤੀਜੇ ਵਜੋਂ ਸੱਤਾਧਾਰੀ ਸ਼ਕਤੀਆਂ ਬਦਲ ਨਾ ਹੋਣ ਦੀ ਸਥਿਤੀ ਦਾ ਲਾਭ ਉਠਾ ਕੇ ਆਰਾਮ ਨਾਲ ਬੈਠੀਆਂ ਹੋਈਆਂ ਹਨ। ਇਹ ਵਿਰੋਧਾਭਾਸ ਉਸ ਸਮੇਂ ਹੋਰ ਹੈਰਾਨ ਕਰਦਾ ਹੈ ਜਦੋਂ ਅਸੀਂ ਬਹੁ-ਪਾਰਟੀ ਲੋਕਤੰਤਰ ਦੀ ਰਾਜਨੀਤੀ ਦੇ ਸ਼ੀਸ਼ੇ ਵਿਚ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਜੋ ਵੀ ਹੋਵੇ, ਇਸ ਨਾਲ ਘੱਟੋ-ਘੱਟ ਇਕ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਦਾ ਕਾਰਪੋਰੇਟ, ਪ੍ਰਸ਼ਾਸਨਿਕ ਅਤੇ ਬੌਧਿਕ ਵਰਗ ਮੌਜੂਦਾ ਸੱਤਾਧਾਰੀਆਂ ਅਤੇ ਉਨ੍ਹਾਂ ਦੀ ਸਰਬਉਚ ਲੀਡਰਸ਼ਿਪ ਵਿਚ ਕੁਝ ਅਜਿਹੀਆਂ ਖੂਬੀਆਂ ਦੇਖ ਰਿਹਾ ਹੈ ਜੋ ਉਸ ਨੂੰ ਦੁਰਲੱਭ ਜਾਪਦੀਆਂ ਹਨ। ਦੂਜਾ ਅਨੁਮਾਨ ਇਹ ਲਗਾਇਆ ਜਾ ਸਕਦਾ ਹੈ ਕਿ ਜੋ ਰਾਸ਼ਟਰੀ ਸਹਿਮਤੀ ਕਦੀ ਨਹਿਰੂ ਅਤੇ ਇੰਦਰਾ ਗਾਂਧੀ ਦੇ ਇਰਦ-ਗਿਰਦ ਬਣੀ ਸੀ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸ-ਪਾਸ ਬਣ ਗਈ ਹੈ। ਇਸ ਲਈ ਵਿਰੋਧੀ ਧਿਰ ਦੀ ਵਰਤਮਾਨ ਹਾਲਤ ਦੇ ਮੱਦੇਨਜ਼ਰ ਜਾਪਦਾ ਹੈ ਕਿ ਜੇ ਮੌਜੂਦਾ ਸੱਤਾਧਾਰੀਆਂ ਹੇਠੋਂ ਜ਼ਮੀਨ ਖਿਸਕੀ ਤਾਂ ਇਕ ਵਾਰ ਫਿਰ ਸਿਆਸੀ ਅਸਥਿਰਤਾ ਦਾ ਦੌਰ ਸ਼ੁਰੂ ਹੋ ਜਾਵੇਗਾ। ਉਸ ਤੋਂ ਬਾਅਦ ਜੋ ਰਾਜਨੀਤਕ ਗੋਲਬੰਦੀ ਹੋਵੇਗੀ, ਉਹ ਸ਼ਾਇਦ ਸਾਨੂੰ 9 ਸਾਲ ਪਹਿਲਾਂ ਸ਼ੁਰੂ ਹੋਏ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਯਾਦ ਦਿਵਾ ਦੇਵੇ।

# ਸਿਦਕ ਦਾ ਮੁਜੱਸਮਾ ਬਾਬਾ ਬੂਝਾ ਸਿੰਘ

**50ਵੇਂ ਸ਼ਹਾਦਤ ਦਿਵਸ 'ਤੇ**

ਇਸ ਵਰ੍ਹੇ 27 ਜੁਲਾਈ ਨੂੰ ਬਾਬਾ ਬੂਝਾ ਸਿੰਘ ਨੂੰ ਸ਼ਹੀਦ ਹੋਇਆਂ 50 ਸਾਲ ਹੋ ਗਏ। ਬੂਝਾ ਸਿੰਘ ਉਨ੍ਹਾਂ ਮਿਸਾਲੀ ਕਮਿਊਨਿਸਟ ਆਗੂਆਂ ਵਿਚੋਂ ਇਕ ਸਨ ਜਿਨ੍ਹਾਂ ਦਾ ਸਾਡੇ ਦੇਸ਼ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਨਿਆਰਾ ਸਥਾਨ ਹੈ। ਉਨ੍ਹਾਂ ਨੇ 82 ਸਾਲ ਦੀ ਉਮਰ 'ਚ ਵੀ ਇਨਕਲਾਬ ਦਾ ਝੰਡਾ ਬੁਲੰਦ ਰੱਖਿਆ। ਜਦ ਮਈ 1967 ਵਿਚ ਪੱਛਮੀ ਬੰਗਾਲ ਦੀ ਧਰਤੀ ਤੋਂ ਨਕਸਲਬਾੜੀ ਦੀ ਹਥਿਆਰਬੰਦ ਬਗ਼ਾਵਤ ਦਾ ਬਿਗਲ ਵੱਜਿਆ ਤਾਂ ਉਹ ਪੰਜਾਬ ਵਿਚ ਇਸ ਦੀ ਹਮਾਇਤ ਕਰਨ ਵਾਲੇ ਮੋਹਰੀ ਆਗੂਆਂ ਵਿਚ ਸਨ। ਉਨ੍ਹਾਂ ਨੇ ਹਥਿਆਰਬੰਦ

**ਬੂਟਾ ਸਿੰਘ**

ਇਨਕਲਾਬ ਦੇ ਸੱਦੇ ਦਾ ਪੁਰਜ਼ੋਰ ਸਵਾਗਤ ਕੀਤਾ ਅਤੇ ਬਿਰਧ ਅਵਸਥਾ ਵਿਚ ਵੀ ਇਨਕਲਾਬ ਦਾ ਝੰਡਾ ਬੁਲੰਦ ਕਰਨ ਦਾ ਬੇਮਿਸਾਲ ਇਨਕਲਾਬੀ ਜਜ਼ਬਾ ਦਿਖਾਇਆ।

ਜ਼ਿਲ੍ਹਾ ਜਲੰਧਰ ਇਲਾਕਾ ਬੰਗਾ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਚੱਕ ਮਾਈਦਾਸ ਦੇ ਜੰਮਪਲ ਬੂਝਾ ਸਿੰਘ ਨੇ ਵੀ ਆਪਣੇ ਸਮਕਾਲੀ ਹੋਰ ਨੌਜਵਾਨਾਂ ਵਾਂਗ ਵਿਦੇਸ਼ ਜਾ ਕੇ ਆਪਣੇ ਬਦਹਾਲ ਕਿਸਾਨ ਪਰਿਵਾਰ ਦੀ ਹਾਲਤ ਸੁਧਾਰਨ ਦਾ ਸੁਪਨਾ ਲਿਆ ਸੀ। 1930ਵਿਆਂ ਦੇ ਸ਼ੁਰੂ ਵਿਚ ਉਹ ਅਰਜਨਟਾਈਨਾ ਪਹੁੰਚੇ। ਉਥੇ ਭਗਤ ਸਿੰਘ ਬਿਲਗਾ ਅਤੇ ਹੋਰ ਗਦਰੀ ਇਨਕਲਾਬੀਆਂ ਦੀ ਸੰਗਤ ਵਿਚ ਉਹ ਵੀ ਗਦਰੀ ਕਾਫਲੇ ਵਿਚ ਸ਼ਾਮਲ ਹੋ ਗਏ। ਆਪਣੀ ਜ਼ਿੰਦਗੀ ਨੂੰ ਨਿੱਜ ਦੀ ਬਜਾਏ ਪੂਰੇ ਮੁਲਕ ਦੀ ਤਕਦੀਰ ਬਦਲਣ ਲਈ ਲੜੇ ਜਾ ਰਹੇ ਇਨਕਲਾਬੀ ਸੰਗਰਾਮ ਦੇ ਲੇਖੇ ਲਾਉਣ ਦੇ ਇਸ ਅਹਿਦ ਉਪਰ ਉਹ ਆਖਰੀ ਸਾਹਾਂ ਤਕ ਸ਼ਾਨਦਾਰ ਦ੍ਰਿੜਤਾ ਨਾਲ ਨਿਭੇ।

ਸਮਾਜ ਸੇਵਾ ਨਾਲ ਬੂਝਾ ਸਿੰਘ ਨੂੰ ਬਚਪਨ ਤੋਂ ਹੀ ਲਗਾਓ ਸੀ, ਗਦਰ ਦੀ ਇਨਕਲਾਬੀ ਵਿਚਾਰਧਾਰਾ ਦੇ ਪਹੁਲ ਨੇ ਉਸ ਦੀ ਇਸ ਸ਼ਖਸੀ ਖੂਬੀ ਦੀ ਕਾਇਆ-ਕਲਪ ਕਰ ਕੇ ਉਸ ਨੂੰ ਰੌਸ਼ਨ ਖਿਆਲ ਯੁਗ-ਪਲਟਾਊ ਬਣਾ ਦਿੱਤਾ। ਉਨ੍ਹਾਂ ਦੀ ਇਨਕਲਾਬੀ ਕਾਜ ਪ੍ਰਤੀ ਨਿਹਚਾ, ਵਚਨਬੱਧਤਾ, ਮਿਸਾਲੀ ਸਿਰੜ ਅਤੇ ਸੂਝ ਨੇ ਗਦਰੀ ਆਗੂਆਂ ਦੇ ਮਨ ਮੋਹ ਲਏ ਅਤੇ ਬੂਝਾ ਸਿੰਘ ਨੇ ਮੁੜ ਜਥੇਬੰਦ ਹੋਈ ਗਦਰ ਪਾਰਟੀ ਦੀ ਅਰਜਨਟਾਈਨਾ ਸ਼ਾਖਾ ਵਿਚ ਮਹੱਤਵਪੂਰਨ ਜ਼ਿੰਮੇਵਾਰੀਆਂ ਓਟਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਮੁੱਖ ਗਦਰੀ ਆਗੂ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਉਨ੍ਹਾਂ ਤੋਂ ਬਾਅਦ ਤੇਜਾ ਸਿੰਘ ਸੁਤੰਤਰ ਵਿਸ਼ੇਸ਼ ਪ੍ਰੋਗਰਾਮ ਲੈ ਕੇ ਅਰਜਨਟਾਈਨਾ ਗਏ ਤਾਂ ਬੂਝਾ ਸਿੰਘ ਨੇ ਵੱਖ-ਵੱਖ ਹਿੱਸਿਆਂ ਵਿਚ ਉਨ੍ਹਾਂ ਦੇ ਨਾਲ ਜਾ ਕੇ ਫੰਡ ਇਕੱਠੇ ਕਰਨ, ਨਵੇਂ ਮੈਂਬਰ ਭਰਤੀ ਕਰਨ ਅਤੇ ਗਦਰੀਆਂ ਨੂੰ ਛਾਪਾਮਾਰ ਲੜਾਈ ਦੀ ਸਿਖਲਾਈ ਦੇਣ ਦੀਆਂ ਮੁਹਿੰਮਾਂ ਨੂੰ ਕਾਮਯਾਬ ਕਰਨ ਲਈ ਜੋਸ਼-ਖਰੋਸ਼ ਨਾਲ ਸਰਗਰਮੀ ਕੀਤੀ।

ਬਾਬਾ ਰਤਨ ਸਿੰਘ ਦੀ ਤਜਵੀਜ਼ ਮੰਨ ਕੇ ਗਦਰੀਆਂ ਨੂੰ ਕਮਿਊਨਿਸਟ ਸਿਧਾਂਤ ਦੀ ਪੜ੍ਹਾਈ ਅਤੇ ਹੋਰ ਸਿਖਲਾਈ ਲਈ ਰੂਸ ਭੇਜਣ ਦੀ ਯੋਜਨਾ ਮੁਤਾਬਿਕ ਅਪਰੈਲ 1932 ਵਿਚ ਚਾਰ ਗਦਰੀਆਂ ਦਾ ਪਹਿਲਾ ਜਥਾ ਬੂਝਾ ਸਿੰਘ ਦੀ ਅਗਵਾਈ ਹੇਠ ਰੂਸ ਭੇਜਿਆ ਗਿਆ। ਫਿਰ ਹੋਰ ਮੁਲਕਾਂ ਤੋਂ ਵੀ ਜਥੇ ਆਉਂਦੇ ਗਏ, ਪਰ ਇਹ ਗੌਰਤਲਬ ਹੈ ਕਿ ਸਭ ਤੋਂ ਵੱਧ ਤਕਰੀਬਨ 60 ਫੀਸਦੀ ਇਨਕਲਾਬੀ ਅਰਜਨਟਾਈਨਾ ਤੋਂ ਆਏ ਸਨ। ਲੋੜੀਂਦੀ ਪੜ੍ਹਾਈ-ਸਿਖਲਾਈ ਤੋਂ ਬਾਅਦ 1934 'ਚ ਵਾਪਸ ਹਿੰਦੁਸਤਾਨ ਭੇਜੇ ਗਏ ਅਰਜਨਟਾਈਨਾ ਵਾਲੇ ਗਦਰੀਆਂ ਵਿਚੋਂ ਵੀ ਬੂਝਾ ਸਿੰਘ ਮੋਹਰੀ ਸਨ। ਮੁਲਕ ਵਿਚ ਆ ਕੇ ਉਨ੍ਹਾਂ ਕਿਰਤੀ ਪਾਰਟੀ ਦੀ ਅਗਵਾਈ ਹੇਠ ਲਹਿਰ ਉਸਾਰਨ ਲਈ ਦਿਨ-ਰਾਤ ਇਕ ਕਰ ਦਿੱਤਾ। ਅਕਤੂਬਰ 1935 'ਚ ਬੂਝਾ ਸਿੰਘ ਅਤੇ ਦੁੱਲਾ ਸਿੰਘ ਜਲਾਲਦੀਵਾਲ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰ ਕੇ ਸ਼ਾਹੀ ਕਿਲ੍ਹਾ ਲਾਹੌਰ ਵਿਚ ਬੇਤਹਾਸ਼ਾ ਤਸ਼ੱਦਦ ਢਾਹਿਆ ਗਿਆ ਅਤੇ ਦੋ ਮਹੀਨੇ ਬਾਅਦ ਪਿੰਡ ਵਿਚ ਜੂਹਬੰਦ ਕਰ ਦਿੱਤਾ ਗਿਆ। ਬੂਝਾ ਸਿੰਘ ਬਹੁਤ ਸੂਝਵਾਨ ਅਤੇ ਬਹੁਪੱਖੀ ਗੁਣਾਂ ਵਾਲੇ ਸਨ। ਉਨ੍ਹਾਂ ਨੇ ਜੂਹਬੰਦੀ ਦੌਰਾਨ ਜਿੱਥੇ ਗੁਪਤ ਤਰੀਕੇ ਨਾਲ ਆਪਣੀ ਸਰਗਰਮੀ ਜਾਰੀ ਰੱਖੀ, ਉਥੇ ਇਸ ਸਮੇਂ ਦੌਰਾਨ ਨਵੀਂ ਸੇਧ ਦੇ ਕੇ ਪਰਿਵਾਰ ਦੀ ਆਰਥਿਕਤਾ ਦੀ ਕਾਇਆ-ਕਲਪ ਵੀ ਕਰ ਦਿੱਤੀ। ਜੂਹਬੰਦੀ ਖਤਮ ਹੁੰਦੇ ਸਾਰ ਉਹ ਮੁੜ ਪਹਿਲਾਂ ਵਾਂਗ ਸਰਗਰਮੀ



ਵਿਚ ਜੁੱਟ ਗਏ। ਦੂਜੀ ਸੰਸਾਰ ਜੰਗ ਦੌਰਾਨ ਹੋਰ ਆਗੂਆਂ ਦੇ ਨਾਲ ਉਨ੍ਹਾਂ ਨੂੰ ਵੀ ਜੇਲ੍ਹ ਵਿਚ ਬੰਦ ਰੱਖਿਆ ਗਿਆ। ਉਨ੍ਹਾਂ ਨੇ 1947 ਝੂਠੀ ਆਜ਼ਾਦੀ ਦਾ ਪਰਦਾਫਾਸ਼ ਕੀਤਾ ਅਤੇ ਲੋਕਾਂ ਨੂੰ ਸੱਚੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਦਾ ਹੋਕਾ ਦਿੱਤਾ। ਉਨ੍ਹਾਂ ਨੇ ਲਾਲ ਕਮਿਊਨਿਸਟ ਪਾਰਟੀ ਦੇ ਝੰਡੇ ਹੇਠ ਪੈਪਸੂ ਰਿਆਸਤਾਂ ਦੇ ਮੁਜ਼ਾਰੇ ਕਿਸਾਨਾਂ ਦੇ ਜਗੀਰਦਾਰੀ ਵਿਰੁਧ ਜੁਝਾਰੂ ਸੰਗਰਾਮ ਵਿਚ ਆਗੂ ਭੂਮਿਕਾ ਨਿਭਾਈ।

1930 ਤੋਂ ਲੈ ਕੇ ਸ਼ਹਾਦਤ ਦੇ ਆਖਰੀ ਪਲਾਂ ਤਕ ਉਨ੍ਹਾਂ ਦਾ ਚਾਰ ਦਹਾਕੇ ਲੰਮਾ ਰਾਜਸੀ ਸਫਰ ਇਨਕਲਾਬੀ ਨਿਹਚਾ ਅਤੇ ਵਚਨਬੱਧਤਾ ਦਾ ਮੁਜੱਸਮਾ ਹੈ। ਇਸੇ ਤਰ੍ਹਾਂ ਹੀ ਸ਼ਾਨਦਾਰ ਹੈ ਉਨ੍ਹਾਂ ਦਾ ਇਨਕਲਾਬੀ ਲਗਾਤਾਰਤਾ ਵਾਲਾ ਸਮਝੌਤਾ ਰਹਿਤ ਅਤੇ ਅਡੋਲ ਵਿਚਾਰਧਾਰਕ-ਰਾਜਸੀ ਸਟੈਂਡ। ਕਿਰਤੀ ਪਾਰਟੀ ਤੋਂ ਲੈ ਕੇ ਸੀ.ਪੀ.ਆਈ., ਫਿਰ ਲਾਲ ਕਮਿਊਨਿਸਟ ਪਾਰਟੀ, ਫਿਰ ਸੀ.ਪੀ.ਐਮ. ਅਤੇ ਆਖਿਰਕਾਰ ਨਕਸਲੀ ਲਹਿਰ, ਗੱਲ ਕੀ ਕਮਿਊਨਿਸਟ ਲਹਿਰ ਦੇ ਹਰ ਮਹੱਤਵਪੂਰਨ ਮੋੜ ਉਪਰ ਬਹੁਤ ਹੀ ਪ੍ਰਤੀਕੂਲ ਹਾਲਾਤ ਦੇ ਬਾਵਜੂਦ ਬੂਝਾ ਸਿੰਘ ਦੀ ਸਿਰਕੱਢ ਆਗੂ ਭੂਮਿਕਾ ਅਤੇ ਧੜੱਲੇਦਾਰ ਦਖਲਅੰਦਾਜ਼ੀ ਹਮੇਸ਼ਾ ਧਿਆਨ ਖਿੱਚਦੀ ਹੈ। ਉਹ ਜਿਸ ਵੀ ਪਾਰਟੀ ਵਿਚ ਰਹੇ ਹਮੇਸ਼ਾ ਜਾਤੀ ਨੇੜਤਾ, ਲਿਹਾਜ਼ਾਂ ਅਤੇ ਪੁਰਾਣੇ ਰਿਸ਼ਤਿਆਂ ਤੋਂ ਬੇਪ੍ਰਵਾਹ ਹੋ ਕੇ ਅਤੇ ਕਮਿਊਨਿਸਟ ਸਿਧਾਂਤਾਂ ਤੇ ਅਸੂਲਾਂ ਅਨੁਸਾਰ ਹਥਿਆਰਬੰਦ ਇਨਕਲਾਬ ਨੂੰ ਪ੍ਰਣਾਈ ਜੁਝਾਰੂ ਇਨਕਲਾਬੀ ਧਾਰਾ ਨਾਲ ਖੜ੍ਹੇ। 1950ਵਿਆਂ ਦੇ ਅਖੀਰ 'ਚ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਸ਼ੁਰੂ ਹੋਈ ਸਿਧਾਂਤਕ ਬਹਿਸ ਅਤੇ 1960ਵਿਆਂ ਦੇ ਸ਼ੁਰੂ ਵਿਚ ਭਾਰਤ-ਚੀਨ ਯੁੱਧ ਵਰਗੇ ਫੈਸਲਾਕੁਨ ਇਤਿਹਾਸਕ ਮੋੜਾਂ ਉਪਰ ਉਨ੍ਹਾਂ ਦੇ ਰਾਜਸੀ ਸਟੈਂਡ ਬੜੇ ਸਪਸ਼ਟ ਕੌਮਾਂਤਰੀਵਾਦੀ ਸਨ। ਜਦ ਖਾਸ ਦੌਰ ਵਿਚ ਉਹ ਕਮਿਊਨਿਸਟ ਜਥੇਬੰਦੀ ਤੋਂ ਬਾਹਰ ਕਰ ਦਿੱਤੇ ਗਏ, ਉਦੋਂ ਵੀ ਉਹ ਗੈਰ ਸਰਗਰਮ ਨਹੀਂ ਹੋਏ। ਜਿਉਂ ਹੀ ਮੌਕਾ ਮਿਲਿਆ ਉਹ ਮੁੜ ਸਰਗਰਮ ਰਾਜਸੀ ਭੂਮਿਕਾ ਵਿਚ ਆ ਗਏ। ਐਸੇ ਸਮਿਆਂ 'ਚ ਉਨ੍ਹਾਂ ਦਾ ਸਟੈਂਡ ਬਹੁਤ ਹੀ ਅਡੋਲ ਅਤੇ ਦ੍ਰਿੜ ਹੁੰਦਾ ਸੀ ਅਤੇ ਉਹ ਵੱਡੇ ਤੋਂ ਵੱਡੇ ਖਤਰਿਆਂ ਦਾ ਖਿੜੇ ਮੱਥੇ ਮੁਕਾਬਲਾ ਕਰਨ ਦਾ ਦਮ ਰੱਖਦੇ ਸਨ। ਉਹ ਡੂੰਘੀ ਰਾਜਸੀ ਸੂਝ ਵਾਲੇ ਆਗੂ, ਨਿਪੁੰਨ ਨੀਤੀਘਾੜੇ ਅਤੇ ਪ੍ਰਭਾਵਸ਼ਾਲੀ ਵਕਤਾ ਸਨ। ਉਸ ਦੀ ਲੋਕਾਂ ਦੀ ਨਬਜ਼ ਉਪਰ ਪੂਰੀ ਪਕੜ ਸੀ। ਉਹ ਮਾਰਕਸੀ ਫਲਸਫੇ ਨੂੰ ਸਾਡੇ ਆਪਣੇ ਸਮਾਜੀ ਇਤਿਹਾਸ ਵਿਚੋਂ ਠੋਸ ਮਿਸਾਲਾਂ ਦੇ ਕੇ ਲੋਕ ਮੁਹਾਵਰੇ ਵਿਚ ਬਿਆਨ ਕਰਨ ਦੀ ਕਲਾ ਦੇ ਧਨੀ ਸਨ। ਪਿੰਡ-ਪਿੰਡ ਉਨ੍ਹਾਂ ਵੱਲੋਂ ਲਾਏ ਸਿਧਾਂਤਕ ਸਕੂਲਾਂ ਤੋਂ ਪ੍ਰਭਾਵਿਤ ਹੋ ਕੇ ਅਣਗਿਣਤ ਨੌਜਵਾਨ ਸਮਾਜ ਨੂੰ ਬਦਲਣ ਦਾ ਸੁਪਨਾ ਲੈ ਕੇ ਨਕਸਲੀ ਲਹਿਰ ਵਿਚ ਸ਼ਾਮਲ ਹੋਏ।

ਬਾਬਾ ਭਗਤ ਸਿੰਘ ਬਿਲਗਾ ਉਨ੍ਹਾਂ ਦੀ ਦ੍ਰਿੜਤਾ ਅਤੇ ਅਡੋਲਤਾ ਬਾਰੇ ਦੱਸਦੇ ਹਨ ਕਿ ਜਦੋਂ ਨਕਸਲੀ ਲਹਿਰ ਦੌਰਾਨ ਕਾ. ਬੂਝਾ ਸਿੰਘ ਦੇ ਵਾਰੰਟ ਨਿਕਲੇ ਹੋਏ ਸਨ ਤਾਂ ਬਾਬਾ ਬਿਲਗਾ ਜੀ ਦੇ ਪੁੱਤਰ ਕੁਲਬੀਰ ਨੇ ਉਨ੍ਹਾਂ ਦੀ ਕਮਜ਼ੋਰ ਸਿਹਤ ਦੇ ਮੱਦੇਨਜ਼ਰ ਉਨ੍ਹਾਂ ਨੂੰ ਦੋ ਮਹੀਨੇ ਪਹਾੜਾਂ ਉਪਰ ਜਾ ਕੇ ਅਰਾਮ ਕਰਨ ਅਤੇ ਫਿਰ ਸਿਹਤ ਬਣਾ ਕੇ ਰਾਜਸੀ ਸਰਗਰਮੀ ਵਿਚ ਪਰਤਣ ਦੀ ਸਲਾਹ ਦਿੱਤੀ। ਅੱਗੋਂ ਉਨ੍ਹਾਂ ਦਾ ਜਵਾਬ ਉਨ੍ਹਾਂ ਦੇ ਅਟੱਲ ਇਰਾਦੇ ਦੇ ਦੀਦਾਰ ਕਰਾਉਂਦਾ ਹੈ। ਬੂਝਾ ਸਿੰਘ ਨੇ ਕਿਹਾ ਕਿ ਸਾਡੇ ਕਹਿਣ 'ਤੇ ਜੋ ਨੌਜਵਾਨ ਲਹਿਰ ਵਿਚ ਕੁੱਦੇ ਹਨ, ਉਨ੍ਹਾਂ ਨੂੰ ਪੁਲਿਸ ਦੀਆਂ ਗੋਲੀਆਂ ਨਾਲ ਉਡਾਇਆ ਜਾ ਰਿਹਾ ਹੋਵੇ ਅਤੇ ਮੈਂ ਸਿਹਤ ਬਣਾਉਣ ਦੀ ਸੋਚਾਂ, ਇਹ ਹਰਗਿਜ਼ ਨਹੀਂ ਹੋ ਸਕਦਾ।

ਪੁਲਿਸ ਵੱਲੋਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਉਨ੍ਹਾਂ ਨੂੰ ਨਹਾਇਤ ਬੁਜ਼ਦਿਲ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ ਅਤੇ 27-28 ਜੁਲਾਈ 1970 ਦਰਮਿਆਨ ਦੀ ਰਾਤ ਨੂੰ ਕਤਲ ਕਰ ਕੇ ਝੂਠਾ ਮੁਕਾਬਲਾ ਦਿਖਾ ਦਿੱਤਾ ਗਿਆ। ਬਾਦਲ ਰਾਜ ਦੇ ਇਸ ਘਿਨਾਉਣੇ ਕਾਰੇ ਦਾ ਵਿਆਪਕ ਵਿਰੋਧ ਹੋਇਆ। ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਮੁਕਾਬਲੇ ਦੀ ਜੁਡੀਸ਼ੀਅਲ ਜਾਂਚ ਕਰਾਉਣ ਤੋਂ ਵੀ ਸਾਫ ਨਾਂਹ ਕਰ ਦਿੱਤੀ।

ਇਕ ਕਮਿਊਨਿਸਟ ਦਾ ਕਿਰਦਾਰ ਕਿਸ ਤਰ੍ਹਾਂ ਦਾ ਅਸੂਲੀ ਅਤੇ ਦ੍ਰਿੜ ਹੋਣਾ ਚਾਹੀਦਾ ਹੈ, ਬੂਝਾ ਸਿੰਘ ਦੀ ਜ਼ਿੰਦਗੀ ਇਸ ਦੀ ਆਦਰਸ਼ ਮਿਸਾਲ ਹੈ। ਉਨ੍ਹਾਂ ਦੀ ਦੇਣ ਅਤੇ ਕੁਰਬਾਨੀ ਸਮੁੱਚੀ ਕਮਿਊਨਿਸਟ ਲਹਿਰ ਦੇ ਚੇਤਿਆਂ ਵਿਚ ਵਸੀ ਹੋਈ ਹੈ। ਉਨ੍ਹਾਂ ਦੀ ਯਾਦ ਵਿਚ ਹਰ ਸਾਲ 28 ਜੁਲਾਈ ਨੂੰ ਚੱਕ ਮਾਈਦਾਸ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਂਦਾ ਹੈ।

# ਯੂ. ਏ. ਪੀ. ਏ. ਅਤੇ ਡਰ ਦੀ ਸਿਆਸਤ

ਪ੍ਰਭਸ਼ਰਨਬੀਰ ਸਿੰਘ
ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ



ਯੂ. ਏ. ਪੀ. ਏ. 1947 ਤੋਂ ਬਾਅਦ ਦੇ ਭਾਰਤ ਵਿਚ ਘੱਟ-ਗਿਣਤੀਆਂ ਨੂੰ ਦਬਾਉਣ ਦੀ ਮਨਸ਼ਾ ਨਾਲ ਬਣਾਏ ਗਏ ਬਹੁਤ ਸਾਰੇ 'ਨਾਜਾਇਜ਼ ਕਾਨੂੰਨਾਂ' ਵਿਚੋਂ ਇਕ ਹੈ। ਇਹ ਕਾਨੂੰਨ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਾ ਕਤਲ ਕਰਦਾ ਹੈ, ਕਿਉਂਕਿ ਇਸ ਕਾਨੂੰਨ ਤਹਿਤ ਕਿਸੇ ਨੂੰ ਸਿਰਫ ਸਥਾਪਤੀ-ਵਿਰੋਧੀ ਲਿਖਤ-ਸਮੱਗਰੀ ਰੱਖਣ ਦੇ ਦੋਸ਼ਾਂ ਬਦਲੇ ਉਮਰ ਕੈਦ ਜਿਹੀ ਸਖਤ ਸਜ਼ਾ ਦਿੱਤੀ ਜਾ ਸਕਦੀ ਹੈ। ਪਿੱਛੇ ਜਿਹੇ ਤਿੰਨ ਸਿੱਖ ਨੌਜੁਆਨਾਂ ਨੂੰ ਕਿਤਾਬਾਂ ਰੱਖਣ ਦੇ ਦੋਸ਼ ਅਧੀਨ ਉਮਰ ਕੈਦ ਦੀ ਸਜ਼ਾ ਸੁਣਾਈ ਵੀ ਗਈ ਹੈ।

ਅੱਜ-ਕੱਲ੍ਹ ਵੀ ਪੰਜਾਬ ਵਿਚ ਪੁਲਿਸ ਵੱਲੋਂ ਬਹੁਤ ਸਾਰੇ ਸਿੱਖ ਨੌਜੁਆਨਾਂ ਨੂੰ ਅਜਿਹੇ ਕਾਲੇ ਕਾਨੂੰਨਾਂ ਦੇ ਸਹਾਰੇ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ ਅਤੇ ਅਨੇਕਾਂ ਬੇਕਸੂਰ ਨੌਜੁਆਨਾਂ ਨੂੰ ਥਾਣਿਆਂ ਵਿਚ ਬੁਲਾ ਕੇ ਜ਼ਲੀਲ ਕੀਤਾ ਜਾ ਰਿਹਾ ਹੈ। ਇੱਕ ਨੌਜੁਆਨ ਲਵਪ੍ਰੀਤ ਸਿੰਘ ਨੇ ਤਾਂ ਪੁਲਿਸ ਜਬਰ ਤੋਂ ਡਰਦਿਆਂ ਖੁਦਕੁਸ਼ੀ ਵੀ ਕਰ ਲਈ ਹੈ। ਅਜਿਹਾ ਮਾਹੌਲ ਸਿਰਜ ਕੇ ਸਟੇਟ ਆਪਣੀ ਹੋਂਦ ਨੂੰ 'ਡਰ ਦੀ ਸਿਆਸਤ' ਰਾਹੀਂ ਪੱਕਿਆਂ ਕਰਨ ਦੀ ਕੋਸ਼ਿਸ਼ ਵਿਚ ਹੈ।

'ਡਰ ਦੀ ਸਿਆਸਤ' ਉਸ ਵਰਤਾਰੇ ਦਾ ਨਾਂ ਹੈ, ਜਿਸ ਰਾਹੀਂ ਸਰਕਾਰ ਅਤੇ ਲੋਕਾਂ ਦੇ ਅੰਤਰ-ਸਬੰਧਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਮ ਤੌਰ 'ਤੇ ਸਰਕਾਰ ਅਤੇ ਲੋਕਾਂ ਦੇ ਸਬੰਧਾਂ ਨੂੰ 'ਸਮਾਜਕ ਸਮਝੌਤਾ' ਨਾਂ ਦੇ ਵਿਚਾਰ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਭਾਵੇਂ ਇਸ ਵਿਚਾਰ ਦਾ ਜਨਮਦਾਤਾ ਫਰਾਂਸੀਸੀ ਚਿੰਤਕ ਰੂਸੋ ਨੂੰ ਮੰਨਿਆ ਜਾਂਦਾ ਹੈ, ਪਰ ਇਹ ਵਿਚਾਰ ਪੱਛਮ ਵਿਚ ਬੜੇ ਲੰਮੇ ਸਮੇਂ ਤੋਂ ਕ੍ਰਿਆਸ਼ੀਲ ਰਿਹਾ ਹੈ। ਅਸੀਂ ਇਸ ਦੇ ਕੁਝ ਸੰਕੇਤ ਪਲੈਟੋ ਦੀ 'ਰਿਪਬਲਿਕ' ਵਿਚ ਵੀ ਵੇਖ ਸਕਦੇ ਹਾਂ। ਇਸ ਵਿਚਾਰ ਮੁਤਾਬਕ ਸਰਕਾਰ ਅਤੇ ਲੋਕ ਆਪਸ ਵਿਚ ਇੱਕ ਸਮਝੌਤੇ ਰਾਹੀਂ ਬੱਝੇ ਹੁੰਦੇ ਹਨ, ਜਿਸ ਅਨੁਸਾਰ ਸਰਕਾਰ ਨੇ ਲੋਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈਣੀ ਹੁੰਦੀ ਹੈ ਅਤੇ ਲੋਕਾਂ ਨੇ ਕਾਨੂੰਨਾਂ ਦੀ ਪਾਲਣਾ ਕਰਦਿਆਂ ਆਪਣੇ ਫਰਜ਼ ਪੂਰੇ ਕਰਨੇ ਹੁੰਦੇ ਹਨ। ਇਸ ਵਿਚਾਰ ਵਿਚ ਆਦਰਸ਼ਕ ਰਾਜ ਸਿਰਜਣ ਦੀ ਸਮਰੱਥਾ ਨਹੀਂ ਹੈ, ਕਿਉਂਕਿ ਇਹ ਸਮਾਜ ਅਤੇ ਜੀਵਨ ਦੀ ਬਹੁਤ ਹੀ ਸਤਹੀ ਪੱਧਰ ਦੀ ਵਿਆਖਿਆ ਵਿਚੋਂ ਨਿਕਲਿਆ ਹੈ। ਇਸ ਵਿਚਾਰ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਇਸ ਦੀ ਜੜ੍ਹ ਕਿਸੇ ਆਦਿ-ਜੁਗਾਦੀ ਸੱਚ ਵਿਚ ਨਹੀਂ ਲੱਗੀ ਹੋਈ। ਇਹ ਵਿਚਾਰ ਤਾਰਕਿਕ ਬੁੱਧੀ ਦੀਆਂ ਗਿਣਤੀਆਂ-ਮਿਣਤੀਆਂ ਵਿਚੋਂ ਪੈਦਾ ਹੋਇਆ ਵਿਚਾਰ ਹੈ। ਆਦਰਸ਼ਕ ਰਾਜ ਸਿਰਫ ਓਸੇ ਇਤਿਹਾਸਕ ਵਰਤਾਰੇ ਵਿਚੋਂ ਉਪਜ ਸਕਦਾ ਹੈ, ਜਿਸ ਦਾ ਅਰੰਭ ਕਿਸੇ ਪ੍ਰਕਾਸ਼ਮਾਨ ਸੱਚ ਵਿਚੋਂ ਉਗਮਿਆ ਹੋਵੇ; ਪਰ ਇਨ੍ਹਾਂ ਬੁਨਿਆਦੀ ਕਮੀਆਂ ਦੇ ਬਾਵਜੂਦ ਇਸ ਵਿਚਾਰ ਦੇ ਆਧਾਰ ਉਤੇ ਅਜਿਹੇ ਸਮਾਜਾਂ ਦੀ ਸਿਰਜਣਾ ਸੰਭਵ ਹੋਈ ਹੈ, ਜਿੱਥੇ ਜੀਵਨ ਭਾਵੇਂ ਮਾਣਨਯੋਗ ਤਾਂ ਨਹੀਂ, ਪਰ ਸਹਿਣ ਜੋਗਾ ਜਰੂਰ ਹੈ।

ਅੱਜ ਹਿੰਦੁਸਤਾਨ ਵਿਚ ਡਰ ਦੀ ਸਿਆਸਤ ਰਾਹੀਂ ਇਸ ਅਧੂਰੇ ਵਿਚਾਰ ਨੂੰ ਵੀ ਤਿਲਾਂਜਲੀ ਦਿੱਤੀ ਜਾ ਰਹੀ ਹੈ। ਇਸ ਸਿਆਸਤ ਅਨੁਸਾਰ ਸਰਕਾਰ ਅਤੇ ਲੋਕਾਂ ਵਿਚਲੇ ਸਬੰਧਾਂ ਨੂੰ ਕੋਈ ਸਮਝੌਤਾ ਨਹੀਂ, ਸਗੋਂ ਸਟੇਟ ਦੇ ਜਬਰ ਦਾ ਡਰ ਤੈਅ ਕਰਦਾ ਹੈ। ਅਜਿਹੀ ਸਿਆਸਤ ਰਾਹੀਂ ਸਟੇਟ ਲੋਕਾਂ ਦੀ ਸੁਰੱਖਿਆ ਦੀ ਜ਼ਾਮਨ ਬਣਨ ਦੀ ਥਾਂ ਉਨ੍ਹਾਂ ਦੇ ਸਿਰਾਂ ਉਤੇ ਹਰ ਵੇਲੇ ਲਟਕੀ ਰਹਿਣ ਵਾਲੀ ਤਲਵਾਰ ਬਣ ਜਾਂਦੀ ਹੈ। ਸਟੇਟ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਜ ਦਿੰਦੀ ਹੈ ਅਤੇ ਲੋਕਾਂ ਨੂੰ ਹਿੰਸਾ ਦੇ ਡਰਾਵੇ ਰਾਹੀਂ ਕਾਬੂ ਵਿਚ ਰੱਖਣ ਦਾ ਜਤਨ ਕਰਦੀ ਹੈ।

ਡਰ ਦੀ ਇਹ ਸਿਆਸਤ ਸਮਾਜਕ-ਰਾਜਨੀਤਿਕ ਸੰਗਠਨ ਨੂੰ ਤਾਂ ਪ੍ਰਭਾਵਿਤ ਕਰਦੀ ਹੀ ਹੈ, ਲੋਕਾਂ ਦੇ ਮਨੋ-ਸਰੀਰਕ ਪ੍ਰਬੰਧ ਉਤੇ ਵੀ ਚਿਰ-ਸਥਾਈ ਅਸਰ ਛੱਡਦੀ ਹੈ। ਫਰਾਂਸੀਸੀ ਚਿੰਤਕ ਐਨ ਡੁਫੋਰਮੈਂਟੈੱਲ ਨੇ ਇਸ ਸਬੰਧ ਵਿਚ ਬੜੀ ਭਾਵਪੂਰਤ ਟਿੱਪਣੀ ਕੀਤੀ ਹੈ। ਉਸ ਦਾ ਕਹਿਣਾ ਹੈ, "ਆਜ਼ਾਦ ਹਸਤੀ ਵਾਲੇ ਲੋਕਾਂ ਨੂੰ ਕਾਬੂ ਵਿਚ ਰੱਖਣਾ ਓਨਾ ਸੌਖਾ ਨਹੀਂ ਹੁੰਦਾ, ਜਿੰਨਾ ਡਰੇ ਹੋਏ ਲੋਕਾਂ ਨੂੰ ਹੁੰਦਾ ਹੈ।" ਭਾਵ ਇਹ ਕਿ ਡਰ ਸਿਰਫ ਬਾਹਰੀ ਪ੍ਰਭਾਵ ਹੀ ਨਹੀਂ ਸਿਰਜਦਾ, ਸਗੋਂ ਲੋਕਾਂ ਦੇ ਅੰਦਰੂਨੀ ਅਨੁਭਵਾਂ ਨੂੰ ਵੀ ਲਚਕੀਲੇ ਸਾਧਨਾਂ ਵਿਚ ਰੂਪਾਂਤ੍ਰਿਤ ਕਰ ਦਿੰਦਾ ਹੈ। ਇਸ ਚਿੰਤਕ ਦੀ ਖਾਸ ਗੱਲ ਇਹ ਸੀ ਕਿ ਉਹ ਜੋ ਲਿਖਦੀ ਸੀ, ਉਸ ਨੂੰ ਜਿਉਂਦੀ ਵੀ ਸੀ। ਇੱਕ ਹੋਰ ਥਾਂ ਉਸ ਨੇ ਲਿਖਿਆ ਹੈ ਕਿ ਸੱਚੀ-ਸੁੱਚੀ ਜ਼ਿੰਦਗੀ ਸਿਰਫ ਉਹੀ ਲੋਕ ਜਿਉਂ ਸਕਦੇ ਹਨ, ਜਿਨ੍ਹਾਂ ਵਿਚ ਜ਼ੋਖਮ ਲੈਣ ਦਾ ਅਤੇ ਖਤਰੇ ਸਹੇੜਨ ਦਾ ਮਾਦਾ ਹੋਵੇ। ਡਰਿਆ ਹੋਇਆ ਬੰਦਾ ਜ਼ਿੰਦਗੀ ਜਿਉਂਦਾ ਨਹੀਂ, ਕੱਟਦਾ ਹੈ।




ਮੈਨੂੰ 2016 ਵਿਚ ਵੈਨਕੂਵਰ ਵਿਖੇ ਇਸ ਚਿੰਤਕ ਨੂੰ ਇਕ ਕਾਨਫਰੰਸ ਦੌਰਾਨ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮੈਂ ਅਨੇਕਾਂ ਚਿੰਤਕ ਵੇਖੇ-ਸੁਣੇ ਹਨ, ਪਰ ਜਿੰਨੇ ਸਹਿਜ ਵਿਚ ਉਹ ਗੱਲ ਕਰਦੀ ਸੀ, ਓਨੇ ਸਹਿਜ ਵਿਚ ਅੱਜ ਤੱਕ ਕਿਸੇ ਹੋਰ ਨੂੰ ਗੱਲ ਕਰਦਿਆਂ ਨਹੀਂ ਤੱਕਿਆ। ਅਗਲੇ ਹੀ ਸਾਲ 2017 ਵਿਚ ਖਬਰ ਆ ਗਈ ਕਿ ਉਸ ਦੀ ਮੌਤ ਹੋ ਗਈ ਹੈ। ਹੋਣੀ ਇਉਂ ਵਾਪਰੀ ਕਿ ਇੱਕ ਦਿਨ ਉਹ ਸਮੁੰਦਰ ਦੇ ਕੰਢੇ ਟਹਿਲ ਰਹੀ ਸੀ ਤਾਂ ਉਸ ਨੇ ਦੋ ਬੱਚੇ ਡੁੱਬਦੇ ਵੇਖੇ। ਉਹ ਝੱਟ ਉਨ੍ਹਾਂ ਨੂੰ ਬਚਾਉਣ ਲਈ ਸਮੁੰਦਰ ਵਿਚ ਕੁੱਦ ਪਈ। ਦੋਵੇਂ ਬੱਚੇ ਤਾਂ ਬਚ ਗਏ, ਪਰ ਉਹ ਆਪ ਕੁਰਬਾਨ ਹੋ ਗਈ। ਆਪਣੇ ਫਲਸਫੇ ਨੂੰ ਜਿਉਂਦਿਆਂ ਖੁਦ ਨੂੰ ਫਨਾਹ ਕਰ ਲੈਣ ਵਾਲਾ ਜੋਸ਼ ਉਸ ਨੂੰ ਸੁਕਰਾਤ ਜਿਹਾ ਰੁਤਬਾ ਬਖਸ਼ ਗਿਆ। ਜ਼ੋਖਮ ਲੈਣਾ ਉਸ ਲਈ ਮਹਿਜ਼ ਇਕ ਨਵਾਂ ਫਲਸਫਾਨਾ ਵਿਚਾਰ ਹੀ ਨਹੀਂ ਸੀ, ਸਗੋਂ ਉਸ ਦੀ ਜੀਵਨ ਜਾਚ ਦਾ ਹਿੱਸਾ ਬਣ ਚੁਕਾ ਸੀ।

ਸਟੇਟ ਨੂੰ ਵੀ ਹਮੇਸ਼ਾ ਉਨ੍ਹਾਂ ਲੋਕਾਂ ਤੋਂ ਹੀ ਖਤਰਾ ਹੁੰਦਾ ਹੈ, ਜੋ ਆਪਣੀ ਜਾਨ ਜ਼ੋਖਮ ਵਿਚ ਪਾ ਸਕਦੇ ਹੋਣ। ਡਰ ਦੀ ਸਿਆਸਤ ਨੂੰ ਪ੍ਰਣਾਈ ਸਟੇਟ ਅਜਿਹੇ ਲੋਕਾਂ ਦੀ ਨਿਸ਼ਾਨਦੇਹੀ ਕਰਨ ਅਤੇ ਉਨ੍ਹਾਂ ਨੂੰ ਖਤਮ ਜਾਂ ਨਜ਼ਰਬੰਦ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਪੰਜਾਬ ਵਿਚ ਪਿਛਲੇ ਕਈ ਦਹਾਕਿਆਂ ਤੋਂ ਇਹੀ ਹੋ ਰਿਹੈ। 1984 ਤੋਂ ਬਾਅਦ ਸਰਕਾਰ ਨੇ ਵਿਸ਼ੇਸ਼ ਤੌਰ 'ਤੇ ਇਹ ਰਵੱਈਆ ਅਪਨਾਇਆ ਹੈ ਕਿ ਆਨੀਂ-ਬਹਾਨੀਂ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਜ਼ਲੀਲ ਕੀਤਾ ਜਾਵੇ। ਇਨ੍ਹਾਂ ਵਿਚੋਂ ਜਿਹੜੇ ਨਾ ਡਰਨ, ਉਨ੍ਹਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਵੇ, ਯੂ. ਏ. ਪੀ. ਏ. ਜਿਹੇ ਕੇਸ ਪਾਏ ਜਾਣ ਅਤੇ ਜਾਂ ਫਿਰ ਮਾਰ ਮੁਕਾਇਆ ਜਾਵੇ। ਅਜਿਹੇ ਵਰਤਾਰੇ ਨੇ ਕੁਦਰਤੀ ਹੀ ਲੋਕਾਂ ਅੰਦਰ ਡਰ ਦਾ ਮਾਹੌਲ ਪੈਦਾ ਕਰਨਾ ਹੁੰਦਾ ਹੈ ਅਤੇ ਡਰੇ ਹੋਏ ਲੋਕਾਂ ਨੂੰ ਕਾਬੂ ਵਿਚ ਰੱਖਣਾ ਸੌਖਾ ਹੁੰਦਾ ਹੈ।

ਸਿੱਖ ਪਰੰਪਰਾ ਵਿਚ ਡਰ ਨੂੰ ਮਨੁੱਖੀ ਹੋਂਦ ਦਾ ਅਹਿਮ ਅੰਗ ਮੰਨਿਆ ਗਿਆ ਹੈ ਅਤੇ ਇਸ ਤੋਂ ਨਜਾਤ ਪਾਉਣ ਨੂੰ ਪਵਿੱਤਰ ਕਰਮ ਮਿਥਿਆ ਗਿਆ ਹੈ। ਅਕਾਲ ਪੁਰਖੁ ਨਿਰਭਉ ਹੈ, ਪਰ ਬਾਕੀ ਸਾਰਾ ਪਸਾਰਾ ਭੈਅ ਵਿਚ ਵਿਚਰਦਾ ਹੈ। ਸਿੱਖ ਹੋਣਾ ਅਤੇ ਨਿਰਭਉ ਹੋਣਾ, ਦੋ ਅੱਡ ਅੱਡ ਗੱਲਾਂ ਨਹੀਂ, ਸਗੋਂ ਇੱਕੋ ਵਰਤਾਰੇ ਦੇ ਅੰਗ ਹਨ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ,

ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ॥

ਸਿੱਖ ਨੇ ਨਾ ਕਿਸੇ ਦਾ ਭੈਅ ਮੰਨਣਾ ਹੈ ਅਤੇ ਨਾ ਹੀ ਕਿਸੇ ਨੂੰ ਭੈਅ ਦੇਣਾ ਹੈ। ਇਹ ਫੁਰਮਾਨ ਸਿੱਖਾਂ ਦੇ ਇਤਿਹਾਸਕ ਕਰਮ ਅਤੇ ਰਾਜਨੀਤੀ ਨੂੰ ਨਿਰਧਾਰਤ ਕਰਦਾ ਹੈ। ਸਿੱਖ ਰਾਜ ਅਜਿਹਾ ਨਿਰਭਉ ਵਾਤਾਵਰਣ ਸਿਰਜਦਾ ਹੈ, ਜਿੱਥੇ ਨਾ ਕਿਸੇ ਨੂੰ ਡਰਾਇਆ ਜਾਂਦਾ ਹੈ ਅਤੇ ਨਾ ਹੀ ਡਰਨ ਦੀ ਲੋੜ ਹੁੰਦੀ ਹੈ। ਕਿਸੇ ਨੂੰ ਡਰਾਉਂਦਾ ਵੀ ਉਹੀ ਹੈ, ਜੋ ਪਹਿਲਾਂ ਆਪ ਵੀ ਡਰਿਆ ਹੋਇਆ ਹੋਵੇ।

ਇਹ ਆਖਰੀ ਨੁਕਤਾ ਸਟੇਟ ਦੀ ਡਰ ਦੀ ਸਿਆਸਤ ਨੂੰ ਸਮਝਣ ਵਿਚ ਮਦਦਗਾਰ ਹੋ ਸਕਦਾ ਹੈ। ਸਟੇਟ ਇਸੇ ਲਈ ਲੋਕਾਂ ਨੂੰ ਡਰਾ ਕੇ ਅਤੇ ਦਬਾ ਕੇ ਰੱਖਣਾ ਚਾਹੁੰਦੀ ਹੈ, ਕਿਉਂਕਿ ਸਟੇਟ ਖੁਦ ਹੀ ਡਰੀ ਹੋਈ ਹੈ। ਸਟੇਟ ਡਰੀ ਹੋਈ ਹੈ, ਕਿਉਂਕਿ ਇਸ ਨੂੰ ਪਤਾ ਹੈ ਕਿ ਲੋਕ-ਮਨਾਂ ਅੰਦਰ ਇਸ ਦੀ ਕੋਈ ਭਰੋਸੇਯੋਗਤਾ ਨਹੀਂ। ਸਟੇਟ ਲਈ ਆਪਣੀ ਭਰੋਸੇਯੋਗਤਾ ਨੂੰ ਬਹਾਲ ਰੱਖਣਾ ਹੀ ਸਭ ਤੋਂ ਔਖਾ ਅਤੇ ਅਹਿਮ ਕਾਰਜ ਹੁੰਦਾ ਹੈ। ਜਦੋਂ ਇਹ ਭਰੋਸਾ ਟੁੱਟ ਜਾਵੇ ਤਾਂ ਸਟੇਟ ਕੋਲ ਡਰ ਹੀ ਇੱਕੋ-ਇੱਕ ਹਥਿਆਰ ਬਚਦਾ ਹੈ, ਪਰ ਡਰ ਦੇ ਆਸਰੇ ਕੋਈ ਵੀ ਰਾਜ ਬਹੁਤਾ ਚਿਰ ਨਹੀਂ ਚੱਲ ਸਕਦਾ। ਭਰੋਸੇਯੋਗਤਾ ਗੁਆਚਣ ਪਿਛੋਂ ਤਖਤੇ ਪਲਟਦਿਆਂ ਵੀ ਚਿਰ ਨਹੀਂ ਲੱਗਦਾ।

ਪੰਜਾਬ ਵਿਚ ਚੱਲ ਰਹੀ ਡਰ ਦੀ ਸਿਆਸਤ ਦਾ ਇਕ ਹੋਰ ਅਹਿਮ ਪੱਖ ਇਹ ਹੈ ਕਿ ਜਦੋਂ ਇਸ ਸਿਆਸਤ ਦਾ ਨਿਸ਼ਾਨਾ ਸਿੱਖ ਹੋਣ ਤਾਂ ਅੱਗੋਂ-ਪਿੱਛੋਂ ਸਮਾਜਕ ਇਨਸਾਫ ਦੀ ਡੌਂਡੀ ਪਿੱਟਣ ਵਾਲੀਆਂ ਖੱਬੇਪੱਖੀ ਧਿਰਾਂ ਅਕਸਰ ਚੁੱਪ ਹੀ ਰਹਿੰਦੀਆਂ ਹਨ। ਇਹ ਚੁੱਪ ਇਨ੍ਹਾਂ ਦੇ ਡਰੇ ਹੋਏ ਹੋਣ ਦੀ ਸੂਚਕ ਤਾਂ ਹੈ ਹੀ, ਨਾਲ ਹੀ ਸਿੱਖਾਂ ਦੇ ਸੰਦਰਭ ਵਿਚ ਇਨ੍ਹਾਂ ਦੀ ਸਟੇਟ ਨਾਲ ਸਾਂਝ-ਭਿਆਲੀ ਨੂੰ ਵੀ ਨਸ਼ਰ ਕਰਦੀ ਹੈ। ਖੱਬੇਪੱਖੀ ਧਿਰਾਂ ਸਟੇਟ ਦੇ ਜਬਰ ਨੂੰ ਲੋਕਾਂ ਸਾਹਵੇਂ ਨਸ਼ਰ ਕਰਨ ਦੀ ਥਾਂ ਇਸ ਦੀ ਵਿਚਾਰਧਾਰਕ ਵਾਜਬੀਅਤਾ ਸਥਾਪਤ ਕਰਨ ਦਾ ਸੰਦ ਬਣ ਗਈਆਂ ਹਨ। ਇਕੱਲੀਆਂ ਖੱਬੇ-ਪੱਖੀ ਧਿਰਾਂ ਹੀ ਨਹੀਂ, ਇਸ ਵਾਰ ਬਹੁਤੀਆਂ ਸਿੱਖ ਸੰਸਥਾਵਾਂ, ਸਿੱਖ ਵਿਦਵਾਨ ਅਤੇ ਦਲਿਤ ਜਥੇਬੰਦੀਆਂ ਵੀ ਚੁੱਪ ਹਨ। ਇਸ ਮਾਹੌਲ ਵਿਚ ਲੋੜ ਹੈ, ਪੰਜਾਬ ਵਿਚ ਇਕ ਨਵਾਂ ਬੌਧਿਕ ਵਾਤਾਵਰਣ ਸਿਰਜਣ ਦੀ, ਜੋ ਨਿਰਭਉਤਾ ਦੀ ਸੁਗੰਧ ਨਾਲ ਮਹਿਕਿਆ ਹੋਵੇ।

ਅਸਲ ਵਿਚ ਇਹ ਲੜਾਈ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਸਿੱਖਾਂ ਨੂੰ ਧੱਕੇ ਨਾਲ ਸਟੇਟ ਦੀ ਟੈਂ ਮੰਨਵਾਉਣ ਦੀ ਲੜਾਈ ਹੈ। ਭਾਰਤੀ ਹਕੂਮਤ ਤੋਂ ਪਹਿਲਾਂ ਵੀ ਬਹੁਤ ਵੱਡੀਆਂ ਵੱਡੀਆਂ ਤਾਕਤਾਂ ਨੇ ਇਹ ਕੋਸ਼ਿਸ਼ ਕੀਤੀ ਹੈ, ਪਰ ਅਜੇ ਤੱਕ ਕੋਈ ਕਾਮਯਾਬ ਨਹੀਂ ਹੋ ਸਕਿਆ। ਕਾਰਨ ਇਹ ਹੈ ਕਿ ਨਿਰਭੈਅਤਾ ਅਤੇ ਭੈਅ ਦੀ ਸਿਆਸਤ ਵਿਚ ਜੋ ਕਸ਼ਮਕਸ਼ ਚੱਲ ਰਹੀ ਹੈ, ਸਿੱਖਾਂ ਨੂੰ ਉਸ ਵਿਚ ਗੁਰੂ ਦੇ ਸ਼ਬਦ ਦਾ ਆਸਰਾ ਹੈ। ਇਸ ਸੰਘਰਸ਼ ਵਿਚ ਸਿੱਖਾਂ ਨੂੰ ਵਕਤੀ ਜ਼ਖਮ ਤਾਂ ਮਿਲ ਸਕਦੇ ਹਨ, ਪਰ ਅੰਤਿਮ ਫਤਿਹ ਖਾਲਸੇ ਦੀ ਹੀ ਹੋਣੀ ਹੈ।

## ਜੰਮੂ ਕਸ਼ਮੀਰ 'ਚ ਰੈਫਰੈਂਡਮ-2020 ਪੋਰਟਲ




**ਨਵੀਂ ਦਿੱਲੀ:** ਭਾਰਤ ਵੱਲੋਂ 'ਰੈਫਰੈਂਡਮ 2020' ਨੂੰ ਰੱਦ ਕਰਨ ਬਾਰੇ ਕੈਨੇਡਾ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਨ ਤੋਂ ਬਾਅਦ ਜੰਮੂ ਕਸ਼ਮੀਰ ਵਿਚ ਖਾਲਿਸਤਾਨ ਰੈਫਰੈਂਡਮ ਲਈ ਵੋਟਰ ਰਜਿਸਟ੍ਰੇਸ਼ਨ ਸ਼ੁਰੂ ਕਰਨ ਲਈ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੇ ਕੈਨੇਡੀਅਨ ਸਾਈਬਰਸਪੇਸ ਤੋਂ ਪੋਰਟਲ ਲਾਂਚ ਕੀਤਾ ਹੈ। ਕਸ਼ਮੀਰ ਦੇ ਸਿੱਖਾਂ ਨੂੰ ਆਜ਼ਾਦੀ ਘੁਲਾਟੀਆਂ ਅਤੇ ਸਿੱਖ ਸੈਨਿਕਾਂ" ਵਜੋਂ ਹੱਲਾਸ਼ੇਰੀ ਦਿੰਦਿਆਂ ਅਮਰੀਕਾ ਅਧਾਰਤ ਖਾਲਿਸਤਾਨੀ ਜਥੇਬੰਦੀ ਨੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਰੈਫਰੈਂਡਮ 2020' ਦਾ ਸਮਰਥਨ ਕਰਨ।

ਖੁਫੀਆ ਏਜੰਸੀਆਂ ਨੇ ਮੁੜ ਸੁਚੇਤ ਕੀਤਾ ਹੈ ਕਿ ਵੱਖਵਾਦੀ ਸਮੂਹ 26 ਜੁਲਾਈ ਨੂੰ ਵਾਦੀ ਵਿਚ 'ਰੈਫਰੈਂਡਮ 2020' ਵੋਟਰ ਰਜਿਸਟ੍ਰੇਸ਼ਨ ਸ਼ੁਰੂ ਕਰੇਗਾ, ਜਿਸ ਨਾਲ ਜੰਮੂ-ਕਸ਼ਮੀਰ ਵਿਚ ਵਸਦੇ ਲਗਭਗ ਤਿੰਨ ਲੱਖ ਸਿੱਖ ਆਬਾਦੀ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਕੈਪਟਨ ਵਲੋਂ ਕੈਨੇਡਾ ਸਰਕਾਰ ਦੇ ਫੈਸਲੇ ਦਾ ਸਵਾਗਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਾਲਿਸਤਾਨ ਪੱਖੀ ਸਮੂਹ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਵੱਲੋਂ ਕਰਵਾਏ ਜਾ ਰਹੇ 'ਰੈਫਰੈਂਡਮ 2020' ਦੇ ਨਤੀਜਿਆਂ ਨੂੰ ਮਾਨਤਾ ਨਾ ਦੇਣ ਲਈ ਕੈਨੇਡਾ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵੱਲੋਂ ਇਸ ਮੁੱਦੇ ਉਤੇ ਲਿਆ ਗਿਆ ਸਪੱਸ਼ਟ ਰੁਖ ਮਿਸਾਲੀ ਹੈ ਅਤੇ ਹੋਰ ਮੁਲਕਾਂ ਤੇ ਸਰਕਾਰਾਂ ਨੂੰ ਵੀ ਐਸ.ਐਫ.ਜੇ. ਵਿਰੁੱਧ ਖੁੱਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ। ਐਸ.ਐਫ.ਜੇ. ਉਤੇ ਭਾਰਤ ਨੇ ਅਤਿਵਾਦੀ ਸੰਗਠਨ ਵਜੋਂ ਪਾਬੰਦੀ ਲਗਾਈ ਹੈ ਤੇ ਇਸ ਦੇ ਸੰਸਥਾਪਕ ਗੁਰਪਤਵੰਤ ਸਿੰਘ ਪੰਨੂ ਨੂੰ ਅਤਿਵਾਦੀ ਐਲਾਨਿਆ ਗਿਆ ਹੈ।

## ਸੈਣੀ ਨਾਲ ਸਬੰਧਤ ਕੇਸਾਂ ਦੀ ਸੁਣਵਾਈ ਇਕ ਹੀ ਅਦਾਲਤ 'ਚ ਹੋਵੇਗੀ

**ਮੁਹਾਲੀ:** ਪੰਜਾਬ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਬੇਟੇ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਗਾਇਬ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੇ ਹੋਰਨਾਂ ਸੇਵਾਮੁਕਤ ਪੁਲਿਸ ਅਫਸਰਾਂ ਖਿਲਾਫ ਦਰਜ ਅਪਰਾਧਿਕ ਮਾਮਲੇ ਦੀ ਸੁਣਵਾਈ ਮੁਹਾਲੀ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਆਰ.ਐਸ. ਰਾਏ ਦੀ ਅਦਾਲਤ ਵਿਚ ਹੋਈ। ਅਦਾਲਤ ਨੇ ਅਗਲੀ ਸੁਣਵਾਈ ਲਈ 30 ਜੁਲਾਈ ਦਾ ਦਿਨ ਨਿਰਧਾਰਤ ਕੀਤਾ ਹੈ।

ਸਰਕਾਰ ਵੱਲੋਂ ਸੈਣੀ ਕੇਸ ਦੀ ਪੈਰਵੀ ਲਈ ਨਿਯੁਕਤ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਸਰਤੇਜ ਸਿੰਘ ਨਰੂਲਾ, ਜ਼ਿਲ੍ਹਾ ਅਟਾਰਨੀ ਸੰਜੀਵ ਬੱਤਰਾ ਅਤੇ ਪੀੜਤ ਪਰਿਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ ਨੇ ਕੁਝ ਦਿਨ ਪਹਿਲਾਂ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਸੈਣੀ ਖਿਲਾਫ ਦਰਜ ਕੇਸ ਨਾਲ ਸਬੰਧਤ ਸਾਰੇ ਮਾਮਲੇ ਇਕੋ ਅਦਾਲਤ 'ਚ ਤਬਦੀਲ ਕੀਤੇ ਜਾਣ ਦੀ ਮੰਗ ਕੀਤੀ ਸੀ। ਪੀੜਤ ਪਰਿਵਾਰ ਤੇ ਸਰਕਾਰ ਦੀ ਅਪੀਲ ਨੂੰ ਮਨਜ਼ੂਰ ਕਰਦਿਆਂ ਸੈਸ਼ਨ ਜੱਜ ਨੇ ਸੈਣੀ ਕੇਸ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਸੁਣਵਾਈ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਨੀਸ਼ ਗਰਗ ਦੀ ਅਦਾਲਤ (ਨਵੀਂ ਅਦਾਲਤ) ਵਿਚ ਤਬਦੀਲ ਕਰ ਦਿੱਤੀ ਹੈ ਅਤੇ ਸਾਰੀਆਂ ਧਿਰਾਂ ਨੂੰ 30 ਜੁਲਾਈ ਨੂੰ ਨਵੀਂ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ।

## ਡੇਰਾ ਮੁਖੀ ਦੀ ਤੁਲਨਾ ਗੁਰੂਆਂ ਪੈਗੰਬਰਾਂ ਨਾਲ ਕਰਨ ਤੋਂ ਵਿਵਾਦ

**ਚੰਡੀਗੜ੍ਹ:** ਡੇਰਾ ਮੁਖੀ ਨੂੰ ਪੁਸ਼ਾਕ ਦੇਣ ਦੇ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਡੇਰਾ ਸਿਰਸਾ ਦੀ ਇਕ ਪੈਰੋਕਾਰ ਨੂੰ ਭੇਜੇ ਕਾਨੂੰਨੀ ਨੋਟਿਸ ਦੇ ਜਵਾਬ ਵਿਚ ਉਕਤ ਪੈਰੋਕਾਰ ਨੇ ਡੇਰਾ ਮੁਖੀ ਦੀ ਤੁਲਨਾ ਸਿੱਖ ਗੁਰੂ ਸਾਹਿਬਾਨ ਤੇ ਪੈਗੰਬਰਾਂ ਨਾਲ ਕੀਤੀ ਹੈ, ਜਿਸ ਕਾਰਨ ਵਿਵਾਦ ਖੜ੍ਹਾ ਹੋ ਗਿਆ ਹੈ।

ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਬਲਾਤਕਾਰ ਵਰਗੇ ਸੰਗੀਨ ਦੋਸ਼ਾਂ 'ਚ ਸਜ਼ਾ ਭੁਗਤ ਰਹੇ ਵਿਅਕਤੀ ਦੀ ਤੁਲਨਾ ਸਿੱਖ ਗੁਰੂਆਂ ਜਾਂ ਪੈਗੰਬਰਾਂ ਨਾਲ ਕਰਨੀ ਇਕ ਬੱਜਰ ਅਪਰਾਧ ਹੈ ਤੇ ਪਾਰਟੀ ਇਸ ਮਾਮਲੇ ਵਿਚ ਸੂਬੇ ਭਰ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕਰਵਾਏਗੀ। ਅਕਾਲੀ ਆਗੂ ਨੇ ਡੇਰੇ ਦੀ ਪੈਰੋਕਾਰ ਦੀ ਹਮਾਇਤ ਕਰਨ ਵਾਲੇ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਹੈ। ਉਨ੍ਹਾਂ ਆਖਿਆ ਕਿ ਸੂਬੇ ਭਰ ਵਿਚ ਅਕਾਲੀ ਵਰਕਰ ਪੁਲਿਸ ਥਾਣਿਆਂ ਵਿਚ ਪਹੁੰਚ ਕੇ ਡੇਰੇ ਦੀ ਪੈਰੋਕਾਰ ਖਿਲਾਫ ਧਾਰਾ 295ਏ ਤਹਿਤ ਕੇਸ ਦਰਜ ਕਰਨ ਦੀ ਮੰਗ ਕਰਨਗੇ।

ਉਨ੍ਹਾਂ ਆਖਿਆ ਕਿ ਡੇਰਾ ਪੈਰੋਕਾਰ ਸਾਜ਼ਿਸ਼ ਦਾ ਹਿੱਸਾ ਹੈ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮਾਣ ਸਨਮਾਨ ਨੂੰ ਠੇਸ ਪਹੁੰਚਾਉਣਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਡੇਰਾ ਪੈਰੋਕਾਰ ਨੇ ਇਕ ਟੈਲੀਵਿਜ਼ਨ ਚੈਨਲ 'ਤੇ ਪ੍ਰੋਗਰਾਮ ਦੌਰਾਨ ਸੁਖਬੀਰ ਸਿੰਘ ਬਾਦਲ ਬਾਰੇ ਦਿੱਤੇ ਵਿਵਾਦਤ ਬਿਆਨ ਤੋਂ ਬਾਅਦ ਅਕਾਲੀ ਦਲ ਵੱਲੋਂ ਡੇਰਾ ਪੈਰੋਕਾਰ ਅਤੇ ਚੈਨਲ ਦੇ ਪ੍ਰਬੰਧਕਾਂ ਨੂੰ ਕਾਨੂੰਨੀ ਨੋਟਿਸ ਜਾਰੀ ਕੀਤਾ ਸੀ। ਇਸ ਨੋਟਿਸ ਦੇ ਜਵਾਬ ਵਿਚ ਡੇਰਾ ਪੈਰੋਕਾਰ ਨੇ ਅਕਾਲੀ ਦਲ ਤੋਂ ਮੁਆਫੀ ਮੰਗ ਲਈ ਹੈ।

### ਡੇਰਾ ਪੈਰੋਕਾਰ ਨੇ ਸਾਰੇ ਧਰਮਾਂ ਦਾ ਨਿਰਾਦਰ ਕੀਤਾ: ਦਲ ਖਾਲਸਾ

**ਚੰਡੀਗੜ੍ਹ:** ਦਲ ਖਾਲਸਾ ਨੇ ਡੇਰਾ ਪੈਰੋਕਾਰ ਵੱਲੋਂ ਡੇਰਾ ਮੁਖੀ ਦੀ ਤੁਲਨਾ ਸਿੱਖ ਗੁਰੂਆਂ ਤੇ ਪੈਗੰਬਰਾਂ ਨਾਲ ਕਰਨ ਦੀ ਨਿਖੇਧੀ ਕਰਦਿਆਂ ਇਸ ਨੂੰ ਸਾਰੇ ਧਰਮਾਂ ਦਾ ਨਿਰਾਦਰ ਕਰਨ ਵਾਲੀ ਗੱਲ ਕਰਾਰ ਦਿੱਤਾ ਹੈ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਬਿੱਟੂ ਨੇ ਕਿਹਾ ਕਿ ਡੇਰਾ ਪੈਰੋਕਾਰ ਨੇ ਬਲਾਤਕਾਰ ਦੇ ਦੋਸ਼ ਹੇਠ ਜੇਲ੍ਹ ਬੰਦ ਡੇਰਾ ਮੁਖੀ ਨੂੰ ਰੱਬ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਦਲ ਖਾਲਸਾ ਸਮਝਦਾ ਹੈ ਕਿ ਰਾਮ ਰਹੀਮ ਵੱਲੋਂ ਸੰਵਾਗ ਰਚਾਉਣ ਦੀ ਘਟਨਾ ਸਬੰਧੀ ਕੁਝ ਅਖ਼ਬਾਰਾਂ ਵਿਚ ਜੋ ਇਸ਼ਤਿਹਾਰ ਛਾਪੇ ਗਏ ਸਨ ਉਹ ਕਿਸਨੇ ਜਾਰੀ ਕੀਤੇ, ਉਨ੍ਹਾਂ ਦਾ ਪੈਸਾ ਕਿਸ ਵੱਲੋਂ ਦਿੱਤਾ ਗਿਆ, ਉਸ ਸ਼ਖ਼ਸ ਦੀ ਨਿਸ਼ਾਨਦੇਹੀ ਬਹੁਤ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਇਸ਼ਤਿਹਾਰਾਂ ਨੇ ਪੰਜਾਬ ਅੰਦਰ ਭਾਂਬੜ ਬਾਲੇ ਸਨ, ਜਿਸ ਦਾ ਸੇਕ ਅੱਜ ਵੀ ਮਹਿਸੂਸ ਕੀਤਾ ਜਾ ਸਕਦਾ ਹੈ।

# ਸੜ੍ਹਿਆਂਦ ਮਾਰੂ ਮਾਹੌਲ ਵਿਚ ਭਾਰਤ ਮਾਂ ਕਿੱਥੇ ਹੋਵੇਗੀ?

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਨਿਆਂ ਪ੍ਰਣਾਲੀ ਕੀੜੀ ਦੀ ਚਾਲ ਨਾਲ ਹੌਲੀ-ਹੌਲੀ ਚੱਲਦੀ ਹੈ। ਇਸ ਦੇ ਕਈ ਕੇਸ ਫੈਸਲਾ ਹੋਣ ਵਾਸਤੇ ਏਨਾ ਸਮਾਂ ਲਾਈਨ ਵਿਚ ਲੱਗੇ ਰਹਿੰਦੇ ਹਨ ਕਿ ਲੋਕਾਂ ਨੂੰ ਉਨ੍ਹਾਂ ਦਾ ਮੂਲ ਮੁੱਦਾ ਹੀ ਭੁੱਲ ਜਾਂਦਾ ਹੈ। ਇਸ ਹਫਤੇ ਰਾਜਸਥਾਨ ਦੀ ਭਰਤਪੁਰ ਰਿਆਸਤ ਦੇ ਸਾਬਕਾ ਰਾਜਾ ਮਾਨ ਸਿੰਘ ਵਾਲੇ ਕਤਲ ਕੇਸ ਦਾ ਫੈਸਲਾ ਹੋਇਆ ਤੇ ਉਸ ਵਕਤ ਦੇ ਇੱਕ ਡੀ. ਐੱਸ. ਪੀ. ਸਣੇ ਗਿਆਰਾਂ ਪੁਲਿਸ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਹੈ। ਇਹ ਸਿਆਸੀ ਕਤਲ ਸੀ। ਉਦੋਂ ਰਾਜਸਥਾਨ ਦੇ ਕਾਂਗਰਸੀ ਮੁੱਖ ਮੰਤਰੀ ਸ਼ਿਵਚਰਨ ਮਾਥੁਰ ਨੇ ਸੱਤ ਵਾਰੀ ਦੇ ਵਿਧਾਇਕ ਰਾਜਾ ਮਾਨ ਸਿੰਘ ਦੇ ਵਿਰੁੱਧ ਲੋਕਾਂ ਨੂੰ ਉਕਸਾ ਦਿੱਤਾ ਤੇ ਕਾਂਗਰਸੀ ਵਰਕਰਾਂ ਨੇ ਜਾ ਕੇ ਮਾਨ ਸਿੰਘ ਦੇ ਮਹਿਲ ਉਤੇ ਲੱਗਾ ਰਿਆਸਤ ਦਾ ਝੰਡਾ ਪੁੱਟ ਕੇ ਕਾਂਗਰਸੀ ਝੰਡਾ ਲਾ ਦਿੱਤਾ ਸੀ।

ਉਸੇ ਦਿਨ ਸ਼ਹਿਰ ਵਿਚ ਮੁੱਖ ਮੰਤਰੀ ਦੀ ਰੈਲੀ ਸੀ। ਰਾਜਾ ਮਾਨ ਸਿੰਘ ਇਸ ਤੋਂ ਭੜਕ ਪਿਆ ਅਤੇ ਉਸ ਵੇਲੇ ਦੀ ਬਹੁ-ਚਰਚਿਤ ਐਸ. ਯੂ. ਵੀ. ਗੱਡੀ ਜੋਂਗਾ ਸਿੱਧਾ ਲਿਜਾ ਕੇ ਮੁੱਖ ਮੰਤਰੀ ਦੀ ਰੈਲੀ ਵਾਲੇ ਮੰਚ ਨਾਲ ਟੱਕਰਾਂ ਮਾਰ ਕੇ ਸਟੇਜ ਤੋੜ ਦਿੱਤੀ। ਫਿਰ ਉਸ ਨੇ ਮੁੱਖ ਮੰਤਰੀ ਦਾ ਹੈਲੀਕਾਪਟਰ ਵੇਖਿਆ ਤਾਂ ਜੋਂਗੇ ਦੀਆਂ ਟੱਕਰਾਂ ਨਾਲ ਉਹ ਵੀ ਭੰਨ ਸੁੱਟਿਆ। ਮੁੱਖ ਮੰਤਰੀ ਉਸ ਦਿਨ ਰੈਲੀ ਨਹੀਂ ਸੀ ਕਰ ਸਕਿਆ ਤੇ ਸੜਕ ਰਾਹੀਂ ਰਾਜਧਾਨੀ ਜੈਪੁਰ ਪਰਤ ਗਿਆ ਸੀ, ਪਰ ਅਗਲੇ ਦਿਨ ਉਸ ਦੇ ਇਸ਼ਾਰੇ ਉਤੇ ਪੁਲਿਸ ਨੇ ਚੋਣ ਮੁਹਿੰਮ ਚਲਾ ਰਹੇ ਮਾਨ ਸਿੰਘ ਨੂੰ ਘੇਰ ਕੇ ਮਾਰ ਦਿੱਤਾ ਸੀ। ਆਖਿਆ ਇਹ ਗਿਆ ਸੀ ਕਿ ਗ੍ਰਿਫਤਾਰ ਕਰਨ ਗਈ ਪੁਲਿਸ ਨਾਲ ਉਹ ਭਿੜ ਗਿਆ ਸੀ। ਇਹ ਸਵਾਲ ਬਹੁਤ ਵਾਰੀ ਉਠਦਾ ਰਿਹਾ ਹੈ ਕਿ ਰਾਜਾ ਮਾਨ ਸਿੰਘ ਵੱਲੋਂ ਮੁੱਖ ਮੰਤਰੀ ਦੀ ਸਟੇਜ ਅਤੇ ਹੈਲੀਕਾਪਟਰ ਤੋੜਨਾ ਕਿੰਨਾ ਗਲਤ ਸੀ ਅਤੇ ਉਸ ਦੇ ਬਾਅਦ ਪੁਲਿਸ ਵੱਲੋਂ ਇਸ ਤਰ੍ਹਾਂ ਉਸ ਨੂੰ ਘੇਰ ਕੇ ਸ਼ੱਰੇ ਬਾਜ਼ਾਰ ਮਾਰ ਸੁੱਟਣਾ ਕਿੰਨਾ ਗਲਤ ਸੀ?

ਇਸ ਹਫਤੇ ਸੁਪਰੀਮ ਕੋਰਟ ਵਿਚ ਉੱਤਰ ਪ੍ਰਦੇਸ਼ ਵਿਚ ਪੁਲਿਸ ਵੱਲੋਂ ਮਾਰੇ ਗਏ ਵੱਡੇ ਗੈਂਗਸਟਰ ਵਿਕਾਸ ਦੂਬੇ ਦਾ ਕੇਸ ਸੁਣਵਾਈ ਲਈ ਲੱਗਾ ਸੀ। ਉਸ ਦੀ ਜਾਂਚ ਸ਼ੁਰੂ ਹੋਈ ਹੈ, ਪਰ ਸੁਪਰੀਮ ਕੋਰਟ ਨੇ ਇਹ ਵੀ ਕਹਿ ਦਿੱਤਾ ਹੈ ਕਿ ਅੱਗੇ ਤੋਂ ਇਸ ਰਾਜ ਵਿਚ ਏਦਾਂ ਦਾ ਕੋਈ ਕਾਂਡ ਨਹੀਂ ਹੋਣਾ ਚਾਹੀਦਾ। ਸੁਪਰੀਮ ਕੋਰਟ ਦੇ ਇਸ ਹੁਕਮ ਦੇ ਨਾਲ ਵਿਕਾਸ ਦੂਬੇ ਵਰਗੇ ਬਹੁਤ ਸਾਰੇ ਹੋਰ ਗੈਂਗਸਟਰ ਕਹੇ ਜਾਂਦੇ ਬੰਦਿਆਂ ਬਾਰੇ ਵੀ ਬਹਿਸ ਚੱਲ ਪਈ ਹੈ।



ਰਾਜਾ ਮਾਨ ਸਿੰਘ

ਅਪਰਾਧਾਂ ਵਿਰੁੱਧ ਭਾਰਤ ਦੇ ਕਾਨੂੰਨਾਂ ਬਾਰੇ ਇੱਕ ਸੈਮੀਨਾਰ ਵਿਚ ਅਸੀਂ ਕਈ ਸਾਲ ਪਹਿਲਾਂ ਕੁਝ ਹੋਰ ਪੱਤਰਕਾਰਾਂ ਨਾਲ ਸ਼ਾਮਲ ਹੋਏ ਸਾਂ। ਉਥੇ ਇੱਕ ਬੁਲਾਰੇ ਨੇ ਕਿਹਾ ਕਿ ਭਾਰਤ ਦੀ ਪੁਲਿਸ ਏਨੀ ਨਿਕੰਮੀ ਹੈ ਕਿ ਬਿਹਾਰ ਵਿਚ ਹੁੰਦੇ ਇੱਕ ਰੋਸ ਪ੍ਰਗਟਾਵੇ ਦੌਰਾਨ ਭੀੜ ਨੂੰ ਰੋਕ ਰਹੇ ਇੱਕ ਐਸ. ਪੀ. ਨੂੰ ਇੱਕ ਕੁੜੀ ਨੇ ਥੱਪੜ ਮਾਰ ਦਿੱਤਾ ਸੀ। ਨਵੀਂ ਨਿਯੁਕਤ ਹੋਈ ਇਕ ਜੱਜ ਕੁੜੀ ਨੇ ਉਠ ਕੇ ਕਿਹਾ ਕਿ ਇਹ ਨਾ ਵੇਖੋ ਕਿ ਕੁੜੀ ਨੇ ਥੱਪੜ ਮਾਰਿਆ ਹੈ, ਉਸ ਕੁੜੀ ਬਾਰੇ ਸੋਚੋ ਕਿ ਇਸ ਹੱਦ ਤੱਕ ਦੁਖੀ ਕਿਵੇਂ ਹੋ ਗਈ ਕਿ ਲੱਕ ਨਾਲ ਪਿਸਤੌਲ ਟੰਗੀ ਖੜੇ ਪੁਲਿਸ ਅਫਸਰ ਨੂੰ ਥੱਪੜ ਮਾਰਨ ਤੁਰ ਪਈ? ਆਪਣੇ ਵਿਚਾਰ ਪੇਸ਼ ਕਰਦਿਆਂ ਜੱਜ ਕੁੜੀ ਨੇ ਕਿਹਾ ਕਿ ਮੈਂ ਉਸ ਕੁੜੀ ਦੀ ਕਹਾਣੀ ਪੜ੍ਹੀ ਹੈ, ਉਸ ਦੇ ਪਰਿਵਾਰ ਦੀ ਤਬਾਹੀ ਇੱਕ ਸਿਆਸੀ ਆਗੂ ਦੇ ਕਹਿਣ ਉਤੇ ਕੀਤੀ ਗਈ ਅਤੇ ਪੁਲਿਸ ਇਨਸਾਫ ਦੇਣ ਦੀ ਥਾਂ ਆਗੂ ਨੂੰ ਖੁਸ਼ ਕਰਨ ਲਈ ਪਰਿਵਾਰ ਦੇ ਖਿਲਾਫ ਕੇਸ ਦਰਜ ਕਰਦੀ ਰਹੀ ਸੀ। ਭਾਰਤ ਵਿਚ ਏਦਾਂ ਹੁੰਦਾ ਰਿਹਾ ਤਾਂ ਨਤੀਜਾ ਵੀ ਏਦਾਂ ਦਾ ਹੀ ਨਿਕਲੇਗਾ।

ਰਾਜਾ ਮਾਨ ਸਿੰਘ ਗੁੰਡਾ ਨਹੀਂ ਸੀ, ਸੱਤ ਵਾਰ ਦਾ ਇਹ ਵਿਧਾਇਕ ਕਾਂਗਰਸੀ ਮੁੱਖ ਮੰਤਰੀ ਦੀ ਬੇਹੂਦਗੀ ਕਾਰਨ ਭੜਕਿਆ ਸੀ। ਵਿਕਾਸ ਦੂਬੇ ਗੁੰਡਾ ਕਿਸ ਤਰ੍ਹਾਂ ਬਣਿਆ, ਇਹ ਤਾਂ ਪਤਾ ਨਹੀਂ, ਪਰ ਜਿੰਨਾ ਚਿਰ ਉਹ ਜਿੰਦਾ ਰਿਹਾ, ਉਸ ਦੇ ਸਬੰਧ ਸਿਆਸੀ ਆਗੂਆਂ ਨਾਲ ਬਣੇ ਰਹੇ ਸਨ। ਭਾਜਪਾ ਦੇ ਦੋ ਆਗੂਆਂ ਨਾਲ ਉਸ ਦੇ ਸਬੰਧਾਂ ਦੀ ਚਰਚਾ ਵੀ ਆਮ ਹੁੰਦੀ ਸੁਣੀ ਗਈ ਹੈ। ਤਿੰਨ ਸਾਲ ਪਹਿਲਾਂ ਉਥੇ ਹੋਈਆਂ ਵਿਧਾਨ ਸਭਾ ਚੋਣਾਂ ਮੌਕੇ ਉਸ ਦੇ ਜਿਲਾ ਕਾਨਪੁਰ ਦਾ ਜ਼ਿੰਮਾ ਮੱਧ ਪ੍ਰਦੇਸ਼ ਦੇ ਜਿਸ ਭਾਜਪਾ ਆਗੂ ਨੂੰ ਮਿਲਿਆ ਸੀ, ਉਹ ਅੱਜ ਕੱਲ੍ਹ ਮੱਧ ਪ੍ਰਦੇਸ਼ ਦਾ ਗ੍ਰਹਿ ਮੰਤਰੀ ਹੈ ਅਤੇ ਉਸ ਉਜੈਨ ਜਿਲੇ ਦਾ ਇੰਚਾਰਜ ਵੀ ਹੈ, ਜਿੱਥੇ ਪਨਾਹ ਲੈਣ ਗਿਆ ਵਿਕਾਸ ਦੂਬੇ ਫੜਿਆ ਤੇ ਮਾਰਿਆ ਗਿਆ ਸੀ। ਇਸ ਕਾਰਨ ਕੁਝ ਲੋਕਾਂ ਨੂੰ ਇਹ ਕਹਿਣ ਦਾ ਹੱਕ ਹੈ ਕਿ ਵਿਕਾਸ ਦੂਬੇ ਨੂੰ ਕੁਝ ਆਗੂਆਂ ਦੇ ਕਾਲੇ ਪਿਛੋਕੜ ਉਤੇ ਪਰਦਾ ਪਾਉਣ ਲਈ ਮਾਰਿਆ ਗਿਆ ਹੈ। ਦਲੀਲ ਦੇ ਹੱਕ ਵਿਚ ਬਹੁਤ ਸਾਰੀਆਂ ਗੱਲਾਂ ਕਹੀਆਂ ਜਾ ਰਹੀਆਂ ਹਨ।

ਭਾਰਤੀ ਰਾਜਨੀਤੀ ਤੇ ਅਪਰਾਧੀਆਂ ਦੇ ਗੱਠਜੋੜ ਦੀਆਂ ਗੱਲਾਂ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦੇ ਵਕਤ ਤੋਂ ਸੁਣੀਆਂ ਜਾ ਰਹੀਆਂ ਸਨ। ਅੱਜ ਕੱਲ੍ਹ ਇਹ ਹੋਰ ਵਧ ਗਈਆਂ ਹਨ। ਫਿਰ ਵੀ ਕਾਨੂੰਨ ਦੇ ਰਖਵਾਲੇ ਲੰਮਾ ਸਮਾਂ ਕੁਝ ਹੱਦ ਤੱਕ ਆਪਣੇ ਫਰਜ਼ਾਂ ਪ੍ਰਤੀ ਇਮਾਨਦਾਰੀ ਵਰਤਦੇ ਰਹੇ ਸਨ, ਪਰ ਅੱਜ ਇਹੋ ਜਿਹੀ ਨਸਲ ਦੁਰਲੱਭ ਹੁੰਦੀ ਜਾਂਦੀ ਹੈ ਅਤੇ ਉਸ ਦੀ ਥਾਂ ਅਪਰਾਧੀਆਂ ਨਾਲ ਸੈਨਤ ਮਿਲਾ ਕੇ ਚੱਲਣ ਵਾਲੇ ਸਿਵਲ ਅਤੇ ਪੁਲਿਸ ਦੇ ਅਫਸਰਾਂ ਹੀ ਨਹੀਂ, ਅਦਾਲਤਾਂ ਨਾਲ ਜੁੜੇ ਹੋਏ ਕੁਝ ਲੋਕਾਂ ਬਾਰੇ ਵੀ ਗੱਲਾਂ ਆਮ ਸੁਣੀਆਂ ਜਾਣ ਲੱਗ ਪਈਆਂ ਹਨ। ਇਹ ਚਰਚੇ ਭਾਰਤ ਦੇ ਹਰ ਰਾਜ ਅਤੇ ਹਰ ਪਾਰਟੀ ਦੇ ਰਾਜ ਵਿਚ ਹੋਈ ਜਾਂਦੇ ਹਨ। ਕਿਸੇ ਆਗੂ ਨੂੰ ਇਨ੍ਹਾਂ ਚਰਚਿਆਂ ਦੀ ਕੋਈ ਸ਼ਰਮ ਵੀ ਨਹੀਂ ਜਾਪਦੀ।

ਕੋਈ 45 ਸਾਲ ਪਹਿਲਾਂ ਆਈ ਫਿਲਮ 'ਦੀਵਾਰ' ਵਿਚ ਇੱਕ ਮਜ਼ਦੂਰ ਆਗੂ ਨੂੰ ਗੱਲਬਾਤ ਬਹਾਨੇ ਸੱਦ ਕੇ ਉਸ ਦੇ ਬੱਚਿਆਂ ਨੂੰ ਅਗਵਾ ਕਰਨ ਤੇ ਮਾਰ ਦੇਣ ਦੀ ਧਮਕੀ ਨਾਲ ਇੱਕ ਕਾਗਜ਼ ਉਤੇ ਦਸਖਤ ਕਰਨ ਨੂੰ ਮਜਬੂਰ ਕੀਤਾ ਗਿਆ ਸੀ। ਸੱਚਾਈ ਤੋਂ ਅਣਜਾਣ ਭੜਕੇ ਹੋਏ ਲੋਕਾਂ ਨੇ ਉਸ ਮਜ਼ਦੂਰ ਦੇ ਬੱਚੇ ਦੀ ਬਾਂਹ ਉਤੇ 'ਮੇਰਾ ਬਾਪ ਚੋਰ ਹੈ' ਲਿਖ ਦਿੱਤਾ ਸੀ, ਜਿਸ ਕਾਰਨ ਉਹ ਬੱਚਾ ਪੜ੍ਹਨ-ਲਿਖਣ ਦੀ ਥਾਂ ਅਪਰਾਧ ਦੀ ਦੁਨੀਆਂ ਵਿਚ ਜਾ ਪੁੱਜਾ ਸੀ। ਉਸ ਦਾ ਭਰਾ ਪੁਲਿਸ ਦਾ ਅਫਸਰ ਬਣ ਕੇ ਉਸੇ ਨੂੰ ਫੜਨ ਦੀ ਜ਼ਿੰਮੇਵਾਰੀ ਚੁੱਕ ਬੈਠਾ ਸੀ। ਇੱਕ ਦਿਨ ਅਪਰਾਧੀ ਬਣੇ ਬੱਚੇ ਦਾ ਰੋਲ ਕਰਦਾ ਪਿਆ ਅਮਿਤਾਬ ਬੱਚਨ ਅਤੇ ਪੁਲਿਸ ਅਫਸਰ ਬਣਿਆ ਸ਼ਸ਼ੀ ਕਪੂਰ ਆਹਮੋ ਸਾਹਮਣੇ ਹੋਏ ਤਾਂ ਅਮਿਤਾਬ ਨੇ ਕਿਹਾ ਸੀ ਕਿ ਮੇਰੇ ਕੋਲ ਕਾਰ, ਕੋਠੀ ਸਭ ਕੁਝ ਹੈ, ਇਮਾਨਦਾਰੀ ਦੀ ਇਸ ਅਫਸਰੀ ਵਿਚ ਤੈਨੂੰ ਕੀ ਮਿਲਿਆ ਹੈ ਤਾਂ ਅੱਗੋਂ ਪੁਲਿਸ ਅਫਸਰ ਬਣਿਆ ਸ਼ਸ਼ੀ ਕਪੂਰ ਮਾਣ ਨਾਲ ਕਹਿੰਦਾ ਸੀ, "ਮੇਰੇ ਕੋਲ ਮਾਂ ਹੈ।"

ਇਹ ਉਸ ਵਕਤ ਦੀ ਗੱਲ ਸੀ। ਅੱਜ ਦੇ ਹਾਲਤ ਵਿਚ ਸੋਸ਼ਲ ਮੀਡੀਆ ਉਤੇ ਨਵਾਂ ਡਾਇਲਾਗ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਵਿਚ ਅਪਰਾਧੀ ਬਣਿਆ ਅਮਿਤਾਬ ਉਹੀ ਗੱਲ ਦੁਹਰਾਉਂਦਾ ਹੈ ਕਿ ਮੇਰੇ ਕੋਲ ਕਾਰ, ਕੋਠੀ ਸਭ ਕੁਝ ਹੈ, ਇਮਾਨਦਾਰੀ ਦੀ ਅਫਸਰੀ ਵਿਚ ਤੈਨੂੰ ਕੀ ਮਿਲਿਆ ਤਾਂ ਮੂਹਰੇ ਖੜਾ ਸਸ਼ੀ ਕਪੂਰ ਹੱਸ ਕੇ ਕਹਿੰਦਾ ਹੈ, "ਮੇਰੇ ਕੋਲ ਵੀ ਕਾਰ, ਕੋਠੀ ਸਭ ਕੁਝ ਆ ਗਿਆ ਹੈ।" ਇਸ ਦੇ ਜਵਾਬ ਵਿਚ ਹੈਰਾਨ ਹੋਇਆ ਅਮਿਤਾਬ ਬੱਚਨ ਪੁੱਛਦਾ ਹੈ, "ਫਿਰ ਮਾਂ ਨੂੰ ਕੌਣ ਲੈ ਗਿਆ?"

ਮੇਰੇ ਕੋਲ ਇਹ ਗੱਲ ਕਹਿਣ ਦਾ ਕੋਈ ਕਾਰਨ ਨਹੀਂ ਕਿ ਅੱਜ ਦੇ ਭਾਰਤ ਦਾ ਹਰ ਅਫਸਰ ਵਿਕਾਊ ਹੈ, ਪਰ ਇਹ ਵੀ ਸੱਚ ਹੈ ਕਿ ਇਮਾਨਦਾਰੀ ਦੀ ਪਹਿਰੇਦਾਰੀ ਕਰਨ ਲਈ ਜਾਣੇ ਜਾਂਦੇ ਲੋਕਾਂ ਨੂੰ ਲਗਭਗ ਹਰ ਪਾਰਟੀ ਦੀ ਸਰਕਾਰ ਖੂੰਜੇ ਲਾ ਕੇ ਰੱਖਦੀ ਹੈ, ਕੰਮ ਨਹੀਂ ਕਰਨ ਦਿੰਦੀ। ਨਤੀਜਾ ਇਹ ਹੈ ਕਿ ਅੱਜ ਇਹ ਸਵਾਲ ਭਾਵੇਂ ਕੋਈ ਪੁੱਛੇ ਜਾਂ ਨਾ ਪੁੱਛੇ ਕਿ 'ਭਾਰਤ ਮਾਂ ਦਾ ਕੀ ਬਣਿਆ', ਪਰ ਇਹ ਗੱਲ ਹਰ ਚਰਚਾ ਦਾ ਕੇਂਦਰ ਹੈ ਕਿ ਇਹੋ ਜਿਹੇ ਸੜ੍ਹਿਆਂਦ ਮਾਰਦੇ ਦੌਰ ਵਿਚ ਭਾਰਤ ਮਾਂ ਵੀ ਆਪਣੀ ਆਜ਼ਾਦੀ ਦੀ 73ਵੀਂ ਵਰ੍ਹੇਗੰਢ ਮਨਾਏ ਜਾਣ ਦੀ ਉਡੀਕ ਖੁਸ਼ੀ ਨਾਲ ਕਰਨ ਦੀ ਥਾਂ ਕਿਸੇ ਖੂੰਜੇ ਲੱਗੀ ਹੰਝੂ ਹੀ ਵਹਾ ਰਹੀ ਹੋਵੇਗੀ। ਇਸ ਹਾਲਤ ਦੇ ਲਈ ਜ਼ਿੰਮੇਵਾਰ ਕੌਣ ਹੈ? ਇਸ ਸਵਾਲ ਦਾ ਜਵਾਬ ਦੇਣ ਵਾਲਾ ਕੋਈ ਨਹੀਂ ਲੱਭਦਾ।

ਇਹ ਹਕੀਕਤ ਉਨ੍ਹਾਂ ਦੇ ਕਿਰਦਾਰ ਤੋਂ ਵੀ ਦਿੱਸਦੀ ਹੈ, ਜਿਹੜੇ ਆਜ਼ਾਦੀ ਤੋਂ ਬਾਅਦ ਭਾਰਤ ਉੱਤੇ 73 ਵਿਚੋਂ 58 ਸਾਲ ਰਾਜ ਕਰਦੇ ਹੋਏ ਸਭ ਇਖਲਾਕੀ ਅਸੂਲ ਭੁਲਾ ਕੇ ਚੱਲਦੇ ਰਹੇ ਸਨ ਤੇ ਉਨ੍ਹਾਂ ਉਤੇ ਵੀ, ਜਿਨ੍ਹਾਂ ਨੇ ਕੁਰਸੀ ਮੱਲਣ ਦੇ 72 ਮਹੀਨਿਆਂ ਵਿਚ ਹੀ ਅਸੂਲਾਂ ਨੂੰ ਪਿਛਵਾੜੇ ਸੁੱਟ ਦਿੱਤਾ ਹੈ। ਪਹਿਲੇ ਇਹ ਭੁੱਲ ਗਏ ਸਨ ਤੇ ਅੱਜ ਵਾਲੇ ਵੀ ਭੁਲਾਈ ਬੈਠੇ ਹਨ ਕਿ ਸਥਿਤੀਆਂ ਇੱਕੋ ਜਿਹੀਆਂ ਨਹੀਂ ਰਹਿੰਦੀਆਂ ਹੁੰਦੀਆਂ, ਵਕਤ ਬਦਲਦਾ ਵੀ ਹੁੰਦਾ ਹੈ।

# ਸਰਹੱਦੀ ਵਿਵਾਦਾਂ ਪਿੱਛੇ ਚੀਨ ਦੇ ਅਸਲ ਇਰਾਦੇ ਕੀ ਹਨ?


ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: 0061411218801

ਚੀਨ ਜਿਸ ਤਰ੍ਹਾਂ ਪਸਾਰਵਾਦ ਦੀ ਰਾਹ 'ਤੇ ਚੱਲਦਿਆਂ ਭਾਰਤ ਦੀ ਹੱਦ ਅੰਦਰ ਦਾਖਲ ਹੋਇਆ ਅਤੇ ਵਾਪਸ ਹਟਣ ਦਾ ਨਾਮ ਨਹੀਂ ਲੈ ਰਿਹਾ, ਉਸ ਨੂੰ ਦੇਖ ਕੇ ਲਗਦਾ ਹੈ ਕਿ ਛੇਤੀ ਕੀਤੇ ਸਰਹੱਦੀ ਤਣਾਅ ਖਤਮ ਹੋਣ ਦੇ ਆਸਾਰ ਨਹੀਂ ਹਨ। ਸੁਰੱਖਿਆ ਮਾਹਿਰਾਂ ਅਨੁਸਾਰ ਚੀਨ ਵਲੋਂ ਕੀਤੀ ਘੁਸਪੈਠ ਉਸ ਦੀ ਵਿਉਂਤਬੱਧ ਸਾਜਿਸ਼ ਦਾ ਹਿੱਸਾ ਹੈ, ਜਿਸ ਨੂੰ ਉਸ ਨੇ 'ਚਾਈਨਾ ਡਰੀਮ' ਦਾ ਨਾਮ ਦਿੱਤਾ ਹੋਇਆ ਹੈ। ਹੁਣ ਤਕ ਦੀ ਜਾਣਕਾਰੀ ਅਨੁਸਾਰ ਸੈਟੇਲਾਈਟ ਤਸਵੀਰਾਂ ਰਾਹੀਂ ਪਤਾ ਲੱਗਾ ਹੈ ਕਿ ਚੀਨ ਨੇ ਪੂਰਬੀ ਲੱਦਾਖ ਸੈਕਟਰ ਵਿਚ ਐਲ. ਏ. ਸੀ. (ਲਾਈਨ ਆਫ ਐਕਚੂਲ ਕੰਟਰੋਲ) ਦੇ ਨਾਲ ਕਰੀਬ 30 ਹਜਾਰ ਫੌਜੀ ਤਾਇਨਾਤ ਕਰ ਦਿੱਤੇ ਹਨ। ਭਾਰਤ ਹੀ ਨਹੀਂ, ਪੂਰੀ ਦੁਨੀਆਂ ਦੀਆਂ ਨਜ਼ਰਾਂ ਚੀਨ ਵਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਨੂੰ ਦੇਖ ਰਹੀਆਂ ਹਨ।

ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਭਾਰਤ ਨੇ ਵੀ ਪੂਰਬੀ ਲੱਦਾਖ ਸਰਹੱਦ ਨੇੜੇ ਡਿਵੀਜ਼ਨ ਫੌਜ ਤਾਇਨਾਤ ਕਰ ਦਿੱਤੀ ਹੈ। ਭਾਰਤ ਨੇ ਉਪਰੋਕਤ ਸੀਮਾ ਦੇ ਨੇੜੇ ਬਹੁਤ ਸਾਰਾ ਜੰਗੀ ਸਾਜ਼ੋ-ਸਾਮਾਨ ਪਹੁੰਚਾ ਦਿੱਤਾ ਹੈ। ਭਾਰਤ ਵਲੋਂ ਤ੍ਰਿਸ਼ੂਲ ਇਨਫੈਂਟਰੀ ਡਿਵੀਜ਼ਨ ਇਥੇ ਤਾਇਨਾਤ ਕੀਤੀ ਗਈ ਹੈ। ਗਲਵਾਨ ਘਾਟੀ ਤੋਂ ਲੈ ਕਾਰਕੋਰਮ ਦੱਰੇ ਤੱਕ ਚੀਨੀ ਹਰਕਤਾਂ ਨੂੰ ਜ਼ਮੀਨੀ ਅਤੇ ਹਵਾਈ ਉਪਕਰਨਾਂ ਦੇ ਜ਼ਰੀਏ ਭਾਰਤੀ ਫੌਜ ਵਲੋਂ ਨੋਟ ਕੀਤਾ ਜਾ ਰਿਹਾ ਹੈ। ਸਵਾਲ ਹੈ ਕਿ ਇਨ੍ਹਾਂ ਕਾਰਵਾਈਆਂ ਪਿੱਛੇ ਚੀਨ ਦਾ ਇਰਾਦਾ ਕੀ ਹੈ? ਕੀ ਚੀਨ ਤੀਜੇ ਯੁੱਧ ਦੀ ਭੂਮਿਕਾ ਬੰਨ ਰਿਹਾ ਹੈ? ਚੀਨ ਦੀ ਇਸ ਵਿਉਤਬੰਦੀ ਪਿਛੇ ਪੀ. ਐਲ. ਏ. ਦੇ ਇੱਕ ਸਾਬਕਾ ਕਰਨਲ ਲਿਉ ਮਿੰਗ ਫੂ ਵਲੋਂ 'ਡਰੀਮ ਆਫ ਚਾਈਨਾ' ਨਾਮ ਦੀ ਲਿਖੀ ਕਿਤਾਬ ਹੈ। ਇਸ ਕਿਤਾਬ ਵਿਚ ਮੋਟੇ ਤੌਰ 'ਤੇ ਪੁਰਾਤਨ ਚੀਨ ਦੀਆਂ ਹੱਦਾਂ ਦਾ ਹਵਾਲਾ ਦੇ ਕੇ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਹੱਦਾਂ ਦੀ ਨਿਸ਼ਾਨਦੇਹੀ ਕਰਨ ਸਮੇਂ ਤਾਕਤਵਾਰ ਧਿਰਾਂ ਨੇ ਚੀਨ ਦੇ ਹਿਤਾਂ ਨੂੰ ਦਰਕਿਨਾਰ ਕੀਤਾ ਸੀ। ਇਨ੍ਹਾਂ ਹੱਦਾਂ ਨੂੰ ਨਿਸ਼ਚਿਤ ਕਰਨ ਸਮੇਂ ਚੀਨ ਨਾਲ ਇੱਕ ਕਮਜੋਰ ਧਿਰ ਵਾਲਾ ਸਲੂਕ ਕੀਤਾ ਗਿਆ ਸੀ।

ਇਸ ਕਿਤਾਬ ਵਿਚ ਉਸੇ ਤਰਜ਼ 'ਤੇ ਚੀਨ ਦੀ ਪੁਨਰ ਸਥਾਪਤੀ ਦਾ ਸੁਪਨਾ ਸਿਰਜਿਆ ਗਿਆ ਹੈ, ਜਿਸ ਤਰ੍ਹਾਂ ਸੰਘ ਪਰਿਵਾਰ ਨੇ ਅਖੰਡ ਭਾਰਤ ਦਾ ਸੁਪਨਾ ਸਿਰਜਿਆ ਹੋਇਆ ਹੈ। ਬਾਹਰਲੀ ਦੁਨੀਆਂ ਜਾਣੇ ਜਾਂ ਨਾ ਜਾਣੇ, ਪਰ ਚੀਨ ਦੇ ਫੌਜੀ ਮਾਹਿਰ, ਰਾਜਸੀ ਲੋਕ, ਬੁੱਧੀਜੀਵੀ, ਫਿਲਮਸਾਜ਼, ਕਲਾਕਾਰ ਅਤੇ ਹੋਰ ਤਬਕੇ ਇਸ ਸੁਪਨੇ ਦੀ ਪੂਰਤੀ ਲਈ ਹਮੇਸ਼ਾ ਯਤਨਸ਼ੀਲ ਰਹੇ ਹਨ। ਫਰਕ ਸਿਰਫ ਇੰਨਾ ਹੈ ਕਿ ਸ਼ੀ ਜਿੰਨ ਪਿੰਗ ਨੇ ਇਸ ਸੁਪਨੇ ਨੂੰ ਅਸਲੀਅਤ ਵਿਚ ਬਦਲਣ ਦਾ ਕੰਮ ਆਪਣੇ ਹੱਥ ਲੈ ਕੇ ਚੀਨੀਆਂ ਨੂੰ ਭਰੋਸਾ ਦਿਵਾਇਆ ਹੈ ਕਿ ਚੀਨ ਦਾ ਪੁਰਾਤਨ ਗੌਰਵ ਬਹਾਲ ਕੀਤਾ ਜਵੇਗਾ। ਆਪਣੇ ਇਸ 'ਦਾ ਚਾਈਨਾ ਡਰੀਮ' ਨੂੰ ਤਕਤਵਰ ਸੁਨੇਹੇ ਵਿਚ ਬਦਲਣ ਲਈ ਰਾਸ਼ਟਰਪਤੀ ਬਣਦੇ ਸਾਰ ਸ਼ੀ ਜਿਨਪਿੰਗ ਉਸ ਜੰਗੀ ਬੇੜੇ ਦੀ ਯਾਤਰਾ 'ਤੇ ਗਏ ਸਨ, ਜੋ ਦੱਖਣੀ ਚੀਨ ਸਾਗਰ ਵਿਚ ਫੌਜ ਦੇ ਜ਼ਰੀਏ ਆਪਣਾ ਦਬਦਬਾ ਸਥਾਪਤ ਕਰਨ ਵਿਚ ਸ਼ਾਮਲ ਸੀ। ਸੰਖੇਪ ਵਿਚ ਗਲੋਬਲ ਤਕਨੀਕ 'ਤੇ ਕਬਜਾ ਕਰਨ ਦੇ 'ਚਾਈਨਾ 2025' ਪ੍ਰੋਗਰਾਮ ਤੋਂ ਲੈ ਕੇ ਵਨ ਬੈਲਟ ਵਨ ਰੋਡ ਜਿਹੀਆਂ ਯੋਜਨਾਵਾਂ ਇਸੇ ਡਰੀਮ ਦੀ ਬੁਨਿਆਦ ਹਨ।

ਨੇਪਾਲ, ਪਾਕਿਸਤਾਨ, ਮੀਆਂ ਮਾਰ ਅਤੇ ਸ੍ਰੀ ਲੰਕਾ ਨੂੰ ਚੀਨ ਨੇ ਵੱਡੀਆਂ ਆਰਥਕ ਰਾਹਤਾਂ ਦੇ ਕੇ ਆਪਣੇ ਖੇਮੇ ਵਿਚ ਕੀਤਾ ਹੋਇਆ ਹੈ। ਭੂਟਾਨ ਵੀ ਦਬਾਅ ਹੇਠ ਚੱਲ ਰਿਹਾ ਹੈ। ਮਾਲਦੀਵ ਤੋਂ ਕੁਝ ਟਾਪੂ ਚੀਨ ਨੇ ਲੀਜ਼ 'ਤੇ ਲੈ ਲਏ ਹਨ। ਚੀਨ ਬੰਗਲਾ ਦੇਸ਼ ਦੀ ਨਾਗਰਿਕਤਾ ਬਿੱਲ ਨੂੰ ਲੈ ਕੇ ਭਾਰਤ ਨਾਲ ਨਾਰਾਜ਼ਗੀ ਨੂੰ ਆਪਣੇ ਹੱਕ ਵਿਚ ਵਰਤ ਰਿਹਾ ਹੈ। ਕਿਸੇ ਸਮੇਂ ਜਿਸ ਰੂਸ ਨਾਲ ਚੀਨ ਦੇ ਸਬੰਧ ਅਣਸੁਖਾਵੇਂ ਸਨ, ਅੱਜ ਬਹੁਤ ਸੁਖਾਵੇਂ ਹਨ। ਚੀਨ ਅਤੇ ਰੂਸ ਦਰਮਿਆਨ 'ਸ਼ੰਘਾਈ ਕਨਫਰੰਟਰੇਸ਼ਨ' ਨਾਂ ਦੀ ਸੰਧੀ ਵੀ ਹੋ ਚੁਕੀ ਹੈ। ਚੀਨ ਦਾ ਉਦੇਸ਼ ਏਸ਼ੀਆ ਅੰਦਰ ਅਮਰੀਕਾ ਦੇ ਪ੍ਰਭਾਵ ਨੂੰ ਘੱਟ ਕਰਨਾ ਹੈ। ਇਸ ਖੇਤਰ ਵਿਚ ਭਾਰਤ ਉਸ ਲਈ ਅੜਿੱਕਾ ਬਣ ਰਿਹਾ ਹੈ। ਪਹਿਲਾਂ ਚੀਨ ਨੇ ਭਾਰਤ ਨੂੰ ਰੂਸ, ਇੰਡੀਆ, ਚੀਨ (ਆਰ. ਆਈ. ਸੀ.) ਗਰੁੱਪ ਵਲੋਂ 'ਗਲੋਬਲ ਨਿਯਮ ਆਧਾਰਿਤ ਵਿਵਸਥਾ' ਨਾਮਕ ਪੱਛਮੀ ਨਜ਼ਰੀਏ ਦੇ ਮੁਕਾਬਲੇ 'ਸਾਂਝਾ ਦ੍ਰਿਸ਼ਟੀਕੋਣ' ਨਾਮਕ ਨਜ਼ਰੀਆ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਇਸ ਨਜ਼ਰੀਏ ਤਹਿਤ ਆਰ. ਆਈ. ਸੀ. ਗਰੁੱਪ ਆਪਣੇ ਇਤਿਹਾਸਕ ਅਨੁਭਵ ਅਤੇ ਮੁੱਲਾਂ ਦੇ ਬਲ 'ਤੇ ਇੱਕ ਐਸਾ ਬਦਲਵਾਂ ਦ੍ਰਿਸ਼ਟੀਕੋਣ ਵਿਕਸਿਤ ਕਰੇ, ਜੋ ਗਲੋਬਲ ਸ਼ਾਸਨ ਦੇ ਪੱਛਮੀ ਆਦਰਸ਼ ਨਾਲ ਟਕਰਾਏ ਬਿਨਾ ਪ੍ਰਗਤੀ ਦਾ ਮਾਰਗ ਤਿਆਰ ਕਰੇ। ਜਿਨਪਿੰਗ ਨੇ ਇਹ ਸੁਪਨਾ ਭਾਰਤ ਨੂੰ ਵੇਚਣ ਲਈ ਸਾਬਰਮਤੀ ਨਦੀ ਦੇ ਕਿਨਾਰੇ ਪੀ. ਐਮ. ਨਰਿੰਦਰ ਮੋਦੀ ਦੇ ਨਾਲ ਝੂਲਾ ਝੂਲਿਆ। ਚੀਨੀ ਝੀਲ ਦੇ ਕਿਨਾਰੇ ਚਹਿਲ ਕਦਮੀ ਕੀਤੀ ਅਤੇ ਦੁਵੱਲੇ ਸਮਝੌਤਿਆਂ ਦੇ ਜ਼ਰੀਏ ਵੁਹਾਨ ਸਪਿਰਿਟ ਬਣਾਏ ਰੱਖਣ ਦੇ ਵਾਅਦੇ ਕੀਤੇ। ਇਸ ਦਾ ਨਤੀਜਾ ਇਹ ਹੋਇਆ ਕਿ ਨਵੀਂ ਦਿੱਲੀ ਵਲੋਂ ਵੀ ਵਿਸ਼ਵ ਗੁਰੂ ਬਣਨ ਅਤੇ 5 ਟ੍ਰਿਲੀਅਨ ਅਰਥ ਵਿਵਸਥਾ ਹਾਸਲ ਕਰਨ ਦੇ ਸੁਪਨੇ ਦੇਖੇ ਜਾਣ ਲੱਗੇ; ਪਰ ਨਵੀਂ ਦਿੱਲੀ ਨੂੰ ਅਹਿਸਾਸ ਹੋ ਗਿਆ ਕਿ ਸਾਂਝਾ ਦ੍ਰਿਸ਼ਟੀਕੋਣ ਅਸਲ ਵਿਚ ਇਕੱਲੇ ਚੀਨ ਦਾ ਦ੍ਰਿਸ਼ਟੀਕੋਣ ਹੈ, ਜਿਸ ਵਿਚ ਭਾਰਤ ਦੀ ਕੋਈ ਥਾਂ ਨਹੀਂ ਹੈ। ਇਹ ਸਾਰੀ ਕਵਾਇਦ ਚਾਈਨਾ ਡਰੀਮ ਸਾਕਾਰ ਕਰਨ ਦਾ ਯਤਨ ਹੈ, ਜਿਸ ਦੇ ਅਸੰਤੁਲਿਤ ਗਠਜੋੜ ਵਿਚ ਭਾਰਤ ਦੀ ਭੂਮਿਕਾ ਪਿਛਲੱਗੂ ਤੋਂ ਵੱਧ ਨਹੀਂ ਹੋਵੇਗੀ। ਇਸ ਲਈ ਉਸ ਨੇ ਬੀ. ਆਰ. ਆਈ. ਵਿਚ ਸ਼ਾਮਲ ਨਾ ਹੋ ਕੇ ਬੀਜਿੰਗ ਨੂੰ ਸਪਸ਼ਟ ਸੁਨੇਹਾ ਦੇ ਦਿੱਤਾ ਕਿ ਉਸ ਨੂੰ ਪਿਛਲੱਗੂ ਦੀ ਭੂਮਿਕਾ ਨਹੀਂ ਅਪਨਾ ਹੈ।





ਪੁਸਤਕ 'ਦਾ ਚਾਈਨਾ ਡਰੀਮ' ਦਾ ਮੁਖੜਾ



ਲਿਉ ਮਿੰਗ ਫੂ

ਭਾਰਤ ਦੇ ਲਗਾਤਾਰ ਅਮਰੀਕਾ ਵਲ ਝੁਕਾਅ ਤੋਂ ਚੀਨ ਨੂੰ ਵੀ ਅਹਿਸਾਸ ਹੋ ਗਿਆ ਕਿ ਭਾਰਤ ਨੂੰ ਪੱਛਮੀ ਤਾਕਤਾਂ ਨਾਲ ਨੇੜਤਾ ਤੋਂ ਮਿੱਠੀਆਂ ਗੱਲਾਂ ਨਾਲ ਨਹੀਂ ਰੋਕਿਆ ਜਾ ਸਕਦਾ। ਇਸ ਸਮੇਂ ਜੋ ਅਸਲ ਕੰਟਰੋਲ ਰੇਖਾ ਤੇ ਭਾਰਤ ਚੀਨ ਦਾ ਫੌਜੀ ਟਕਰਾਅ ਚੱਲ ਰਿਹਾ ਹੈ, ਉਹ ਹਿਮਾਲਿਆ ਦੇ ਕੁਝ ਵਰਗ ਕਿਲੋਮੀਟਰ ਬੇਜਾਨ ਪੱਥਰਾਂ ਉਤੇ ਕਬਜਾ ਕਰਨ ਨੂੰ ਲੈ ਕੇ ਨਹੀਂ ਹੈ, ਸਗੋਂ ਬੀਜਿੰਗ ਦਾ ਵਿਸ਼ਾਲ ਰਣਨੀਤਕ ਉਦੇਸ਼ ਹੈ ਕਿ ਭਾਰਤ ਆਪਣੀ ਤਾਕਤ ਦੀਆਂ ਹੱਦਾਂ ਨੂੰ ਅਪਨਾ ਕੇ ਚੀਨ ਦਾ ਪਿਛਲੱਗੂ ਬਣ ਜਾਵੇ। ਜ਼ਿਕਰਯੋਗ ਹੈ ਕਿ ਸੰਨ 1979 ਵਿਚ ਚੀਨ ਨੇ ਇਨ੍ਹਾਂ ਕਾਰਨਾਂ ਕਰਕੇ ਹੀ ਵੀਅਤਨਾਮ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਵੀਅਤਨਾਮ ਵਿਚ ਪਰਵੇਸ਼ ਕੀਤਾ ਸੀ, ਪਰ ਉਸ ਦੀ ਇਸ ਮਾਮਲੇ ਵਿਚ ਵਿਸ਼ਵ ਵਿਆਪੀ ਫਜੀਅਤ ਹੋਈ ਸੀ। ਚੀਨ ਦੇ ਮਨਸੂਬੇ ਭਾਰਤ ਵਿਚ ਵੀ ਸਫਲ ਨਹੀਂ ਹੋਣਗੇ।

ਖੁਦਾ ਨਾ ਖਾਸਤਾ ਜੇ ਜੰਗ ਲੱਗੀ ਤਾਂ ਇਹ ਗਲਵਾਨ ਘਾਟੀ ਤੱਕ ਮਹਿਦੂਦ ਨਹੀਂ ਰਹੇਗੀ, ਇਸ ਦਾ ਘੇਰਾ ਬਹੁਤ ਵਿਸ਼ਾਲ ਹੋਵੇਗਾ। ਇਸ ਦੇ ਵਿਸ਼ਵ ਯੁੱਧ ਵਿਚ ਤਬਦੀਲ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਦੁਨੀਆਂ ਦੇ ਬਹੁਤ ਸਾਰੇ ਦੇਸ਼ ਚੀਨ ਨਾਲ ਕਿਸੇ ਨਾ ਕਿਸੇ ਗੱਲੋਂ ਨਾਰਾਜ਼ ਹਨ। ਮਿਸਾਲ ਵਜੋਂ ਆਸਟ੍ਰੇਲੀਆ ਚੀਨ ਨਾਲ ਕੋਵਿਡ-19 ਮਹਾਮਾਰੀ ਫੈਲਾਉਣ ਕਰਕੇ ਨਾਰਾਜ਼ ਹੈ, ਅਮਰੀਕਾ ਨਾਲ ਜਿਥੇ ਪਿਛਲੇ 3 ਕੁ ਸਾਲ ਤੋਂ ਟਰੇਡ ਵਾਰ ਚੱਲ ਰਹੀ ਹੈ, ਉਥੇ ਕੋਵਿਡ-19 ਮਹਾਮਾਰੀ ਕਰਕੇ ਵੀ ਉਹ ਨਾਰਾਜ਼ ਹੈ। 10 ਦੇਸ਼ਾਂ ਦਾ ਸਮੂਹ 'ਐਸੋਸੀਏਸ਼ਨ ਆਫ ਸਾਊਥ ਈਸਟ ਏਸ਼ੀਅਨ ਨੇਸ਼ਨਜ਼' ਇਸ ਗੱਲ ਨੂੰ ਲੈ ਕੇ ਚੀਨ ਨਾਲ ਖਫਾ ਹੈ ਕਿ ਚੀਨ ਸਾਊਥ ਚਾਈਨਾ ਸਮੁੰਦਰ ਅਤੇ ਹਿੰਦ ਮਹਾਸਾਗਰ ਵਿਚ ਕੌਮਾਂਤਰੀ ਸਮੁੰਦਰੀ ਨਿਯਮਾਂ ਦਾ ਉਲੰਘਣ ਕਰਕੇ ਧੌਂਸ ਜਮਾ ਰਿਹਾ ਹੈ। ਅਹਿਸਾਸ ਬੀਜਿੰਗ ਨੂੰ ਵੀ ਹੈ ਕਿ ਵੱਖ ਵੱਖ ਦੇਸ਼ ਉਸ ਵਿਰੁੱਧ ਲਾਮਬੰਦ ਹੋ ਰਹੇ ਹਨ। ਇਸ ਲਈ ਉਸ ਨੇ ਆਪਣੇ ਸੈਨਿਕ ਰਿਜ਼ਰਵ ਬਲਾਂ ਨੂੰ ਕੇਂਦਰੀ ਕਮਾਂਡ ਅਧੀਨ ਕਰ ਕੇ ਵਿਸ਼ਵ ਪੱਧਰੀ ਫੌਜ ਵਿਕਸਿਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

# ਜੇਲ੍ਹ 'ਚ ਡੱਕੇ ਜੁਝਾਰੂ ਪ੍ਰੋਫੈਸਰ ਸਾਈਬਾਬਾ ਦੇ ਨਾਂ ਚਿੱਠੀ

## ਸਾਡੇ ਉਪਰ ਤੰਗਦਿਲ, ਕਰੂਰ ਅਤੇ ਕਮਜ਼ੋਰ ਦਿਮਾਗ ਵਾਲੇ ਲੋਕ ਰਾਜ ਕਰ ਰਹੇ: ਅਰੁੰਧਤੀ ਰਾਏ



*ਉਘੀ ਲੇਖਕਾ ਅਰੁੰਧਤੀ ਰਾਏ ਨੇ ਨਾਗਪੁਰ ਕੇਂਦਰੀ ਜੇਲ੍ਹ ਵਿਚ ਬੰਦ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਚਿੱਠੀ ਲਿਖੀ ਹੈ, ਜਿਸ ਵਿਚ ਉਨ੍ਹਾਂ ਪ੍ਰੋਫੈਸਰ ਸਾਈਬਾਬਾ ਨਾਲ ਆਪਣੀਆਂ ਮੁਲਾਕਾਤਾਂ ਦੇ ਭਾਵੁਕ ਪਲਾਂ ਦਾ ਜ਼ਿਕਰ ਕੀਤਾ ਹੈ। ਨਾਲ ਹੀ ਇਸ ਦੌਰ ਵਿਚ ਮੁਲਕ ਦੀ ਸੱਤਾ ਅਤੇ ਰਾਜ ਪ੍ਰਬੰਧ ਦੀਆਂ ਕਰੂਰਤਾਂ ਦਾ ਵਿਸਤਾਰ 'ਚ ਵੇਰਵਾ ਦਿੱਤਾ ਹੈ। ਇਸ ਵਿਚ ਜੇਲ੍ਹ 'ਚ ਬੰਦ ਉਨ੍ਹਾਂ ਦੇ ਹੋਰ ਸਾਥੀਆਂ ਨਾਲ ਅਦਾਲਤਾਂ ਦੇ ਵਿਹਾਰ ਤੋਂ ਲੈ ਕੇ ਕੋਵਿਡ-19 ਅਤੇ ਤਾਲਾਬੰਦੀ ਨਾਲ ਪੈਦਾ ਹੋਏ ਹਾਲਾਤ ਦੀਆਂ ਗੱਲਾਂ ਸ਼ਾਮਲ ਹਨ। ਇਸ ਅਹਿਮ ਚਿੱਠੀ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

17 ਜੁਲਾਈ 2020
ਵੱਲ,
ਪ੍ਰੋਫੈਸਰ ਜੀ.ਐਨ. ਸਾਈਬਾਬਾ
ਅੰਡਾ ਸੈੱਲ, ਨਾਗਪੁਰ ਸੈਂਟਰਲ ਜੇਲ੍ਹ,
ਨਾਗਪੁਰ, ਮਹਾਰਾਸ਼ਟਰ।

**ਪਿਆਰੇ ਸਾਈ,**

ਤੁਹਾਨੂੰ ਦੁਖੀ ਕੀਤਾ, ਇਸ ਦਾ ਮੈਨੂੰ ਅਫਸੋਸ ਹੈ। ਲੇਕਿਨ ਇਥੇ ਮੈਂ, ਅਰੁੰਧਤੀ ਰਾਏ ਲਿਖ ਰਹੀ ਹਾਂ। ਅੰਜੁਮ ਨਹੀਂ। ਉਸ ਨੂੰ ਤਾਂ ਤੁਸੀਂ ਤਿੰਨ ਸਾਲ ਪਹਿਲਾਂ ਲਿਖਿਆ ਸੀ। ਉਸ ਨੇ ਨਿਸ਼ਚੇ ਹੀ ਤੁਹਾਨੂੰ ਜਵਾਬ ਲਿਖਣਾ ਚਾਹਿਆ ਸੀ। ਲੇਕਿਨ ਮੈਂ ਕੀ ਕਹਾਂ - ਉਸ ਦੀ ਵਕਤ ਦੀ ਸਮਝ ਤੁਹਾਡੇ ਅਤੇ ਸਾਡੇ ਪੈਮਾਨੇ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਵ੍ਹੱਟਸਐਪ ਅਤੇ ਟਵਿੱਟਰ ਦੀ ਤੇਜ਼ ਰਫਤਾਰ ਦੁਨੀਆਂ ਨੂੰ ਤਾਂ ਬੱਸ ਰਹਿਣ ਹੀ ਦਿਓ। ਇਕ ਚਿੱਠੀ ਦਾ ਜਵਾਬ ਲਿਖਣ (ਜਾਂ ਨਾ ਲਿਖਣ) ਲਈ ਤਿੰਨ ਸਾਲਾਂ ਦੌਰਾਨ ਉਸ ਨੇ ਕੁਝ ਵੀ ਨਹੀਂ ਸੋਚਿਆ। ਹੁਣ ਤਾਂ ਉਸ ਨੇ ਖੁਦ ਨੂੰ ਜੰਨਤ ਗੈਸਟ ਹਾਊਸ ਵਿਚਲੇ ਆਪਣੇ ਕਮਰੇ ਵਿਚ ਬੰਦ ਕਰ ਰੱਖਿਆ ਹੈ, ਤੇ ਉਸ ਦਾ ਸਾਰਾ ਵਕਤ ਗੀਤ ਗਾਉਣ 'ਚ ਬੀਤਦਾ ਹੈ।

ਇਹ ਸਾਲ ਗੁਜ਼ਰਨ ਦੌਰਾਨ ਕਮਾਲ ਦੀ ਗੱਲ ਇਹ ਹੋਈ ਹੈ ਕਿ ਉਸ ਨੇ ਇਕ ਵਾਰ ਫਿਰ ਗੀਤ ਗਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਦਰਵਾਜ਼ੇ ਕੋਲੋਂ ਲੰਘਦੇ ਹੋਏ ਉਸ ਨੂੰ ਗਾਉਂਦੇ ਸੁਣਨਾ ਚੰਗਾ ਲੱਗਦਾ ਹੈ ਕਿ ਉਹ ਜਿਉਂਦੀ ਹੈ। 'ਤੁਮ ਬਿਨ ਕੌਨ ਖਬਰੀਆ ਮੋਰੀ ਲਾਏ'। ਹਰ ਦਮ ਉਹ ਇਹੀ ਗਾਉਂਦੀ ਰਹਿੰਦੀ ਹੈ। ਮੇਰੇ ਲਈ ਇਹ ਦਿਲ ਤੋੜਨ ਵਾਲਾ ਹੁੰਦਾ ਹੈ। ਇਹ ਤੁਹਾਡੀ ਯਾਦ ਦਿਵਾਉਂਦਾ ਹੈ। ਜਦ ਉਹ ਗਾ ਰਹੀ ਹੁੰਦੀ ਹੈ ਤਾਂ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਉਹ ਤੁਹਾਡੇ ਬਾਰੇ ਸੋਚ ਰਹੀ ਹੁੰਦੀ ਹੈ। ਇਸ ਲਈ, ਚਾਹੇ ਉਸ ਨੇ ਤੁਹਾਨੂੰ ਜਵਾਬੀ ਚਿੱਠੀ ਨਹੀਂ ਲਿਖੀ, ਫਿਰ ਵੀ ਤੁਸੀਂ ਸਮਝ ਹੀ ਸਕਦੇ ਹੋ ਕਿ ਉਹ ਅਕਸਰ ਤੁਹਾਡੇ ਲਈ ਗਾਉਂਦੀ ਹੈ। ਜੇ ਤੁਸੀਂ ਕੰਨਾਂ ਉਪਰ ਜ਼ੋਰ ਪਾ ਕੇ ਸੁਣਨ ਦੀ ਕੋਸ਼ਿਸ਼ ਕਰੋ ਤਾਂ ਤੁਸੀਂ ਉਸ ਨੂੰ ਸੁਣ ਸਕਦੇ ਹੋ।

ਜਦ ਮੈਂ ਸਾਡੀ ਵਕਤ ਦੀ ਸਮਝ ਦੀ ਗੱਲ ਕਹੀ ਤਾਂ ਮੈਂ ਸਹਿਜੇ ਹੀ ਕਹਿ ਦਿੱਤਾ, 'ਤੁਹਾਡਾ ਅਤੇ ਮੇਰਾ', ਇਹ ਲਿਖਣਾ ਗਲਤ ਸੀ। ਕਿਉਂਕਿ ਇਕ ਖੂੰਖਾਰ ਕਿਸਮ ਦੇ ਆਂਡਾ ਸੈੱਲ ਵਿਚ ਉਮਰ ਕੈਦ ਕੱਟਣਾ ਤੁਹਾਨੂੰ ਅੰਜੁਮ ਦਾ ਕਰੀਬੀ ਬਣਾਉਂਦਾ ਹੈ, ਮੇਰਾ ਨਹੀਂ। ਜਾਂ, ਹੋ ਸਕਦਾ ਹੈ, ਇਹ ਉਸ ਤੋਂ ਵੀ ਵੱਖਰੀ ਤਰ੍ਹਾਂ ਦਾ ਹੋਵੇ। ਮੈਂ ਹਮੇਸ਼ਾ ਅੰਗਰੇਜ਼ੀ ਜ਼ੁਬਾਨ ਦੇ ਵਾਕਅੰਸ਼ 'ਡੂਇੰਗ ਟਾਈਮਜ਼' - ਕੈਦ ਕੱਟਣੀ - ਬਾਰੇ ਸੋਚਦੀ ਰਹੀ ਹਾਂ। ਜਿਵੇਂ ਇਹ ਵਰਤਿਆ ਜਾਂਦਾ ਹੈ, ਉਸ ਤੋਂ ਕਿਤੇ ਵਧੇਰੇ ਡੂੰਘਾ ਭਾਵ ਇਸ ਦੇ ਵਜੂਦ ਸਮੋਇਆ ਹੋਇਆ ਹੈ। ਖੈਰ, ਇਸ ਵਿਚਾਰਹੀਣ ਟਿੱਪਣੀ ਦਾ ਮੈਨੂੰ ਅਫਸੋਸ ਹੈ। ਅੰਜੁਮ ਆਪਣੇ ਹੀ ਤਰੀਕੇ ਨਾਲ ਉਮਰ ਕੈਦ ਹੈ। ਉਹ ਆਪਣੇ ਕਬਰਿਸਤਾਨ ਵਿਚ ਹੈ - ਉਸ ਦਾ 'ਬੁਚਰਜ਼ ਲਕ' ਵਾਲਾ ਜੀਵਨ। ਲੇਕਿਨ ਨਿਸ਼ਚੇ ਹੀ ਉਹ ਜੇਲ੍ਹ ਦੀਆਂ ਸੀਖਾਂ ਪਿੱਛੇ ਨਹੀਂ ਹੈ, ਜਾਂ ਉਸ ਦੇ ਨਾਲ ਜੇਲ੍ਹਰ ਨਹੀਂ ਹੈ। ਉਸ ਦੇ ਜੇਲ੍ਹਰ ਉਹ ਪ੍ਰੇਤ ਹਨ ਅਤੇ ਜ਼ਾਕਿਰ ਮੀਆਂ ਦੀਆਂ ਯਾਦਾਂ ਹਨ।

**ਖਾਕੀ ਕਥਾ**

ਮੈਂ ਤੁਹਾਨੂੰ ਨਹੀਂ ਪੁੱਛ ਰਹੀ ਕਿ ਤੁਹਾਡਾ ਕੀ ਹਾਲ ਹੈ, ਕਿਉਂਕਿ ਮੈਨੂੰ ਇਹ ਵਸੰਤਾ ਤੋਂ ਪਤਾ ਲੱਗਦਾ ਰਹਿੰਦਾ ਹੈ। ਮੈਂ ਤੁਹਾਡੀ ਮੈਡੀਕਲ ਰਿਪੋਰਟ ਗੌਰ ਨਾਲ ਦੇਖੀ ਹੈ। ਇਹ ਮੇਰੀ ਕਲਪਨਾ ਤੋਂ ਵੀ ਬਾਹਰ ਹੈ ਕਿ ਉਹ ਤੁਹਾਨੂੰ ਜ਼ਮਾਨਤ ਉਪਰ ਰਿਹਾਅ ਨਹੀਂ ਕਰ ਰਹੇ, ਜਾਂ ਪੈਰੋਲ ਉਪਰ ਕਿਉਂ ਨਹੀਂ ਛੱਡ ਰਹੇ। ਸੱਚ ਇਹੀ ਹੈ ਕਿ ਐਸਾ ਕੋਈ ਦਿਨ ਨਹੀਂ ਹੁੰਦਾ, ਜਦ ਮੈਂ ਤੁਹਾਡੇ ਬਾਰੇ ਨਹੀਂ ਸੋਚਦੀ। ਕੀ ਉਨ੍ਹਾਂ ਨੇ ਹੁਣ ਵੀ ਤੁਹਾਨੂੰ ਅਖਬਾਰਾਂ ਦੇਣ ਉਪਰ ਪਾਬੰਦੀ ਲਾਈ ਹੋਈ ਹੈ ਅਤੇ ਹੁਣ ਵੀ ਕਿਤਾਬਾਂ ਰੋਕ ਲੈਂਦੇ ਹਨ? ਕੀ ਤੁਹਾਡੇ ਨਾਲ ਜੇਲ੍ਹ ਦੇ ਉਹ ਸਾਥੀ ਜੋ ਨਿੱਤ ਦੇ ਕਿਰਿਆਕ੍ਰਮ 'ਚ ਤੁਹਾਡੀ ਮਦਦ ਕਰਦੇ ਸਨ, ਕੀ ਹੁਣ ਵੀ ਤੁਹਾਡੇ ਨਾਲ ਹਨ, ਕੀ ਉਹ ਸ਼ਿਫਟ ਵਿਚ ਆਉਂਦੇ ਹਨ? ਕੀ ਉਨ੍ਹਾਂ ਦਾ ਵਿਹਾਰ ਦੋਸਤਾਨਾ ਹੈ? ਹੁਣ ਤੁਹਾਡੀ ਵ੍ਹੀਲਚੇਅਰ ਦੀ ਹਾਲਤ ਕੀ ਹੈ?

ਮੈਨੂੰ ਪਤਾ ਹੈ ਕਿ ਜਦ ਉਨ੍ਹਾਂ ਨੇ ਤੁਹਾਨੂੰ ਗ੍ਰਿਫਤਾਰ ਕੀਤਾ ਸੀ - ਦਰਅਸਲ ਤੁਹਾਨੂੰ ਘਰ ਪਰਤਦੇ ਵਕਤ ਅਗਵਾ ਕਰ ਲਿਆ ਗਿਆ ਸੀ, ਜਿਵੇਂ ਤੁਸੀਂ ਖਤਰਨਾਕ ਮੁਜਰਿਮ ਹੋਵੋ - ਉਦੋਂ ਤੁਹਾਡੀ ਵ੍ਹੀਲਚੇਅਰ ਟੁੱਟ ਗਈ ਸੀ (ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਆਪਣੀ 'ਸਵੈ-ਰੱਖਿਆ' ਲਈ ਤੁਹਾਨੂੰ ਵਿਕਾਸ ਦੂਬੇ ਨਹੀਂ ਬਣਾਇਆ, ਤੇ ਇਹ ਨਹੀਂ ਕਿਹਾ ਕਿ ਤੁਸੀਂ ਉਨ੍ਹਾਂ ਦੀ ਬੰਦੂਕ ਖੋਹ ਲਈ ਅਤੇ ਕੱਢ ਵਿਚ ਵ੍ਹੀਲਚੇਅਰ ਲੈ ਕੇ ਭੱਜ ਗਏ। ਸਾਨੂੰ ਸਾਹਿਤ ਦੀ ਇਕ ਨਵੀਂ ਸ਼ੈਲੀ ਈਜਾਦ ਕਰਨੀ ਚਾਹੀਦੀ ਹੈ, ਉਹ ਹੈ ਖਾਕੀ ਕਥਾ। ਸਾਲਾਨਾ ਲਿਟਰੇਰੀ ਫੈਸਟੀਵਲ ਲਈ ਸਾਡੇ ਕੋਲ ਕਾਫੀ ਕੁਝ ਹੋਵੇਗਾ। ਇਨਾਮ ਦੀ ਰਕਮ ਵੀ ਚੋਖੀ ਰਹੇਗੀ ਅਤੇ ਇਸ ਵਿਚ ਸਾਡੀਆਂ ਨਿਰਪੱਖ ਅਦਾਲਤਾਂ ਦੇ ਨਿਰਪੱਖ ਜੱਜ ਵੀ ਸ਼ਾਨਦਾਰ ਕਿਰਦਾਰ ਨਿਭਾਉਣਗੇ)।

ਮੈਨੂੰ ਉਹ ਦਿਨ ਚੇਤੇ ਹੈ, ਜਦ ਤੁਸੀਂ ਮੈਨੂੰ ਮਿਲਣ ਆਉਂਦੇ ਸੀ। ਕੈਬ ਡਰਾਈਵਰ ਮੇਰੇ ਘਰ ਤੋਂ ਸੜਕ ਦੇ ਦੂਜੇ ਪਾਸਿਓਂ ਤੁਹਾਨੂੰ ਵ੍ਹੀਲਚੇਅਰ ਉਪਰ ਬਿਠਾ ਕੇ ਮੇਰੇ ਘਰ ਦੀਆਂ ਪੌੜੀਆਂ ਤੱਕ ਲੈ ਕੇ ਆਉਂਦਾ। ਮੇਰਾ ਘਰ ਇਸ ਵ੍ਹੀਲਚੇਅਰ ਦੇ ਅਨੁਕੂਲ ਨਹੀਂ ਸੀ। ਇਨ੍ਹੀਂ ਦਿਨੀਂ ਪੌੜੀਆਂ ਦੇ ਹਰ ਪੌਡੇ ਉਪਰ ਅਵਾਰਾ ਕੁੱਤੇ ਬੈਠੇ ਹੁੰਦੇ ਹਨ। ਚੱਢਾ ਸਾਹਿਬ (ਪਿਤਾ), ਬੰਜਾਰਨ (ਜਿਪਸੀ ਦੀ ਮਾਂ) ਅਤੇ ਉਨ੍ਹਾਂ ਦੇ ਬੱਚੇ ਲੀਲਾ ਅਤੇ ਸੀਲਾ ਬੈਠੇ ਹੁੰਦੇ ਹਨ। ਉਹ ਕੋਵਿਡ ਦੀ ਤਾਲਾਬੰਦੀ ਦੌਰਾਨ ਪੈਦਾ ਹੋਏ। ਇਉਂ ਲੱਗਦਾ ਹੈ, ਜਿਵੇਂ ਉਨ੍ਹਾਂ ਨੇ ਮੈਨੂੰ ਅਪਣਾਉਣ ਦਾ ਫੈਸਲਾ ਕਰ ਲਿਆ ਹੋਵੇ। ਕੋਵਿਡ ਤਾਲਾਬੰਦੀ ਤੋਂ ਬਾਅਦ ਸਾਡੇ ਕਾਰ ਡਰਾਈਵਰ ਮਿੱਤਰ ਚਲੇ ਗਏ ਹਨ। ਉਨ੍ਹਾਂ ਲਈ ਕੋਈ ਕੰਮ ਨਹੀਂ ਬਚਿਆ। ਅਣਧੋਤੀਆਂ ਗੱਡੀਆਂ ਧੂੜ ਨਾਲ ਲੱਥਪੱਥ ਖੜ੍ਹੀਆਂ ਹਨ। ਹੌਲੀ-ਹੌਲੀ ਪੈਂਦੇ ਉਗ ਰਹੇ ਹਨ, ਲਗਰਾਂ ਅਤੇ ਕਰੂੰਬਲਾਂ ਵਧ ਰਹੀਆਂ ਹਨ। ਬੜੇ ਸ਼ਹਿਰਾਂ ਤੋਂ ਛੋਟੇ ਲੋਕ ਲਾਪਤਾ ਹੋ ਗਏ ਹਨ। ਸਾਰੇ ਤਾਂ ਨਹੀਂ ਲੇਕਿਨ ਬਹੁਤ ਸਾਰੇ। ਦਹਿ-ਲੱਖਾਂ।



ਵ੍ਹੀਲਚੇਅਰ ਉਤੇ ਪ੍ਰੋਫੈਸਰ ਜੀ.ਐਨ. ਸਾਈਬਾਬਾ।

ਮੈਂ ਅਜੇ ਵੀ ਅਚਾਰ ਦੇ ਉਹ ਛੋਟੇ-ਛੋਟੇ ਡੱਬੇ ਸਾਂਭ ਕੇ ਰੱਖੇ ਹੋਏ ਹਨ ਜੋ ਤੁਸੀਂ ਮੇਰੇ ਲਈ ਬਣਾਇਆ ਸੀ। ਮੈਂ ਤੁਹਾਡੇ ਜੇਲ੍ਹੋਂ ਬਾਹਰ ਆਉਣ ਦਾ ਇੰਤਜ਼ਾਰ ਕਰਾਂਗੀ। ਮੈਂ ਇਨ੍ਹਾਂ ਨੂੰ ਖੋਲ੍ਹਣ ਦੀ ਇੰਤਜ਼ਾਰ ਕਰ ਰਹੀ ਹਾਂ, ਜਦ ਅਸੀਂ ਇਕੱਠੇ ਬੈਠ ਕੇ ਖਾਣਾ ਖਾਵਾਂਗੇ। ਉਦੋਂ ਤੱਕ ਅਚਾਰ ਚੰਗੀ ਤਰ੍ਹਾਂ ਪੱਕ ਜਾਵੇਗਾ।

ਤੁਹਾਡੀ ਪਤਨੀ ਵਸੰਤਾ ਅਤੇ ਬੇਟੀ ਮੰਜੀਰਾ ਨਾਲ ਮੇਰੀ ਮੁਲਾਕਾਤ ਕਦੇ-ਕਦੇ ਹੀ ਹੁੰਦੀ ਹੈ, ਕਿਉਂਕਿ ਸਾਡੇ ਸਾਂਝੇ ਦੁੱਖ ਦਾ ਬੋਝ ਉਨ੍ਹਾਂ ਮੁਲਾਕਾਤਾਂ ਨੂੰ ਹੋਰ ਵੀ ਬੋਝਲ ਬਣਾ ਦਿੰਦਾ ਹੈ। ਇਹ ਸਿਰਫ ਉਦਾਸੀ ਭਰਿਆ ਹੀ ਨਹੀਂ ਹੈ। ਇਸ ਵਿਚ ਗੁੱਸਾ, ਬੇਵਸੀ ਅਤੇ ਮੇਰੇ ਹਿੱਸੇ ਦੀ ਸ਼ਰਮਿੰਦਗੀ ਵੀ ਜੁੜ ਜਾਂਦੀ ਹੈ। ਸ਼ਰਮਿੰਦਗੀ ਇਸ ਗੱਲ ਦੀ ਕਿ ਮੈਂ ਜ਼ਿਆਦਾਤਰ ਲੋਕਾਂ ਦਾ ਧਿਆਨ ਤੁਹਾਡੇ ਨਾਲ ਹੋ ਰਹੇ ਅਨਿਆਂ ਵੱਲ ਨਹੀਂ ਖਿੱਚ ਸਕੀ। ਇਹ ਕਿੰਨੀ ਕਰੂਰਤਾ ਹੈ ਕਿ ਕੋਈ ਵਿਅਕਤੀ ਪ੍ਰਵਾਨਿਤ ਤੌਰ 'ਤੇ 90 ਫੀਸਦੀ ਅਪਾਹਜ ਹੈ ਅਤੇ ਉਸ ਨੂੰ ਬੇਤੁਕੇ ਜੁਰਮ ਦੀ ਸਜ਼ਾ ਦੇ ਕੇ ਐਸੀ ਹਾਲਤ ਵਿਚ ਪਹੁੰਚਾ ਦਿੱਤਾ ਗਿਆ। ਸ਼ਰਮਿੰਦਗੀ ਇਸ ਗੱਲ ਦੀ ਕਿ ਅਸੀਂ ਵਾਹੋਦਾਹੀ ਨਿਆਂ ਪ੍ਰਣਾਲੀ ਦੀਆਂ ਭੁੱਲ-ਭੁਲਈਆਂ ਵਿਚੋਂ ਗੁਜ਼ਰਦੇ ਹੋਏ ਤੁਹਾਡੀ ਅਪੀਲ ਦਾ ਕੁਝ ਵੀ ਨਹੀਂ ਕਰ ਸਕੇ। ਨਿਆਂ ਪ੍ਰਣਾਲੀ ਦੀਆਂ ਇਨ੍ਹਾਂ ਭੁੱਲ-ਭੁਲਈਆਂ ਵਿਚੋਂ ਗੁਜ਼ਰਨ ਦਾ ਅਮਲ ਹੀ ਸਜ਼ਾ ਹੈ। ਮੈਨੂੰ ਭਰੋਸਾ ਹੈ ਕਿ ਸੁਪਰੀਮ ਕੋਰਟ ਆਖਿਰਕਾਰ ਤੁਹਾਨੂੰ ਬਰੀ ਕਰ ਦੇਵੇਗੀ; ਲੇਕਿਨ ਜਦ ਇਹ ਹੋ ਰਿਹਾ ਹੋਵੇਗਾ, ਉਦੋਂ ਤੱਕ ਤੁਸੀਂ ਅਤੇ ਤੁਹਾਡੇ ਹੋਰ ਲੋਕ ਕਿੰਨਾ ਕੁਝ ਭੁਗਤ ਚੁੱਕੇ ਹੋਣਗੇ।

ਭਾਰਤ ਵਿਚ ਕੋਵਿਡ-19 ਇਕ ਤੋਂ ਬਾਅਦ ਦੂਜੀ ਜੇਲ੍ਹ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਇਸ ਵਿਚ ਤੁਹਾਡੀ ਜੇਲ੍ਹ ਵੀ ਸ਼ਾਮਲ ਹੈ। ਉਹ ਤੁਹਾਡੇ ਹਾਲਾਤ ਨੂੰ ਜਾਣਦੇ ਹਨ ਕਿ ਇਕ ਉਮਰ ਕੈਦ ਕਿੰਨੀ ਸੌਖ ਨਾਲ ਮੌਤ ਦੀ ਸਜ਼ਾ ਵਿਚ ਬਦਲ ਸਕਦੀ ਹੈ।

ਬਹੁਤ ਸਾਰੇ ਦੋਸਤ ਜੋ ਸਾਡੇ ਅਤੇ ਤੁਹਾਡੇ ਦੋਸਤ ਵੀ ਹਨ - ਵਿਦਿਆਰਥੀ, ਵਕੀਲ, ਪੱਤਰਕਾਰ, ਕਾਰਕੁਨ; ਜਿਨ੍ਹਾਂ ਨਾਲ ਮਿਲ ਕੇ ਅਸੀਂ ਖਾਣਾ ਖਾਧਾ, ਠਹਾਕੇ ਲਗਾਏ ਅਤੇ ਗਰਮਾ-ਗਰਮ ਬਹਿਸਾਂ ਕੀਤੀਆਂ, ਉਹ ਵੀ ਹੁਣ ਜੇਲ੍ਹ ਵਿਚ ਹਨ। ਮੈਨੂੰ ਨਹੀਂ ਪਤਾ ਕਿ ਤੁਹਾਨੂੰ ਵੀ.ਵੀ. (ਮੈਂ ਵਰਵਰਾ ਰਾਓ ਬਾਰੇ ਗੱਲ ਕਰ ਰਹੀ ਹਾਂ, ਕਿਤੇ ਜੇਲ੍ਹ ਸੈਂਸਰ ਇਸ ਨੂੰ ਕੋਈ ਕੋਡ ਹੀ ਨਾ ਸਮਝ ਲਵੇ) ਬਾਰੇ ਜਾਣਕਾਰੀ ਹੈ, ਜਾਂ ਨਹੀਂ। 81 ਸਾਲ ਦੇ ਇਸ ਮਹਾਨ ਬਜ਼ੁਰਗ ਕਵੀ ਨੂੰ ਜੇਲ੍ਹ ਵਿਚ ਰੱਖ ਕੇ ਮਾਨੋ ਜੇਲ੍ਹ ਵਿਚ ਆਧੁਨਿਕ ਸਮਾਰਕ ਬਣਾ ਦਿੱਤਾ ਗਿਆ ਹੈ। ਉਨ੍ਹਾਂ ਦੀ ਸਿਹਤ ਦੀ ਖਬਰ ਬਹੁਤ ਫਿਕਰਮੰਦੀ ਵਾਲੀ ਹੈ। ਲੰਮੇ ਸਮੇਂ ਤੋਂ ਚੱਲ ਰਹੀ ਖਰਾਬ ਸਿਹਤ ਜੋ ਜੇਲ੍ਹ ਪ੍ਰਸ਼ਾਸਨ ਦੀ ਬੇਹੱਦ ਬੇਪ੍ਰਵਾਹੀ ਦਾ ਨਤੀਜਾ ਹੈ, ਤੋਂ ਬਾਅਦ ਹੁਣ ਉਨ੍ਹਾਂ ਨੂੰ ਕਰੋਨਾ ਦੀ ਲਾਗ ਵੀ ਲੱਗ ਚੁੱਕੀ ਹੈ।

ਉਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਉਨ੍ਹਾਂ ਦਾ ਪਰਿਵਾਰ ਜੋ ਉਨ੍ਹਾਂ ਨੂੰ ਮਿਲਣ 'ਚ ਕਾਮਯਾਬ ਹੋ ਗਿਆ, ਨੇ ਦੱਸਿਆ ਕਿ ਉਹ ਬੈੱਡ ਉਪਰ ਇਕੱਲੇ ਹੀ ਪਏ ਸਨ, ਕੋਲ ਕੋਈ ਦੇਖਭਾਲ ਕਰਨ ਵਾਲਾ ਨਹੀਂ ਸੀ, ਚਾਦਰਾਂ ਪੇਸ਼ਾਬ ਨਾਲ ਲਿੱਬੜੀਆਂ ਹੋਈਆਂ ਸਨ। ਉਹ ਉਖੜ-ਦੁਗੜ ਤਰੀਕੇ ਨਾਲ ਬੋਲ ਰਹੇ ਸਨ ਅਤੇ ਤੁਰਨ ਦੀ ਹਾਲਤ ਵਿਚ ਨਹੀਂ ਸਨ। ਵੀ.ਵੀ.! ਉਖੜ-ਦੁਗੜੀਆਂ ਗੱਲਾਂ! ਉਹ ਬੰਦਾ ਜੋ ਹਜ਼ਾਰਾਂ ਲੱਖਾਂ ਲੋਕਾਂ ਨੂੰ ਸੰਬੋਧਨ ਕਰਨ ਲਈ ਇਕ ਪਲ ਵੀ ਨਹੀਂ ਲਾਉਂਦਾ ਸੀ, ਜਿਸ ਦੀਆਂ ਕਵਿਤਾਵਾਂ ਨੇ ਆਂਧਰਾ, ਤਿਲੰਗਾਨਾ ਅਤੇ ਪੂਰੇ ਭਾਰਤ ਦੇ ਲੱਖਾਂ ਕਰੋੜਾਂ ਲੋਕਾਂ ਦੀ ਸੋਚ-ਉਡਾਰੀ ਨੂੰ ਖੰਭ ਲਾਏ। ਮੈਨੂੰ ਵੀ.ਵੀ. ਦੀ ਜ਼ਿੰਦਗੀ ਦਾ ਫਿਕਰ ਵੱਢ-ਵੱਢ ਖਾ ਰਿਹਾ ਹੈ। ਬਿਲਕੁਲ ਉਸੇ ਤਰ੍ਹਾਂ, ਜਿਵੇਂ ਤੁਹਾਡੀ ਜ਼ਿੰਦਗੀ ਦਾ ਫਿਕਰ ਰਹਿੰਦਾ ਹੈ।

ਭੀਮਾ-ਕੋਰੇਗਾਓਂ ਕੇਸ ਦੇ ਬਾਕੀ ਹੋਰ ਮੁਲਜ਼ਿਮ - 'ਭੀਮਾ-ਕੋਰੇਗਾਓਂ-11' - ਵੀ ਤੰਦਰੁਸਤ ਨਹੀਂ ਹਨ। ਪੂਰਾ ਸ਼ੱਕ ਹੈ ਕਿ ਉਨ੍ਹਾਂ ਨੂੰ ਵੀ ਕੋਵਿਡ-19 ਦੀ ਲਾਗ ਲੱਗ ਚੁੱਕੀ ਹੈ। ਵਰਨੋਨ ਗੋਂਜ਼ਾਲਵੇਜ਼ ਜੋ ਜੇਲ੍ਹ ਵਿਚ ਵੀ.ਵੀ. ਦੀ ਦੇਖਭਾਲ ਕਰ ਰਹੇ ਹਨ, ਬਾਰੇ ਵੀ ਗੰਭੀਰ ਸ਼ੱਕ ਕੀਤਾ ਜਾ ਰਿਹਾ ਹੈ, ਉਹ ਵੀ ਕਰੋਨਾ ਲਾਗ ਦੀ ਲਪੇਟ ਵਿਚ ਆ ਚੁੱਕੇ ਹਨ। ਗੌਤਮ ਨਵਲਖਾ ਅਤੇ ਆਨੰਦ ਤੇਲਤੁੰਬੜੇ ਵੀ ਉਸੇ ਜੇਲ੍ਹ ਵਿਚ ਹਨ; ਲੇਕਿਨ ਹਰ ਵਾਰ ਅਦਾਲਤ ਉਨ੍ਹਾਂ ਦੀ ਜ਼ਮਾਨਤ ਉਪਰ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਰਹੀ ਹੈ। ਤੇ, ਹੁਣ ਅਖਿਲ ਗੋਗੋਈ ਜੋ ਗੁਹਾਟੀ ਦੀ ਜੇਲ੍ਹ ਵਿਚ ਬੰਦ ਹਨ, ਉਹ ਵੀ ਕਰੋਨਾ ਦੀ ਲਪੇਟ ਵਿਚ ਆ ਗਏ ਹਨ।

ਸਾਡੇ ਉਪਰ ਕਿਸ ਤਰ੍ਹਾਂ ਦੇ ਤੰਗਦਿਲ, ਕਰੂਰ ਅਤੇ ਕਮਜ਼ੋਰ ਦਿਮਾਗਾਂ ਵਾਲੇ (ਜਾਂ ਸਿੱਧਾ ਕਹਿ ਦੇਈਏ ਮਹਾਂਮੂਰਖ) ਰਾਜ ਕਰ ਰਹੇ ਹਨ। ਸਾਡੇ ਵਰਗੇ ਵਿਸ਼ਾਲ ਮੁਲਕ ਦੀ ਸਰਕਾਰ ਦੀ ਹਾਲਤ ਕਿੰਨੀ ਤਰਸਯੋਗ ਹੈ ਜੋ ਆਪਣੇ ਹੀ ਲੇਖਕਾਂ ਅਤੇ ਵਿਦਵਾਨਾਂ ਤੋਂ ਭੈਭੀਤ ਹੈ।

**ਸੰਗੀਤ, ਕਵਿਤਾ ਅਤੇ ਪ੍ਰੇਮ**

ਕੁਝ ਮਹੀਨੇ ਪਹਿਲਾਂ ਇਉਂ ਲੱਗਦਾ ਸੀ ਕਿ ਹਾਲਾਤ ਬਦਲ ਰਹੇ ਹਨ। ਲੱਖਾਂ ਲੋਕ ਸੀ.ਏ.ਏ. ਅਤੇ ਐਨ.ਆਰ.ਸੀ. ਖਿਲਾਫ ਸੜਕਾਂ ਉਪਰ ਨਿੱਕਲ ਆਏ ਸਨ, ਖਾਸ ਕਰ ਕੇ ਵਿਦਿਆਰਥੀ। ਇਹ ਰੋਮਾਂਚਕ ਸੀ। ਇਸ ਵਿਚ ਕਵਿਤਾਵਾਂ ਸਨ, ਸੰਗੀਤ ਅਤੇ ਮੁਹੱਬਤ ਸੀ। ਘੱਟੋ-ਘੱਟ ਇਹ ਵਿਦਰੋਹ ਤਾਂ ਹੈ ਹੀ ਸੀ, ਜੇ ਇਹ ਇਨਕਲਾਬ ਨਹੀਂ ਸੀ ਫਿਰ ਵੀ ਇਹ ਤੁਹਾਨੂੰ ਚੰਗਾ ਲੱਗਣਾ ਸੀ।

ਲੇਕਿਨ ਇਸ ਦਾ ਅੰਤ ਬਹੁਤ ਮਾੜਾ ਹੋਇਆ। ਉਤਰ-ਪੂਰਬੀ ਦਿੱਲੀ ਵਿਚ ਫਰਵਰੀ ਮਹੀਨੇ ਵਿਚ 53 ਲੋਕ ਮਾਰੇ ਗਏ ਅਤੇ ਇਸ ਦਾ ਸਾਰਾ ਇਲਜ਼ਾਮ ਪੂਰੀ ਤਰ੍ਹਾਂ ਸ਼ਾਂਤਮਈ ਸੀ.ਏ.ਏ. ਵਿਰੋਧੀ ਅੰਦੋਲਨਕਾਰੀਆਂ ਉਪਰ ਲਗਾ ਦਿੱਤਾ ਗਿਆ। ਜਿਨ੍ਹਾਂ ਹਥਿਆਰਬੰਦ ਚੌਕਸੀ ਗਿਰੋਹਾਂ ਨੇ ਆਲੇ-ਦੁਆਲੇ ਦੇ ਕਿਰਤੀ ਇਲਾਕਿਆਂ ਵਿਚ ਦੰਗਾ, ਲੁੱਟਮਾਰ ਅਤੇ ਕਤਲ ਕੀਤੇ ਅਤੇ ਪੁਲਿਸ ਉਨ੍ਹਾਂ ਨਾਲ ਮਿਲੀ ਹੋਈ ਸੀ, ਉਨ੍ਹਾਂ ਦੇ ਵਾਇਰਲ ਹੋਏ ਵੀਡੀਓ ਕਲਿੱਪਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਇਹ ਹਮਲਾ ਪੂਰੀ ਤਰ੍ਹਾਂ ਯੋਜਨਾਬੱਧ ਸੀ। ਤਣਾਓ ਬਹੁਤ ਦਿਨਾਂ ਤੋਂ ਬਣ ਚੁੱਕਾ ਸੀ। ਸਥਾਨਕ ਲੋਕ ਵੀ ਬਿਨਾਂ ਤਿਆਰੀ ਤੋਂ ਨਹੀਂ ਸਨ। ਉਹ ਲੋਕ ਵੀ ਲੜੇ। ਲੇਕਿਨ ਜਿਵੇਂ ਹਮੇਸ਼ਾ ਵਾਪਰਦਾ ਹੈ, ਮਜ਼ਲੂਮ ਲੋਕਾਂ ਨੂੰ ਹੀ ਜ਼ੁਲਮ ਕਰਨ ਵਾਲੇ ਬਣਾ ਦਿੱਤਾ ਗਿਆ। ਕੋਵਿਡ ਤਾਲਾਬੰਦੀ ਦੇ ਓਹਲੇ ਸੈਂਕੜੇ ਨੌਜਵਾਨਾਂ, ਜੋ ਜ਼ਿਆਦਾਤਰ ਮੁਸਲਮਾਨ ਹਨ ਅਤੇ ਜਿਨ੍ਹਾਂ ਵਿਚ ਬਹੁਤ ਸਾਰੇ ਵਿਦਿਆਰਥੀ ਹਨ, ਨੂੰ ਦਿੱਲੀ ਅਤੇ ਉਤਰ ਪ੍ਰਦੇਸ਼ ਤੋਂ ਗ੍ਰਿਫਤਾਰ ਕਰ ਲਿਆ ਗਿਆ। ਇਹ ਅਫਵਾਹ ਵੀ ਫੈਲ ਰਹੀ ਹੈ ਕਿ ਕੁਝ ਫੜੇ ਗਏ ਨੌਜਵਾਨਾਂ ਉਪਰ ਦਬਾਓ ਪਾ ਕੇ ਹੋਰ ਸੀਨੀਅਰ ਕਾਰਕੁਨਾਂ ਨੂੰ ਇਸੇ ਕੇਸ ਵਿਚ ਫਸਾਇਆ ਜਾ ਰਿਹਾ ਹੈ; ਹਾਲਾਂਕਿ ਉਨ੍ਹਾਂ ਵਿਰੁਧ ਪੁਲਿਸ ਕੋਲ ਕੋਈ ਸੱਚਾ ਸਬੂਤ ਨਹੀਂ ਹੈ।

ਕਹਾਣੀ ਘਾੜੇ ਇਕ ਨਵੀਂ ਕਹਾਣੀ ਨੂੰ ਵਿਸਤਾਰ ਦੇਣ 'ਚ ਰੁੱਝੇ ਹੋਏ ਹਨ। ਕਹਾਣੀ ਇਹ ਬਣਾਈ ਗਈ ਹੈ ਕਿ ਜਦ ਰਾਸ਼ਟਰਪਤੀ ਟਰੰਪ ਦਿੱਲੀ ਵਿਚ ਸੀ, ਉਸ ਵਕਤ ਦਿੱਲੀ ਵਿਚ ਕਤਲੇਆਮ ਕਰ ਕੇ ਸਰਕਾਰ ਨੂੰ ਬਦਨਾਮ ਕਰਨ ਦੀ ਡੂੰਘੀ ਸਾਜ਼ਿਸ਼ ਰਚੀ ਗਈ ਸੀ। ਜਦ ਪੁਲਿਸ ਨੇ ਇਸ ਕਥਿਤ ਸਾਜ਼ਿਸ਼ ਦੀਆਂ ਤਾਰੀਕਾਂ ਦੱਸੀਆਂ ਤਾਂ ਪਤਾ ਲੱਗਾ ਕਿ ਸਾਜ਼ਿਸ਼ ਤਾਂ ਟਰੰਪ ਦੀ ਫੇਰੀ ਦਾ ਫੈਸਲਾ ਲਏ ਜਾਣ ਤੋਂ ਵੀ ਪਹਿਲਾਂ ਘੜ ਲਈ ਗਈ ਸੀ! ਸੀ.ਏ.ਏ. ਵਿਰੋਧੀ ਕਾਰਕੁਨ ਵ੍ਹਾਈਟ ਹਾਊਸ ਵਿਚ ਜਾ ਵੜੇ ਸਨ! ਇਹ ਕਿਸ ਤਰ੍ਹਾਂ ਦੀ ਸਾਜ਼ਿਸ਼ ਸੀ? ਪ੍ਰਦਰਸ਼ਨਕਾਰੀਆਂ ਨੇ ਆਪਣੀਆਂ ਆਪ ਹੀ ਹੱਤਿਆਵਾਂ ਕਰ ਲਈਆਂ ਤਾਂ ਜੁ ਸਰਕਾਰ ਦੀ ਬਦਨਾਮੀ ਹੋਵੇ?

ਸਭ ਕੁਝ ਸਿਰ ਭਾਰ ਖੜ੍ਹਾ ਹੈ। ਮਾਰ ਦਿੱਤਾ ਜਾਣਾ ਹੀ ਜੁਰਮ ਬਣਾ ਦਿੱਤਾ ਗਿਆ ਹੈ। ਉਹ ਤੁਹਾਡੀ ਲਾਸ਼ ਦੇ ਖਿਲਾਫ ਕੇਸ ਦਰਜ ਕਰਨਗੇ ਅਤੇ ਤੁਹਾਡੀ ਆਤਮਾ ਨੂੰ ਥਾਣੇ ਵਿਚ ਹਾਜ਼ਰ ਹੋਣ ਦੇ ਸੰਮਨ ਭੇਜਣਗੇ। ਜਦ ਮੈਂ ਇਹ ਲਿਖ ਰਹੀ ਹਾਂ ਤਾਂ ਅਰਰੀਆ, ਬਿਹਾਰ ਤੋਂ ਇਕ ਔਰਤ ਦੀ ਖਬਰ ਆ ਰਹੀ ਹੈ ਜਿਸ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਾਈ ਸੀ ਕਿ ਉਸ ਨਾਲ ਸਮੂਹਿਕ ਬਲਾਤਕਾਰ ਹੋਇਆ ਹੈ। ਉਸ ਔਰਤ ਅਤੇ ਉਸ

(ਬਾਕੀ ਅਗਲੇ ਸਫੇ 'ਤੇ)



ਪ੍ਰੋਫੈਸਰ ਜੀ.ਐਨ. ਸਾਈਬਾਬਾ ਆਪਣੀ ਪਤਨੀ ਵਸੰਤਾ ਕੁਮਾਰੀ।

# ਜੇਲ੍ਹ 'ਚ ਡੱਕੇ ਜੁਝਾਰੂ ਪ੍ਰੋਫੈਸਰ ਸਾਈਬਾਬਾ ਦੇ ਨਾਂ ਚਿੱਠੀ

(ਪਿਛਲੇ ਸਫੇ ਦੀ ਬਾਕੀ)

ਦੇ ਨਾਲ ਆਈ ਔਰਤ ਕਾਰਕੁਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਕੁਝ ਐਸੀਆਂ ਬੇਚੈਨ ਕਰਨ ਵਾਲੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਵਿਚ ਜ਼ਰੂਰੀ ਨਹੀਂ ਕਿ ਲਹੂ ਡੁੱਲ੍ਹੇ, ਜਨੂਨੀ ਕਤਲ ਹੋਵੇ, ਹਜੂਮੀ ਕਤਲ ਹੋਵੇ ਜਾਂ ਬੜੇ ਪੈਮਾਨੇ 'ਤੇ ਲੋਕਾਂ ਨੂੰ ਜੇਲ੍ਹ ਵਿਚ ਸੁੱਟਿਆ ਜਾਵੇ। ਥੋੜ੍ਹੇ ਦਿਨ ਪਹਿਲਾਂ ਕੁਝ ਲੋਕਾਂ ਜਾਂ ਕਹੋ ਠੱਗਾਂ ਨੇ ਇਲਾਹਾਬਾਦ ਵਿਚ ਜ਼ਬਰਦਸਤੀ ਇਕ ਗਲੀ ਦੇ ਨਿੱਜੀ ਘਰਾਂ ਨੂੰ ਭਗਵਾਂ ਰੰਗ ਕਰ ਦਿੱਤਾ ਅਤੇ ਉਨ੍ਹਾਂ ਉਪਰ ਹਿੰਦੂ ਦੇਵਤਿਆਂ ਦੀਆਂ ਤਸਵੀਰਾਂ ਬਣਾ ਦਿੱਤੀਆਂ। ਕਿਸੇ ਕਾਰਨ ਮੈਂ ਕੰਬ ਗਈ ਹਾਂ।

ਸੱਚੀ ਗੱਲ ਏ, ਮੈਨੂੰ ਨਹੀਂ ਪਤਾ ਕਿ ਭਾਰਤ ਇਸ ਰਾਹ 'ਤੇ ਹੋਰ ਕਿੰਨੇ ਦਿਨ ਚੱਲ ਸਕੇਗਾ।

ਜਦ ਤੁਸੀਂ ਜੇਲ੍ਹ ਤੋਂ ਬਾਹਰ ਆਓਗੇ ਤਾਂ ਤੁਸੀਂ ਦੇਖੋਗੇ, ਇਹ ਦੁਨੀਆਂ ਕਿੰਨੀ ਬਦਲ ਚੁੱਕੀ ਹੈ। ਕੋਵਿਡ-19 ਅਤੇ ਬਿਨਾਂ ਸੋਚੇ-ਵਿਚਾਰੇ ਥੋਪੀ ਤਾਲਾਬੰਦੀ ਨੇ ਤਬਾਹੀ ਮਚਾ ਦਿੱਤੀ ਹੈ। ਇਸ ਦੇ ਸ਼ਿਕਾਰ ਸਿਰਫ ਗ਼ਰੀਬ ਹੀ ਨਹੀਂ ਹਨ ਸਗੋਂ ਮੱਧਵਰਗੀ ਵੀ ਹਨ। ਹਿੰਦੂਤਵ ਬ੍ਰਿਗੇਡ ਦੇ ਲੋਕ ਵੀ ਇਸ ਦੀ ਜ਼ੱਦ ਵਿਚ ਆਉਣਗੇ। ਕੀ ਤੁਸੀਂ ਇਸ ਦੀ ਕਲਪਨਾ ਕਰ ਸਕਦੇ ਹੋ ਕਿ ਮਹੀਨਿਆਂ ਤੱਕ ਚੱਲਣ ਵਾਲੀ ਮੁਲਕ-ਵਿਆਪੀ ਕਰਫਿਊਨੁਮਾ ਤਾਲਾਬੰਦੀ ਕਰਨ ਲਈ 1 ਅਰਬ 38 ਲੱਖ ਲੋਕਾਂ ਨੂੰ ਸਿਰਫ ਚਾਰ ਘੰਟੇ (ਰਾਤ ਦੇ 8 ਵਜੇ ਤੋਂ ਅੱਧੀ ਰਾਤ ਤੱਕ) ਦੀ ਮੋਹਲਤ ਦਿੱਤੀ ਗਈ?

ਤੁਰੇ ਜਾ ਰਹੇ ਲੋਕ, ਸਮਾਨ, ਮਸ਼ੀਨਾਂ, ਬਾਜ਼ਾਰ, ਫੈਕਟਰੀਆਂ, ਸਕੂਲ, ਯੂਨੀਵਰਸਿਟੀਆਂ ਸਭ ਕੁਝ ਸੱਚੀਓਂ ਹੀ ਜਿਥੇ ਸੀ, ਉਥੇ ਹੀ ਰੁਕ ਗਿਆ। ਚਿਮਨੀਆਂ 'ਚੋਂ ਨਿਕਲਦਾ ਧੂੰਆਂ, ਸੜਕਾਂ ਉਪਰ ਚੱਲਦੇ ਟਰੱਕ, ਵਿਆਹਾਂ ਵਿਚ ਆਏ ਪ੍ਰਾਹੁਣੇ, ਹਸਪਤਾਲਾਂ ਵਿਚ ਦਵਾ-ਦਾਰੂ ਲੈਂਦੇ ਮਰੀਜ਼ ਥਾਏਂ ਰੁਕ ਗਏ। ਕੋਈ ਨੋਟਿਸ ਤੱਕ ਨਹੀਂ ਦਿੱਤਾ ਗਿਆ। ਇਹ ਵਿਸ਼ਾਲ ਮੁਲਕ ਅਚਾਨਕ ਉਸੇ ਤਰ੍ਹਾਂ ਠੱਪ ਹੋ ਗਿਆ ਜਿਵੇਂ ਅਮੀਰ ਵਿਗੜੈਲ ਬੱਚਾ ਖਿਡਾਉਣਾ ਘੜੀ ਦੀ ਸੂਈ ਨੂੰ ਇਕਦਮ ਧੂਹ ਕੇ ਬਾਹਰ ਕਰ ਦੇਵੇ? ਕਿਉਂ? ਕਿਉਂਕਿ ਉਹ ਐਸਾ ਕਰ ਸਕਦਾ ਹੈ।

ਕੋਵਿਡ-19 ਇਕ ਐਸੇ ਐਕਸਰੇ ਵਿਚ ਬਦਲ ਚੁੱਕਾ ਹੈ ਜਿਸ ਨਾਲ ਜਿਸ ਜਾਤੀ, ਜਮਾਤੀ, ਧਰਮ ਅਤੇ ਲਿੰਗਕ ਅਨਿਆਂ ਨਾਲ ਸਾਡਾ ਸਮਾਜ ਗ੍ਰਸਿਆ ਹੋਇਆ ਹੈ, ਉਹ ਸਾਫ-ਸਾਫ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ। ਤਬਾਹੀ ਮਚਾਉਣ ਵਾਲੀ ਤਾਲਾਬੰਦੀ ਯੋਜਨਾ ਦੀ ਮਿਹਰਬਾਨੀ ਨਾਲ ਆਰਥਿਕਤਾ ਤਕਰੀਬਨ ਢਹਿਢੇਰੀ ਹੋਣ ਵਾਲੀ ਹੈ। ਜਦਕਿ ਵਾਇਰਸ ਆਪਣੇ ਰਾਹ 'ਤੇ ਬਜ਼ਿੱਦ ਹੈ ਅਤੇ ਅੱਗੇ ਵਧਦਾ ਜਾ ਰਿਹਾ ਹੈ। ਇਉਂ ਲੱਗ ਰਿਹਾ ਹੈ ਜਿਵੇਂ ਅਸੀਂ ਰੁਕ ਚੁੱਕੇ ਵਿਸਫੋਟ ਵਿਚੋਂ ਲੰਘ ਰਹੇ ਹੋਈਏ। ਇਹ ਦੁਨੀਆ ਕੈਸੀ ਹੈ ਇਹ ਤਾਂ ਅਸੀਂ ਜਾਣਦੇ ਹੀ ਹਾਂ, ਇਸ ਦੇ ਟੁੱਟੇ-ਖਿੰਡੇ ਹੋਏ ਟੁਕੜੇ, ਸਭ ਕੁਝ ਹਵਾ ਵਿਚ ਲਟਕਿਆ ਹੋਇਆ ਹੈ... ਸਾਨੂੰ ਅਜੇ ਵੀ ਪਤਾ ਨਹੀਂ ਲੱਗ ਰਿਹਾ ਇਹ ਟੁੱਟੀ-ਬਿੱਖਰੀ ਦੁਨੀਆਂ ਆਖਿਰ ਕਿੱਥੇ ਜਾ ਕੇ ਡਿੱਗੇਗੀ ਅਤੇ ਨੁਕਸਾਨ ਕਿੰਨਾ ਕੁ ਹੋਵੇਗਾ।

ਲੱਖਾਂ ਮਜ਼ਦੂਰ ਸ਼ਹਿਰਾਂ ਵਿਚ ਰੁਕ ਗਏ। ਉਨ੍ਹਾਂ ਦੇ ਲਈ ਨਾ ਰੈਣ ਬਸੇਰਾ, ਨਾ ਭੋਜਨ, ਨਾ ਪੈਸਾ-ਧੇਲਾ ਅਤੇ ਨਾ ਹੀ ਆਵਾਜਾਈ ਦਾ ਕੋਈ ਇੰਤਜ਼ਾਮ ਸੀ। ਉਨ੍ਹਾਂ ਨੇ ਆਪਣੇ ਪਿੰਡਾਂ ਵੱਲ ਸੈਂਕੜੇ ਅਤੇ ਹਜ਼ਾਰਾਂ ਕਿਲੋਮੀਟਰ ਪੈਦਲ ਹੀ ਚਾਲੇ ਪਾ ਦਿੱਤੇ। ਜਦ ਉਹ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਪੁਲਿਸ ਦੀ ਕੁੱਟਮਾਰ ਅਤੇ ਅਪਮਾਨ ਸਹਿਣਾ ਪਿਆ। ਇਸ ਹਿਜਰਤ ਵਿਚ ਐਸਾ ਕੁਝ ਸੀ ਜਿਸ ਨੇ ਜੌਹਨ ਸਟੇਨਬੇਕ ਦੀ ਕਿਤਾਬ 'ਦਿ ਗ੍ਰੇਪਸ ਆਫ ਰੈਥ' ਚੇਤੇ ਕਰਾ ਦਿੱਤੀ। ਇਸ ਨੂੰ ਮੈਂ ਪਿੱਛੇ ਜਹੇ ਹੀ ਪੜ੍ਹਿਆ ਹੈ। ਕਿਆ ਸ਼ਾਨਦਾਰ ਕਿਤਾਬ ਹੈ। ਨਾਵਲ ਵਿਚ ਜੋ ਵਾਪਰਦਾ ਹੈ (ਅਮਰੀਕਾ ਵਿਚ ਮੰਦਵਾੜੇ ਦੌਰਾਨ ਹੋਏ ਵਿਆਪਕ ਪਰਵਾਸ ਦਾ ਵਰਨਣ ਹੈ) ਉਸ ਦਾ ਅਤੇ ਸਾਡੇ ਇਥੇ ਦਾ ਜੋ ਫਰਕ ਹੈ, ਉਹ ਇਹੀ ਦਿਖਾਉਂਦਾ ਹੈ ਕਿ ਇਥੇ ਭਾਰਤ ਦੀ ਅਵਾਮ ਵਿਚ ਰੋਹ ਦੀ ਉਕਾ ਹੀ ਅਣਹੋਂਦ ਸੀ। ਹਾਂ, ਕਦੇ-ਕਦੇ ਗੁੱਸਾ ਵਿਸਫੋਟ ਵਿਚ ਬਦਲਿਆ ਜ਼ਰੂਰ ਲੇਕਿਨ ਇਹ ਇਸ ਤਰ੍ਹਾਂ ਦਾ ਨਹੀਂ ਸੀ ਜਿਸ ਨੂੰ ਕਾਬੂ ਨਾ ਕੀਤਾ ਜਾ ਸਕਦਾ ਹੋਵੇ। ਇਹ ਦੇਖ ਕੇ ਕੰਬਣੀ ਛਿੜਦੀ ਹੈ ਕਿ ਲੋਕਾਂ ਨੇ ਤਬਾਹੀ ਨੂੰ ਸਵੀਕਾਰ ਕਰ ਲਿਆ। ਅਵਾਮ ਕਿੰਨਾ ਆਗਿਆਕਾਰੀ ਹੈ! ਹੁਕਮਰਾਨ ਜਮਾਤ (ਤੇ ਨਾਲ ਹੀ ਜਾਤ ਲਈ) ਕਿੰਨੀ ਸੌਖ ਹੈ। ਇਸ ਤੋਂ ਪਤਾ ਲੱਗਦਾ ਹੈ ਕਿ 'ਅਵਾਮ' ਵਿਚ ਭੁਗਤਣ ਅਤੇ ਬਰਦਾਸ਼ਤ ਕਰਨ ਦਾ ਕਿੰਨਾ ਮਾਦਾ ਹੈ। ਲੇਕਿਨ ਇਹ ਜੋ ਅਸੀਸ ਜਾਂ ਸਰਾਪ ਨੂੰ ਝੱਲਣ ਦਾ ਮਾਦਾ ਹੈ ਇਹ ਕੈਸਾ ਗੁਣ ਹੈ? ਮੈਂ ਇਸ ਉਪਰ ਬਹੁਤ ਸੋਚਦੀ ਹਾਂ।

ਜਦ ਲੱਖਾਂ ਕਿਰਤੀ ਲੋਕ ਆਪਣੇ ਮਹਾਨ ਕੂਚ ਉਪਰ ਨਿਕਲ ਤੁਰੇ ਤਾਂ ਟੀਵੀ ਚੈਨਲਾਂ ਅਤੇ ਮੁੱਖਧਾਰਾ ਦੇ ਮੀਡੀਆ ਨੇ ਅਚਾਨਕ ਹੀ 'ਪਰਵਾਸੀ ਮਜ਼ਦੂਰ' ਦੀ ਧਾਰਨਾ ਖੋਜ ਲਈ। ਇਨ੍ਹਾਂ ਪਰਵਾਸੀ ਮਜ਼ਦੂਰਾਂ ਦੇ ਸ਼ੋਸ਼ਣ ਲਈ ਬਹੁਤ ਸਾਰੇ ਕਾਰਪੋਰੇਟ ਪੁਸ਼ਤਪਨਾਹੀ ਵਾਲੇ ਮਗਰਮੱਛੀ ਹੰਝੂ ਕੇਰੇ ਜਾਣ ਲੱਗੇ। ਰਿਪੋਰਟਰਾਂ ਨੇ ਆਪਣੇ ਮਾਈਕ੍ਰੋਫੋਨ ਤੁਰੇ ਜਾ ਰਹੇ ਲੋਕਾਂ ਦੇ ਮੂੰਹਾਂ ਵਿਚ ਘੁਸੇੜ ਦਿੱਤੇ, "ਤੁਸੀਂ ਕਿੱਥੇ ਜਾ ਰਹੇ ਹੋ? ਤੁਹਾਡਾ ਕੋਲ ਕਿੰਨਾ ਪੈਸਾ-ਧੇਲਾ ਬਚਿਆ ਹੈ? ਤੁਸੀਂ ਕਿੰਨੇ ਦਿਨ ਤੁਰਦੇ ਰਹੋਗੇ?"

ਲੇਕਿਨ ਤੁਸੀਂ ਅਤੇ ਤੁਹਾਡੇ ਵਰਗੇ ਲੋਕ ਜੋ ਜੇਲ੍ਹਾਂ ਵਿਚ ਬੰਦ ਹਨ ਉਹ ਇਸ ਉਜਾੜੇ ਅਤੇ ਗ਼ਰੀਬੀ ਦੀ ਜਣਨੀ ਇਸੇ ਮਸ਼ੀਨ ਦੇ ਖਿਲਾਫ ਸੰਘਰਸ਼ ਕਰਦੇ ਰਹੇ ਹਨ। ਮਸ਼ੀਨ ਜੋ ਵਾਤਾਵਰਨ ਨੂੰ ਤਬਾਹ ਕਰਦੀ ਹੈ ਅਤੇ ਲੋਕਾਂ ਨੂੰ ਧੱਕੇ ਨਾਲ ਪਿੰਡਾਂ ਤੋਂ ਉਜਾੜਦੀ ਹੈ। ਤੁਹਾਡੇ ਵਰਗੇ ਲੋਕ ਨਿਆਂ ਲਈ ਲੜਦੇ ਹਨ। ਇਹੀ ਟੀ.ਵੀ. ਚੈਨਲ ਅਤੇ ਕੁਝ ਮਾਮਲਿਆਂ ਵਿਚ ਤਾਂ ਉਹੀ ਪੱਤਰਕਾਰ ਅਤੇ ਤਬਸਰਾਕਾਰ ਇਸੇ ਮਸ਼ੀਨ ਦੇ ਕਸੀਦੇ ਪੜ੍ਹਦੇ ਦੇਖੇ ਜਾ ਸਕਦੇ ਹਨ। ਉਹੀ ਤੁਹਾਡੇ ਉਪਰ ਇਲਜ਼ਾਮ ਲਾਉਂਦੇ ਰਹੇ, ਤੁਹਾਡੇ ਨਾਮ ਨੂੰ ਕਲੰਕਿਤ ਅਤੇ ਬਦਨਾਮ ਕਰਦੇ ਰਹੇ। ਜ਼ਰਾ ਦੇਖੋ, ਉਹੀ ਹੁਣ ਮਗਰਮੱਛੀ ਹੰਝੂ ਕੇਰ ਰਹੇ ਹਨ। ਉਹ ਭਾਰਤ ਦੀ ਅਨੁਮਾਨਿਤ ਕੁਲ ਘਰੇਲੂ ਉਪਜ ਦੇ ਰਿਣਾਤਮਕ 9.5ਫੀ ਸਦੀ ਵਿਕਾਸ ਤੋਂ ਭੈਭੀਤ ਹਨ - ਜਦ ਕਿ ਤੁਸੀਂ ਸਾਰੇ ਜੇਲ੍ਹ ਵਿਚ ਹੋ।

ਇਨ੍ਹਾਂ ਹੰਝੂਆਂ ਦੌਰਾਨ ਵੀ ਮੀਡੀਆ ਸਰਕਾਰ ਦੀ ਹਰ ਪੇਸ਼ਕਦਮੀਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਣ ਵਿਚ ਜੁਟਿਆ ਹੋਇਆ ਹੈ। ਕਈ ਵਾਰ ਤਾਂ ਪੁਰਜੋਸ਼ ਸਵਾਗਤ ਦਾ ਹੜ੍ਹ ਜਿਹਾ ਆ ਜਾਂਦਾ ਹੈ। ਇਸ ਤਾਲਾਬੰਦੀ ਦੌਰਾਨ ਮੈਂ ਪਹਿਲਾ ਨਾਵਲ ਵੈਸਿਲੀ ਗ੍ਰੌਸਮਾਨ ਦਾ 'ਸਟਾਲਿਨਗਰਾਦ' ਪੜ੍ਹਿਆ (ਗ੍ਰੌਸਮਾਨ ਲਾਲ ਫੌਜ ਦੀ ਮੋਹਰਲੀ ਕਤਾਰ ਵਿਚ ਸੀ। ਉਸ ਦਾ ਦੂਜਾ ਨਾਵਲ 'ਜ਼ਿੰਦਗੀ ਅਤੇ ਹੋਣੀ' ਸੀ ਜਿਸ ਨੇ ਸੋਵੀਅਤ ਸਰਕਾਰ ਦੀ ਨਾਰਾਜ਼ਗੀ ਸਹੇੜ ਲਈ ਅਤੇ ਖਰੜੇ ਨੂੰ 'ਗ੍ਰਿਫਤਾਰ' ਕਰ ਲਿਆ ਗਿਆ - ਜਿਵੇਂ ਉਹ ਮਨੁੱਖੀ ਵਜੂਦ ਹੋਵੇ)। ਇਹ ਗੁਸਤਾਖ ਅਤਿ-ਅਭਿਲਾਸ਼ੀ ਕਿਤਾਬ ਹੈ। ਐਸੀ ਗੁਸਤਾਖੀ ਸਿਰਜਣਾਤਮਕ ਲੇਖਣੀ ਦੀਆਂ ਜਮਾਤਾਂ ਵਿਚ ਪੜ੍ਹਾਈ ਨਹੀਂ ਜਾ ਸਕਦੀ। ਖੈਰ, ਜਿਨ੍ਹਾਂ ਕਾਰਨਾਂ ਕਰ ਕੇ ਮੈਨੂੰ ਇਸ ਕਿਤਾਬ ਦਾ ਖਿਆਲ ਆਇਆ, ਉਹ ਅਦਭੁੱਤ ਤਰੀਕੇ ਨਾਲ ਕੀਤਾ ਉਹ ਵਰਨਣ ਹੈ ਜਿਸ ਨੂੰ ਨਾਜ਼ੀ ਜਰਮਨ ਅਫਸਰ ਨੇ ਰੂਸ ਵਿਚ ਮੋਹਰੀ ਮੁਹਾਜ਼ ਦੀ ਲੜਾਈ ਛੱਡ ਕੇ ਭੱਜ ਜਾਣ ਤੋਂ ਬਾਅਦ ਬਰਲਿਨ ਪਹੁੰਚ ਕੇ ਬਿਆਨ ਕੀਤਾ ਹੈ। ਯੁੱਧ ਪਹਿਲਾਂ ਹੀ ਜਰਮਨੀ ਨੂੰ ਗਲਤ ਪਾਸੇ ਲੈ ਤੁਰਿਆ ਸੀ। ਉਹ ਅਫਸਰ ਹਿਟਲਰ ਨੂੰ ਇਸ ਗੱਲ ਦੀ ਜ਼ਮੀਨੀ ਹਕੀਕਤ ਦੱਸਣਾ ਚਾਹ ਰਿਹਾ ਹੈ, ਲੇਕਿਨ ਜਦ ਉਹ ਹਿਟਲਰ ਦੇ ਸਾਹਮਣੇ ਆਉਂਦਾ ਹੈ ਤਾਂ ਉਹ ਆਪਣੇ ਆਕਾ ਤੋਂ ਇਸ ਕਦਰ ਡਰ ਜਾਂਦਾ ਹੈ ਅਤੇ ਇੰਨਾ ਰੋਮਾਂਚਤ ਹੋ ਜਾਂਦਾ ਹੈ ਕਿ ਉਸ ਦਾ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਹ ਫਿਊਰਰ ਦੇ ਆਲੇ-ਦੁਆਲੇ ਜੁੜਿਆ ਖੁਸ਼ਾਮਦੀ ਸ਼ਬਦਾਂ ਦਾ ਐਸਾ ਝੁਰਮਟ ਹੈ ਜੋ ਉਸ ਨੂੰ ਉਹੀ ਦੱਸਦਾ ਹੈ ਜੋ ਉਹ ਸੁਣਨਾ ਪਸੰਦ ਕਰਦਾ ਹੈ।

ਇਹੀ ਹੈ ਜੋ ਸਾਡੇ ਮੁਲਕ ਵਿਚ ਵਾਪਰ ਰਿਹਾ ਹੈ। ਪੂਰੀ ਤਰ੍ਹਾਂ ਸਮਰੱਥ ਲੋਕਾਂ ਦਾ ਦਿਮਾਗ ਡਰ ਅਤੇ ਖੁਸ਼ਾਮਦ ਦੀ ਖਵਾਇਸ਼ ਨਾਲ ਸੁੰਨ ਹੋ ਗਿਆ ਹੈ। ਅਸਲੀ ਖਬਰ ਨੂੰ ਕੋਈ ਮੌਕਾ ਹੀ ਨਹੀਂ ਮਿਲ ਰਿਹਾ।

ਖੈਰ, ਮਹਾਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਇਹ ਕੋਈ ਇਤਫਾਕ ਨਹੀਂ ਹੈ ਕਿ ਦੁਨੀਆਂ ਵਿਚ ਇਸ ਮਹਾਮਾਰੀ ਦੀ ਸਭ ਤੋਂ ਜ਼ਿਆਦਾ ਲਪੇਟ ਵਿਚ ਆਏ ਮੁਲਕਾਂ ਦੀ ਘੋੜ-ਦੌੜ ਦੇ ਜੇਤੂ ਮੁਲਕਾਂ ਦੀ ਅਗਵਾਈ ਇੱਕੀਵੀਂ ਸਦੀ ਦੇ ਤਿੰਨ ਪ੍ਰਤਿਭਾਵਾਨ ਆਗੂ ਮੋਦੀ, ਟਰੰਪ ਅਤੇ ਬੋਲਸੋਨਾਰੋ ਹਨ। ਦਿੱਲੀ ਦੇ ਮੌਜੂਦਾ ਮੁੱਖ ਮੰਤਰੀ (ਜੋ ਭਾਜਪਾ ਦੇ ਆਲੇ-ਦੁਆਲੇ ਇਉਂ ਮੰਡਰਾ ਰਿਹਾ ਹੈ, ਜਿਵੇਂ ਪਰਾਗਣ ਲਈ ਸ਼ਹਿਦ ਦੀਆਂ ਮੱਖੀਆਂ) ਦੇ ਅਮਰ ਸ਼ਬਦਾਂ ਵਿਚ ਉਨ੍ਹਾਂ ਦਾ ਸਿਧਾਂਤ ਇਸ ਤਰ੍ਹਾਂ ਹੈ: ਹਮ ਅਬ ਦੋਸਤ ਹੈ ਨਾ?

ਜ਼ਿਆਦਾ ਉਮੀਦ ਇਹੀ ਹੈ ਕਿ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਟਰੰਪ ਦਾ ਪੱਤਾ ਸਾਫ ਹੋ ਜਾਵੇਗਾ; ਲੇਕਿਨ ਭਾਰਤ ਵਿਚ ਐਸੀ ਕੋਈ ਹਵਾ ਨਜ਼ਰ ਨਹੀਂ ਆ ਰਹੀ। ਵਿਰੋਧੀ-ਧਿਰ ਭੁਰ-ਭੁਰ ਕੇ ਖਤਮ ਹੋ ਰਹੀ ਹੈ। ਆਗੂ ਖਾਮੋਸ਼ ਹਨ, ਉਹ ਗੋਡੇ ਟੇਕ ਚੁੱਕੇ ਹਨ। ਚੁਣੀਆਂ ਹੋਈਆਂ ਸਰਕਾਰਾਂ ਇਸ ਤਰ੍ਹਾਂ ਉਡਾਈਆਂ ਜਾ ਰਹੀਆਂ ਹਨ ਜਿਵੇਂ ਕਾਫੀ ਦੇ ਕੱਪ ਦੀ ਝੱਗ ਨੂੰ ਫੂਕ ਮਾਰ ਕੇ ਉਡਾ ਦਿੱਤਾ ਜਾਂਦਾ ਹੈ। ਗੱਦਾਰੀ ਅਤੇ ਦਲਬਦਲੀ ਨੂੰ ਰੋਜ਼ਾਨਾ ਖਬਰਾਂ ਵਿਚ ਖੁਸ਼ਗਵਾਰ ਵਿਸ਼ੇ ਦੀ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਵਿਧਾਇਕਾਂ ਦੀ ਖਰੀਦ ਜਾਰੀ ਹੈ। ਉਨ੍ਹਾਂ ਨੂੰ ਛੁੱਟੀਆਂ ਕੱਟਣ ਵਾਲੇ ਟਿਕਾਣਿਆਂ ਵਿਚ ਲਿਜਾ ਕੇ ਤਾੜ ਦਿੱਤਾ ਜਾਂਦਾ ਹੈ ਤਾਂ ਜੁ ਉਨ੍ਹਾਂ ਨੂੰ ਰਿਸ਼ਵਤ ਲੈਣ ਅਤੇ ਖਰੀਦੇ ਜਾਣ ਤੋਂ ਬਚਾਇਆ ਜਾ ਸਕੇ। ਮੇਰਾ ਮੰਨਣਾ ਹੈ ਕਿ ਜੋ ਵਿਕਣ ਲਈ ਤਿਆਰ ਹਨ, ਉਨ੍ਹਾਂ ਦੀ ਬੋਲੀ ਜਨਤਕ ਤੌਰ 'ਤੇ ਲੱਗਣੀ ਚਾਹੀਦੀ ਹੈ ਜਿਸ ਨਾਲ ਉਨ੍ਹਾਂ ਦਾ ਵੱਧ ਤੋਂ ਵੱਧ ਮੁੱਲ ਪੈ ਸਕੇ। ਤੁਹਾਡਾ ਕੀ ਖਿਆਲ ਹੈ? ਕੀ ਉਨ੍ਹਾਂ ਦਾ ਕਿਸੇ ਨੂੰ ਕੋਈ ਫਾਇਦਾ ਹੈ? ਉਨ੍ਹਾਂ ਦੀ ਗੱਲ ਛੱਡੋ। ਆਓ, ਅਸਲ ਚੀਜ਼ਾਂ ਦੇ ਰੂ-ਬ-ਰੂ ਹੋਈਏ: ਅਸਲੀਅਤ ਇਹ ਹੈ ਕਿ ਸਾਡੇ ਉਪਰ ਇਕ-ਪਾਰਟੀ ਲੋਕਤੰਤਰ ਦੇ ਦੋ ਆਗੂ ਰਾਜ ਕਰ ਰਹੇ ਹਨ। ਮੈਂ ਨਹੀਂ ਜਾਣਦੀ ਕਿ ਕਿੰਨੇ ਲੋਕ ਇਹ ਗੱਲ ਜਾਣਦੇ ਹੈ ਕਿ ਇਹ ਵਿਰੋਧਾਭਾਸੀ ਏਕਤਾ ਹੈ।

ਤਾਲਾਬੰਦੀ ਦੌਰਾਨ ਬਹੁਤ ਸਾਰੇ ਮੱਧਵਰਗੀ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਕਿ ਉਹ ਜੇਲ੍ਹ ਵਰਗਾ ਮਹਿਸੂਸ ਕਰ ਰਹੇ ਹਨ; ਲੇਕਿਨ ਤੁਸੀਂ ਜਾਣਦੇ ਹੋ ਕਿ ਇਹ ਗੱਲ ਸਚਾਈ ਤੋਂ ਕਿੰਨੀ ਦੂਰ ਹੈ। ਇਹ ਲੋਕ ਆਪਣੇ ਘਰਾਂ ਵਿਚ ਆਪਣੇ ਪਰਿਵਾਰਾਂ ਵਿਚ ਸਨ (ਹਾਲਾਂਕਿ ਬਹੁਤ ਸਾਰੇ ਲੋਕਾਂ, ਖਾਸ ਕਰ ਕੇ ਔਰਤਾਂ ਨੂੰ ਹਰ ਤਰ੍ਹਾਂ ਦੀ ਹਿੰਸਾ ਝੱਲਣੀ ਪਈ)। ਇਹ ਲੋਕ ਆਪਣੇ ਚਹੇਤੇ ਲੋਕਾਂ ਦੇ ਨਾਲ ਸੰਪਰਕ ਕਰ ਸਕਦੇ ਸਨ। ਉਹ ਆਪਣਾ ਕੰਮ ਵੀ ਜਾਰੀ ਰੱਖ ਸਕਦੇ ਸਨ। ਉਨ੍ਹਾਂ ਦੇ ਕੋਲ ਫੋਨ ਸਨ। ਉਨ੍ਹਾਂ ਦੇ ਕੋਲ ਇੰਟਰਨੈੱਟ ਸੀ। ਉਹ ਤੁਹਾਡੇ ਵਰਗੇ ਹਾਲਾਤ ਵਿਚ ਨਹੀਂ ਸਨ। ਨਾ ਹੀ ਉਨ੍ਹਾਂ ਦੇ ਹਾਲਾਤ ਕਸ਼ਮੀਰ ਦੇ ਅਵਾਮ ਵਰਗੇ ਸਨ ਜੋ ਪਿਛਲੇ 5 ਅਗਸਤ ਤੋਂ ਇਕ ਖਾਸ ਤਰ੍ਹਾਂ ਦੀ ਲਗਾਤਾਰ ਤਾਲਾਬੰਦੀ ਅਤੇ ਇੰਟਰਨੈੱਟ ਬੰਦੀ ਵਿਚ ਜੀ ਰਹੇ ਹਨ, ਜਦ ਧਾਰਾ 370 ਖਤਮ ਕਰ ਦਿੱਤੀ ਗਈ ਅਤੇ ਜੰਮੂ ਕਸ਼ਮੀਰ ਤੋਂ ਉਨ੍ਹਾਂ ਦੇ ਵਿਸ਼ੇਸ਼ ਦਰਜੇ ਦਾ ਭੋਗ ਪਾ ਕੇ ਉਨ੍ਹਾਂ ਦੀ ਰਿਆਸਤ ਦੀ ਹਸਤੀ ਹੀ ਮਿਟਾ ਦਿੱਤੀ ਗਈ।


ਜੇ ਦੋ ਮਹੀਨੇ ਦੀ ਤਾਲਾਬੰਦੀ ਨੇ ਭਾਰਤ ਦੀ ਆਰਥਿਕਤਾ ਉਪਰ ਇਸ ਕਦਰ ਅਸਰ ਪਾਇਆ ਹੈ ਤਾਂ ਤੁਸੀਂ ਕਸ਼ਮੀਰ ਬਾਰੇ ਸੋਚ ਸਕਦੇ ਹੋ ਜਿੱਥੇ ਕਾਫੀ ਬੜੇ ਹਿੱਸੇ ਵਿਚ ਇੰਟਰਨੈੱਟ ਬੰਦੀ ਦੇ ਨਾਲ-ਨਾਲ ਫੌਜੀ ਤਾਲਾਬੰਦੀ ਵੀ ਇਕ ਸਾਲ ਤੋਂ ਜਾਰੀ ਹੈ। ਵਪਾਰ ਦਮ ਤੋੜ ਰਹੇ ਹਨ, ਡਾਕਟਰਾਂ ਉਪਰ ਮਰੀਜ਼ਾਂ ਨੂੰ ਦੇਖਣ ਦਾ ਭਾਰੀ ਦਬਾਓ ਹੈ, ਵਿਦਿਆਰਥੀ ਆਨ-ਲਾਈਨ ਜਮਾਤਾਂ ਲਗਾਉਣ ਤੋਂ ਅਸਮਰੱਥ ਹਨ। ਇਸ ਦੇ ਨਾਲ ਹੀ, 5 ਅਗਸਤ ਤੋਂ ਪਹਿਲਾਂ ਹੀ ਹਜ਼ਾਰਾਂ ਕਸ਼ਮੀਰੀ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਇਹ ਅਗੇਤੀ ਤਿਆਰੀ ਨਾਲ ਕੀਤੀਆਂ ਗਈਆਂ ਗ੍ਰਿਫਤਾਰੀਆਂ ਸਨ। ਹੁਣ ਜੇਲ੍ਹਾਂ ਐਸੇ ਲੋਕਾਂ ਨਾਲ ਭਰ ਗਈਆਂ ਹਨ ਜਿਨ੍ਹਾਂ ਨੇ ਕੋਈ ਜੁਰਮ ਕੀਤਾ ਹੀ ਨਹੀਂ ਹੈ, ਹੁਣ ਇਹ ਕੋਵਿਡ ਦੇ ਫੈਲਣ ਦੀ ਜਗ੍ਹਾ ਬਣ ਗਈਆਂ ਹਨ। ਇਸ ਸਭ ਬਾਰੇ ਕੀ ਖਿਆਲ ਹੈ?

ਧਾਰਾ 370 ਨੂੰ ਖਤਮ ਕਰਨਾ ਹੰਕਾਰ ਦਾ ਨਤੀਜਾ ਸੀ। ਮਾਮਲੇ ਨੂੰ 'ਇੱਕ ਵਾਰ ਹੀ ਹਮੇਸ਼ਾ ਲਈ'', ਜਿਵੇਂ ਦਮਗਜੇ ਮਾਰੇ ਜਾ ਰਹੇ ਹਨ, ਹੱਲ ਕਰਨ ਦੀ ਬਜਾਏ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਜਿਸ ਨਾਲ ਪੂਰੇ ਖੇਤਰ ਵਿਚ ਗੜਗੱਜ ਪਾਉਂਦਾ ਭੂਚਾਲ ਆ ਗਿਆ ਹੈ। ਧਰਤੀਆਂ ਦੀਆਂ ਤਹਿਆਂ ਡੋਲ ਰਹੀਆਂ ਹਨ ਅਤੇ ਮੁੜ ਥਾਂ-ਸਿਰ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਾਲਤ ਦੀ ਸਮਝ ਰੱਖਣ ਵਾਲੇ ਲੋਕਾਂ ਅਨੁਸਾਰ ਚੀਨ ਦੀ ਫੌਜ ਸਰਹੱਦ ਟੱਪ ਕੇ ਇੱਧਰ ਆ ਘੁਸੀ ਹੈ, ਅਸਲੀ ਕੰਟਰੋਲ ਰੇਖਾ ਅਤੇ ਲੱਦਾਖ ਦੇ ਬਹੁਤ ਸਾਰੇ ਬਿੰਦੂ ਵੀ ਲੰਘ ਆਈ ਹੈ ਅਤੇ ਉਸ ਨੇ ਰਣਨੀਤਕ ਪੁਜ਼ੀਸ਼ਨ ਉਪਰ ਕਬਜ਼ਾ ਕਰ ਲਿਆ ਹੈ। ਚੀਨ ਨਾਲ ਯੁੱਧ ਦੇ ਹਾਲਾਤ ਪਾਕਿਸਤਾਨ ਨਾਲ ਯੁੱਧ ਤੋਂ ਅਸਲੋਂ ਹੀ ਵੱਖਰੇ ਹਨ। ਇਸ ਲਈ, ਆਮ ਹੀ ਹਿੱਕ ਥਾਪੜ ਕੇ ਕੀਤੀ ਜਾਂਦੀ ਬਿਆਨਬਾਜ਼ੀ ਦੀ ਉਨੀ ਮਹੱਤਤਾ ਨਹੀਂ ਹੈ - ਇਹ ਠੋਕਣ ਦੀ ਬਜਾਏ ਪਿਆਰ ਨਾਲ ਪਲੋਸਣਾ ਜ਼ਿਆਦਾ ਹੈ। ਗੱਲਬਾਤ ਜਾਰੀ ਹੈ। ਕੁਝ ਵੀ ਹੋਵੇ, ਭਾਰਤ ਦੇ ਟੀ.ਵੀ. ਉਪਰ ਭਾਰਤ ਜਿੱਤ ਰਿਹਾ ਹੈ। ਲੇਕਿਨ ਟੀ.ਵੀ. ਤੋਂ ਬਾਹਰ ਇਕ ਵੱਖਰੀ ਤਰ੍ਹਾਂ ਦੀ ਦੁਨੀਆ ਬਣਦੀ ਨਜ਼ਰ ਆ ਰਹੀ ਹੈ।

ਮੈਂ ਜਿੰਨਾ ਸੋਚਿਆ ਸੀ ਚਿੱਠੀ ਉਸ ਤੋਂ ਕਿਤੇ ਜ਼ਿਆਦਾ ਲੰਮੀ ਹੋ ਗਈ ਹੈ। ਹੁਣ ਮੈਂ ਵਿਦਾ ਹੁੰਦੀ ਹਾਂ। ਪਿਆਰੇ ਦੋਸਤ ਹੌਸਲਾ ਰੱਖਣਾ; ਤੇ ਤਹੱਮਲ ਵੀ। ਇਹ ਅਨਿਆਂ ਸਦਾ ਨਹੀਂ ਰਹਿਣਾ। ਜੇਲ੍ਹ ਦੇ ਫਾਟਕ ਖੁੱਲ੍ਹਣਗੇ ਅਤੇ ਤੁਸੀਂ ਸਾਡੇ ਦਰਮਿਆਨ ਵਾਪਸ ਆਓਗੇ। ਜਿਵੇਂ ਚੱਲ ਰਿਹਾ ਹੈ ਉਹ ਇਸੇ ਤਰ੍ਹਾਂ ਨਹੀਂ ਚੱਲ ਸਕਦਾ। ਜੇ ਇਹ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਜਿਸ ਰਫਤਾਰ ਨਾਲ ਅਸੀਂ ਚੱਲ ਰਹੇ ਹਾਂ, ਇਸ ਨੂੰ ਖਤਮ ਕਰਨ ਦਾ ਅਮਲ ਵੀ ਆਪੇ ਹੀ ਵੇਗ ਫੜ ਲਵੇਗਾ। ਸਾਨੂੰ ਕੁਝ ਕਰਨ ਦੀ ਜ਼ਰੂਰਤ ਹੀ ਨਹੀਂ ਪਵੇਗੀ। ਜੇ ਐਸਾ ਹੁੰਦਾ ਹੈ ਤਾਂ ਇਹ ਇਕ ਮਹਾਨ ਤ੍ਰਾਸਦੀ ਹੋਵੇਗੀ ਅਤੇ ਜਿਸ ਦਾ ਨਤੀਜਾ ਕਲਪਨਾ ਤੋਂ ਬਾਹਰ ਹੋਵੇਗਾ। ਲੇਕਿਨ ਉਮੀਦ ਹੈ, ਵਿਨਾਸ਼ ਦੇ ਇਸ ਮੰਜ਼ਰ ਵਿਚ ਕੁਝ ਚੰਗਾ ਹੀ ਹੋਵੇਗਾ ਅਤੇ ਇਸ ਵਿਚੋਂ ਵਧੇਰੇ ਸਿਆਣਪ ਹੀ ਜਨਮ ਲਵੇਗੀ।

ਪਿਆਰ ਨਾਲ

**ਅਰੁੰਧਤੀ।**



ਵਰਵਰਾ ਰਾਓ

***81 ਸਾਲ ਦੇ ਕਵੀ ਵਰਵਰਾ ਰਾਓ ਨੂੰ ਜੇਲ੍ਹ 'ਚ ਰੱਖ ਕੇ ਮਾਨੋ ਜੇਲ੍ਹ ਵਿਚ ਸਮਾਰਕ ਬਣਾ ਦਿੱਤਾ ਗਿਆ ਹੈ। ਉਨ੍ਹਾਂ ਦੀ ਸਿਹਤ ਦੀ ਖਬਰ ਬਹੁਤ ਫਿਕਰਮੰਦੀ ਵਾਲੀ ਹੈ। ਲੰਮੇ ਸਮੇਂ ਤੋਂ ਚੱਲ ਰਹੀ ਖਰਾਬ ਸਿਹਤ ਜੋ ਜੇਲ੍ਹ ਪ੍ਰਸ਼ਾਸਨ ਦੀ ਬੇਹੱਦ ਬੇਪ੍ਰਵਾਹੀ ਦਾ ਨਤੀਜਾ ਹੈ, ਤੋਂ ਬਾਅਦ ਹੁਣ ਉਨ੍ਹਾਂ ਨੂੰ ਕਰੋਨਾ ਦੀ ਲਾਗ ਵੀ ਲੱਗ ਚੁੱਕੀ ਹੈ। ਹਸਪਤਾਲ ਵਿਚ ਉਨ੍ਹਾਂ ਕੋਲ ਕੋਈ ਦੇਖਭਾਲ ਕਰਨ ਵਾਲਾ ਨਹੀਂ ਸੀ, ਚਾਦਰਾਂ ਪੇਸ਼ਾਬ ਨਾਲ ਲਿੱਬੜੀਆਂ ਹੋਈਆਂ ਸਨ।***

# ਵਰਵਰਾ ਰਾਓ ਦਾ ਪਰਿਵਾਰ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੁੱਜਾ

**ਹੈਦਰਾਬਾਦ:** ਐਲਗਾਰ ਪਰਿਸ਼ਦ ਕੇਸ ਦੇ ਮੁਲਜ਼ਮ ਕਵੀ ਵਰਵਰਾ ਰਾਓ ਦੇ ਪਰਿਵਾਰਕ ਮੈਂਬਰਾਂ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨ.ਐਚ.ਆਰ.ਸੀ.) ਤੱਕ ਪਹੁੰਚ ਕਰਕੇ ਮੁੰਬਈ ਹਸਪਤਾਲ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਆਦੇਸ਼ ਦੇਣ ਦੀ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸਿਹਤ ਬਾਰੇ 'ਪਾਰਦਰਸ਼ੀ' ਜਾਣਕਾਰੀ ਮੁਹੱਈਆ ਕਰਵਾਈ ਜਾਵੇ।



ਇਸ ਪਟੀਸ਼ਨ ਰਾਹੀਂ ਕਿਹਾ ਗਿਆ ਹੈ ਕਿ ਪਰਿਵਾਰ ਨੂੰ ਮਜਬੂਰ ਹੋ ਕੇ ਐਨ.ਐਚ.ਆਰ.ਸੀ. ਤੱਕ ਪਹੁੰਚ ਕਰਨੀ ਪਈ ਕਿਉਂਕਿ ਉਨ੍ਹਾਂ ਨੂੰ ਮੁੰਬਈ ਦੇ ਨਾਨਾਵਤੀ ਹਸਪਤਾਲ ਵਿਚ ਕਵੀ ਦੀ ਸਿਹਤ ਜਾਂ ਇਲਾਜ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਸੀ। ਉਨ੍ਹਾਂ ਕਿਹਾ, ''ਅੱਜ ਅਸੀਂ ਮਜਬੂਰ ਹੋ ਕੇ ਤੁਹਾਨੂੰ ਇਹ ਪੱਤਰ ਲਿਖ ਰਹੇ ਹਾਂ ਕਿਉਂਕਿ ਸਾਨੂੰ ਨਾਨਾਵਤੀ ਹਸਪਤਾਲ ਵਿਚ ਚੱਲ ਰਹੇ ਉਨ੍ਹਾਂ ਦੇ ਇਲਾਜ ਅਤੇ ਸਿਹਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਨੂੰ ਤਲੋਜਾ ਜੇਲ੍ਹ ਤੋਂ ਸੇਂਟ ਜੌਰਜ ਹਸਪਤਾਲ ਤੋਂ ਨਾਨਾਵਤੀ ਹਸਪਤਾਲ ਵਿਚ ਸ਼ਿਫਟ ਕੀਤੇ ਤੱਕ ਪਰਿਵਾਰ ਨੂੰ ਕੇਵਲ ਇੰਨੀ ਅਧਿਕਾਰਤ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਇਆ ਹੈ।'' ਉਨ੍ਹਾਂ ਕਿਹਾ ਕਿ ਰਾਓ ਦੀ ਸਿਹਤ ਬਾਰੇ ਜਾਣਕਾਰੀ ਨਾ ਦੇਣਾ ਐਨ.ਐਚ.ਆਰ.ਸੀ. ਦੇ 13 ਜੁਲਾਈ ਦੇ ਉਸ ਆਦੇਸ਼ ਦੀ ਉਲੰਘਣਾ ਹੈ, ਜਿਸ ਵਿਚ ਜੇਲ੍ਹ ਅਧਿਕਾਰੀਆਂ ਨੂੰ ਸਪੱਸ਼ਟ ਤੌਰ ਉਤੇ ਆਦੇਸ਼ ਦਿੱਤਾ ਗਿਆ ਸੀ ਕਿ ਕਵੀ ਨੂੰ ਲੋੜੀਂਦੀ ਮੈਡੀਕਲ ਸੰਭਾਲ ਅਤੇ ਸਹਾਇਤਾ ਦਿੱਤੀ ਜਾਵੇ ਅਤੇ ਪਰਿਵਾਰ ਨੂੰ ਇਸ ਬਾਬਤ ਪੂਰੀ ਜਾਣਕਾਰੀ ਦਿੱਤੀ ਜਾਵੇ। ਐਨ.ਐਚ.ਆਰ.ਸੀ. ਦੇ ਦਖਲ ਦੀ ਮੰਗ ਕਰਦਿਆਂ ਪਰਿਵਾਰ ਨੇ ਰਾਓ ਦੀ ਸਿਹਤ ਅਤੇ ਇਲਾਜ ਬਾਰੇ ਹਰ ਛੇ ਘੰਟਿਆਂ ਬਾਅਦ ਜਾਣਕਾਰੀ ਦਿੱਤੇ ਜਾਣ ਦੀ ਮੰਗ ਕੀਤੀ ਹੈ।

# ਕਤਲੇਆਮ-84: ਭਾਜਪਾ ਆਗੂ ਦਾ ਪੱਤਰ 'ਸਿੱਟ' ਨੂੰ ਭੇਜਿਆ

**ਨਵੀਂ ਦਿੱਲੀ:** ਸਿੱਖਾਂ ਦੇ ਕਤਲੇਆਮ ਨਾਲ ਜੁੜੇ ਮਾਮਲੇ ਵਿਚ ਭਾਜਪਾ ਆਗੂ ਆਰ.ਪੀ. ਸਿੰਘ ਵੱਲੋਂ ਜਸਟਿਸ ਢੀਂਗਰਾ ਕਮੇਟੀ ਦੀ ਰਿਪੋਰਟ ਉਤੇ ਕਾਰਵਾਈ ਕਰਨ ਲਈ ਲਿਖੀ ਚਿੱਠੀ ਨੂੰ ਗ੍ਰਹਿ ਮੰਤਰਾਲੇ ਨੇ 2015 ਵਿਚ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਅਤੇ ਦੰਗਾ ਰੋਕੂ ਸੈੱਲ ਦੇ ਡੀ.ਸੀ.ਪੀ. ਨੂੰ ਭੇਜ ਦਿੱਤਾ ਹੈ।



ਭਾਜਪਾ ਆਗੂ ਮੁਤਾਬਕ ਕਤਲੇਆਮ ਲਈ ਕਾਂਗਰਸੀ ਆਗੂਆਂ ਨੂੰ ਕਿਸ ਨੇ ਉਕਸਾਇਆ ਸੀ, ਉਸ ਦਾ ਪਤਾ ਲਾਉਣ ਲਈ ਜਾਂਚ ਜ਼ਰੂਰੀ ਹੈ। ਕੇਂਦਰ ਸਰਕਾਰ ਨੇ ਫਰਵਰੀ 2015 ਵਿਚ ਸਿੱਖ ਕਤਲੇਆਮ ਦੀ ਜਾਂਚ ਲਈ ਐਸ.ਆਈ.ਟੀ. ਬਣਾਉਣ ਦੇ ਹੁਕਮ ਦਿੱਤੇ ਸਨ। 2019 ਵਿਚ ਸੁਪਰੀਮ ਕੋਰਟ ਨੇ ਸਿੱਖ ਕਤਲੇਆਮ ਦੇ 186 ਮਾਮਲਿਆਂ ਦੀ ਜਾਂਚ ਲਈ ਜਸਟਿਸ ਢੀਂਗਰਾ ਕਮੇਟੀ ਬਣਾਈ ਸੀ ਜਿਸ ਨੇ ਜਨਵਰੀ 2020 ਵਿਚ ਅਦਾਲਤ ਨੂੰ ਰਿਪੋਰਟ ਸੌਂਪੀ ਹੈ।

ਭਾਜਪਾ ਆਗੂ ਨੇ ਕਿਹਾ ਕਿ ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵਾਅਦੇ ਮੁਤਾਬਕ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਸਿੱਖਾਂ ਦੇ ਯੋਜਨਾਬੱਧ ਢੰਗ ਨਾਲ ਕੀਤੇ ਗਏ ਕਤਲੇਆਮ ਪਿੱਛੇ ਅਦਿੱਖ ਹੱਥਾਂ ਦਾ ਪਤਾ ਲਾਉਣ ਲਈ ਆਰ.ਪੀ. ਸਿੰਘ ਨੇ ਨਵੀਂ ਐਸ.ਆਈ.ਟੀ. ਬਣਾਉਣ ਦੀ ਵੀ ਮੰਗ ਕੀਤੀ ਹੈ।

# ਪੱਖੀ ਘੁੰਗਰੂਆਂ ਵਾਲੀ



ਕਲਾ ਪਰਿਕਰਮਾ

ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ
ਫੋਨ: +91-98152-55295

ਪੱਖੀ ਸਾਡੇ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਰਹੀ ਹੈ। ਪੱਖੀ ਨਾਲ ਜੇ ਸੰਗੀਤਮਈ ਆਵਾਜ਼ ਪੈਦਾ ਕਰਦੇ ਹੋਏ ਘੁੰਗਰੂ ਲੱਗੇ ਹੋਣ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਜੇ ਗਰਮੀ ਦੇ ਦਿਨਾਂ ਵਿਚ ਪੱਖੀ ਦੀ ਝੱਲ ਮਾਰੀ ਜਾਵੇ ਤਾਂ ਇਸ ਵਿਚੋਂ ਠੰਢੀ ਹਵਾ ਦਾ ਇਕ ਬੁੱਲਾ ਤੇ ਨਾਲ ਘੁੰਗਰੂਆਂ ਦੀ ਸੰਗੀਤਮਈ ਆਵਾਜ਼ ਮਨ ਨੂੰ ਠੰਢਕ ਦਾ ਸਕੂਨ ਪ੍ਰਦਾਨ ਕਰਦੀ ਰਹੀ ਹੈ। ਜਦੋਂ ਬਿਜਲੀ ਸਾਨੂੰ ਅਕਸਰ ਦਗਾ ਦੇ ਜਾਂਦੀ ਹੈ ਤੇ ਉਸ ਸਮੇਂ ਸਾਡੀ ਪੱਖੀ ਹੀ ਵਫਾ ਪਾਲਦੀ ਹੈ। ਵੀਹਵੀ ਸਦੀ ਦੇ ਅੱਧ ਵਿਚ ਜਦੋਂ ਬਿਜਲੀ ਦੇ ਪੱਖੇ, ਕੂਲਰ ਤੇ ਏ.ਸੀ. ਅਮਲ ਵਿਚ ਨਹੀਂ ਆਏ ਸਨ ਤੇ ਕੇਵਲ ਪੱਖੀ ਹੀ ਇਕੋ-ਇਕ ਠੰਢੀ ਹਵਾ ਦਾ ਸਾਧਨ ਹੁੰਦੀ ਸੀ।

ਪੱਖੀ ਨੂੰ ਮੁਟਿਆਰਾਂ ਬੜੀ ਰੀਝ ਨਾਲ ਕਈ ਤਰ੍ਹਾਂ ਦੇ ਵੇਲ ਬੂਟੇ ਬਣਾ ਕੇ ਬਣਾਉਂਦੀਆਂ ਸਨ ਤੇ ਇਹ ਇਕ ਕਲਾ ਦੀ ਵਸਤੂ ਬਣ ਜਾਂਦੀ ਸੀ। ਅੱਜ ਕੱਲ੍ਹ ਇਸ ਦੀ ਬਹੁਤੀ ਵਰਤੋਂ ਸਿਰਫ ਵਿਰਾਸਤੀ ਮੇਲਿਆਂ ਅਤੇ ਨੁਮਾਇਸ਼ਾਂ ਵਿਚ ਸੀਮਤ ਹੋ ਕੇ ਰਹਿ ਗਈ ਹੈ। ਬਣਤਰ ਪੱਖ ਤੋਂ ਇਸ ਨੂੰ ਹਲਕੀ ਫੁਲਕੀ ਹੀ ਰੱਖਿਆ ਜਾਂਦਾ ਹੈ। ਪਿਛਲੇ ਸਮਿਆਂ ਵਿਚ ਜਦੋਂ ਇਕ ਮੁਟਿਆਰ ਵਿਆਹ ਮਗਰੋਂ ਘਰ ਤੋਂ ਵਿਦਾ ਹੁੰਦੀ ਸੀ ਤਾਂ ਉਸ ਦੇ ਦਾਜ ਵਿਚ ਪੱਖੀ ਦਿੱਤੀ ਜਾਂਦੀ ਸੀ। ਇਹ ਪੱਖੀ ਬੜੇ ਚਾਵਾਂ ਨਾਲ ਬਣਾਈ ਗਈ ਹੁੰਦੀ ਸੀ। ਲੜਕੀਆਂ ਨੂੰ ਇਸ ਨੂੰ ਦੇਖ ਕੇ ਮਾਂ ਦੀ ਮਮਤਾ ਦਾ ਅਹਿਸਾਸ ਹਮੇਸ਼ਾਂ ਹੁੰਦਾ ਸੀ। ਲੜਕੀ ਫਿਰ ਜਦੋਂ ਗਰਮੀ ਦੇ ਮਹੀਨਿਆਂ ਜਾਂ ਕਿਸੇ ਦਿਨ ਤਿਓਹਾਰ 'ਤੇ ਮਾਪਿਆਂ ਕੋਲ ਫੇਰਾ ਪਾਉਣ ਆਉਂਦੀ ਤਾਂ ਘਰ ਦੀਆਂ ਬਣੀਆਂ ਵਸਤਾ ਦਿੱਤੀਆਂ ਜਾਂਦੀਆਂ ਤਾਂ ਗਰਮੀ ਕੱਟਣ ਲਈ ਪੱਖੀ ਵੀ ਨਾਲ ਦਿੱਤੀ ਜਾਂਦੀ। ਸਹੁਰੇ ਘਰ ਬੈਠੀ ਧੀ ਜਦੋਂ ਗਰਮੀ ਕੱਟਣ ਲਈ ਮਾਂ ਦੀ ਦਿੱਤੀ ਹੋਈ ਪੱਖੀ ਨਾਲ ਝੱਲ ਮਾਰਦੀ ਤਾਂ ਉਸ ਨੂੰ ਪੇਕਿਆਂ ਦੀ ਠੰਢੀ ਮਿੱਠੀ ਯਾਦ ਆਉਣ ਲੱਗ ਜਾਂਦੀ। ਉਸ ਨੂੰ ਦੂਰ ਬੈਠੀ ਹੋਣ ਕਰ ਕੇ ਰਿਸ਼ਤਿਆਂ ਵਿਚ ਜੋ ਖੁਮਾਰੀ ਹੁੰਦੀ ਹੈ, ਉਸ ਦੀ ਇਕ ਸੁਗੰਧੀ ਦਾ ਅਹਿਸਾਸ ਹੋਣ ਲੱਗ ਜਾਂਦਾ। ਮਾਂ ਦੀ ਦਿੱਤੀ ਹੋਈ ਇਸ ਪੱਖੀ ਨਾਲ ਝੱਲ ਮਾਰਦੀ ਹੋਈ ਉਸ ਨੂੰ ਆਪਣੇ ਪਿਤਾ ਦਾ



ਹੌਸਲਾ ਤੇ ਵੱਡੇ ਵੀਰਾਂ ਦਾ ਪਿਆਰ ਵੀ ਨਾਲ ਸਮਾਇਆ ਹੋਇਆ ਲੱਗਦਾ। ਇਸ ਵਿਚ ਛੋਟੇ ਭਾਈ ਤੇ ਨਿੱਕੜੀਆਂ ਭੈਣਾਂ ਦਾ ਮੋਹ ਵੀ ਸਮਾਇਆ ਹੋਇਆ ਲੱਗਦਾ।

ਪੱਖੀ ਪੰਜਾਬੀਆਂ ਦੀ ਸਾਂਝੀ ਵਿਰਾਸਤ ਦਾ ਪ੍ਰਤੀਕ ਰਹੀ ਹੈ। ਜਿੱਥੇ ਕਿਤੇ ਵੀ ਪੰਜਾਬੀ ਵਸੇ ਹੋਏ ਹਨ, ਉਹ ਗਰਮੀ ਦੇ ਮੌਸਮ ਵਿਚ ਸੱਧਰਾਂ ਨਾਲ ਭਰੀ ਹੋਈ ਪੱਖੀ ਦੀ ਝੱਲ ਜ਼ਰੂਰ ਮਾਰਦੇ ਹਨ ਤੇ ਮਾਂ ਨੂੰ ਯਾਦ ਕਰਦੇ ਹੋਏ ਪੰਜਾਬੀ ਸਭਿਆਚਾਰ ਨਾਲ ਜੁੜਦੇ ਹਨ। ਪਾਕਿਸਤਾਨ ਵਿਚ ਇਸ ਦਾ ਪ੍ਰਚਲਨ ਬਹੁਤ ਜ਼ਿਆਦਾ ਹੈ। ਪ੍ਰਸਿੱਧ ਪਾਕਿਸਤਾਨੀ ਲੇਖਕ ਅੰਜੁਮ ਵਸੀਮ ਦਾਰ ਇਸ ਦੀ ਵਿਸ਼ਾਲ ਵਰਤੋਂ ਦਾ ਜ਼ਿਕਰ ਭਾਵੁਕ ਢੰਗ ਨਾਲ ਇਸ ਤਰ੍ਹਾਂ ਕਰਦੇ ਹਨ, "ਪੱਖੀ ਨਿਰੋਲ ਦੇਸੀ ਪੰਜਾਬੀ ਸ਼ਬਦ ਹੈ, ਪਾਕਿਸਤਾਨ ਵਿਚ ਜਦੋਂ ਗਰਮ ਰੁੱਤ ਆਉਂਦੀ ਹੈ, ਉਸ ਸਮੇਂ ਸ਼ਾਮਾਂ ਵੇਲੇ ਲੋਕਾਂ ਦੇ ਘਰਾਂ ਦੇ ਵਿਹੜਿਆਂ ਵਿਚ ਪੰਜਾਬੀ ਚੌਕੜੀ ਮਾਰ ਕੇ ਜਾਂ ਬਰਾਂਡਿਆਂ ਵਿਚ ਹੱਥਾਂ ਵਿਚ ਪੱਖੀਆਂ ਫੜ ਕੇ ਮੰਜਿਆਂ 'ਤੇ ਬੈਠੇ ਦਿਸਦੇ ਹਨ। ਅੱਲ੍ਹਾ ਕਰੇ ਪੱਖੀ ਸਦਾ ਸਲਾਮਤ ਰਹੇ।"

ਪੱਖੀ ਦਾ ਇਤਿਹਾਸ ਬਹੁਤ ਲੰਮਾ ਹੈ। ਇਸ ਦੀ ਵਰਤੋਂ ਈਸਾ ਤੋਂ ਕੋਈ 3000 ਸਾਲ ਪਹਿਲਾਂ ਤੋਂ ਕੀਤੀ ਜਾ ਰਹੀ ਹੈ। ਪਹਿਲਾਂ ਇਸ ਦੀ ਵਰਤੋਂ ਇਜ਼ਰਾਈਲ ਦੇ ਲੋਕਾਂ ਨੇ ਕੀਤੀ। ਮੁਗਲ ਕਾਲ ਵਿਚ ਉਨ੍ਹਾਂ ਦੇ ਸ਼ਾਹੀ ਦਰਬਾਰ ਵਿਚ ਵੱਡੇ ਪੱਖਿਆਂ ਨਾਲ ਰੱਸੀ ਖਿੱਚ ਕੇ ਇਸ ਦੀ ਵਰਤੋਂ ਕੀਤੀ ਜਾਣ ਲੱਗ ਪਈ। ਪਹਿਲਾਂ ਇਸ ਦੀ ਵਰਤੋਂ ਕੁਝ ਵਡੇਰੇ ਰੂਪ ਵਿਚ ਪੂਜਾ ਸਥਾਨਾਂ 'ਤੇ ਸਾਧ ਸੰਗਤ 'ਤੇ ਪੱਖਾ ਝੱਲ ਕੇ ਕੀਤੀ ਜਾਂਦੀ ਸੀ। ਗੁਰਦੁਆਰਿਆਂ ਵਿਚ ਅਕਸਰ ਪੱਖੀਆਂ ਤੇ ਵੱਡੇ ਪੱਖੇ ਦੇਖੇ ਜਾਂਦੇ ਸਨ। ਸਿੱਖੀ ਵਿਚ ਲੰਗਰ ਵਰਤਾਉਣਾ, ਜੋੜਿਆਂ ਦੀ ਸੇਵਾ, ਵੱਡਾ ਪੱਖਾ ਸੰਗਤ 'ਤੇ ਫੇਰਨਾ ਆਦਿ ਦੀ ਇਕਸਮਾਨ ਮਹਿਮਾ ਹੈ। ਹੁਣ ਅਸੀਂ ਬਿਜਲੀ ਦੇ ਗੁਲਾਮ ਹੋ ਗਏ ਹਾਂ, ਪਰ ਹੁਣ ਵੀ ਬਿਜਲੀ ਜਾਣ 'ਤੇ ਸੁਆਣੀਆਂ ਰਸੋਈ ਵਿਚ ਜਾਂ ਜਦੋਂ ਕਿਸੇ ਇਕੱਠ ਜਾਂ ਸਮਾਗਮਾਂ ਵਿਚ ਇਕੱਠੀਆਂ ਬੈਠਦੀਆਂ ਹਨ ਜਾਂ ਘਰਾਂ ਦੀਆਂ ਬੈਠਕਾਂ ਵਿਚ ਮੇਜ਼ ਦੇ ਆਲੇ ਦੁਆਲੇ ਕੋਈ ਘਰੇਲੂ ਗੇਮ ਖੇਡਦੇ ਹਨ ਤਾਂ ਉਸ ਸਮੇਂ ਪੱਖੀ ਹੀ ਗਰਮੀ ਕੱਟਣ ਦੇ ਕੰਮ ਆਉਂਦੀ ਹੈ। ਅਫਸੋਸ, ਹੁਣ ਇਹ ਗਰੀਬ ਲੋਕਾਂ ਦੀ ਰੋਜ਼ੀ ਰੋਟੀ ਦਾ ਸਾਧਨ ਨਹੀਂ ਬਣ ਰਿਹਾ। ਹੁਣ ਇਸ ਦੀ ਵਰਤੋਂ ਕੇਵਲ ਗਰੀਬਾਂ ਦੀਆਂ ਝੁੱਗੀਆਂ ਝੌਂਪੜੀਆਂ ਤਕ ਸੀਮਤ ਹੋ ਕੇ ਰਹਿ ਗਈ ਹੈ। ਮੱਧ ਵਰਗੀ ਮਾਨਸਿਕਤਾ ਇਸ ਦੀ ਵਰਤੋਂ ਕਰਨੀ ਮੁਨਾਸਬ ਨਹੀਂ ਸਮਝਦੀ, ਪਰ ਨੁਮਾਇਸ਼ ਤੋਂ ਖਰੀਦੀ ਪੱਖੀ ਆਪਣੀ ਬੈਠਕ ਵਿਚ ਸਜਾ ਲੈਣ ਨੂੰ ਚੰਗਾ ਸਮਝਦੇ ਹਨ। ਸਾਰਾ ਬਾਜ਼ਾਰ ਫਿਰ ਕੇ ਕਿਤੇ ਕੋਈ ਪੱਖੀ ਮਿਲਦੀ ਹੈ। ਬਾਜ਼ਾਰ ਵਿਚ ਕਈ ਪ੍ਰਕਾਰ ਦੀਆਂ ਰੰਗ ਬਿਰੰਗੀਆਂ ਪੱਖੀਆਂ ਮਿਲਦੀਆਂ ਹਨ ਤੇ ਇਕ ਪੱਖੀ ਦੀ ਕੀਮਤ ਕਲਾ ਦੀ ਵਸਤੂ ਜਾਣ ਕੇ ਸੈਂਕੜੇ ਰੁਪਏ ਵਿਚ ਹੋ ਸਕਦੀ ਹੈ। ਪੰਜਾਬੀ ਲੋਕ ਗੀਤਾਂ ਨੇ ਇਸ ਵਿਰਸੇ ਨੂੰ ਅਜੇ ਤਕ ਸੰਭਾਲਿਆ ਹੋਇਆ ਹੈ। ਪੰਜਾਬ ਦੀ ਕੋਇਲ ਕਹੀ ਜਾਣ ਵਾਲੀ ਸੁਰਿੰਦਰ ਕੌਰ ਦਾ ਇਕ ਪ੍ਰਸਿੱਧ ਲੋਕ ਗੀਤ ਹੈ- 'ਵੇ ਲੈ ਦੇ ਮਾਹੀ ਪੱਖੀ ਘੁੰਗਰੂਆਂ ਵਾਲੀ'। ਸੂਫੀ ਕਵਿਤਾ ਵਿਚ ਵੀ ਇਸ ਦਾ ਰੰਗ ਮਿਲਦਾ ਹੈ। ਪੱਖੀ ਸਾਡੇ ਪੰਜਾਬੀ ਵਿਰਸੇ ਦੀ ਅਨਮੋਲ ਸੌਗਾਤ ਹੈ। ਹਰ ਵਰਗ ਦੇ ਲੋਕ ਇਸ ਨਾਲ ਜੁੜੇ ਰਹੇ ਹਨ।







## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਗਸਤ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-441



*ਵਿਚ ਬੁਢਾਪੇ ਮਿਹਨਤ ਕਰਦਾ, ਇਹ ਹੈ ਅਸਲੀ ਸੰਤ*
*ਦਸਾਂ ਨਹੁੰਆਂ ਦੀ ਕਿਰਤ ਕਮਾਵੇ, ਵਿਹਲੜ ਨਹੀਂ ਮਹੰਤ!*

### ਕੈਪਸ਼ਨ ਮੁਕਾਬਲਾ-439



ਮਸਾਂ ਮਸਾਂ ਭੈਣਾਂ 'ਕੱਠੀਆਂ ਹੋਈਆਂ,
ਕੰਮ ਧੰਦੇ ਤੋਂ ਵਿਹਲ ਕੱਢ ਕੇ।
ਡੇਰੇ ਆ ਕੇ ਗੱਲੀਂ ਲੱਗੀਆਂ,
ਸਹੁਰੇ ਘਰ ਦਾ ਝੰਜਟ ਛੱਡ ਕੇ।
ਸੈਰ ਦੀ ਸੈਰ, ਸੇਵਾ ਦੀ ਸੇਵਾ,
ਦਰਸ਼ਨ ਦੇ ਬਹਾਨੇ ਆਈਆਂ।
ਮੱਥਾ ਟੇਕ ਕੇ ਚਾਹ ਵੀ ਪੀਤੀ,
ਕੈਮਰਾ ਦੇਖ ਮੁਸਕਰਾਈਆਂ।
*-ਪੋਰਿੰਦਰ ਸਿੰਗਲਾ ਢਪਾਲੀ, ਬਠਿੰਡਾ*

---

ਘਰੋਂ ਜਠੇਰੇ ਪੂਜਣ ਆਈਆਂ
ਬਹਿ ਗਈਆਂ ਪਿੱਪਲ ਥੱਲੇ,
ਚਾਹ ਪਾਣੀ ਦੀ ਹੋ ਗਈ ਸੇਵਾ
ਤੇ ਫੋਟੋ ਵੀ ਖਿਚਵਾਈ 'ਕੱਲੇ।
ਇੱਕ ਬਾਟੀ 'ਚ ਭੁਜੀਆ ਮੂੰਗਰਾ
ਦੂਜੀ ਵਿਚ ਪਾਣੀ, ਚਾਹ,
ਘੰਟਾ, ਦੋ ਘੰਟੇ ਦਾ ਖੇਲ੍ਹ ਸੀ ਸਾਰਾ
ਖਾ-ਪੀ ਪਏ ਆਪਣੇ ਰਾਹ।
*-ਸੇਵਾ ਸਿੰਘ ਨੂਰਪੁਰੀ*

---

ਪਾਕ ਪਵਿੱਤਰ ਰਿਸ਼ਤਾ ਵਾਂਗ ਸਕੀਆਂ ਭੈਣਾਂ
ਆਨੇ-ਬਹਾਨੇ ਹੋ 'ਕੱਠੀਆਂ ਜਦ ਬਹਿਣਾ
ਦੁੱਖ ਸੁੱਖ ਇੱਕ ਦੂਜੇ ਦਾ ਸਾਂਝਾ ਕਰ ਲੈਣਾ
ਇੱਕ ਦੂਜੀ ਦਾ ਮਨ ਕਰਕੇ ਹਲਕਾ
ਕੌੜਾ ਘੁੱਟ ਸਬਰ ਦਾ ਪੀ ਲੈਣਾ।
*-ਵਿਨੋਦ ਗਰਗ*
*ਫੋਨ: 91-98763-71788*

---

ਤਰ੍ਹਾਂ ਤਰ੍ਹਾਂ ਦੇ ਭਾਂਡੇ ਪਰਖੇ
ਬਾਟੀ ਵਰਗਾ ਸੁਆਦ ਨਾ ਆਇਆ।
ਅੰਦਰੋਂ ਹਾਸੇ ਫੁੱਟਣ ਜੋਰੀਂ
ਫੂਕ ਮਾਰ ਜਦ ਮੂੰਹ ਨੂੰ ਲਾਇਆ।
*-ਜਗਮੀਤ ਸਿੰਘ ਪੰਧੇਰ*

*ਪਿੰਡ ਕਲਾਹੜ, ਲੁਧਿਆਣਾ।*

---

ਮਨ ਚਿੱਤ ਲਾ ਕੇ ਸੇਵਾ ਕੀਤੀ
ਘਰ ਮੁੜਨ ਦੀ ਕੀਤੀ ਤਿਆਰੀ।
ਕਹਿੰਦੀਆਂ ਬੀਬੀਆਂ ਜਲ ਛਕ ਲਈਏ
ਨਿੱਕਲ'ਜੇ ਨਾ ਆਪਣੀ ਲਾਰੀ।
ਜਲ ਵੀ ਲਗਦਾ ਸ਼ਰਬਤ ਵਰਗਾ
ਸ਼ਰਧਾ ਜਿੱਥੇ ਹੋਵੇ ਭਾਰੀ।
*-ਕੇਵਲ ਸਿੰਘ ਪੰਧੇਰ, ਪਿੰਡ ਕਲਾਹੜ*

---

ਸਾਉਣ ਮਹੀਨੇ ਪੇਕੇ ਆ ਕੇ,
ਮਸਾਂ ਕੱਠੀਆਂ ਹੋਈਆਂ ਸਹੇਲੀਆਂ।
ਸੰਤਾਂ ਡੇਰੇ ,ਬੋਹੜ ਥੱਲੇ ਬਹਿ ਗਈਆਂ,
ਲੰਗਰ-ਪਾਣੀ ਛੱਕ ਹੋਈਆਂ ਵੇਹਲੀਆਂ।
ਖਾਲੀ ਹੋਈਆਂ ਬਾਟੀਆਂ ਫੜੀਆਂ,
ਹੱਸਦੀਆਂ ,ਖੇਡਦੀਆਂ ਕਰਨ ਅਠਖੇਲੀਆਂ।
*-ਦਵਿੰਦਰ ਕੌਰ*

---

ਡੇਰੇ ਆਈਆਂ ਬੀਬੀਆਂ ਝਾੜੂ ਮਾਰਨ
ਬਾਬੇ ਦੇ ਚੇਲਿਆਂ ਚਾਹ ਵਰਤਾਈ।
ਡੇਰਿਆਂ ਵਿਚੋਂ ਦੁੱਖਾਂ ਦਾ ਹੱਲ
ਸੁੱਖਣਾ ਸੁੱਖ ਕੇ ਲੱਭੇ ਲੁਕਾਈ।
"ਹੱਥ ਸਿਰਜਦੇ ਨੇ ਤਕਦੀਰਾਂ"
ਇਹ ਗੱਲ ਪੱਲੇ ਬੰਨ੍ਹੇ ਭਾਈ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਸੀਤਲ ਜਲ ਬਾਬਿਆਂ ਦੇ ਡੇਰੇ ਦਾ
ਪੀ ਕੇ ਆਈ ਜਾਨ 'ਚ ਜਾਨ।
ਖੁਸ਼ੀਆਂ ਖੇੜੇ ਵੰਡਦੀ ਵਾਤਾਵਾਰਣ 'ਚ
ਦੋਵੇਂ ਭੈਣਾਂ ਦੀ ਮੀਸਣੀ ਮੁਸਕਾਨ।
ਖੈਰ ਮੰਗਣ ਆਈਆਂ ਪਰਿਵਾਰ ਦੀ
ਬਾਬਿਆਂ ਦਿੱਤਾ ਵਰਦਾਨ।
ਡੋਲਦੇ ਮਨਾਂ ਨੂੰ ਕਿਤੋਂ ਧਰਵਾਸ ਮਿਲ'ਜੇ
ਚੰਗਾ ਲੱਗਦਾ ਕੁਲ ਜਹਾਨ।
*-ਅਮਰਜੀਤ ਸਿੰਘ ਤੂਰ, ਚੰਡੀਗੜ੍ਹ*

---

ਭਰਮ, ਕਰਮ, ਧਰਮ ਅਗਲੀ ਜ਼ਿੰਦਗੀ ਦੇ
ਡੇਰੇ ਪਾ ਚੋਗਾ ਭਰਮਾ ਲੈਂਦੇ ਬੀਬੀਆਂ ਨੂੰ।
ਦੇ ਦੇ ਬਾਟੇ ਕਹਿ ਅੰਮ੍ਰਿਤ
ਭੰਗ, ਭੁੱਕੀ, ਮਿਸ਼ਰੀ ਜਿਸ 'ਚ ਹੈ ਰਲੀ।
ਸੁੱਧ, ਬੁੱਧ ਹੀ ਪੂਰੀ ਗੁਆ ਬਹਿੰਦੀਆਂ।
ਪੀ ਬਾਟੇ ਸੰਤਾਂ ਦੇ ਮਿੱਠੇ-ਮਿੱਠੇ
ਭੁੱਲ ਜਾਂਦੀਆਂ ਘਰ ਦੀ ਰਿੜਕੀ ਲੱਸੀ।
ਕੱਟਾ ਭੁੱਖਾ ਤੂੜੀ ਗਿੱਲੀ ਵਾਂਗ
ਬੱਸ ਮਜਲਸਾਂ ਡੇਰਿਆਂ 'ਚ ਲੱਗ ਤੁਰਦੀਆਂ।
*-ਦਰਸ਼ਨਪਾਲ ਦੋਸਾਂਝ*

# ਦੋਆਬੇ ਦਾ ਮਾਣ ਕਬੱਡੀ ਖਿਡਾਰੀ-ਸ਼ੰਕਰੀਆ ਘੁੱਗਾ

ਦੋਆਬੇ ਦੇ ਪ੍ਰਸਿੱਧ ਪਿੰਡ ਸ਼ੰਕਰ 'ਤੇ ਹਮੇਸ਼ਾ ਪਰਮਾਤਮਾ ਦੀ ਅਪਾਰ ਕਿਰਪਾ ਰਹੀ ਹੈ। ਇਸ ਪਿੰਡ ਨੇ ਨਾਮਵਰ ਕਬੱਡੀ ਖਿਡਾਰੀ ਤੇ ਪਹਿਲਵਾਨ ਪੈਦਾ ਕੀਤੇ। ਜਦੋਂ ਕਬੱਡੀ ਦੀ ਗੱਲ ਚਲਦੀ ਹੈ ਤਾਂ ਘੁੱਗੇ ਦਾ ਨਾਂ ਆਪਣੇ ਆਪ ਜ਼ੁਬਾਨ 'ਤੇ ਆ ਜਾਂਦੈ। 1971-72 ਦੌਰਾਨ ਖੇਡ-ਜਗਤ ਵਿਚ ਪੂਰੀ ਧਾਂਕ ਸੀ। ਨਾਮਵਰ ਧਾਵੀ ਖੜ੍ਹੇ ਕਰ ਕਰ ਰੋਕੇ। ਤਕੜੇ ਰੇਡਰ ਘੁੱਗੇ ਦੇ ਨਾਂ ਤੋਂ ਜਰਕਦੇ ਦੋਆਬੇ ਵੱਲ ਮੂੰਹ ਨਾ ਕਰਦੇ। ਉਹਦੀ ਖੇਡ ਨੇ ਦੋਆਬੇ ਨੂੰ ਬੜਾ ਮਾਣ ਬਖਸ਼ਿਆ। ਕਬੱਡੀ ਤੋਂ ਪਹਿਲਾਂ ਉਹ ਫੁੱਟਬਾਲ ਦਾ ਵਧੀਆ ਖਿਡਾਰੀ ਸੀ। ਜੇ ਉਹ ਫੁੱਟਬਾਲ ਖੇਡਦਾ ਰਹਿੰਦਾ ਤਾਂ ਸ਼ਾਇਦ



**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਐਨਾ ਮਸ਼ਹੂਰ ਨਾ ਹੁੰਦਾ, ਪਰ ਕਬੱਡੀ 'ਚ ਤਾਂ ਘੁੱਗੇ ਦੀ ਗੁੱਡੀ ਪੂਰੀ ਅਸਮਾਨੀਂ ਚੜ੍ਹੀ ਹੋਈ ਸੀ।


ਹਰਮਿੰਦਰ ਸਿੰਘ ਤੱਖਰ ਖੇਡ-ਜਗਤ ਵਿਚ ਘੁੱਗੇ ਦੇ ਨਾਂ ਨਾਲ ਪ੍ਰਸਿੱਧ ਹੋਇਐ। 1954 'ਚ ਪਿਤਾ ਸਵਰਨ ਸਿੰਘ ਅਤੇ ਮਾਤਾ ਪ੍ਰੀਤਮ ਕੌਰ (ਹੁਣ ਦੋਵੇਂ ਸਵਰਗਵਾਸੀ) ਦੇ ਘਰ ਜਨਮੇ ਘੁੱਗੇ ਨੂੰ ਛੋਟੀ ਉਮਰੇ ਹੀ ਖੇਡਾਂ ਦਾ ਸ਼ੌਕ ਪੈ ਗਿਆ। ਪਿਤਾ ਵੀ ਉਹਨੂੰ ਨਾਮਵਰ ਖਿਡਾਰੀ ਬਣਿਆ ਵੇਖਣਾ ਚਾਹੁੰਦਾ ਸੀ। 1969 'ਚ ਪਿੰਡ ਦੇ ਹਾਈ ਸਕੂਲ 'ਚ ਪੜ੍ਹਦਾ ਉਹ ਫੁੱਟਬਾਲ ਦਾ ਖਿਡਾਰੀ ਬਣਿਆ। 1970 'ਚ ਨੈਸ਼ਨਲ ਕਾਲਜ ਨਕੋਦਰ ਪੜ੍ਹਦੇ ਸਮੇਂ ਯੂਨੀਵਰਸਿਟੀ ਦੀਆਂ ਸਾਲਾਨਾ ਖੇਡਾਂ 'ਚ ਜੈਵਲਿਨ-ਥਰੋ 'ਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਸ਼ੌਕ ਵਧਦਾ ਵਧਦਾ ਕਬੱਡੀ ਵੱਲ ਨੂੰ ਹੋ ਤੁਰਿਆ।

1971 'ਚ ਕਬੱਡੀ ਦਾ ਸ਼ੌਕ ਰੱਖਣ ਵਾਲੇ ਖੁਦ ਘੁੱਗਾ, ਪਾਲਾ, ਲੱਖੀ, ਗੁਰਦਿਆਲ, ਅੰਬੀ, ਮੱਖਣ, ਦੇਬੀ, ਜੱਸੀ (ਕੈਨੇਡਾ ਦਾ ਰੇਡਰ), ਪਹਿਲਵਾਨ ਸਤਨਾਮ ਸੱਤੂ ਯੂ. ਕੇ., ਬੁੱਧੂ ਯੂ. ਕੇ. ਤੇ ਸ਼ੀਰਾ ਯੂ. ਕੇ. ਨੂੰ ਨਾਲ ਲੈ ਕੇ ਪਿੰਡ ਦੇ ਖਿਡਾਰੀਆਂ ਦੀ ਟੀਮ ਤਿਆਰ ਕੀਤੀ। ਪਿੰਡ ਦੀ ਟੀਮ ਤੋਂ ਇਲਾਵਾ ਨਕੋਦਰ ਕਾਲਜ ਵਿਚ ਵੀ ਕਬੱਡੀ ਟੀਮ ਬਣਾਈ, ਜਿਨ੍ਹਾਂ 'ਚ ਹਰਬੰਸ ਢੰਡੋਵਾਲ, ਜੱਸੀ ਸ਼ੰਕਰ, ਅਵਤਾਰ ਤਾਰੀ, ਜਿੰਦਰ ਜਿੰਦਾ, ਕੁੰਦਰ ਜਹਾਂਗੀਰ ਤੇ ਬਿੱਲੀ ਜਹਾਰਮ ਜਿਹੇ ਖਿਡਾਰੀ ਸਨ। ਚੰਗਾ ਕੱਦ-ਕਾਠ ਤੇ ਵਾਧੂ ਜਾਨ ਕਰਕੇ ਦਿਨੋਂ ਦਿਨ ਗੇਮ ਨਿਖਰਦੀ ਗਈ। ਸਵੇਰ-ਸ਼ਾਮ ਭਾਰ ਚੁੱਕਣਾ, ਬੈਂਚ ਪ੍ਰੈਸਾਂ ਲਾਉਣੀਆਂ, ਬੈਠਕਾਂ ਮਾਰਨੀਆਂ, ਸਾਇਕਲ ਚਲਾਉਣਾ ਤੇ ਦੌੜ ਲਾਉਣੀ। ਖੁਰਾਕ 'ਚ ਦੁਧ, ਘਿਉ, ਬਦਾਮ ਤੇ ਮੀਟ ਸ਼ਾਮਲ ਕਰਦਾ।

ਬੜੇ ਦਮ ਨਾਲ ਉਹਨੇਂ ਕਾਲਜ ਵਿਚ ਕਬੱਡੀ ਖੇਡੀ ਅਤੇ ਪੰਜਾਬ ਦੇ ਜ਼ਬਰਦਸਤ ਜਾਫੀਆਂ 'ਚ ਨਾਂ ਦਰਜ ਕਰਵਾਇਆ। ਨਕੋਦਰ ਕਾਲਜ ਵਿਚ ਘੁੱਗੇ ਦੀ ਬੱਲੇ ਬੱਲੇ ਹੋਈ। ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਰੱਜਵਾਂ ਪਿਆਰ ਦਿੱਤਾ। ਇਕ ਵਾਰ ਫਾਈਨਲ ਮੈਚ ਵਿਚ ਨਕੋਦਰ ਕਾਲਜ ਅਤੇ ਖਾਲਸਾ ਕਾਲਜ ਜਲੰਧਰ ਦਾ ਪੇਚਾ ਪੈ ਗਿਆ। ਇਹ ਦਿਲਚਸਪ ਮੁਕਾਬਲਾ ਵੇਖਣ ਲਈ ਫੌਜ ਦੇ ਜਵਾਨ ਅਤੇ ਅਫਸਰ ਵੀ ਪਹੁੰਚ ਗਏ। ਘੁੱਗੇ ਨੇ ਵਿਰੋਧੀ ਟੀਮ ਦੇ ਤਕੜੇ ਰੇਡਰਾਂ ਦੀ ਇਕ ਨਾ ਚੱਲਣ ਦਿੱਤੀ। ਸਾਰੇ ਧਾਵੀ ਥੰਮੇ ਤੇ ਬੜੇ ਜੋਰ ਨਾਲ ਨਕੋਦਰ ਕਾਲਜ ਨੂੰ ਜਿਤਾਇਆ। ਮੈਚ ਖਤਮ ਹੋਣ ਪਿਛੋਂ ਫੌਜੀ ਅਫਸਰ ਘੁੱਗੇ ਕੋਲ ਆਇਆ ਤੇ ਕਲਾਵਾ ਭਰ ਕੇ ਥਾਪੜਾ ਦਿੱਤਾ।

ਘੁੱਗੇ ਦੀ ਕਪਤਾਨੀ ਹੇਠ ਟੀਮ ਨੇ 1971, 1972 ਤੇ 1973 ਤਿੰਨ ਸਾਲ ਲਗਾਤਾਰ ਟਰਾਫੀ ਜਿੱਤੀ। ਇਹ ਬਹੁਤ ਘੱਟ ਹੋਇਆ ਕਿ ਕੋਈ ਟੀਮ ਤਿੰਨ ਸਾਲ ਲਗਾਤਾਰ ਜਿੱਤੀ ਹੋਵੇ। ਆਮ ਕਰਕੇ ਟੀਮਾਂ ਇਕ ਜਾਂ ਦੋ ਸਾਲ ਹੀ ਜਿੱਤ ਪ੍ਰਾਪਤ ਕਰਦੀਆਂ ਨੇ ਤੇ ਤੀਜੇ ਸਾਲ ਜਿੱਤ ਕਿਸੇ ਹੋਰ ਹਿੱਸੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਹੀ 1973, 1974 ਤੇ 1975 ਲਗਾਤਾਰ ਫਰੀਦਕੋਟ ਨੂੰ ਜਿੱਤ ਕੇ ਤਿੰਨ ਸਾਲ ਦੀ ਸਟੇਟ ਚੈਂਪੀਅਨਸ਼ਿਪ 'ਤੇ ਕਬਜ਼ਾ ਕੀਤਾ। 1973 ਵਿਚ ਉਹਦੀ ਟੀਮ ਨੇ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵਿਚ ਮਾਲਵੇ ਨੂੰ ਹਰਾਇਆ। ਜਿਹੜਾ ਵੀ ਉਹਨੂੰ ਹੱਥ ਲਾਉਂਦਾ, ਸੁੱਕਾ ਨਾ ਮੁੜਦਾ। ਲੋਕਾਂ ਨੇ ਉਹਦੀ ਗੇਮ ਨੂੰ ਬੜਾ ਪਸੰਦ ਕਰਦਿਆਂ ਰੱਜਵਾਂ ਪਿਆਰ ਦਿੱਤਾ ਤੇ ਮਾਇਆ ਦੇ ਗੱਫੇ ਦਿੱਤੇ। ਦੂਜੀ ਗੱਲ ਇਹ ਵੀ ਸੀ ਕਿ ਇੰਗਲੈਂਡ ਜਾਣ ਲਈ ਟੀਮ ਦੀ ਸਿਲੈਕਸ਼ਨ ਵੀ ਇਥੋਂ ਹੀ ਹੋਣੀ ਸੀ। ਇੰਗਲੈਂਡ ਜਾਣ ਦੇ ਚਾਅ 'ਚ ਸਾਰੇ ਖਿਡਾਰੀਆਂ ਨੇ ਅੱਡੀ-ਚੋਟੀ ਦਾ ਜ਼ੋਰ ਲਾਉਣਾ ਸੀ। ਘੁੱਗੇ ਨੇ ਤਾਂ ਫਿਰ ਕਿਲਾ ਰਾਏਪੁਰ ਦੇ ਮੈਚਾਂ 'ਚ ਕਮਾਲਾਂ ਕੀਤੀਆਂ।

1974 ਵਿਚ ਬੀ. ਏ. ਭਾਗ ਦੂਜਾ ਦੇ ਵਿਦਿਆਰਥੀ ਜੀਵਨ ਸਮੇਂ ਉਹਨੂੰ ਪ੍ਰੀਤਮ ਸਿੰਘ ਪ੍ਰੀਤਾ ਦੀ ਕਪਤਾਨੀ ਹੇਠ 14 ਖਿਡਾਰੀਆਂ ਸਮੇਤ ਇੰਗਲੈਂਡ ਜਾਣ ਦਾ ਮੌਕਾ ਮਿਲਿਆ। ਪ੍ਰੀਤਾ (ਕਪਤਾਨ), ਦੇਵੀ ਦਿਆਲ (ਵਾਈਸ ਪ੍ਰਧਾਨ), ਘੁੱਗਾ ਸ਼ੰਕਰ, ਗੁਰਪਾਲ ਪਾਲਾ ਸ਼ੰਕਰ, ਰਸਾਲ ਸਿੰਘ ਰਸਾਲਾ, ਸਤਨਾਮ ਸੱਤਾ, ਹਰਬੰਸ ਢੰਡੋਵਾਲ, ਜੱਗੀ ਰਸੂਲਪੁਰ, ਸੁਰਜੀਤ ਸੈਦੋਵਾਲ, ਬਿੰਦਰ ਘੱਲਕਲਾਂ, ਦਰਸ਼ਣ ਸਿੰਘ ਮੰਗਲੀ, ਭੱਜੀ ਖੁਰਦਪੁਰ ਤੇ ਮੋਹਣੀ ਜੜਿਆਲਾ ਜਿਹੇ ਧੱਕੜ ਖਿਡਾਰੀ ਸਨ। ਇੰਗਲੈਂਡ ਮੈਚਾਂ 'ਚ ਤਾਕਤਵਰ ਘੁੱਗੇ ਦੀ ਖੇਡ ਦੇ ਦਰਸ਼ਕ ਦੀਵਾਨੇ ਹੋ ਗਏ। ਉਹਨੂੰ ਇੰਗਲੈਂਡ ਦੀਆਂ ਵੱਖ ਵੱਖ ਕਲੱਬਾਂ ਨੇ ਉਨ੍ਹਾਂ ਵਲੋਂ ਖੇਡਣ ਦੀ ਪੇਸ਼ਕਸ਼ ਕੀਤੀ, ਪਰ ਉਹਨੇ ਵਾਪਸ



ਜਵਾਨੀ ਵੇਲੇ ਘੁੱਗਾ

ਪੰਜਾਬ ਪਰਤਣਾ ਹੀ ਬਿਹਤਰ ਸਮਝਿਆ। ਉਨ੍ਹੀਂ ਇੰਗਲੈਂਡ ਵੀ ਮੈਚ ਖੇਡੇ। ਕੁਝ ਜਿੱਤੇ ਤੇ ਕੁਝ ਹਾਰੇ, ਪਰ ਘੁੱਗੇ ਦੀ ਗੇਮ ਨੂੰ ਬੜਾ ਪਸੰਦ ਕੀਤਾ ਗਿਆ।

1975 'ਚ ਬੀ. ਏ. ਭਾਗ ਤੀਜਾ ਦੀ ਪੜ੍ਹਾਈ ਵਿਚੇ ਛੱਡ ਮਾਤਾ-ਪਿਤਾ ਨਾਲ ਪੱਕੇ ਤੌਰ 'ਤੇ ਕੈਨੇਡਾ ਪਹੁੰਚ ਗਿਆ। ਕੈਨੇਡਾ ਜਾ ਕੇ ਵੀ ਕਈ ਸਾਲ ਕਬੱਡੀ ਖੇਡੀ ਤੇ ਲੋਕਾਂ ਦੀ ਵਾਹਵਾ ਖੱਟੀ।

1980 'ਚ ਵਾਪਸ ਪੰਜਾਬ ਜਾ ਕੇ ਜਲੰਧਰ ਦੀ ਜੁਗਰਾਜ ਕੌਰ ਅਟਵਾਲ ਨਾਲ ਵਿਆਹ ਕਰਾਇਆ। ਉਮਰ ਦੇ ਲਿਹਾਜ਼ ਨਾਲ ਉਹ ਕਬੱਡੀ ਖੇਡਣੀ ਛੱਡ ਗਿਆ। ਕੈਨੇਡਾ ਦੇ ਕਬੱਡੀ ਮੈਚਾਂ ਨੂੰ ਵੇਖ ਕੇ ਖੂਨ ਉਬਾਲੇ ਮਾਰਦਾ ਤੇ ਪੁਰਾਣੇ ਦਿਨ ਯਾਦ ਕਰਦਾ। ਹਮੇਸ਼ਾ ਸਾਫ-ਸੁਥਰੀ ਕਬੱਡੀ ਖੇਡੀ। ਕਦੇ ਨਸ਼ਾ ਨਾ ਕੀਤਾ, ਸਗੋਂ ਗਰਾਊਂਡ ਵਿਚ ਰਹਿ ਕੇ ਮਿਹਨਤ ਕਰਦਾ ਰਹਿੰਦਾ।


ਘੁੱਗੇ ਦੇ ਪੇਂਡੂ ਪਾਲੇ ਤੇ ਘੁੱਗੇ ਨੇ 'ਕੱਠਿਆਂ ਪਿੰਡ ਪੱਧਰ ਦੇ ਮੈਚ, ਸ਼ੋਅ-ਮੈਚ, ਚੈਂਪੀਅਨਸ਼ਿਪਾਂ ਅਤੇ ਇਲਾਕੇ ਦੇ ਬੜੇ ਕਬੱਡੀ ਕੱਪ ਖੇਡੇ। ਸੰਗਰੂਰ ਵਿਖੇ ਜਲੰਧਰ ਅਤੇ ਕਪੂਰਥਲਾ ਜਿਲਿਆਂ ਦਾ ਮੈਚ 'ਕੱਠਿਆਂ ਖੇਡਿਆ। ਕਪੂਰਥਲਾ ਵਲੋਂ ਪ੍ਰੀਤਾ ਤਕੜਾ ਧਾਵੀ ਸੀ ਤੇ ਜਲੰਧਰ ਵਲੋਂ ਘੁੱਗਾ ਤਕੜਾ ਜਾਫੀ। ਕਬੱਡੀ ਦੇ ਦੋਹਾਂ ਸੁਪਰ ਸਟਾਰ ਖਿਡਾਰੀਆਂ ਦੀਆਂ ਫਸਵੀਆਂ ਝਪਟਾਂ ਹੋਈਆਂ। ਪ੍ਰੀਤੇ ਤੇ ਘੁੱਗੇ ਦੀ ਦਿਲਚਸਪ ਗੇਮ ਨੂੰ ਲੋਕਾਂ ਨੇ ਬੜਾ ਪਸੰਦ ਕੀਤਾ। ਸਾਊ ਸੁਭਾਅ ਦੇ ਘੁੱਗੇ ਨੇ ਕਦੇ ਗੇਮ ਦਾ ਮਾਣ ਨਹੀਂ ਕੀਤਾ। ਉਹਦੀ ਨਿਮਰਤਾ ਵੇਖੋ, "ਪ੍ਰੀਤਾ ਬਹੁਤ ਤਕੜਾ ਖਿਡਾਰੀ ਸੀ, ਅਚਾਨਕ ਹੱਥ ਪੈ ਗਿਆ ਸੀ।"

ਕੋਟਲੀ ਥਾਨ ਸਿੰਘ ਵਿਖੇ ਜਲੰਧਰ ਤੇ ਅੰਮ੍ਰਿਤਸਰ ਜਿਲਿਆਂ ਦਾ ਮੈਚ ਹੋਇਆ। ਘੁੱਗੇ ਨੇ ਬੜੇ ਬੜੇ ਜੁਆਨ ਧਾਵੀ ਰੋਕੇ। ਪਾਲਾ ਤੇ ਧਰਮਾ ਉਨ੍ਹਾਂ ਕੋਲੋਂ ਰੋਕਣੇ ਮੁਸ਼ਕਿਲ ਸਨ। ਜਲੰਧਰ ਖਿਡਾਰੀਆਂ ਵਿਚ ਸ਼ੰਕਰ ਦੇ ਚਾਰ ਖਿਡਾਰੀ-ਘੁੱਗਾ, ਪਾਲਾ, ਗੁਰਦਿਆਲ ਤੇ ਜੱਸੀ ਟੀਮ ਦੇ ਖਿਡਾਰੀ ਸਨ। ਉਸ ਯਾਦਗਾਰੀ ਮੈਚ ਨੂੰ ਨਿਊ ਯਾਰਕ ਰਹਿੰਦੇ ਕੋਟਲੀ ਥਾਨ ਸਿੰਘ ਦੇ ਸਤਵਿੰਦਰ ਸੰਧਰ ਨੇ ਅੱਖੀਂ ਵੇਖਿਆ ਸੀ। ਉਹ ਧਰਮੇ ਦੀਆਂ ਰੇਡਾਂ ਨੂੰ ਅੱਜ ਵੀ ਯਾਦ ਕਰਦੈ। ਘੁੱਗਾ ਪ੍ਰੀਤੇ ਨੂੰ ਤਕੜਾ ਖਿਡਾਰੀ ਮੰਨਦੈ। ਉਹਦੀ ਕਦਰ ਕਰਦੇ ਘੁੱਗੇ ਨੇ ਪ੍ਰੀਤੇ ਵਰਗੇ ਤੇਜ਼-ਤਰਾਰ, ਫੁਰਤੀਲੇ ਤੇ ਜ਼ੋਰਦਾਰ ਖਿਡਾਰੀ ਨੂੰ ਰੋਕਣਾ ਫਖਰ ਵਾਲੀ ਗੱਲ ਕਹੀ। ਇਹ ਵੀ ਕਿਹਾ ਕਿ ਉਹਨੂੰ ਰੋਕਣਾ ਤੁਫਾਨਾਂ ਨਾਲ ਟੱਕਰ ਲੈਣਾ ਸੀ। ਹੁਣ ਜਦੋਂ ਕਦੇ ਪ੍ਰੀਤਾ ਕੈਨੇਡਾ ਜਾਂਦਾ ਹੈ ਤਾਂ ਘੁੱਗੇ ਨੂੰ ਜਰੂਰ ਮਿਲਦੈ ਤੇ ਪੁਰਾਣੇ ਖਿਡਾਰੀ ਪੁਰਾਣੀਆਂ ਯਾਦਾਂ ਤਾਜ਼ਾ ਜਰੂਰ ਕਰਦੇ ਨੇ।

ਕੈਲੀਫੋਰਨੀਆ ਰਹਿੰਦਾ ਸ਼ੰਕਰੀਆ ਪਾਲਾ ਘੁੱਗੇ ਦੀ ਗੇਮ ਨੂੰ ਅੱਜ ਵੀ ਯਾਦ ਕਰਦਾ ਹੈ। ਤੋਖੀ ਹੋਰਾਂ ਤੋਂ ਬਾਅਦ ਘੁੱਗੇ ਨੂੰ ਟਾਪ ਦਾ ਜਾਫੀ ਮੰਨਦਾ ਤੇ ਘੁੱਗੇ ਤੋਂ ਬਾਅਦ ਮੱਖਣ ਪੁਆਦੜਾ। ਉਹਨੇ ਇਹ ਵੀ ਦੱਸਿਆ ਕਿ ਛੋਟੇ ਛੋਟੇ ਹੁੰਦੇ ਉਹ (ਪਾਲਾ) ਤੇ ਅਜੈਬ ਪਿੰਡ ਦੇ ਅਖਾੜੇ 'ਚ ਜੋਰ ਕਰ ਰਹੇ ਸਨ। ਉਧਰੋਂ ਘੁੱਗੇ ਦਾ ਪਿਤਾ ਵੀ ਉਹਨੂੰ (ਘੁੱਗੇ) ਜ਼ੋਰ ਕਰਾਉਣ ਲੈ ਕੇ ਆ ਗਿਆ। ਘੁੱਗਾ ਉਨ੍ਹਾਂ ਦੋਹਾਂ ਨੂੰ ਢਾਹ ਕੇ ਅਹੁ ਅਹੁ ਗਿਆ। ਗੱਲ ਸੁਣਾਉਂਦਾ ਪਾਲਾ ਹੱਸਣ ਲੱਗ ਪਿਆ।

ਘੁੱਗੇ ਦੇ ਦੋ ਬੇਟੇ ਹਨ। ਵੱਡਾ ਦੀਪ ਤੱਖਰ ਤੇ ਛੋਟਾ ਭੱਜੀ ਤੱਖਰ। ਵੱਡਾ ਬੇਟਾ ਵੇਟ-ਲਿਫਟਰ ਬਣਿਆ, ਜਿਸ ਨੇ 2001 ਦੇ ਕੈਨੇਡਾ ਵੇਟ-ਲਿਫਟਿੰਗ ਮੁਕਾਬਲੇ ਵਿਚ ਆਪਣੇ ਭਾਰ ਵਿਚ 63 ਕਿਲੋਗ੍ਰਾਮ ਵਿਚੋਂ ਦੂਜੀ ਪੁਜ਼ੀਸ਼ਨ ਜਿੱਤੀ। ਕੈਨੇਡਾ ਵਲੋਂ ਭੇਜੀ ਗਈ ਵੇਟ-ਲਿਫਟਿੰਗ ਟੀਮ ਵਿਚ ਗਰੀਸ ਜਾਣ ਦਾ ਮੌਕਾ ਮਿਲਿਆ ਸੀ। ਉਥੇ ਵੀ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਛੋਟਾ ਬੇਟਾ ਵੀ ਬਾਸਕਿਟਬਾਲ ਦਾ ਵਧੀਆ ਖਿਡਾਰੀ ਰਿਹੈ। ਹੁਣ ਦੋਵੇਂ ਬੇਟੇ ਆਪੋ ਆਪਣੇ ਕਾਰੋਬਾਰ ਵਿਚ ਰੁਝੇ ਰਹਿੰਦੇ ਨੇ। ਅਜੋਕੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵੱਲ ਪ੍ਰੇਰਿਤ ਹੋਣ ਦੀ ਤਾਕੀਦ ਕਰਦਾ ਹੈ। ਖੇਡਾਂ ਵਿਚ ਨਸ਼ੇ ਨੂੰ ਲੈ ਕੇ ਤੜਫ ਰਿਹਾ ਹੈ। ਨਸ਼ੇ ਕਰਕੇ ਬਹੁਤੀ ਦੇਰ ਨਹੀਂ ਖੇਡ ਸਕਦੇ। ਨਸ਼ਿਆਂ ਰਹਿਤ ਖੇਡੋ ਜਿਸ ਨਾਲ ਸਮਾਜ ਅਤੇ ਦੇਸ਼ ਨੂੰ ਮਾਣ ਹੋਵੇ।

ਘੁੱਗਾ ਘੁੱਗਾ ਹੁੰਦੀ ਰਹੂ,
ਜਿਥੇ ਜਿਥੇ ਮੱਲਾਂ ਮਾਰੀਆਂ ਨੇ।
ਕੌਡੀ-ਜਗਤ ਵਿਚ ਰਹੂ ਨਾਂ ਚਮਕਦਾ,
ਜਿਥੇ ਕੀਤੀਆਂ ਸਰਦਾਰੀਆਂ ਨੇ।
'ਇਕਬਾਲ ਸਿੰਹਾਂ' ਕਬੱਡੀ 'ਚ
ਘੁੱਗਾ ਮਿਸਾਲ ਬਣਿਆ,
ਰਾਹਾਂ 'ਤੇ ਚੱਲਣ ਦੀ
ਕੋਸ਼ਿਸ਼ ਕੀਤੀ ਖਿਡਾਰੀਆਂ ਨੇ।



*(ਖੜ੍ਹਿਆਂ 'ਚ) ਖੱਬਿਓਂ ਪਾਲਾ ਸ਼ੰਕਰ, ਧਰਮਾ, ਘੁੱਗਾ ਸ਼ੰਕਰ, ਕੋਚ ਰੱਤੂ ਟਿੱਬਾ, ਗੁਰਦਿਆਲ ਸਿੰਘ, ਬਲਵੀਰ ਸਿੰਘ, ਕੋਚ ਅਜੀਤ ਸਿੰਘ ਮਾਲੜੀ, ਗੁਰਦਿਆਲ ਸ਼ੰਕਰ ਤੇ ਬੰਸਾ ਲੋਹੀਆਂ ਅਤੇ (ਬੈਠਿਆਂ 'ਚ) ਖੱਬਿਓਂ ਦਾਣੀ ਨਕੋਦਰ, ਲੱਖੀ ਸ਼ੰਕਰ, ਕੁਲਦੀਪ ਪੁਰੇਵਾਲ, ਮੋਹਣਾ ਰਾਜਸਥਾਨ, ਜੱਗੀ ਤੇ ਸ਼ਿੰਦਾ ਬਹਿਰਾਮ। ਇਹ ਫੋਟੋ 1973-74 ਕੋਟਲੀ ਥਾਨ ਸਿੰਘ ਦੀ ਹੈ।*

# ਡਾ. ਧਰਮਿੰਦਰ ਸਪੋਲੀਆ ਪੰਜਾਬੀ ਯੂਨੀਵਰਸਿਟੀ ਦੇ ਸੈਨੇਟ ਮੈਂਬਰ ਬਣੇ

**ਨਾਭਾ (ਸੁਕੰਨਿਆ ਭਾਰਦਵਾਜ, ਨਾਭਾ):** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਫਾਰਸ਼ 'ਤੇ ਗਵਰਨਰ ਪੰਜਾਬ ਨੇ ਪੰਜਾਬੀ ਭਾਸ਼ਾ ਦੇ ਮੁੱਦਈ ਬੁੱਧੀਜੀਵੀ ਸੈਲ ਦੇ ਵਾਈਸ ਚੇਅਰਮੈਨ ਤੇ ਬੇਰੁਜਗਾਰ ਯੂਨੀਅਨ ਦੇ ਪ੍ਰਧਾਨ ਡਾ. ਧਰਮਿੰਦਰ ਸਪੋਲੀਆ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਸੈਨੇਟ ਮੈਂਬਰ ਨਿਯੁਕਤ ਕੀਤਾ ਹੈ। ਡਾ. ਸਪੋਲੀਆ ਨੇ ਇਸ ਨਿਯੁਕਤੀ ਲਈ ਗਵਰਨਰ, ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੇਂਦਰੀ ਮੰਤਰੀ ਤੇ ਵਿਧਾਇਕ ਪਟਿਆਲਾ ਸ੍ਰੀਮਤੀ ਪ੍ਰਨੀਤ ਕੌਰ ਦਾ ਧੰਨਵਾਦ ਕਰਦਿਆਂ ਸੌਂਪੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦਾ ਅਹਿਦ ਕੀਤਾ ਹੈ।

ਡਾ. ਸਪੋਲੀਆ ਭਾਵੇਂ ਮਾਨਸਾ ਸ਼ਹਿਰ ਦੇ ਉਘੇ ਬਿਜਨਸਮੈਨ ਤੇ ਨੌਕਰੀ ਪੇਸ਼ਾ ਪਰਿਵਾਰ ਨਾਲ ਸਬੰਧਤ ਹਨ, ਪਰ ਉਹ ਲੰਮੇ ਸਮੇਂ ਤੋਂ ਪਟਿਆਲਾ ਹੀ ਸੈਟਲ ਹਨ। ਉਨ੍ਹਾਂ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਤੋਂ ਸਾਇੰਸ ਵਿਚ ਗਰੈਜੂਏਸ਼ਨ ਕੀਤੀ। ਪੜ੍ਹਨ ਸਮੇਂ ਤੋਂ ਹੀ ਉਨ੍ਹਾਂ ਦਾ ਸਿਆਸਤ ਵੱਲ ਰੁਝਾਨ ਰਿਹਾ ਤੇ ਸੱਜੇ ਪੱਖੀ ਵਿਚਾਰਧਾਰਾ ਦੇ ਹਾਮੀ ਹੋਣ ਕਾਰਨ ਉਹ ਸ਼ੁਰੂ ਤੋਂ ਹੀ ਕਾਂਗਰਸੀ ਸਫਾਂ ਵਿਚ ਕੰਮ ਕਰਦੇ ਰਹੇ। ਉਨ੍ਹਾਂ ਹਰ ਪੱਧਰ ਦੀ ਚੋਣ ਲਈ ਨੌਜਵਾਨਾਂ ਨੂੰ ਲਾਮਬੰਦ ਕਰਕੇ ਜਿੱਤ ਯਕੀਨੀ ਬਣਾਉਣ ਲਈ ਅਹਿਮ ਰੋਲ ਅਦਾ ਕੀਤਾ।

ਡਾ. ਸਪੋਲੀਆ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਹਿੱਤ ਬਾਹਰੀ ਸੂਬਿਆਂ ਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨਾਲ ਵੀ ਸੰਪਰਕ ਸਾਧ ਕੇ ਉਨ੍ਹਾਂ ਨੂੰ ਆਪਣੇ ਸਭਿਆਚਾਰ ਨਾਲ ਜੋੜਨ ਅਤੇ ਮਾਂ ਬੋਲੀ ਲਈ ਕੰਮ ਕਰਨ ਲਈ ਪ੍ਰੇਰਿਆ। ਉਨ੍ਹਾਂ ਆਪਣੀ ਪੀਐਚ. ਡੀ. ਕਿਸਾਨੀ ਮਸਲਿਆਂ ਉਤੇ ਕੀਤੀ। ਭਾਵੇਂ ਉਨ੍ਹਾਂ ਗਰੈਜੂਏਸ਼ਨ ਸਾਇੰਸ ਨਾਲ ਕੀਤੀ, ਪਰ ਉਸ ਪਿਛੋਂ ਸ਼ੋਸਿਆਲੋਜੀ, ਐਂਥਰੋਪਾਲੋਜੀ ਵਿਚ ਪੋਸਟ ਗਰੈਜੂਏਸ਼ਨ ਪਹਿਲੇ ਦਰਜੇ ਵਿਚ ਡਿਸਟਿੰਕਸ਼ਨ ਨਾਲ ਕੀਤੀ ਅਤੇ ਫਿਰ ਮਾਂ ਬੋਲੀ ਤੇ ਸੂਬੇ ਦੀ ਮੁੱਖ ਕਿਸਾਨੀ ਸਮੱਸਿਆ ਉਤੇ ਪੀਐਚ. ਡੀ. ਕੀਤੀ।

1991 ਵਿਚ ਸਰਕਾਰੀ ਕਾਲਜ (ਲੜਕੀਆਂ) ਪਟਿਆਲਾ ਵਿਚ ਉਤਰੀ ਭਾਰਤ ਦਾ ਪਹਿਲਾ ਪੰਜਾਬੀ ਲੋਕ ਕਲਾ ਤੇ ਸਭਿਆਚਾਰ



ਪੋਸਟ ਗਰੈਜੂਏਟ ਵਿਭਾਗ ਸਥਾਪਤ ਕੀਤਾ ਗਿਆ, ਜਿਥੇ ਉਨ੍ਹਾਂ ਨੂੰ ਅਧਿਆਪਕ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ। ਇਥੇ ਉਨ੍ਹਾਂ ਮਿਊਜ਼ੀਅਮ ਅਤੇ ਪੰਜਾਬੀ ਸਭਿਆਚਾਰਕ ਘਰ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ। ਸਿੱਟੇ ਵਜੋਂ ਜਿਹੜਾ ਵਿਸ਼ਾ ਸਿਰਫ ਐਮ. ਏ. ਵਿਚ ਹੀ ਪੜ੍ਹਾਇਆ ਜਾਂਦਾ ਸੀ, ਉਹ ਗਰੈਜੂਏਸ਼ਨ ਵਿਚ ਵੀ ਪੜ੍ਹਾਇਆ ਜਾਣ ਲੱਗਿਆ। ਸਮੇਂ ਸਮੇਂ ਤੇ ਉਨ੍ਹਾਂ ਨੂੰ ਹੋਰ ਵੀ ਸਰਕਾਰੀ ਨੌਕਰੀਆਂ ਦੀ ਪੇਸ਼ਕਸ ਹੋਈ, ਪਰ ਉਨ੍ਹਾਂ ਲੋਕ ਸੇਵਾ ਨੂੰ ਹੀ ਆਪਣਾ ਉਦੇਸ਼ ਬਣਾਇਆ। ਬੁੱਧੀ ਜੀਵੀ ਸੈਲ ਸਥਾਪਤ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਪਾਰਟੀ ਫਰੰਟ ਦੀ ਬਿਹਤਰੀ ਲਈ ਪ੍ਰਯੋਗ ਕੀਤਾ।

ਅਤਿਵਾਦ ਦੇ ਕਾਲੇ ਦੌਰ ਸਮੇਂ ਪੰਜਾਬ ਦੇ ਹਿਤਾਂ ਲਈ ਡਾ. ਸਪੋਲੀਆ ਨੇ ਨਿਧੜਕਤਾ ਨਾਲ ਕੰਮ ਕੀਤਾ। 1990 ਵਿਚ ਉਹ ਪੰਜਾਬੀ ਯੂਨੀਵਰਸਟੀ ਦੇ ਸੌ ਦੇ ਕਰੀਬ ਵਿਦਿਆਰਥੀਆਂ ਨਾਲ ਐਨ. ਐਸ. ਯੂ. ਆਈ. ਦੇ ਝੰਡੇ ਹੇਠ ਉਸ ਵੇਲੇ ਦੇ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਨੂੰ ਮਿਲੇ ਤੇ ਪੰਜਾਬੀ ਯੂਨੀਵਰਸਿਟੀ ਤੇ ਪੰਜਾਬ ਦੇ ਹਾਲਤਾਂ ਤੋਂ ਜਾਣੂੰ ਕਰਵਾਇਆ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਪੰਜਾਬ ਵਿਚ ਲੋਕ ਹਿਤੈਸ਼ੀ ਸਰਕਾਰ ਬਣਾਉਣ 'ਤੇ ਜੋਰ ਦਿੱਤਾ। ਲੋਕ ਸੇਵਾ ਕਮਿਸ਼ਨ ਪੰਜਾਬ ਤੇ ਐਸ. ਐਸ. ਬੋਰਡ ਵਿਚ ਫੈਲੇ ਭ੍ਰਿਸ਼ਟਾਚਾਰ ਖਿਲਾਫ ਝੰਡਾ ਬੁਲੰਦ ਕੀਤਾ ਅਤੇ ਕਮਿਸ਼ਨ ਦੇ ਉਸ ਵੇਲੇ ਦੇ ਚੇਅਰਮੈਨ ਨੂੰ ਸ਼ਲਾਖਾਂ ਪਿਛੇ ਭੇਜਣ ਵਿਚ ਅਹਿਮ ਭੂਮਿਕਾ ਨਿਭਾਈ।

ਇਥੇ ਹੀ ਬਸ ਨਹੀਂ, ਉਨ੍ਹਾਂ ਬੇਰੁਜਗਾਰਾਂ ਲਈ ਕੰਮ ਕੀਤਾ ਤੇ ਉਨ੍ਹਾਂ ਦੀ ਰੋਟੀ ਰੋਜੀ ਲਈ ਸਰਕਾਰਾਂ ਕੋਲ ਚਾਰਾਜੋਈ ਕੀਤੀ। ਬੇਰੁਜਗਾਰ ਯੂਨੀਅਨ ਦੇ ਝੰਡੇ ਹੇਠ ਜਿਲਾ ਹੈਡਕੁਆਰਟਰਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਅਤੇ ਕਾਨਫਰੰਸਾਂ ਕੀਤੀਆਂ। ਇਸ ਮੌਕੇ ਉਹ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਸਕੱਤਰ ਤੇ ਇਕਨਾਮਿਕ ਐਂਡ ਪਲੈਨਿੰਗ ਸੈੱਲ ਦੇ ਮੈਂਬਰ ਵੀ ਨਿਯੁਕਤ ਹੋਏ। ਉਹ ਮਾਨਵ ਸਰੋਤ ਮੰਤਰਾਲਾ ਦੇ ਭਾਰਤੀ ਭਾਸ਼ਾ ਸੰਸਥਾਨ, ਮੈਸੂਰ ਨਾਲ ਜੁੜ ਕੇ ਬਾਹਰਲੇ ਸੂਬਿਆਂ ਵਿਚ ਵਸੇ ਪੰਜਾਬੀਆਂ ਨੂੰ ਪੰਜਾਬੀ ਸਭਿਆਚਾਰ ਤੇ ਭਾਸ਼ਾ ਨਾਲ ਜੋੜਨ ਹਿੱਤ ਸਰਗਰਮ ਰਹੇ। ਉਹ ਅੱਜ ਵੀ ਪਾਰਟੀ ਪੱਧਰ ਦੇ ਹਰ ਪ੍ਰੋਗਰਾਮ 'ਮੱਤਦਾਨ' ਤੋਂ 'ਫਤਿਹ ਮਿਸ਼ਨ' ਤਕ ਪੂਰੀ ਤਨਦੇਹੀ ਨਾਲ ਸੇਵਾ ਨਿਭਾ ਰਹੇ ਹਨ।

ਆਸ ਹੈ, ਡਾ. ਸਪੋਲੀਆ ਇਸੇ ਤਰ੍ਹਾਂ ਹੀ ਪੰਜਾਬੀ ਯੂਨੀਵਰਸਟੀ ਦੇ ਪ੍ਰਬੰਧਨ ਵਿਚ ਵੀ ਆਪਣੀ ਕਾਬਲੀਅਤ ਦੇ ਝੰਡੇ ਗੱਡਣਗੇ ਅਤੇ ਯੂਨੀਵਰਸਿਟੀ ਨੂੰ ਸਰਬਪੱਖੀ ਸੰਕਟ ਵਿਚੋਂ ਕੱਢਣ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਗੇ।

# ਸਬੰਧਾਂ ਦੀ ਸੁਗੰਧੀ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਇੱਕਮਿੱਕਤਾ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਇੱਕਮਿੱਕਤਾ ਜੀਵਨ ਦਾ ਉਹ ਰੰਗ, ਜਿਸ ਵਿਚੋਂ ਜੀਵਨ-ਦਾਰਸ਼ਨਿਕਤਾ ਦਾ ਝਲਕਾਰਾ। ਮਨੁੱਖੀ ਹੋਂਦ, ਭਵਿੱਖਮੁਖੀ ਸੋਚ, ਮਨੁੱਖਵਾਦੀ ਦ੍ਰਿਸ਼ਟੀ ਅਤੇ ਮਨੁੱਖ ਹੋਣ ਦਾ ਮਾਣ।...ਇੱਕਮਿੱਕਤਾ ਪਰਿਵਾਰਕ, ਸਮਾਜਕ, ਲੋਕਾਈ ਜਾਂ ਸੰਸਾਰਕ ਪੱਧਰ 'ਤੇ ਹੁੰਦੀ ਅਤੇ ਇਸ ਵਿਚੋਂ ਹੀ ਬਹੁਤ ਪਹਿਲਕਦਮੀਆਂ ਅਤੇ ਨਿਵੇਕਲੀਆਂ ਪੈੜਾਂ ਦੀ ਸਿਰਜਣਾ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਬੰਧਾਂ ਦੀ ਸੁਗੰਧੀ ਬਿਖੇਰਦਿਆਂ ਵੱਖ ਵੱਖ ਤਰ੍ਹਾਂ ਦੇ ਸਬੰਧਾਂ ਦੀ ਪਰਿਭਾਸ਼ਾ ਪੇਸ਼ ਕੀਤੀ ਹੈ। ਉਹ ਕਹਿੰਦੇ ਹਨ, "ਸਬੰਧ ਹਾਲਾਤ, ਔਕੜਾਂ, ਮੁਸ਼ਕਿਲਾਂ ਅਤੇ ਆਫਤ ਮੌਕੇ ਹੀ ਪਰਖੇ ਜਾਂਦੇ।...ਸਬੰਧ ਜਦ ਕਿਸੇ ਕੈੜ, ਨਿੱਜੀ ਲਾਭ, ਮੁਫਾਦ, ਫਾਇਦੇ ਜਾਂ ਲਾਲਚ ਵਿਚ ਗ੍ਰਸੇ ਹੋਣ ਤਾਂ ਇਨ੍ਹਾਂ ਨੂੰ ਤਿੜਕਦਿਆਂ ਦੇਰ ਨਹੀਂ ਲੱਗਦੀ; ਪਰ ਜਦੋਂ ਸਬੰਧ ਉਮਰ, ਰੰਗ, ਨਸਲ, ਜਾਤ, ਉਚ-ਨੀਚ, ਧਨ-ਦੌਲਤ ਜਾਂ ਰੁਤਬਿਆਂ ਤੋਂ ਉਪਰ ਹੋਣ ਤਾਂ ਇਹ ਸਦੀਵ।" ਡਾ. ਭੰਡਾਲ ਆਖਦੇ ਹਨ, "ਸਬੰਧ ਆਪਣਿਆਂ ਦਾ ਆਪਣਿਆਂ ਨਾਲ, ਬੇਗਾਨਿਆਂ ਦਾ ਪਰਾਇਆਂ ਨਾਲ, ਆਪਣਿਆਂ ਦਾ ਬੇਗਾਨਿਆਂ ਨਾਲ, ਦੁੱਖ ਦਾ ਸੁੱਖ ਨਾਲ ਅਤੇ ਜਖਮ ਦਾ ਮਰਹਮ ਨਾਲ ਵੀ ਹੁੰਦਾ, ਪਰ ਸਬੰਧ-ਸਿਰਜਣਾ ਲਈ ਕੋਸ਼ਿਸ਼ ਅਤੇ ਮਿਹਨਤ ਤਾਂ ਕਰਨੀ ਹੀ ਪੈਣੀ।" -ਸੰਪਾਦਕ***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਸਬੰਧ ਸੁਪਨਿਆਂ, ਸੰਭਾਵਨਾਵਾਂ, ਸਫਲਤਾਵਾਂ, ਸਰੋਕਾਰਾਂ, ਸਿਖਿਆਵਾਂ, ਸਾਧਨਾਂ, ਸਮਰਪਣਾਂ ਅਤੇ ਸਾਹ-ਸੁਰੰਗੀਆਂ ਦੇ ਹੁੰਦੇ। ਸਬੰਧ ਸੰਪੂਰਨਤਾ, ਸੁੰਨਤਾ, ਸੂਖਮਤਾ, ਸਦਾਕਤ, ਸੁੱਚਮਤਾ, ਸਾਦਗੀ, ਸੁੰਦਰਤਾ, ਸਹਿਯੋਗਤਾ ਅਤੇ ਸਮਰਪਣ ਦੇ ਹੁੰਦੇ।

ਸਬੰਧ ਕਰੂਪਤਾ, ਕੁੜੱਤਣ, ਕੁਸੰਗਤਾ, ਕੁਸੈਲਾਪਣ, ਕਮੀਨਗੀ, ਕਰੂਰਤਾ, ਕੰਜੂਸੀ ਅਤੇ ਕੁਕਰਮਾਂ ਦੇ ਵੀ ਹੁੰਦੇ। ਸਬੰਧ ਸਮਾਜ, ਸਰਕਾਰ, ਸੰਸਥਾਈ, ਸਹਿਕਾਰਤਾ, ਸਾਥਪੁਣਾ, ਸਫਰ, ਸਮਝੌਤਿਆਂ ਅਤੇ ਸਦਭਾਵਨਾ ਦੇ ਵੀ ਹੁੰਦੇ।

ਸਬੰਧ, ਕਰੁੱਤੇ, ਕੁਆਸੇ, ਕੁਲਹਿਣੇ, ਕੁਰੰਗਤ, ਕਮੀਨੇ, ਕੁਪੋਸ਼ਣੇ ਅਤੇ ਕੁਰੱਖਤ ਭਰਪੂਰ ਵੀ ਹੁੰਦੇ। ਸਬੰਧ ਸਹਿਚਾਰਤਾ, ਸੁੰਦਰਤਾ, ਸੁਹਜਮਈ, ਸਹਿਜਭਾਵੀ, ਸਕੂਨਮਈ ਅਤੇ ਸੁਖਨ-ਸਬੂਰੀ ਨਾਲ ਲਬਰੇਜ਼ ਹੁੰਦੇ।

ਸਬੰਧ ਸਾਹਾਂ 'ਚ ਘੁੱਲੀ ਮਹਿਕ, ਲਹਿਰਾਂ ਸੰਗ ਲਹਿਰਾਂ ਦਾ ਮਿਲਾਪ, ਪਾਣੀ ਵਿਚ ਘੁਲਿਆ ਦੁੱਧ, ਹਵਾ ਵਿਚ ਸਮਾਈ ਸੁਗੰਧੀ ਅਤੇ ਇਕ ਦੇ ਬੋਲਾਂ ਨੂੰ ਮਿਲੇ ਦੂਜੇ ਦੇ ਹੁੰਗਾਰਾ ਵੀ ਹੁੰਦੇ। ਸਬੰਧ ਨੈਣਾਂ ਵਿਚ ਉਗੀਆਂ ਬਹਾਰਾਂ, ਕਲਮਾਂ ਵਿਚ ਸ਼ਬਦ-ਗੁਲਜ਼ਾਰਾਂ, ਵਰਕਿਆਂ 'ਤੇ ਫੈਲ ਰਹੀਆਂ ਸ਼ਬਦ-ਸੰਚਾਰਾਂ ਅਤੇ ਰੂਹ-ਬੋਧ ਵਿਚਲੀ ਬੋਲ-ਆਵੇਸ਼ਤਾ ਵੀ ਹੁੰਦੇ।

ਸਬੰਧ ਕੂੜ-ਕਪਟ, ਧੋਖਾਧੜੀ, ਲਾਲਚ, ਹਉਮੈਵਾਦੀ, ਹੈਂਕੜਪੁਣੇ ਜਾਂ ਧੌਂਸ ਜਮਾਉਣ ਵਾਲੇ ਵੀ ਹੁੰਦੇ, ਜਿਨ੍ਹਾਂ ਦੀ ਔਕਾਤ ਵਿਚੋਂ ਮਨੁੱਖ ਦਾ ਰਸਾਤਲ ਵਿਚ ਜਾਣਾ ਤੈਅ ਹੁੰਦਾ। ਸਬੰਧ ਪਰਿਵਾਰਕ, ਸਮਾਜਕ, ਧਾਰਮਿਕ, ਆਰਥਕ ਜਾਂ ਰਾਜਨੀਤਕ ਵੀ ਹੁੰਦੇ, ਜਿਨ੍ਹਾਂ ਵਿਚ ਨਿੱਜੀ ਮੁਫਾਦ ਦੇ ਨਾਲ-ਨਾਲ ਬਹੁਤ ਕੁਝ ਸੁਚਾਰੂ ਅਤੇ ਸੁਖਾਵਾਂ ਵੀ ਹੁੰਦਾ।

ਸਬੰਧ ਇਕ ਦੂਜੇ 'ਤੇ ਨਿਰਭਰਤਾ, ਇਕ ਦੂਜੇ ਦੇ ਸਾਥ ਦੀ ਲੋਚਾ, ਇਕ ਦੂਜੇ ਲਈ ਜੀਵਨ ਦਿਸਹੱਦਿਆਂ ਦੀਆਂ ਪੌੜੀਆਂ ਬਣਨ ਦੀ ਦੁਆ ਜਾਂ ਪੈਰਹੀਣਾਂ ਦੇ ਨਾਂਵੇਂ ਸਫਰਨਾਮੇ ਦੀ ਤਸਦੀਕ। ਸਬੰਧ ਸੁਖਾਵੇਂ, ਸੁਹੱਪਣੀ, ਸੰਤੁਲਿਤ, ਸਦਭਾਵੀ, ਸਮਰੂਪੀ ਜਾਂ ਸਮਸੋਚ ਨੂੰ ਮੁਖਾਤਬ ਹੋਣ ਤਾਂ ਇਨ੍ਹਾਂ ਵਿਚੋਂ ਫੁੱਟਦੀਆਂ ਨੇ ਕਲੀਆਂ ਜਿਨ੍ਹਾਂ ਦੀ ਮਹਿਕ ਵਿਚ ਨਸ਼ਿਆ ਜਾਂਦੀ ਜੀਵਨ-ਬਗੀਚੀ।

ਸਬੰਧ ਉਮਰ, ਰੰਗ, ਨਸਲ, ਜਾਤ, ਉਚ-ਨੀਚ, ਧਨ-ਦੌਲਤ ਜਾਂ ਰੁਤਬਿਆਂ ਤੋਂ ਉਪਰ ਹੋਣ ਤਾਂ ਇਹ ਸਦੀਵ। ਜੀਵਨ ਦਾ ਹਾਸਲ। ਜਦ ਇਹ ਵਖਰੇਵਿਆਂ ਵਿਚ ਹੀ ਉਲਝਦੇ ਤਾਂ ਸਬੰਧਾਂ ਦਾ ਸਾਹ ਘੁੱਟਦਾ।

ਸਬੰਧ ਕੁਝ ਥੋੜ੍ਹ-ਚਿਰੇ, ਕੁਝ ਸਦੀਵੀ, ਕੁਝ ਲਹੂ ਦੇ ਅਤੇ ਕੁਝ ਭਾਵਨਾਤਮਕ, ਕੁਝ ਜਰੂਰੀ, ਕੁਝ ਬੇਲੋੜੇ, ਕੁਝ ਗੈਰਤ ਵਿਚੋਂ ਪਨਪਦੇ, ਕੁਝ ਬੇਗੈਰਤਾ ਨੂੰ ਆਪਣਾ ਮੂਲ ਸਮਝਦੇ।

ਸਬੰਧਾਂ ਦੇ ਬਹੁਤ ਸਾਰੇ ਰੂਪ, ਰੰਗ, ਧਰਾਤਲ, ਵਿਸਥਾਰ ਅਤੇ ਵਿਭਿੰਨਤਾਵਾਂ। ਸਬੰਧਾਂ ਨੂੰ ਕਿਹੜੇ ਰੂਪ ਨਾਲ ਸੰਬੋਧਨ ਹੋਣਾ ਅਤੇ ਇਸ ਦੀ ਸਮੂਹਕਤਾ ਵਿਚੋਂ ਤਲੀਆਂ 'ਤੇ ਕਿਹੜੀਆਂ ਲਕੀਰਾਂ ਦੀ ਸਿਰਜਣਾ ਕਰਨੀ, ਇਹ ਮਨੁੱਖ ਦੀ ਤਾਸੀਰ, ਤਕਦੀਰ ਅਤੇ ਤਰਬੀਅਤ 'ਤੇ ਨਿਰਭਰ। ਇਕ ਮਨੁੱਖ ਵਿਚ ਹੁੰਦੇ ਬਹੁਤ ਸਾਰੇ ਮਨੁੱਖ, ਜੋ ਕਈ ਸਬੰਧਾਂ ਨੂੰ ਵੱਖ ਵੱਖ ਰੂਪ ਵਿਚ ਹੰਢਾਉਂਦਿਆਂ, ਇਕ ਨੂੰ ਦੂਜੇ 'ਤੇ ਹਾਵੀ ਨਹੀਂ ਹੋਣ ਦਿੰਦੇ। ਹਰ ਸਬੰਧ ਦੀ ਉਚਤਾ, ਸੁੱਚਤਾ ਅਤੇ ਪ੍ਰਮੁੱਖਤਾ ਨੂੰ ਪੂਰਨ ਰੂਪ ਵਿਚ ਸੁਰੱਖਿਅਤ ਰੱਖ, ਬਹੁਰੰਗੀ ਸਬੰਧਾਂ ਨੂੰ ਜੀਵਨ ਦਾ ਤਰਕ ਤੇ ਟੀਚਾ ਬਣਾਉਂਦੇ।

ਸਬੰਧ ਸਮਝੌਤਾ ਨਹੀਂ ਹੁੰਦੇ, ਸਗੋਂ ਇਹ ਤਾਂ ਨਿੱਜ ਤੋਂ ਉਪਰ ਉਠ ਕੇ ਖਿਆਲ, ਖੁਆਬਾਂ ਅਤੇ ਖਬਤ ਦੇ ਹੁੰਦੇ, ਜਿਨ੍ਹਾਂ ਨਾਲ ਨਵੇਂ ਅੰਬਰਾਂ ਦੀ ਨਿਸ਼ਾਨਦੇਹੀ ਹੁੰਦੀ। ਸਬੰਧਾਂ ਨੂੰ ਜਦ ਇਕ ਦਾਇਰੇ ਵਿਚ ਸੀਮਤ ਕੀਤਾ ਜਾਂਦਾ ਤਾਂ ਸਬੰਧਾਂ ਦਾ ਦਮ ਘੁੱਟਦਾ। ਇਸ ਦੀ ਵਸੀਹਤਾ ਹੀ ਸਬੰਧਾਂ ਦਾ ਮੀਰੀ ਗੁਣ, ਜਿਸ ਦੇ ਵਿਸਮਾਦ ਵਿਚ ਰੰਗੇ ਜਾਣਾ ਰੂਹੀ-ਸੰਯੋਗ। ਸਬੰਧ ਸੱਜਣਾਂ, ਸਾਥੀਆਂ, ਸੰਗੀਆਂ, ਹਮ-ਸਫਰਾਂ ਅਤੇ ਹਮ-ਉਮਰਾਂ ਨਾਲ ਵੀ ਹੁੰਦੇ, ਪਰ ਇਨ੍ਹਾਂ ਵਿਚੋਂ ਕੁਝ ਹੀ ਸਦੀਵਤਾ ਦੀ ਰੰਗਤ ਵਿਚ ਰੰਗੇ ਜਾਂਦੇ।

ਸਬੰਧ ਬਣਾਉਣਾ ਜੀਵਨ ਦਾ ਆਰਟ, ਪਰ ਸਬੰਧਾਂ ਨੂੰ ਨਿਭਾਉਣਾ, ਜੀਵਨ-ਸ਼ੈਲੀ ਦਾ ਸੂਖਮ ਸੂਤਰਧਾਰ, ਜੋ ਵਿਰਲਿਆਂ ਕੋਲ ਹੁੰਦਾ। ਇਹ ਹੀ ਜੀਵਨ ਵਿਚ ਕਮਾਉਂਦਾ ਸਤਿਕਾਰ। ਸਬੰਧ ਜਦ ਕਿਸੇ ਕੈੜ, ਨਿੱਜੀ ਲਾਭ, ਮੁਫਾਦ, ਫਾਇਦੇ ਜਾਂ ਲਾਲਚ ਵਿਚ ਗ੍ਰਸੇ ਹੋਣ ਤਾਂ ਇਨ੍ਹਾਂ ਨੂੰ ਤਿੜਕਦਿਆਂ ਦੇਰ ਨਹੀਂ ਲੱਗਦੀ।

ਸਬੰਧਾਂ ਦੀ ਸਾਰ ਸੰਵੇਦਨਸ਼ੀਲ ਲੋਕ ਜਾਣਦੇ। ਰੂਹ-ਰੰਗੇ ਜਾਂ ਖੂਨ ਦੀ ਸਾਂਝ ਵਾਲੇ ਸਬੰਧਾਂ ਵਿਚ ਫਿੱਕਾਪਣ ਪੈਦਾ ਹੁੰਦਾ ਤਾਂ ਇਕ ਚੀਸ ਮਨ ਨੂੰ ਵਲੂੰਧਰ, ਰਿੱਸਦਾ ਨਾਸੂਰ ਬਣ ਜਾਂਦੀ, ਜੋ ਜਰਾ ਜਿੰਨੀ ਚੋਟ 'ਤੇ ਲੇਰਾਂ ਦਾ ਰੂਪ ਧਾਰਦੀ।

ਸਬੰਧ ਸੁਖਾਵੇਂ, ਸਦੀਵ ਜਾਂ ਸੰਦਲੀ ਸਾਹਾਂ ਜਿਹੇ ਹੋਣ ਤਾਂ ਜੀਵਨ ਦੀ ਸਮੁੱਚਤਾ ਜ਼ਿੰਦਗੀ ਨੂੰ ਹਾਸਲ ਹੁੰਦੀ। ਇਨ੍ਹਾਂ ਤੋਂ ਬਿਨਾ ਜੀਵਨੀ ਨੀਰਸਤਾ ਬੇਰੌਣਕੀ ਨੂੰ ਜਨਮ ਦਿੰਦੀ। ਭਲਾ! ਸਾਹਾਂ ਤੋਂ ਬਿਨਾ ਜਿੰਦ ਜਿਉਣ ਜੋਗੀ ਕਿਵੇਂ ਰਹੇਗੀ?

ਸਬੰਧ ਸ਼ਬਦਾਂ ਦਾ ਸਫਿਆਂ ਨਾਲ, ਸਮੁੰਦਰ ਦਾ ਸਾਹਿਲ ਨਾਲ, ਸੂਰਜ ਦਾ ਸਰਘੀ ਨਾਲ, ਸੁੰਦਰਤਾ ਦਾ ਸੀਰਤ ਨਾਲ, ਸਫਰ ਦਾ ਸਫਲਤਾਵਾਂ ਨਾਲ ਅਤੇ ਸਾਹਾਂ ਦਾ ਸੁਗੰਧ ਨਾਲ ਹੁੰਦਾ ਤਾਂ ਹਰ ਪਲ ਨੂੰ ਨਤਮਤਸਕਤਾ ਦਾ ਵਰ ਮਿਲਦਾ।

ਸਬੰਧ ਆਪਣਿਆਂ ਦਾ ਆਪਣਿਆਂ ਨਾਲ, ਬੇਗਾਨਿਆਂ ਦਾ ਪਰਾਇਆਂ ਨਾਲ, ਆਪਣਿਆਂ ਦਾ ਬੇਗਾਨਿਆਂ ਨਾਲ, ਦੁੱਖ ਦਾ ਸੁੱਖ ਨਾਲ ਅਤੇ ਜਖਮ ਦਾ ਮਰਹਮ ਨਾਲ ਵੀ ਹੁੰਦਾ, ਪਰ ਸਬੰਧ-



ਸਿਰਜਣਾ ਲਈ ਕੋਸ਼ਿਸ਼ ਅਤੇ ਮਿਹਨਤ ਤਾਂ ਕਰਨੀ ਹੀ ਪੈਣੀ।

ਸਬੰਧ ਤਾਂ ਸਤਰੰਗੀ ਦਾ ਬਾਰਸ਼-ਬੂੰਦਾਂ ਨਾਲ, ਸਾਗਰ ਦੀਆਂ ਲਹਿਰਾਂ ਦਾ ਚਾਨਣ ਦੀ ਕਸ਼ਿਸ਼ ਨਾਲ, ਦਰਿਆਵਾਂ ਦਾ ਕੰਢਿਆਂ ਨਾਲ ਅਤੇ ਨਦੀਆਂ ਦਾ ਬੇੜੀਆਂ ਨਾਲ ਵੀ ਹੁੰਦਾ, ਜੋ ਇਕ ਦੂਜੇ ਤੋਂ ਬਿਨਾ ਅਪੂਰਤ ਹੁੰਦੇ।

ਸਬੰਧ ਤਾਂ ਜੀਵਨ ਦੀਆਂ ਲੋੜਾਂ ਤੇ ਥੋੜਾਂ, ਬਹੁਲਤਾਵਾਂ ਤੇ ਸੀਮਤ-ਸਾਧਨਾਂ, ਭੁੱਖ ਤੇ ਦਾਨ, ਬੇਰੁਹਮਤੀ ਤੇ ਮਾਨ-ਸਨਮਾਨ ਅਤੇ ਮੁਨਾਫੇ ਤੇ ਨੁਕਸਾਨ ਦਰਮਿਆਨ ਵੀ ਹੁੰਦਾ; ਪਰ ਇਸ ਦੇ ਸਰੂਪ ਵਿਚ ਬਹੁਤ ਕੁਝ ਅਸੰਗਤੀ ਅਤੇ ਅਸਾਵਾਂ ਹੁੰਦਾ।

ਸਬੰਧ ਤਾਂ ਸਮੇਂ ਤੇ ਇਤਿਹਾਸ ਵਿਚ, ਮਿਥਿਹਾਸ ਤੇ ਮੰਨਤ ਵਿਚ, ਸੰਦੇਸ਼ ਤੇ ਸਾਰਥਿਕਤਾ ਵਿਚ, ਸੁਹਿਰਦਤਾ ਤੇ ਸ਼ੋਸ਼ੇਪਣ ਵਿਚ, ਸੰਤੋਖ ਤੇ ਹਾਬੜੇਪਣ ਵਿਚ ਅਤੇ ਪ੍ਰਤੱਖ ਤੇ ਅਪ੍ਰਤੱਖ ਵਿਚ ਵੀ ਹੁੰਦਾ। ਸਬੰਧ ਕੁਝ ਨਜ਼ਰ ਆਉਂਦੇ, ਕੁਝ ਅਦਿੱਖ। ਕੁਝ ਰੰਗੀਨ, ਕੁਝ ਸੰਗੀਨ। ਕੁਝ ਅਦੀਬੀ, ਕੁਝ ਰਕੀਬੀ। ਕੁਝ ਹੋਂਦ, ਕੁਝ ਅਣਹੋਂਦ। ਕੁਝ ਹਾਸਲਤਾ ਤੇ ਕੁਝ ਗਵਾਚਣਾ। ਕੁਝ ਦੇਣਾ ਤੇ ਕੁਝ ਲੈਣ ਜਿਹੇ ਹੁੰਦੇ।

ਸਬੰਧ ਜਦ ਸਮਰੱਥਾ, ਸਾਧਨ ਜਾਂ ਸ਼ਕਤੀ ਪ੍ਰਦਰਸ਼ਨ ਦਾ ਸਬੱਬ ਬਣਦੇ ਤਾਂ ਇਹ ਸਬੰਧ ਨਹੀਂ, ਸਗੋਂ ਦਿਖਾਵਾ ਹੁੰਦੇ। ਗੈਰਹਾਜ਼ਰ ਹੁੰਦੀ ਸਬੰਧਾਂ ਵਿਚਲੀ ਸੰਜ਼ੀਦਗੀ ਅਤੇ ਸੁਹਿਰਦਤਾ। ਸਬੰਧ ਸਮਾਂ-ਸਾਰਣੀ ਨਹੀਂ ਅਤੇ ਨਾ ਹੀ ਕੋਈ ਫਾਰਮੂਲਾ। ਇਹ ਤਾਂ ਤਹਿ-ਦਰ-ਤਹਿ, ਕਦਮ-ਦਰ-ਕਦਮ ਅਤੇ ਨਿੱਕੇ, ਅਛੋਹ ਬੋਲਾਂ ਤੇ ਅਹਿਸਾਸਾਂ ਦਾ ਅਦਾਨ-ਪ੍ਰਦਾਨ। ਅੱਖਾਂ ਵਿਚੋਂ ਬੋਲਦੇ ਭਾਵਾਂ ਦੀ ਜ਼ੁਬਾਨ ਨਾਲ ਪਕਿਆਈ ਤੇ ਪਾਕੀਜ਼ਗੀ ਦਾ ਪ੍ਰਮਾਣ।

ਸਬੰਧਾਂ ਵਿਚਲੀ ਸਫਾਫਤਾ ਜ਼ਾਰੋ-ਜ਼ਾਰ ਰੋਂਦੀ ਜਦ ਆਪਣੇ ਹੀ, ਆਪਣਿਆਂ ਦਾ ਚੀਰ-ਹਰਨ ਕਰਦੇ। ਆਪਣਿਆਂ ਦੇ ਲਿਬਾਸ ਦੀਆਂ ਲੀਰਾਂ ਕਿੱਕਰਾਂ 'ਤੇ ਟੰਗਦੇ। ਆਪਣਿਆਂ ਦੇ ਜਿਸਮ ਦੀਆਂ ਬੋਟੀਆਂ ਚਰੂੰਡਦੇ। ਆਪਣਿਆਂ ਦੀ ਰੱਤ ਪੀਂਦੇ, ਬੇਹਯਾਈ ਦਾ ਸਿਖਰ ਬਣਦੇ।

ਸਬੰਧਾਂ ਵਿਚੋਂ ਲੇਰ ਨਿਕਲਦੀ ਜਦ ਬਾਪ ਦਾ ਸਿਵਾ ਠੰਢਾ ਹੋਣ ਤੋਂ ਪਹਿਲਾਂ ਹੀ ਉਸ ਦੀ ਜਾਇਦਾਦ ਨੂੰ ਹੜੱਪਣ ਲਈ ਪੁੱਤਰਾਂ ਵਲੋਂ ਚਾਲਾਂ ਚੱਲੀਆਂ ਜਾਂਦੀਆਂ। ਸੂਖਮ ਮਨ ਛਿੱਲਿਆ ਜਾਂਦਾ, ਜਦ ਉਸ ਨੂੰ ਪਤਾ ਲੱਗਦਾ ਕਿ ਬਾਪ ਦੇ ਭੋਗ ਤੋਂ ਪਹਿਲਾਂ ਹੀ ਉਸ ਦੇ ਆਪਣੇ ਨੇ ਸਾਰੀ ਜ਼ਮੀਨ-ਜਾਇਦਾਦ ਆਪਣੇ ਨਾਮ ਕਰਵਾ ਲਈ ਏ। ਖੂਨ ਦਾ ਸਫੈਦ ਹੋਣਾ ਤੇ ਤੂਤ ਦੇ ਮੋਛੇ ਵਰਗੇ ਰਿਸ਼ਤਿਆਂ ਦਾ ਜ਼ਰਜ਼ਰੀ ਹੋਣਾ, ਪੀੜਤ ਕਰਦਾ ਏ ਕੋਮਲ ਮਨ ਨੂੰ। ਵਿਰਾਸਤ ਨੂੰ ਪੈਰਾਂ ਹੇਠ ਲਿਤਾੜ ਕੇ, ਜਾਇਦਾਦ ਹੜੱਪਣ ਦੀ ਲਾਲਸਾ ਨੇ ਖਾ ਲਿਆ ਹੈ, ਸੁੰਦਰ ਸਬੰਧਾਂ ਦੀ ਤਾਸੀਰ ਨੂੰ। ਜਾਇਦਾਦ ਵਿਚੋਂ ਆਪਣਿਆਂ ਦਾ ਮੋਹ ਕਿਥੋਂ ਮਿਲੇਗਾ ਅਤੇ ਬਾਪ ਦੀ ਪਾਕ ਰੂਹ ਨੂੰ ਕਿੰਜ ਮੁਖਾਤਬ ਹੋਵੇਗਾ ਲੋਭੀ ਵਾਰਸ। ਹੁਣ ਭਰਾ ਹੀ ਜ਼ਮੀਨ ਵਿਚ ਭਰਾ ਲਈ ਕਬਰਾਂ ਪੁੱਟ ਰਹੇ ਨੇ। ਜਦ ਧਨ-ਦੌਲਤ ਤੇ ਜਾਇਦਾਦ ਸਬੰਧਾਂ 'ਤੇ ਹਾਵੀ ਹੁੰਦੇ ਤਾਂ ਭੈਅ-ਭੀਤ ਹੋ ਜਾਂਦਾ ਭਾਵਾਂ ਦੀ ਤਲੀ 'ਤੇ ਉਘੜੀ ਮਹਿੰਦੀ ਦਾ ਰੰਗ ਅਤੇ ਪੀਲੱਤਣ ਵਿਚ ਡੁੱਬ ਜਾਂਦੀ ਸਬੰਧਾਂ ਦੀ ਸੂਰਜੀ-ਭਾਅ।

ਸਬੰਧ ਆਪਣੇ ਮੁਖੜੇ ਨੂੰ ਖਾਰੇ ਪਾਣੀ ਵਿਚ ਧੋਣ ਜੋਗੇ ਰਹਿ ਜਾਂਦੇ, ਜਦ ਮਾਪਿਆਂ ਦੀ ਅਰਥੀ ਨੂੰ ਮੋਢਾ ਦੇਣ ਤੋਂ ਮੁਨਕਰ ਹੋ ਜਾਂਦੇ ਵਾਰਸ। ਆਪਣੀ ਜਾਨ ਵਿਚੋਂ ਨਵਾਂ ਜੀਵਨ ਦੇਣ ਵਾਲੀ ਮਾਂ ਨੂੰ ਅੱਗ ਦੇਣ ਲਈ ਜਦ ਪੁੱਤਰ ਹੀ ਨਾਬਰ ਹੋ ਜਾਵੇ ਤਾਂ ਬਹੁਤ ਕੁਝ ਤਿੜਕਦਾ ਏ ਸੁਹਜਮਈ ਮਨ ਵਿਚ। ਮਾਪਿਆਂ ਤੋਂ ਬੇਮੁੱਖ ਹੋਣ ਵਾਲੇ ਅਤੇ ਬਜੁਰਗ-ਘਰਾਂ ਵਿਚ ਰਹਿੰਦੇ ਮਾਪਿਆਂ ਦੀਆਂ ਲਿੱਲਕੜੀਆਂ ਨੂੰ ਵਿਸਾਰਨ ਵਾਲੇ ਬੱਚੇ ਕਿਹੜੇ ਸਬੰਧਾਂ ਦੇ ਦਾਅਵੇਦਾਰ ਨੇ?

ਸਬੰਧ ਹਾਲਾਤ, ਔਕੜਾਂ, ਮੁਸ਼ਕਿਲਾਂ ਅਤੇ ਆਫਤ ਮੌਕੇ ਹੀ ਪਰਖੇ ਜਾਂਦੇ। ਅਜਿਹੇ ਸਮੇਂ ਸਬੰਧਾਂ ਨੂੰ ਨਰੋਇਆ ਰੱਖ, ਇਸ ਦੇ ਮੁਹਾਂਦਰੇ 'ਤੇ ਝਰੀਟ ਪਾਉਣ ਤੋਂ ਬਿਨਾ ਜਦ ਇਹ ਜੀਵਨੀ ਅਕੀਦਤ ਬਣਦੇ ਤਾਂ ਸਬੰਧਾਂ ਨੂੰ ਆਪਣੀ ਸੁਘੜਤਾ ਤੇ ਸਿਆਣਪ 'ਤੇ ਬਹੁਤ ਨਾਜ਼ ਹੁੰਦਾ ਅਤੇ ਮਾਣ ਹੁੰਦੇ ਅਜਿਹੇ ਸਬੰਧਾਂ ਦੇ ਸਿਰਜਣਹਾਰੇ।

ਸਬੰਧ ਵਿਲਕਦੇ ਜਦ ਮਾਂ-ਜਾਇਆ ਭੈਣ ਦਾ ਦਰ ਖੜਕਾਵੇ ਅਤੇ ਭੈਣ ਦੇ ਮਨ ਵਿਚ ਭਰਾ ਦਾ ਪਿਆਰ ਉਬਾਲੇ ਨਾ ਖਾਵੇ, ਸਗੋਂ ਉਸ ਦੇ ਮਨ ਵਿਚ ਰੱਖੜੀ ਦੇ ਧਾਗਿਆਂ ਨੂੰ ਟੁੱਕੜੇ ਕਰਨ ਅਤੇ ਹਵਾ ਦੀ ਵਹਿੰਗੀ ਵਿਚ ਹੰਝੂ ਧਰਨ ਦਾ ਖਿਆਲ ਆਵੇ। ਪੁਰਾਣੇ ਸਬੰਧ ਨਿਭਾਉਣ ਦੇ ਨਾਲ ਨਾਲ ਮਨੁੱਖ ਨਵੇਂ ਸਬੰਧਾਂ ਰਾਹੀਂ ਜੀਵਨ-ਜੋਤ ਨੂੰ ਜਗਾਉਣ ਦਾ ਆਹਰ ਕਰੇ, ਕਿਉਂਕਿ ਮਨਾਂ ਵਿਚ ਮਨੁੱਖ ਅਤੇ ਮਨੁੱਖਤਾ ਨੂੰ ਜਿਉਂਦਾ ਰੱਖਣਾ ਅਤਿ ਜਰੂਰੀ।

ਸਬੰਧਾਂ ਵਿਚ ਸੋਗ ਪੈਦਾ ਹੁੰਦਾ, ਜਦ ਕੋਈ ਪ੍ਰਦੇਸੀ ਆਪਣੇ ਵਤਨ ਪਰਤਣ 'ਤੇ ਆਪਣਿਆਂ ਦੀ ਬੇਰੁਖੀ ਨੂੰ ਮਨ 'ਤੇ ਹੰਢਾਉਂਦਾ। ਗਰਾਈਆਂ ਦੇ ਦੁੱਖ-ਸੁੱਖ ਦਾ ਭਾਈਵਾਲ, ਖੁਸ਼ੀਆਂ-ਗਮੀਆਂ ਦਾ ਸਾਂਝੀ ਅਤੇ ਸੁਪਨਿਆਂ ਤੇ ਸੰਭਾਵਨਾਵਾਂ ਦਾ ਭਾਗੀਦਾਰ, ਇਕੱਲ ਤੇ ਬੇਬਸੀ ਨੂੰ ਜਿਉਣ ਲਈ ਮਜ਼ਬੂਰ ਹੋ ਜਾਂਦਾ। ਬਿਨਾ ਬੂਹਾ ਖੜਕਾਏ ਅਤੇ ਅਛੋਪਲੇ ਜਿਹੇ ਹਰ ਘਰ ਨੂੰ ਆਪਣਾ ਘਰ ਸਮਝਣ ਵਾਲੇ ਦੇ ਮਨ 'ਤੇ ਅਜਿਹੇ ਮੌਕਿਆਂ 'ਤੇ ਕੀ ਬੀਤਦੀ ਹੋਵੇਗੀ, ਸਿਰਫ ਕੁਝ ਸੂਖਮਭਾਵੀ ਲੋਕ ਹੀ ਸਮਝ ਸਕਦੇ, ਜਿਨ੍ਹਾਂ ਦੇ ਪਿੰਡੇ 'ਤੇ ਬੋਲਾਂ ਦੀਆਂ ਲਾਸਾਂ ਚਸਕਦੀਆਂ ਹੋਣ।

ਸਬੰਧਾਂ ਦੀ ਹੂਕ ਗਲੀਆਂ-ਬੇਲਿਆਂ ਵਿਚ ਗੂੰਜਦੀ ਜਦ ਕਿਸੇ ਅਣਹੋਣੀ ਦਾ ਦੋਸ਼ ਕਿਸੇ ਸਿਰ ਬੇਲੋੜਾ ਹੀ ਮੜ੍ਹਿਆ ਜਾਂਦਾ। ਫੋਕੀ ਸ਼ੁਹਰਤ ਲਈ ਆਪਣੀ ਜ਼ਮੀਰ ਵੇਚਣ ਵਾਲੇ, ਨਿੱਜੀ ਹਉਮੈ ਨੂੰ ਪੱਠੇ ਪਾਉਣ ਅਤੇ ਕਸ਼ਟ ਭਰੇ ਸਮਿਆਂ ਵਿਚੋਂ ਨਫੇ ਦੀ ਆਸ ਰੱਖਣ ਵਾਲੇ ਲੋਕਾਂ ਲਈ ਸਬੰਧਾਂ ਦੇ ਕੋਈ ਅਰਥ ਨਹੀਂ ਹੁੰਦੇ। ਜਿਨ੍ਹਾਂ ਨੇ ਲਫਜ਼ 'ਸਬੰਧ' ਕਦੇ ਸੁਣਿਆ ਹੀ ਨਾ ਹੋਵੇ, ਉਹ ਇਨ੍ਹਾਂ ਨੂੰ ਨਿਭਾਉਣ ਜਾਂ ਇਨ੍ਹਾਂ ਦੇ ਟੁੱਟਣ ਦੀ ਪੀੜਾ ਨੂੰ ਕਿੰਜ ਸਮਝ ਸਕਦੇ ਨੇ?

ਸਬੰਧ ਸਮਾਂ-ਪੂਰਤੀ, ਸਫਰੀ-ਸਾਂਝ ਜਾਂ ਛੁਟੇਰੀ ਸੰਗਤਾ ਨਹੀਂ ਹੁੰਦੇ। ਸਬੰਧ ਤਾਂ ਆਪਣੇ ਆਪ ਨੂੰ ਅਰਪਣ ਅਤੇ ਸਮਰਪਣ ਦਾ ਨਾਮ। ਸਬੰਧ ਹੀ ਸਦੀਆਂ ਦਾ ਇਤਿਹਾਸ। ਕ੍ਰਿਸ਼ਨ-ਸੁਦਾਮਾ, ਬਾਬਾ ਨਾਨਕ-ਮਰਦਾਨਾ, ਭਗਤ ਸਿੰਘ-ਗੁਰੂਦੱਤ ਜਾਂ ਕਰਤਾਰ ਸਿੰਘ ਸਰਾਭਾ-ਊਧਮ ਸਿੰਘ ਆਦਿ ਦੇ ਸਬੰਧਾਂ ਨੂੰ ਇਕਹਿਰੇ ਰੂਪ ਵਿਚ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਅਜਿਹੇ ਸਬੰਧ ਬਹੁਪਰਤਾਂ ਵਿਚ ਇਕ ਅਜਿਹਾ ਸਰੂਪ ਅਖਤਿਆਰ ਕਰਦੇ, ਜਿਸ ਤੋਂ ਸੰਸਾਰ ਵੀ ਸਦਕੇ ਜਾਂਦਾ।

ਸਬੰਧ ਜਦ ਸਮਿਆਂ ਦੀ ਸਰਘੀ ਤੇ ਘਾਹ 'ਤੇ ਪਈਆਂ ਤ੍ਰੇਲਾਂ, ਤਾਂ ਮਨ ਦੀ ਬਗੀਚੀ ਜੂਹੇ, ਚਾਵਾਂ ਦੇ ਸੰਗ ਖੇਲਾਂ। ਸਬੰਧ ਜਦ ਆੜ ਦਾ ਪਾਣੀ ਬਣ ਕੇ ਖੇਤਾਂ ਨੂੰ ਸਿੰਝ ਜਾਵੇ ਤਾਂ ਘਰ ਦੇ ਜਾਗਣ ਭਾਗ ਤੇ ਭੜੋਲਿਆ ਨੂੰ ਲੱਗਦੇ ਭਾਗ। ਸਬੰਧ ਜਦ ਉਲਰੇ ਹੱਥਾਂ ਨੂੰ 'ਵਾ ਵਿਚ ਲਹਿਰਾਉਂਦੇ ਤਾਂ ਵਖਤ ਦੀ ਵਹਿੰਗੀ ਸੁੱਚਾ ਵਕਤ ਟਿਕਾਉਂਦੇ। ਸਬੰਧ ਜਦ ਅੱਖਰਾਂ ਵਿਚ ਵੱਸ ਕੇ ਅਰਥੀਂ ਲਾਉਂਦੇ ਤਾਂ ਸੁੱਤੇ ਬਸਤਿਆਂ ਦੇ ਜਾਗ ਪੈਂਦੇ ਨੇ ਭਾਗ। ਸਬੰਧ, ਸਬੰਧਾਂ ਦਾ ਤਾਣਾ ਸਿਰਜਣ ਤਾਂ ਬਣਦੀ ਫੁੱਲਕਾਰੀ, ਜੋ ਸਮਾਜ ਦੇ ਸਿਰ 'ਤੇ ਸੱਜ ਕਰਦੀ ਸੁਖਨ-ਸਵਾਰੀ। ਸਬੰਧ ਇਕ ਨਿਰੰਤਰ ਸਾਧਨਾ ਅਤੇ ਜਾਰੀ ਰੱਖਣੀ ਤੋਰ, ਸਬੰਧਾਂ ਵਿਚੋਂ ਨਾ ਤਲਖੀ ਉਪਜੇ ਪਰ ਸਬੰਧ ਉਪਜੇ ਲੋਰ। ਸਬੰਧਾਂ ਦੀ ਅੱਖ ਸਿੰਮਦੀ ਤਾਂ ਖਾਰਾਪਣ ਮੁੱਖ ਨੂੰ ਧੋਂਦਾ ਅਤੇ ਤਿੱੜਕਣ ਬਣ ਕੇ ਸਦਾ ਰੜਕਦਾ ਰਹਿੰਦਾ। ਸਬੰਧ ਸੂਹੀ ਤੇ ਸੰਦਲੀ ਭਾਅ ਨੂੰ ਖੁਦ ਵਿਚ ਰਚਾਏ ਤਾਂ ਸਬੰਧਾਂ ਦੀ ਸੂਰਤ-ਸੀਰਤ ਜ਼ਿੰਦਗੀ ਬਣ ਜਾਵੇ।

ਸਬੰਧਾਂ ਦੀ ਸਫਾਫਤਾ ਲਈ ਅਦਬ-ਅਦਾਬ, ਪਿਆਰ, ਵਿਚਾਰ-ਪ੍ਰਵਾਹ, ਵਿਸ਼ਵਾਸ, ਭਰੋਸਾ ਅਤੇ ਨਿਰਛੱਲਤਾ ਦਾ ਹੋਣਾ ਬਹੁਤ ਹੀ ਜਰੂਰੀ। ਸਬੰਧਾਂ ਵਿਚ ਖਿੱਚ, ਮੋਹ, ਸਮਰਪਣ ਅਤੇ ਪ੍ਰਤੀਬੱਧਤਾ ਮੰਗਣੀ ਨਹੀਂ ਪੈਂਦੀ, ਸਗੋਂ ਸਬੰਧਾਂ ਵਿਚੋਂ ਝਰਦੀ ਏ ਇਨ੍ਹਾਂ ਦੀ ਆਬਸ਼ਾਰ।

ਸਬੰਧਾਂ ਵਿਚ ਹੰਝੂ ਤੇ ਹਾਸੇ, ਰੁੱਸਵਾਈ ਤੇ ਮੰਨ-ਮਨਾਈ, ਲੜਨਾ ਤੇ ਸੁਲ੍ਹਾ-ਸਫਾਈ, ਤਕਰਾਰ ਤੇ ਪਿਆਰ ਅਤੇ ਕਿਸੇ ਦੀ ਮੰਨਣਾ ਤੇ ਕਿਸੇ ਨੂੰ ਕੁਝ ਮਨਾਉਣਾ ਵੀ ਸ਼ਾਮਲ। ਦਰਅਸਲ ਸਬੰਧ ਭਰੋਸੇਯੋਗਤਾ 'ਤੇ ਉਸਰੀ ਮੀਨਾਰ ਦੀ ਤਾਮੀਰਦਾਰੀ, ਜਿਸ ਦੀਆਂ ਨੀਂਹਾਂ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਪਕਿਆਈ ਹੁੰਦੀ।

ਸਬੰਧ ਅਜਿਹੇ, ਜੋ ਭੁੱਖਾਂ-ਤ੍ਰੇਹਾਂ ਵਿਚੋਂ ਵੀ ਰੱਜ ਮਹਿਸੂਸ ਕਰਦੇ, ਅਸਫਲਤਾਵਾਂ ਵਿਚ ਸਫਲਤਾ ਦੇ ਨਕਸ਼ ਨਿਹਾਰਦੇ, ਤਾਰਿਆਂ ਦੀ ਛੱਤ ਹੇਠ ਮਹਿਲਾਂ ਦੇ ਸੁਪਨਿਆਂ ਨੂੰ ਜਿਉਂਦੇ, ਅੰਬਰ ਦੀ ਜੂਹ ਵਿਚ ਚੰਦਰਮਾ ਨਾਲ ਆੜੀ ਅਤੇ ਅਲਾਣੇ-ਮੰਜਿਆਂ 'ਤੇ ਵੀ ਸੁਖਨਤਾ ਦਾ ਵਿਸਮਾਦਪੁਣਾ ਮਾਣਦੇ।

ਸਬੰਧ ਤਾਂ
ਕੁਝ ਰੂਹ ਦੀਆਂ ਰਮਜ਼ਾਂ ਵਰਗੇ
ਕੁਝ ਰੂਹਾਂ ਦੇ ਰੰਗ
ਕੁਝ ਰੂਹ ਦੀ ਅਦਬੀ ਰੰਗਤ
ਕੁਝ ਰੂਹਾਂ ਦਾ ਸੰਗ
ਕੁਝ ਰੂਹ ਦੀ ਅਲਹਾਮੀ
ਕੁਝ ਰੂਹਾਂ ਦੇ ਬੋਲ
ਕੁਝ ਰੂਹ ਦੇ ਨਗਰ ਵਸੇਂਦੇ
ਸਾਹ ਜਿੰਨੇ ਕੋਲ
ਕੁਝ ਰੂਹ ਦੇ ਸਾਹ ਹੁੰਦੇ
ਕੁਝ ਰੂਹ ਦੀਆਂ ਸੂਹਾਂ
ਕੁਝ ਰੂਹ ਦੀ ਅੰਬਰ ਉਡਾਣ
ਕੁਝ ਰੰਗਰੇਜ਼ਤਾ ਦੀਆਂ ਜੂਹਾਂ
ਕੁਝ ਰੂਹ ਦਾ ਨਾਦ ਅਗਾਮੀ
ਕੁਝ ਜਿਉਣ ਸਬੱਬ
ਕੁਝ ਫੱਕਰਾਂ ਦੀ ਕੁੱਲੀ ਬੈਠੇ
ਜੀਕੂੰ ਖੁਦ ਹੀ ਰੱਬ
ਕੁਝ ਰੂਹ ਦੀ ਸੁੱਚਮ ਜਿਹੇ
ਸਾਦਗੀ, ਸਹਿਜ, ਸੰਤੋਖ
ਰੂਹ-ਏ-ਸਬੰਧ 'ਚ ਜੀਂਦੇ ਰਹਿੰਦੇ
ਰੂਹਾਂ ਜਿਹੇ ਲੋਕ।

ਸਬੰਧ ਉਹ ਹੀ ਸੁਹੰਢਣੇ, ਜਿਨ੍ਹਾਂ ਦਾ ਜ਼ਿਕਰ ਤੁਹਾਡੀ ਗੈਰਹਾਜ਼ਰੀ ਵਿਚ ਹੁੰਦਾ, ਜੋ ਤੁਹਾਡੇ ਜਾਣ ਪਿਛੋਂ ਵੀ ਜਿਉਂਦੇ, ਜਿਨ੍ਹਾਂ ਨੂੰ ਲੋਕ-ਚੇਤਿਆਂ ਵਿਚ ਥਾਂ ਮਿਲਦੀ ਅਤੇ ਜਿਨ੍ਹਾਂ 'ਚੋਂ ਆਉਣ ਵਾਲੀਆਂ ਪੌੜੀਆਂ ਨੂੰ ਸੇਧ ਤੇ ਸੰਤੁਸ਼ਟੀ ਮਿਲਦੀ।

ਸੱਚੇ ਸਬੰਧ ਉਹ, ਜੋ ਤੁਹਾਡੇ ਦਰਦ ਵਿਚ ਪੀੜ ਪੀੜ ਹੁੰਦੇ, ਤੁਹਾਡੀ ਅੱਖ ਵਿਚ ਉਤਰੀ ਸਿੱਲ੍ਹ ਨੂੰ ਪਛਾਣਦੇ, ਤੁਹਾਡੇ ਹਉਕਿਆਂ ਦੀ ਸਾਰ ਹੁੰਦੀ, ਤੁਹਾਡੇ ਜਖਮਾਂ ਲਈ ਦਵਾ-ਦਾਰੂ ਬਣਦੇ ਅਤੇ ਜਿਹੜੇ ਤੁਹਾਡੇ ਰਾਹਾਂ 'ਚ ਚਾਨਣ ਦਾ ਛਿੜਕਾਓ ਕਰਦੇ।

ਸਬੰਧ, ਮੁਸ਼ਕਿਲਾਂ ਨੂੰ ਸਗੋਂ ਹੱਲ ਹੁੰਦੇ,

***(ਬਾਕੀ ਅਗਲੇ ਸਫੇ 'ਤੇ)***

ਪੁਸਤਕ ਚਰਚਾ

# 'ਬੋਸਕੀ ਦਾ ਪਜਾਮਾ' ਪੜ੍ਹਦਿਆਂ

ਕਰਮ ਸਿੰਘ ਮਾਨ ਪਿਛਲੇ ਦੋ ਦਹਾਕਿਆਂ ਤੋਂ ਲਿਖੀ ਜਾ ਰਹੀ ਆਧੁਨਿਕ ਪੰਜਾਬੀ ਕਹਾਣੀ ਵਿਚ ਇੱਕ ਸਥਾਪਤ ਨਾਂ ਹੈ। ਉਹ ਹੁਣ ਤੱਕ ਚਾਰ ਕਹਾਣੀ ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾ ਚੁਕਾ ਹੈ। ਇਨ੍ਹਾਂ ਕਹਾਣੀਆਂ ਨੂੰ ਪਾਠਕਾਂ ਤੇ ਆਲੋਚਕ ਅੱਖ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਪੰਜਾਬੀ ਸਾਹਿਤ ਦੇ ਸਿਰਮੌਰ ਪਰਚਿਆਂ ਨੇ ਵੀ ਚੰਗੀ ਥਾਂ ਦਿੱਤੀ ਹੈ। ਕਰਮ ਸਿੰਘ ਮਾਨ ਮਾਨਵਵਾਦੀ ਸੰਵੇਦਨਸ਼ੀਲ ਯਥਾਰਥਵਾਦੀ ਲੇਖਕ ਹੈ। ਉਸ ਨੂੰ ਅਜੋਕੇ ਸਮੇਂ ਵਿਚ ਖੰਡਿਤ ਹੋ ਰਹੇ ਮਨੁੱਖੀ ਰਿਸ਼ਤਿਆਂ ਦੇ ਅੰਦਰਲੇ ਥਹੁ ਦੀ ਸੋਝੀ ਹੈ। ਇਸੇ ਲਈ ਉਸ ਨੂੰ ਮਨੁੱਖੀ ਜੀਵਨ ਦੀ ਜਟਿਲਤਾ ਫੜਨ ਦਾ ਵੱਲ ਆਉਂਦਾ ਹੈ। ਉਹ ਮਨੁੱਖ ਅੰਦਰ ਹੋ ਰਹੀ ਟੁੱਟ ਭੱਜ ਨੂੰ ਬਿਆਨ ਕਰਦਿਆਂ ਪਾਠਕ ਨੂੰ ਪਾਤਰ ਦੇ ਅੰਦਰ ਝਾਕਣ ਦਾ ਮੌਕਾ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਪਾਠਕ ਤੇ ਲੇਖਕ ਦੀ ਵਿੱਥ ਨੂੰ



ਸੰਤੋਖ ਮਿਨਹਾਸ
ਫੋਨ: 559-283-6376

ਦੂਰ ਕਰਦਿਆਂ ਪਾਠਕ ਨੂੰ ਉਂਗਲੀ ਫੜ ਕਹਾਣੀ ਦੇ ਨਾਲ ਤੋਰ ਲੈਂਦਾ ਹੈ। ਪਾਠਕ ਨੂੰ ਕਹਾਣੀ ਦੇ ਪਾਤਰਾਂ ਨਾਲ ਜਾਣੀ-ਪਛਾਣੀ ਸਾਂਝ ਮਾਹਿਸੂਸ ਹੁੰਦੀ ਹੈ। ਇਹੀ ਉਸ ਦੀਆਂ ਕਹਾਣੀਆਂ ਦੀ ਵਡੱਤਣ ਹੈ।

ਲੇਖਕ ਕੋਲ ਠੇਠ ਮੁਹਾਵਰੇਦਾਰ ਮਲਵਈ ਬੋਲੀ ਦਾ ਲਹਿਜ਼ਾ ਹੈ। ਪੇਂਡੂ ਸੰਵੇਦਨਾ ਨਾਲ ਲਬਰੇਜ਼ ਇਹ ਕਹਾਣੀਆਂ ਨਿਮਨ ਕਿਸਾਨੀ ਜੀਵਨ ਦੇ ਧਰਾਤਲ 'ਤੇ ਜਦੋ-ਜਹਿਦ ਕਰ ਰਹੇ ਮਨੁੱਖ ਦੇ ਅੰਦਰ ਪਸਰੇ ਖਲਾਅ ਤੋਂ ਉਤਪੰਨ ਦੁਸ਼ਵਾਰੀਆਂ, ਬੇਸਬਰੀਆਂ ਤੇ ਰਿਸ਼ਤਿਆਂ ਦੀ ਬੇਭਰੋਸਗੀ ਦੇ ਦੁਖਾਂਤ ਦਾ ਵਰਣਨ ਹੀ ਨਹੀਂ, ਸਗੋਂ ਗਲੋਬਲੀ ਸੰਸਾਰ ਦੀ ਪੂੰਜਵਾਦੀ ਵਿਵਸਥਾ ਵਿਚ ਮਨੁੱਖ ਦੀ ਭੁੱਖ ਦਾ ਵਰਣਨ ਵੀ ਹੈ। ਇਸੇ ਲਈ ਜਿੱਥੇ ਉਸ ਦੀ ਕਹਾਣੀ ਭਾਰਤੀ ਚਿੰਤਨ ਦੇ ਸੁਖਾਂਤਕ ਪਰੰਪਰਾ ਦੇ ਅਵਚੇਤਨ ਵਿਚੋਂ ਉਤਪੰਨ ਪ੍ਰਤੀਤ ਹੁੰਦੀ ਦਿਸਦੀ ਹੈ, ਉਥੇ ਉਸ ਦੀ ਕਹਾਣੀ ਦੇ ਯਥਾਰਥ ਦਾ ਵਿਚਾਰਧਾਰਕ ਸੂਤਰ ਪ੍ਰਗਤੀਵਾਦੀ ਦਰਸ਼ਨ ਨਾਲ ਓਤਪੋਤ ਹੈ।

ਲੇਖਕ ਦਾ ਲੋਕ ਪੱਖੀ ਮਾਨਵਵਾਦੀ ਚਿਹਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਜੇ ਉਸ ਦੀਆਂ ਕਹਾਣੀਆ ਦੇ ਵਿਸ਼ੇ ਪਸਾਰਾਂ ਦੀ ਗੱਲ ਕਰੀਏ ਤਾਂ ਪੰਜਾਬ ਬਟਵਾਰੇ ਦਾ ਦੁਖਾਂਤ, ਹਰੀ ਕ੍ਰਾਂਤੀ ਦੀ ਚੜ੍ਹਤ ਤੇ ਉਸ ਦੇ ਨਿਘਾਰ, ਖਾੜਕੂ ਲਹਿਰ, ਪਰਵਾਸ ਨਾਲ ਕਿਸਾਨੀ ਜੀਵਨ ਵਿਚ ਆਈਆਂ ਤਬਦੀਲੀਆਂ ਜਿਵੇਂ ਸਾਂਝੇ ਪਰਿਵਾਰਾਂ ਦਾ ਟੁੱਟਣਾ, ਸ਼ਰੀਕੇਬਾਜ਼ੀ ਨਾਲ ਪੈਦਾ ਹੋਈ ਧੜੇਬੰਦੀ, ਗਲੋਬਲੀਕਰਨ, ਨਿੱਜੀਕਰਨ, ਉਦਾਰੀਕਰਨ ਤੇ ਸੂਚਨਾ ਸੰਚਾਰ ਉਨਤੀ ਨਾਲ ਮਨੁੱਖੀ ਜੀਵਨ 'ਤੇ ਪਏ ਪ੍ਰਭਾਵਾਂ ਸਦਕਾ ਹੋਈ ਉਥਲ-ਪੁਥਲ ਨੂੰ ਬੜੇ ਰੌਚਕ ਲੋਕਧਰਾਈ ਮਾਨਵੀ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ।

ਕਰਮ ਸਿੰਘ ਮਾਨ ਨੇ ਦੇਸ ਤੇ ਪਰਦੇਸ ਦੇ ਜੀਵਨ ਨੂੰ ਜਿਉਂ ਕੇ ਵੇਖਿਆ ਹੈ। ਪਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਤੇ ਆਪਣੀ ਜੜ੍ਹ ਨਾਲੋਂ ਟੁੱਟਣ ਦਾ ਸੰਤਾਪ ਤੇ ਹੇਰਵਾ ਹੰਢਾ ਕੇ ਵੇਖਿਆ ਹੈ। ਇਸੇ ਲਈ ਪਰਵਾਸ ਨਾਲ ਜੁੜੀਆਂ ਕਹਾਣੀਆਂ ਵਿਚ ਮਨੁੱਖੀ ਜੀਵਨ ਦੇ ਦਵੰਦਮਈ ਜੀਵਨ ਦੀ ਚੀਸ ਉਚੀ ਸੁਰ ਵਿਚ ਵਿਦਮਾਨ ਹੈ। ਹਥਲੇ ਸੰਗ੍ਰਿਹ ਵਿਚ 'ਬਿੰਦੂ' ਅਤੇ 'ਮੁਤਬੰਨਾ' ਕਹਾਣੀਆਂ ਮਸਨੂਈ ਜੀਵਨ ਜਿਉਂਦੇ ਮਨੁੱਖ ਦੇ ਆਪਣੇ ਸਿਰਜੇ ਦੁਖਾਂਤ ਨੂੰ ਭੋਗਦੇ ਇੱਕ ਕਾਲਪਨਿਕ ਖੁਸ਼ੀ ਦੀ ਭਾਲ ਵਿਚ ਜਿਉਂਦੇ ਮਨੁੱਖ ਦਾ ਤਰਲਾ ਮਾਤਰ ਸੁਪਨਾ ਹਨ; ਪਰ ਲੇਖਕ ਮਨੁੱਖੀ ਜੀਵਨ ਦੀ ਜਟਿਲਤਾ ਤੋਂ ਉਤਪੰਨ ਪ੍ਰਸਿਥੀਆਂ ਨੂੰ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਸੁਲਝਾਉਂਦਾ ਪ੍ਰਤੀਤ ਨਜ਼ਰ ਆਉਂਦਾ ਹੈ, ਪਰ ਕਈ ਥਾਂਈਂ ਆਪਣੇ ਕਥਾ-ਸੰਸਾਰ ਵਿਚ ਜਾਗੀਰੂ ਕਥਾ ਪਰੰਪਰਾ ਦੀਆਂ ਜੁਗਤਾਂ ਦਾ ਸਹਾਰਾ ਵੀ ਲੈਂਦਾ ਹੈ। ਜਿਵੇਂ 'ਨੂਰਾਂ ਅਜੇ ਮਰੀ ਨਹੀਂ' ਕਹਾਣੀ ਪੰਜਾਬ ਬਟਵਾਰੇ ਦੇ ਦੁਖਾਂਤ ਦੇ ਥੀਮ 'ਤੇ ਉਸਰੀ ਕਹਾਣੀ ਹੈ, ਜਿਸ ਵਿਚ ਬੰਦੇ ਦੇ ਅਮਾਨਵੀ ਤੇ ਮਾਨਵੀ ਚਰਿੱਤਰ ਦੇ ਅੰਤਰ-ਵਿਰੋਧਾਂ ਦੇ ਸੰਕਟਾਂ ਨੂੰ ਬਾਖੂਬੀ ਸਿਰਜਿਆ ਹੈ।




ਕਹਾਣੀ 'ਖੁਸ਼ਹਾਲ ਸਿੰਘ' ਦ੍ਰਿੜ ਇਰਾਦੇ ਤੇ ਜਿੰਦਾ-ਦਿਲ ਇੱਕ ਕੁਸ਼ਲ ਪ੍ਰਧੰਬਕ ਬਾਰੇ ਹੈ। ਉਸ ਵਿਚ ਫਿਊਡਲ ਮਾਨਤਾਵਾਂ ਹੋਣ ਦੇ ਬਾਵਜੂਦ ਉਸ ਨੂੰ ਸਮਾਜ ਨਾਲ ਜਿਉਣ ਦਾ ਵੱਲ ਆਉਂਦਾ ਹੈ। 'ਕੁੱਤੇ ਦਾ ਡਰ' ਕਹਾਣੀ ਇੱਕ ਅਤ੍ਰਿਪਤ ਬੀਮਾਰ ਮਾਨਸਿਕਤਾ ਦੇ ਸ਼ਿਕਾਰ ਮਨੁੱਖ ਦੀ ਸੋਚ ਦੀ ਨੈਗੇਟਿਵ ਮਨੋਦਸ਼ਾ ਦਾ ਖੂਬਸੂਰਤ ਚਿਤਰਣ ਹੈ। 'ਮੁਤਬੰਨਾ' ਕਹਾਣੀ ਵਿਚ ਪਿਆਰ ਦੇ ਛਲ-ਕਪਟ ਦੀ ਸ਼ਿਕਾਰ ਰੋਹਿਨੀ ਅਤੇ ਬੇਜੋੜ ਕਰੇਜ਼ 'ਚੋਂ ਪੈਦਾ ਹੋਏ ਬੱਚੇ ਟੋਨੀ ਦਾ ਪਿਆਰ, ਉਦਰੇਵਾਂ, ਡਰੱਗਜ਼ ਤੇ ਗਲੈਮਰ ਦੀ ਦੁਨੀਆਂ 'ਚੋਂ ਉਪਜੇ ਦੁਖਾਂਤ ਅਤੇ ਔਲਾਦ ਦੇ ਪਿਆਰ ਵਿਹੂਣੇ ਜੋੜੇ ਜੀਤੀ ਤੇ ਜਗਪਾਲ ਦੀ ਟੋਨੀ ਨੂੰ ਗੋਦ ਲੈਣ ਦਾ ਕ੍ਰਿਸ਼ਮਈ ਸੁਖਾਂਤ ਪੇਸ਼ ਕੀਤਾ ਹੈ।

ਅਜੋਕੀ ਪੂੰਜਵਾਦੀ ਵਿਵਸਥਾ ਵਿਚ ਜਿੱਥੇ ਲੋਕਤੰਤਰੀ ਢਾਂਚੇ ਵਿਚ ਵਿਗਿਆਨ ਨੇ ਨਵੀਆਂ ਪੁਲਾਂਘਾਂ ਪੁੱਟੀਆਂ ਹਨ, ਉਥੇ ਲੋਕਾਂ ਦਾ ਸਾਇੰਸ ਵਿਚ ਵੀ ਵਿਸ਼ਵਾਸ ਪੈਦਾ ਹੋਇਆ ਹੈ। ਡੀ. ਐਨ. ਏ. ਦੀਆਂ ਖੋਜਾਂ ਨਾਲ ਜਿੱਥੇ ਮਨੁੱਖ ਦੀਆਂ ਸੁੱਖ ਸਹੂਲਤਾਂ ਵਿਚ ਵਾਧਾ ਹੋਇਆ ਹੈ, ਉਥੇ ਮਨੁੱਖੀ ਰਿਸ਼ਤਿਆਂ ਦੇ ਓਹਲੇ ਨੂੰ ਵੀ ਨੰਗਿਆਂ ਕੀਤਾ ਹੈ। ਜਿਵੇਂ ਕਹਾਣੀ 'ਬਿੰਦੂ' ਵਿਚ ਸਰਨਾ ਸਾਰੀ ਉਮਰ ਆਪਣੇ ਪਰਿਵਾਰ ਨੂੰ ਅਮਰੀਕਾ ਸੱਦਣ ਲਈ ਸੰਘਰਸ਼ ਕਰਦਾ ਹੈ; ਆਪਣੀ ਬੇਟੀ, ਜਿਸ ਨੂੰ ਉਹ ਰੱਜ ਕੇ ਪਿਆਰ ਕਰਦਾ ਹੈ, ਦੇ ਡੀ. ਐਨ. ਏ. ਦੇ ਟੈਸਟ ਨਾਲ ਉਸ ਦੀ ਸਾਰੀ ਦੁਨੀਆਂ ਹੀ ਉਜੜ ਜਾਂਦੀ ਹੈ। ਇਹ ਇੱਕ ਪਰਵਾਸੀ ਬੰਦੇ ਦੀ ਤ੍ਰਾਸਦਿਕ ਵੇਦਨਾ ਦਾ ਅੰਤ ਹੈ।

ਇਸੇ ਤਰ੍ਹਾਂ 'ਪੱਕਾ ਪੈਂਚਰ' ਵਿਚ ਜਗੀਰੋ ਦੇ ਪੁੱਤਰ ਭੋਲੇ ਦੇ ਡੀ. ਐਨ. ਏ. ਦੇ ਟੈਸਟ ਨਾਲ ਮਨੁੱਖੀ ਰਿਸ਼ਤਿਆਂ ਦੇ ਵਿਸ਼ਵਾਸ ਦਾ ਰਹੱਸ ਨੰਗਾ ਹੁੰਦਾ ਹੈ। ਜਿੱਥੇ ਇਸ ਕਹਾਣੀ ਨੂੰ ਆਧੁਨਿਕ ਪਰਿਪੇਖ ਦੀ ਪੁੱਠ ਦੇ ਕੇ ਪੇਸ਼ ਕੀਤਾ ਹੈ, ਉਥੇ ਪੇਂਡੂ ਪੱਧਰ ਦੀ ਜਾਗੀਰੂ ਜਮਾਤੀ ਮਾਨਸਿਕਤਾ ਦੀ ਧੌਂਸ ਵੀ ਨਜ਼ਰ ਆਉਂਦੀ ਹੈ। ਬੋਸਕੀ ਦਾ ਪਜਾਮਾ ਕਹਾਣੀ ਪੰਜਾਬੀ ਕਿਸਾਨੀ ਜੀਵਨ ਵਿਚ ਇੱਕ ਔਰਤ ਜਾਗੀਰੂ ਕਦਰਾਂ-ਕੀਮਤਾਂ ਦੀ ਸੋਚ ਨੂੰ ਪ੍ਰਨਾਏ ਮਾਹੌਲ ਵਿਚ ਆਪਣੇ ਰਿਸ਼ਤਿਆਂ ਦੇ ਧਰਵਾਸ ਦਾ ਮੋਹ ਭਾਲਦੀ ਹੈ। ਜਗੀਰੋ ਦੇ ਆਪਣੇ ਭਰਾ ਦੇ ਪਿਆਰ ਦੀ ਅਣਹੋਂਦ ਦਾ ਦਰਦ ਹੀ ਨਹੀਂ, ਸਗੋਂ ਇੱਕ ਧਿਰ ਨਾ ਹੋਣ ਦਾ ਸੰਤਾਪ ਵੀ ਉਹ ਸਾਰੀ ਉਮਰ ਹੰਢਾਉਂਦੀ ਹੈ ਅਤੇ ਕਿਵੇਂ ਹੋਰ ਨਿੱਕੇ ਨਿੱਕੇ ਰਿਸ਼ਤਿਆਂ ਵਿਚੋਂ ਮੋਹ ਦੀ ਤੰਦ ਭਾਲਦੀ ਪਿਆਰ ਉਮਰ ਵਿਹਾਜ ਦਿੰਦੀ ਹੈ।

'ਹੰਝੂ' ਕਹਾਣੀ ਵੀ ਪਿਆਰ ਵਿਹੂਣੇ ਰਿਸ਼ਤਿਆਂ ਦੀ ਮਨੋਦਸ਼ਾ ਨੂੰ ਕੁਰੇਦਦੀ ਮਨੁੱਖੀ ਸੰਵੇਦਨਾ ਦਾ ਭਾਵੁਕ ਚਿਤਰਨ ਹੈ। ਅਤੀਤ ਵਿਚ ਬੈਠਾ ਆਪਣਿਆਂ ਨੂੰ ਖੋਹਣ ਦਾ ਦਰਦ ਦੂਜਿਆਂ ਤੋਂ ਮਿਲੇ ਪਿਆਰ ਨਾਲ ਉਛਲ ਪੈਂਦਾ ਹੈ। 'ਦਰਦ ਵਿਛੋੜੇ' ਦਾ ਕਹਾਣੀ ਲੇਖਕ ਦੀ ਆਪਣੀ ਪਤਨੀ ਦੇ ਸੁਰਗਵਾਸ ਹੋਣ ਪਿਛੋਂ ਇੱਕਲਾਪੇ ਜੀਵਨ ਵਿਚ ਅਤੀਤ ਦੀਆਂ ਯਾਦਾਂ, ਜੋ ਸਿਮਰਤੀ ਦਾ ਅਮੁੱਲ ਖਜਾਨਾ ਹਨ, ਨੂੰ ਬੜੇ ਸਹਿਜ ਭਾਵੀ ਸ਼ਬਦਾਂ ਰਾਹੀਂ ਚਿੱਤਰਿਆ ਹੈ। ਇਹ ਇੱਕ ਔਰਤ ਦੇ ਪੇਂਡੂ ਜੀਵਨ ਦੇ ਬੁਰਜ਼ੂਆ ਧਰਾਤਲ 'ਤੇ ਉਸਰੇ ਸਾਂਝੇ ਪਰਿਵਾਰਾਂ ਵਿਚ ਆਪਣੇ ਚਾਅਵਾਂ ਤੇ ਜਜ਼ਬਾਤ ਦੀ ਕੁਰਬਾਨੀ ਦੀ ਤਸਵੀਰ ਹੈ। ਅਮਰੀਕਾ ਪਰਵਾਸ ਸਮੇਂ ਇੱਕ ਦਿਨ ਲੇਖਕ ਦਾ ਹੱਥ ਫੜ ਕੇ ਬਰਾਬਰ ਤੁਰਨਾ ਇਹ ਦਰਸਾਉਂਦਾ ਹੈ ਕਿ ਕਿੰਨਾ ਜਵਾਰਭਾਟਾ ਸੀ ਉਸ ਦੇ ਅੰਦਰ, ਜੋ ਪਰਿਵਾਰਕ ਲੋਕ-ਲੱਜ ਲਈ ਸਾਰੀ ਉਮਰ ਦਬਾਈ ਰੱਖਿਆ।

'ਭਾਰੀ ਗੰਨ' ਕਹਾਣੀ ਪੰਜਾਬ ਦੇ ਹਰੇ ਇਨਕਲਾਬ ਦੀ ਚੜ੍ਹਤ ਤੇ ਨਿਘਾਰ ਦੀ ਕਿਸਾਨੀ ਜੀਵਨ ਦੀ ਦਸ਼ਾ 'ਤੇ ਪਏ ਪ੍ਰਭਾਵ ਨਾਲ ਇੱਕ ਨਵੇਂ ਅਥਰਚਾਰੇ ਦੇ ਪੈਦਾ ਹੋਣ ਨਾਲ ਨਵੀਂ ਜਮਾਤੀ-ਵੰਡ ਦਾ ਦਵੰਦਾਤਮਿਕ ਕਰੁਣਾਮਈ ਬਿਰਤਾਂਤ ਹੈ। ਦਰਮਿਆਨੇ ਕਿਸਾਨ ਮਿਹਰ ਤੇ ਉਸ ਦੀ ਪਤਨੀ ਚੰਦ ਕੁਰ ਦੇ ਪਰਿਵਾਰ ਦੀ ਇੱਕ ਮਜਦੂਰ ਜਮਾਤ ਵਿਚ ਤਬਦੀਲ ਹੋਣ ਅਤੇ ਉਸ ਦਾ ਜਾਤੀਗਤ ਜੱਟ ਹੋਣ ਤੇ ਉਚ ਸ਼੍ਰੇਣੀ ਦਾ ਭਰਮ ਉਸ ਨੂੰ ਪਲ ਪਲ ਕੁਰੇਦਦਾ ਹੈ। ਠੇਕੇਦਾਰ ਦੀ ਬਣਦੀ ਕੋਠੀ ਤੇ ਹੋਰ ਮਜਦੂਰਾਂ ਵਾਂਗ ਦਿਹਾੜੀ ਕਰਦਿਆਂ ਆਪਣੇ ਆਪ ਨੂੰ ਮਜਦੂਰ ਸਮਝਣਾ ਉਸ ਨੂੰ ਔਖਾ ਲੱਗਦਾ ਹੈ। ਪੂੰਜੀਵਾਦੀ ਵਿਵਸਥਾ ਵਿਚ ਕਿਸਾਨ ਜੀਵਨ 'ਤੇ ਪੈਂਦੇ ਬਹੁਪੱਖੀ ਪ੍ਰਭਾਵਾਂ ਸਦਕਾ ਉਸ ਦੇ ਵਿਹਾਰ ਵਿਚ ਬਹੁਤ ਤਬਦੀਲੀਆਂ ਆਈਆਂ ਹਨ। ਇਸ ਨਵੇਂ ਪਰਿਵਰਤਨ ਨਾਲ ਕਿਵੇਂ ਇੱਕ ਮਨੁੱਖ ਨੂੰ ਬਦਲੇ ਹੋਏ ਸਮਕਾਲੀ ਯਥਾਰਥ ਨਾਲ ਜੂਝਣਾ ਪੈ ਰਿਹਾ ਹੈ। ਇਸ ਕਹਾਣੀ 'ਚ ਲੇਖਕ ਨੇ ਇੱਕ ਕਿਸਾਨ ਤੋਂ ਮਜਦੂਰ ਬਣੀ ਮਾਨਸਿਕਤਾ ਦੀਆ ਡੂੰਘੀਆਂ ਤਹਿਆਂ ਨੂੰ ਫਰੋਲਣ ਦਾ ਸਫਲ ਯਤਨ ਕੀਤਾ ਹੈ।

ਕਰਮ ਸਿੰਘ ਮਾਨ ਆਪਣੇ ਇਸ ਕਹਾਣੀ ਸੰਗ੍ਰਿਹ 'ਬੋਸਕੀ ਦਾ ਪਜਾਮਾ' ਵਿਚ ਕਥਾ-ਵਸਤੂ ਅਤੇ ਰਚਨਾ ਦ੍ਰਿਸ਼ਟੀ ਪੱਖੋਂ ਆਪਣੇ ਦੂਜੇ ਕਹਾਣੀ ਸੰਗ੍ਰਿਹਾਂ ਵਾਂਗ ਹੀ ਵਿਲੱਖਣ ਮੁਹਾਂਦਰਾ ਸਿਰਜਣ ਵਿਚ ਸਫਲ ਰਿਹਾ ਹੈ। ਪੰਜਾਬੀ ਸਾਹਿਤ ਦੇ ਕਹਾਣੀ ਜਗਤ ਵਿਚ ਇਹ ਨਿੱਗਰ ਵਾਧਾ ਹੋਵੇਗਾ। ਮੈਂ ਇਨ੍ਹਾਂ ਕਹਾਣੀਆਂ ਨੂੰ ਜੀ ਆਇਆਂ ਆਖਦਾ ਹਾਂ।

# ਸੁਰਿੰਦਰ ਗੀਤ ਦੀਆਂ ਦੋ ਕਵਿਤਾਵਾਂ

## ਸਤਰੰਗੀ ਪੀਂਘ

ਸਤਰੰਗੀ ਇਕ ਪੀਂਘ ਨੇ ਮੈਨੂੰ
ਐਸੀ ਨਜ਼ਮ ਸੁਣਾਈ
ਜਿਸ ਦੇ ਸ਼ਬਦਾਂ ਦੀ ਗਾਨੀ
ਮੈਂ ਆਪਣੇ ਗਲ ਵਿਚ ਪਾਈ।

ਕੁਝ ਸ਼ਬਦ ਮੇਰੇ ਜੀਵਨ ਦਾ ਨਿੱਘ
ਨਵੀਆਂ ਰੀਝਾਂ ਤਾਂਘਾਂ
ਰਹਿਤ ਮਲੂਕ ਕਿਸੇ ਨਾਲ ਪਈਆਂ
ਰਹਿਤ ਮੇਰੀ ਦੀਆਂ ਸਾਂਝਾਂ
ਸਾਂਝਾਂ ਦੇ ਰਾਹ ਉਤੇ ਚਲਦਿਆਂ
ਸਾਂਝ ਨਵਾਂ ਰੰਗ ਲਿਆਈ।

ਕੁਝ ਸ਼ਬਦ ਮੇਰੇ ਦਿਲ ਦੇ ਵਿਹੜੇ
ਬਣ ਪ੍ਰਾਹੁਣੇ ਆਏ
ਕਰਕੇ ਦਿਲ ਦਾ ਵਿਹੜਾ ਰੰਗਲਾ
ਖੱਲਾਂ, ਖੂੰਜੇ ਝਾੜੇ
ਰੀਝਾਂ ਨੇ ਲੈ ਸਿਰ 'ਤੇ ਚੁੰਨੀ
ਕੀਤੀ ਤੇਲ ਚੁਆਈ।

ਕੁਝ ਸ਼ਬਦ ਮੇਰੀ ਮਾਂ ਦੇ ਵਰਗੇ
ਤਪਦੀ ਰੁੱਤ ਵਿਚ ਛਾਂ ਦੇ ਵਰਗੇ
ਜਿੱਥੇ ਰੱਬ ਉਤਾਰਾ ਕਰਦਾ
ਲਗਦੇ ਨੇ ਉਸ ਥਾਂ ਦੇ ਵਰਗੇ
ਸੱਚੀਂ ਥਾਂ 'ਤੇ ਬਹਿ ਕੇ ਜਿੰਦੇ
ਸੱਚੀ ਕਰੀਂ ਕਮਾਈ।

ਸ਼ਬਦ ਮਿਲੇ ਮਿਲ ਵਾਕ ਬਣਾਏ
ਵਾਕਾਂ ਮਿਲ ਕਵਿਤਾਵਾਂ
ਤੋਰ ਮਟਕਣੀ ਓਹੋ ਤੁਰਦੇ
ਜਿਨ੍ਹਾਂ ਸੰਗ ਰਚਨਾਵਾਂ
ਕਵਿਤਾ ਦੀ ਰੁੱਤ ਆਈ ਜਿੰਦੇ
ਕਰ ਲੈ ਬੀਜ ਬੀਜਾਈ।

## ਮਹਿੰਗਾ ਸੂਟ

ਪਤੀ ਦੀ ਦੋ ਨੰਬਰ ਦੀ
ਕਮਾਈ 'ਤੇ ਪਲਦੀ
ਕਿਸੇ ਮਹਿੰਗੀ ਬੁਟੀਕ 'ਤੇ
ਪੰਦਰਾਂ, ਵੀਹ ਹਜ਼ਾਰ ਦਾ
ਸੂਟ ਪਾਈ ਬੈਠੀ
ਮੋਟੇ ਮੋਟੇ ਨੈਣਾਂ ਵਾਲੀ ਮੁਟਿਆਰ
ਮੈਨੂੰ ਸਿਰ ਤੋਂ ਲੈ ਕੇ
ਪੈਰਾਂ ਤੱਕ ਵੇਖਦੀ ਹੈ
ਨੱਕ ਤੇ ਬੁਲ੍ਹਾਂ ਨੂੰ
ਵਿੰਗਾ ਟੇਢਾ ਕਰ ਆਖਦੀ ਹੈ
ਅੱਜ-ਕਲ੍ਹ ਅਜਿਹੇ ਸੂਟ
ਕੋਈ ਨਹੀਂ ਪਾਉਂਦਾ
ਹੁਣ ਪੰਜਾਬ ਨੇ
ਬਹੁਤ ਤਰੱਕੀ ਕਰ ਲਈ ਹੈ
ਹੁਣ ਪੰਜਾਬ ਉਹ ਨਹੀਂ ਰਿਹਾ
ਜੋ ਤੁਸੀਂ ਛੱਡ ਕੇ ਗਏ ਸੀ
ਹੁਣ ਏਥੇ ਪੈਰ ਪੈਰ 'ਤੇ
ਮਹਿੰਗੇ ਮਹਿੰਗੇ ਮਾਲ ਹਨ
ਏਥੇ ਉਹ ਸਭ ਕੁਝ ਮਿਲਦਾ ਹੈ
ਜੋ ਕੈਨੇਡਾ-ਅਮਰੀਕਾ 'ਚ ਮਿਲਦਾ ਹੈ।
ਉਹ ਮੇਰੇ ਸੂਟ ਵੱਲ
ਫਿਰ ਤੋਂ ਤੱਕਦੀ ਹੈ
ਤੇ ਆਖਦੀ ਹੈ
ਏਹੋ ਜਿਹੇ ਸੂਟ
ਬੁਰੇ ਲੱਗਦੇ ਹਨ!

ਉਸ ਦੇ ਬੋਲ ਆਰੇ ਵਾਂਗ
ਮੈਨੂੰ ਆਪਣੇ
ਸਰੀਰ ਉਪਰ ਚੱਲਦੇ
ਮਹਿਸੂਸ ਹੁੰਦੇ ਹਨ
ਉਸ ਦੀ ਰੀਸੇ
ਮੈਂ ਵੀ ਇਕ ਮਹਿੰਗਾ ਸੂਟ
ਖਰੀਦਣ ਦਾ ਮਨ ਬਣਾਉਂਦੀ ਹਾਂ
ਪਰ ਐਨ ਓਸੇ ਪਲ
ਮੇਰੀਆਂ ਅੱਖਾਂ ਮੂਹਰੇ ਆ ਜਾਂਦੀ ਹੈ
ਆਪਣੇ ਅੱਠ ਸਾਲ ਦੇ
ਮੁੰਡੇ ਦੇ ਅਪਰੇਸ਼ਨ ਲਈ
ਘਰ ਘਰ ਮਦਦ ਲਈ
ਗੁਹਾਰ ਪਾਉਂਦੀ
ਦਾਣੇ ਤੇ ਪੈਸੇ ਇਕੱਠੇ ਕਰਦੀ
ਮੇਰੇ ਪਿੰਡ ਦੇ ਨਸ਼ੱਈ
ਮੀਤੇ ਝਿਊਰ ਦੀ
ਸੋਹਣੀ ਸੁਨੱਖੀ ਬਹੂ।

ਤੇ ਪਿੰਡ ਦੀ
ਅੱਧ ਖੜ ਉਮਰ ਦੀ ਚਾਚੀ
ਜੋ ਆਪਣੇ ਜੱਟ-ਪੁਣੇ ਨੂੰ
ਪਿੱਛੇ ਛੱਡ
ਪਿੰਡ 'ਚੋਂ ਵਾਧੂ ਘਾਟੂ ਗੋਹਾ
ਇਕੱਠਾ ਕਰ
ਪਾਥੀਆਂ ਪੱਥ ਕੇ ਵੇਚਦੀ ਹੈ
ਆਪਣਾ ਘਰ
ਤੇ ਬੀਮਾਰ ਪਤੀ ਦੀ ਦਵਾ ਦਾਰੂ
ਚਲਾਉਂਦੀ ਹੈ।

ਤੇ ਉਹ
ਬਹੁਤ ਸਾਰੀਆਂ ਔਰਤਾਂ
ਮੇਰੀ ਸੋਚ ਨੂੰ ਘੇਰ ਲੈਂਦੀਆਂ ਹਨ
ਜਿਨ੍ਹਾਂ ਨੇ ਕਦੇ ਨਵਾਂ ਕਪੜਾ
ਅੰਗ ਨਹੀਂ ਲਾਇਆ
ਸਦਾ ਲੋਕਾਂ ਦਾ
ਉਤਾਰਨ ਹੀ ਪਾਇਆ ਹੈ।

ਮੈਂ ਉਦਾਸ ਹੋ ਜਾਂਦੀ ਹਾਂ
ਅੰਦਰ ਧੂਹ ਜਿਹੀ ਪੈਂਦੀ ਹੈ
ਮੂੰਹ ਸੁੱਕਦਾ ਹੈ
ਪਾਣੀ ਦੀ ਘੁੱਟ ਭਰਦੀ ਹਾਂ
ਮੇਰੇ ਹੱਥੋਂ ਮੇਰਾ ਪਰਸ
ਖਿਸਕ ਜਾਂਦਾ ਹੈ
ਫਰਸ਼ 'ਤੇ ਡਿੱਗੇ ਪਰਸ ਨੂੰ
ਚੁੱਕਣ ਲੱਗਦੀ ਹਾਂ
ਹੱਥ ਠੰਡੀ ਫਰਸ਼ ਨੂੰ
ਛੂਹਦਾ ਹੈ
ਅੱਖਾਂ ਮੂਹਰੇ ਘੁੰਮ ਜਾਂਦਾ ਹੈ
ਘਰ ਦੀ ਨੌਕਰਾਣੀ ਦਾ
ਸੱਤ ਮਹੀਨਿਆਂ ਦਾ
ਠੰਡੀ ਫਰਸ਼ 'ਤੇ
ਚੀਂ ਚੀਂ ਕਰਦਾ
ਰੁੜ੍ਹਦਾ ਫਿਰਦਾ
ਮਾਂ ਦੀ ਗੋਦੀ ਦਾ
ਨਿੱਘ ਭਾਲਦਾ ਜਵਾਕ।

ਮੈਂ ਪਰਸ ਖੋਲ੍ਹਦੀ ਹਾਂ
ਤੇ ਫਿਰ ਓਸੇ ਤਰ੍ਹਾਂ
ਬੰਦ ਕਰ ਦਿੰਦੀ ਹਾਂ
ਸੋਚਦੀ ਹਾਂ
ਇਸ ਇਕ ਸੂਟ ਦੇ ਪੈਸੇ
ਕਈਆਂ ਦਾ, ਕਈ ਕੁਝ
ਸੰਵਾਰ ਸਕਦੇ ਹਨ।

ਮੈਂ ਮਹਿੰਗਾ ਸੂਟ
ਵਾਪਿਸ ਕਰ ਦਿੰਦੀ ਹਾਂ
ਆਖਦੀ ਹਾਂ, ਨਹੀਂ ਭੈਣੇ
ਮੇਰੇ ਪੰਜਾਬ ਨੇ
ਕੋਈ ਤਰੱਕੀ ਨਹੀਂ ਕੀਤੀ।

# ਸਬੰਧਾਂ ਦੀ ਸੁਗੰਧੀ

(ਪਿਛਲੇ ਸਫੇ ਦੀ ਬਾਕੀ)

ਰਾਹ ਦੀਆਂ ਖਾਈਆਂ ਨਹੀਂ ਸਗੋਂ ਖੱਡਿਆਂ 'ਤੇ ਉਸਰੇ ਪੁਲ ਹੁੰਦੇ, ਜੋ ਪਾਣੀ ਦਾ ਜਾਨ-ਲੇਵਾ ਵਹਾਅ ਨਹੀਂ ਸਗੋਂ ਦਰਿਆ ਨੂੰ ਪਾਰ ਕਰਵਾਉਂਦੀ ਬੇੜੀ ਤੇ ਮਲਾਹ ਹੁੰਦੇ।

ਸਬੰਧ, ਕੁਦਰਤ ਦਾ ਸਭ ਤੋਂ ਸੁੰਦਰ ਤਰੀਕਾ ਹੈ, ਇਕ ਦੂਜੇ ਦੇ ਕਰੀਬ ਹੋਣ ਦਾ, ਇਕ ਦੂਜੇ ਨੂੰ ਅਪਨਾਉਣ ਤੇ ਸਦਕੇ ਜਾਣ ਦਾ ਅਤੇ ਇਕ ਦੂਜੇ ਦੇ ਰੰਗ ਵਿਚ ਰੰਗੇ ਜਾਣ ਦਾ। ਧੁਰ-ਦਰਗਾਹੋਂ ਬਣੇ ਸਬੰਧ, ਜੀਵਨ ਮੋੜ 'ਤੇ ਦਸਤਕ ਦੇ, ਜੀਵਨ-ਪਰਪੱਕਤਾ ਨੂੰ ਸੁਖਾਵਾਂ ਮੋੜ ਦੇ ਸਕਦੇ।

ਸਬੰਧ, ਜੋ ਪਰਿਵਾਰ ਨੂੰ ਬਿਖਰਾਅ ਦੇਣ, ਜੋ ਆਤਮ-ਵਿਸ਼ਵਾਸ ਨੂੰ ਢਹਿਢੇਰੀ ਕਰੇ, ਸਨੇਹੀਆਂ ਨੂੰ ਤੁਹਾਥੋਂ ਦੂਰ ਕਰੇ, ਮਨ ਦੇ ਸਕੂਨ ਨੂੰ ਤਹਿਸ਼-ਨਹਿਸ਼ ਕਰੇ, ਸੁਪਨੇ ਦੀ ਅੱਖ ਵਿਚ ਧੁੰਦਲਕਾ ਪੈਦਾ ਕਰੇ, ਅੱਖਰ-ਜੋਤ ਨੂੰ ਬੁਝਾਉਣ ਦਾ ਹੱਠ ਕਰੇ ਅਤੇ ਖੁਸ਼ੀ ਨੂੰ ਮਾਤਮ ਵਿਚ ਬਦਲੇ, ਉਸ ਨੂੰ ਖਤਮ ਕਰਨਾ ਹੀ ਬਿਹਤਰ।

ਸਬੰਧ ਬਣਾਓ। ਇਨ੍ਹਾਂ ਨੂੰ ਹੰਢਾਓ ਅਤੇ ਨਿਭਾਓ, ਪਰ ਕਦੇ ਵੀ ਇਨ੍ਹਾਂ ਦੇ ਪਿੰਡੇ 'ਤੇ ਕਿਰਚਾਂ, ਨੋਕਾਂ, ਤਲਖੀਆਂ, ਚੋਭਾਂ ਅਤੇ ਚੀਖਾਂ ਦੀ ਕੁਲਹਿਣਤਾ ਨਾ ਖੁਣੋ। ਸਬੰਧ ਤਾਂ ਬਹੁਤ ਹੀ ਕੋਮਲ, ਕਰਮਭਾਵੀ ਅਤੇ ਕਰਮਯੋਗੀ ਹੁੰਦੇ, ਜਿਨ੍ਹਾਂ ਦੀ ਰੂਹ-ਰੰਗਰੇਜ਼ਤਾ ਵਿਚ ਅੰਤਰੀਵੀ, ਆਤਮਕ ਅਤੇ ਅਰਥਮਈ ਵਰਤਾਰੇ ਹੁੰਦੇ।

ਸੁੱਚੇ ਸਬੰਧ, ਸਮਾਂ-ਸੀਮਾ ਤੋਂ ਪਾਰ, ਹੱਦਾਂ-ਸਰਹੱਦਾਂ ਤੋਂ ਦੂਰ, ਸੁਪਨਿਆਂ-ਸੋਚਾਂ ਦੀ ਸਦੀਵਤਾ ਅਤੇ ਖੁਦ ਵਿਚ ਰੰਗੇ ਹੁੰਦੇ। ਫਿੱਕੜੇ ਸਬੰਧਾਂ ਨੂੰ ਮਜੀਠੀ ਰੰਗ ਵਿਚ ਰੰਗੇ ਜਾਣ ਲਈ ਖੁਦ ਨੂੰ ਮਜੀਠੀ ਰੰਗ ਵਿਚ ਰੰਗੇ ਜਾਣਾ ਲਾਜ਼ਮੀ। ਇਸੇ ਲਈ ਬਾਬਾ ਨਾਨਕ, ਬੁੱਲੇ ਸ਼ਾਹ, ਸ਼ਾਹ ਹੁਸੈਨ ਜਾ ਸਾਈਂ ਮੀਆਂ ਮੀਰ ਨੇ ਖੁਦ ਨੂੰ ਅਭੇਦ ਕਰਕੇ ਹੀ ਖੁਦ ਵਿਚੋਂ ਖੁਦਾ ਨੂੰ ਤਲਾਸ਼ਿਆ ਸੀ।

ਸਬੰਧ ਪਿਆਰ, ਪਹੁਲ, ਮਿਲਾਪ ਅਤੇ ਸਮਾਜਕ ਸਾਂਝਾਂ ਦਾ ਸੁੰਦਰ ਪੈਗਾਮ। ਜੀਵਨ-ਦਾਨੀ, ਹਰਫ-ਦਾਨੀ, ਗੁਣੀ-ਗਿਆਨੀ, ਸਰਬ-ਗੁਣੀ ਅਤੇ ਸਰਬ-ਗਿਆਤਾ ਸਬੰਧਾਂ ਵਿਚੋਂ ਹੀ ਸਦਗੁਣਾਂ ਦੀ ਬਰਸਾਤ ਹੁੰਦੀ, ਜਿਸ ਵਿਚ ਭਿੱਜਿਆ ਬੰਦਾ ਜੀਵਨ-ਨਾਦ ਨੂੰ ਗੁਣਗੁਣਾਉਂਦਾ, ਜੀਵਨ-ਸਫਰ ਦਾ ਸਫਰਨਾਮਾ ਬਣਦਾ। ਇਹ ਜੀਵਨ-ਨਾਦ ਸਭ ਦਾ ਹਾਸਲ ਹੋਵੇ। ਇਹ ਹੀ ਸ਼ਬਦਾਂ ਦੀ ਕਾਮਨਾ ਏ।

# ਬਿਰਤਾਂਤਕ ਇਜਾਰੇਦਾਰੀ ਤੇ ਸੰਵਾਦ ਦੀਆਂ ਸੰਭਾਵਨਾਵਾਂ

## ਵਿਚਾਰ-ਚਰਚਾ

***'ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਸਿੱਖ ਸਿਆਸਤ ਦੇ ਇਕ ਖਾਸ ਪਹਿਲੂ ਬਾਰੇ ਚੱਲ ਰਹੀ ਵਿਚਾਰ-ਚਰਚਾ ਵਿਚ ਵੱਖ-ਵੱਖ ਵਿਦਵਾਨਾਂ/ਲੇਖਕਾਂ ਨੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ ਹਨ। ਇਸ ਨਾਲ ਇਸ ਸਿਆਸਤ ਨਾਲ ਜੁੜੀਆਂ ਕੁਝ ਖਾਸ ਹਕੀਕਤਾਂ ਦੀ ਨਿਸ਼ਾਨਦੇਹੀ ਹੋਈ ਹੈ। ਇਸੇ ਸਿਲਸਿਲੇ ਵਿਚ ਸਾਨੂੰ ਪ੍ਰਭਸ਼ਰਨਦੀਪ ਸਿੰਘ ਦੀ ਇਹ ਲਿਖਤ ਪ੍ਰਾਪਤ ਹੋਈ ਹੈ, ਜਿਸ ਵਿਚ ਉਨ੍ਹਾਂ ਸਿੱਖ ਚਿੰਤਕ ਅਜਮੇਰ ਸਿੰਘ ਦੇ ਪ੍ਰਸ਼ੰਸਕਾਂ ਅੱਗੇ ਕੁਝ ਸਵਾਲ ਰੱਖੇ ਹਨ। ਉਨ੍ਹਾਂ ਅਜਮੇਰ ਸਿੰਘ ਦੇ ਪ੍ਰਸ਼ੰਸਕਾਂ ਦੇ ਇਸ ਦਾਅਵੇ ਨੂੰ ਚੁਣੌਤੀ ਦਿੱਤੀ ਹੈ ਕਿ ਅਜਮੇਰ ਸਿੰਘ ਨੇ ਸਿੱਖ ਸਿਆਸਤ ਵਿਚ (ਸੰਤ) ਜਰਨੈਲ ਸਿੰਘ ਭਿੰਡਰਾਂਵਾਲੇ ਦਾ ਵਿਲੱਖਣ ਸਥਾਨ ਕਾਇਮ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਇਸ ਸਮੁੱਚੀ ਬਹਿਸ ਦਾ ਦਿਲਚਸਪ ਤੱਥ ਹੁਣ ਇਹ ਹੈ ਕਿ ਸੰਤ ਭਿੰਡਰਾਂਵਾਲੇ ਦੀ ਵਿਰਾਸਤ ਦੀ ਗੱਲ ਵੀ ਨਾਲ ਆਣ ਜੁੜੀ ਹੈ, ਹਾਲਾਂਕਿ ਦਲਬੀਰ ਸਿੰਘ ਪੱਤਰਕਾਰ, ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਤੇ ਕੁਝ ਹੋਰ ਲੋਕ ਇਸ ਬਾਰੇ ਲਗਾਤਾਰ ਗੱਲ ਕਰਦੇ ਰਹੇ ਹਨ। -ਸੰਪਾਦਕ***

ਅਜਮੇਰ ਸਿੰਘ ਦੀ ਇਤਿਹਾਸਕਾਰੀ ਬਾਰੇ ਮੇਰੀਆਂ ਟਿੱਪਣੀਆਂ ਨਾਲ ਸ਼ੁਰੂ ਹੋਈ ਬਹਿਸ ਜਾਰੀ ਹੈ। ਸ਼ੁਰੂ ਵਿਚ ਇਹ ਬਹਿਸ ਸੋਸ਼ਲ ਮੀਡੀਆ ਤੱਕ ਹੀ ਸੀਮਿਤ ਸੀ, ਜਿਸ ਵਿਚ ਅਜਮੇਰ ਸਿੰਘ ਦੇ ਜੋਸ਼ੀਲੇ ਨੌਜੁਆਨ ਪ੍ਰਸ਼ੰਸਕ ਸਰਗਰਮ ਸਨ। ਇਸ ਦੌਰਾਨ ਅਜਮੇਰ ਸਿੰਘ ਦੇ ਹਮਾਇਤੀਆਂ ਨੇ ਕਿਰਦਾਰਕੁਸ਼ੀ ਕਰਨ, ਮਖੌਲ ਉਡਾਉਣ ਤੇ ਮਿਹਣੇ ਮਾਰਨ ਵਰਗੇ ਹੱਥਕੰਡੇ ਵਰਤੇ। ਪਿਛੋਂ ਇਹ ਬਹਿਸ ਅਖਬਾਰੀ ਲੇਖਾਂ ਦੇ ਰੂਪ ਵਿਚ ਸਾਹਮਣੇ ਆ ਗਈ। ਪਹਿਲਾਂ ਸੋਸ਼ਲ ਮੀਡੀਆ 'ਤੇ, ਅਤੇ ਫਿਰ ਲੇਖਾਂ ਰਾਹੀਂ, ਅਸੀਂ ਹਮੇਸ਼ਾ ਮੁੱਦਿਆਂ 'ਤੇ ਰਹਿਣ ਨੂੰ ਤਰਜੀਹ ਦਿੱਤੀ, ਪਰ ਅਜਮੇਰ ਸਿੰਘ ਦੇ ਸਮਰਥਕਾਂ ਨੇ ਅਖਬਾਰਾਂ ਵਿਚ ਵੀ ਉਹੋ ਕੁਝ ਕੀਤਾ, ਜੋ ਉਹ ਸੋਸ਼ਲ ਮੀਡੀਆ 'ਤੇ ਕਰ ਰਹੇ ਸਨ; ਉਨ੍ਹਾਂ ਨੇ ਮੇਰੇ 'ਤੇ ਮਾਨਸਿਕ ਦਬਾਅ ਪਾ ਕੇ ਮੇਰਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ।

ਹੁਣ ਇੰਗਲੈਂਡ ਵਾਸੀ ਅਵਤਾਰ ਸਿੰਘ ਨੇ ਇਸ ਮੁੱਦੇ 'ਤੇ ਲੇਖ ਲਿਖਿਆ ਹੈ। ਅਵਤਾਰ ਸਿੰਘ ਨੇ ਉਪਦੇਸ਼ਾਤਮਕ ਸ਼ੈਲੀ ਅਪਨਾਈ ਹੈ ਤੇ ਸਿੱਖਾਂ ਅੰਦਰ ਸੰਵਾਦ ਦੇ ਮੌਜੂਦਾ ਸੱਭਿਆਚਾਰ ਬਾਰੇ ਅਤੇ ਬੌਧਿਕਤਾ ਵਿਚ ਆਏ ਨਿਘਾਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਅਜਿਹੇ ਸਰੋਕਾਰ ਰੱਖਣੇ ਬਹੁਤ ਚੰਗੀ ਗੱਲ ਹੈ, ਪਰ ਜ਼ਰੂਰੀ ਹੈ ਕਿ ਇਸ ਤਰ੍ਹਾਂ ਦੀ ਪ੍ਰਵਚਨੀ ਸ਼ੈਲੀ



**ਪ੍ਰਭਸ਼ਰਨਦੀਪ ਸਿੰਘ**

ਅਪਨਾਉਣ ਵਾਲਾ ਲੇਖਕ ਸੱਚਾਈ ਦਾ ਪੱਲਾ ਨਾ ਛੱਡੇ। ਜੇ ਦੁਨੀਆਂ 'ਤੇ ਉਪਦੇਸ਼ ਝਾੜਨ ਵਾਲਾ ਬੰਦਾ ਖੁਦ ਸਿੱਧੇ ਝੂਠ ਹੀ ਬੋਲ ਰਿਹਾ ਹੋਵੇ ਤਾਂ ਅਜਿਹੀ ਲਿਖਤ ਕਿਸੇ ਜ਼ਿਆਦਾ ਗੰਭੀਰ ਨਿਘਾਰ ਦੀ ਸੂਚਕ ਹੋ ਨਿੱਬੜਦੀ ਹੈ। ਹਥਲੇ ਲੇਖ ਵਿਚ ਅਸੀਂ ਇਹ ਵਿਚਾਰ ਕਰਨੀ ਚਾਹਾਂਗੇ ਕਿ ਅਵਤਾਰ ਸਿੰਘ ਦੇ ਲੇਖ ਵਿਚਲੇ ਦਾਅਵੇ ਅਜਮੇਰ ਸਿੰਘ ਦੀਆਂ ਲਿਖਤਾਂ ਅਤੇ ਇਨ੍ਹਾਂ ਲਿਖਤਾਂ 'ਤੇ ਚੱਲੀ ਬਹਿਸ ਨਾਲ ਕਿੰਨੇ ਕੁ ਇਕਸੁਰ ਹਨ।

ਅਜਮੇਰ ਸਿੰਘ ਦੀ ਭੂਮਿਕਾ 'ਤੇ ਚਾਨਣਾ ਪਾਉਣ ਦੇ ਮਕਸਦ ਨਾਲ ਅਵਤਾਰ ਸਿੰਘ ਨੇ ਲਿਖਿਆ ਹੈ, "ਉਨ੍ਹਾਂ ਦੀ ਪਹਿਲੀ ਕਿਤਾਬ ਨੇ ਹੀ ਖਾਲਸਾ ਪੰਥ ਨੂੰ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਅਤੇ ਉਸ ਦੇ ਖਾਲਸਈ ਇਤਿਹਾਸ ਵਿਚ ਥਾਂ ਬਾਰੇ ਦਰਸਾਇਆ। ਸਿੱਖ ਇਤਿਹਾਸਕਾਰੀ ਵਿਚ ਸੰਤ ਜਰਨੈਲ ਸਿੰਘ ਦੀ ਸਤਿਕਾਰਤ ਥਾਂ ਨੂੰ ਉਨ੍ਹਾਂ ਦੇ ਕਾਰਜ ਨੇ ਹੀ ਨਿਸਚਿਤ ਕੀਤਾ।" ਇਹ ਸਰਾਸਰ ਝੂਠ ਹੈ। ਸੰਤ ਜਰਨੈਲ ਸਿੰਘ ਦੀ ਸਿੱਖ ਇਤਿਹਾਸਕਾਰੀ ਵਿਚ ਸਭ ਤੋਂ ਪ੍ਰਭਾਵਕਾਰੀ ਨੁਮਾਇੰਦਗੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ 'ਝਨਾਂ ਦੀ ਰਾਤ' ਵਿਚ ਸ਼ਾਮਲ 'ਸ਼ਹੀਦ ਦੀ ਅਰਦਾਸ' ਵਿਚਲੀਆਂ ਅਨੇਕ ਕਵਿਤਾਵਾਂ ਨਾਲ ਹੁੰਦੀ ਹੈ। ਇਸ ਤੋਂ ਬਿਨਾ ਸ. ਕਰਮਜੀਤ ਸਿੰਘ ਨੇ ਅੱਸੀਵਿਆਂ ਤੋਂ ਅੱਜ ਤੱਕ, ਆਪਣੇ ਅਨੇਕ ਲੇਖਾਂ ਰਾਹੀਂ ਸੰਤ ਜਰਨੈਲ ਸਿੰਘ ਜੀ ਦੀ ਸ਼ਖਸੀਅਤ ਅਤੇ ਇਤਿਹਾਸਕ ਦੇਣ ਬਾਰੇ ਬਹੁਤ ਭਾਵਪੂਰਤ ਅਤੇ ਪੁਖਤਾ ਅੰਦਾਜ਼ ਵਿਚ ਲਿਖਿਆ ਹੈ। ਸ. ਕਰਮਜੀਤ ਸਿੰਘ ਨੇ ਸੰਤ ਜਰਨੈਲ ਸਿੰਘ ਜੀ ਬਾਰੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨਾਲ ਮੁਲਾਕਾਤ ਵੀ ਕੀਤੀ, ਜਿਸ ਲਈ ਅਸੀਂ ਉਨ੍ਹਾਂ ਦੇ ਸਦਾ ਰਿਣੀ ਰਹਾਂਗੇ। ਸ. ਗੁਰਤੇਜ ਸਿੰਘ (ਸਾਬਕਾ ਆਈ. ਏ. ਐਸ.) ਵੀ ਸਮੇਂ-ਸਮੇਂ ਤੇ ਸੰਤ ਜੀ ਬਾਰੇ ਲਿਖਦੇ ਰਹੇ ਹਨ। ਉਨ੍ਹਾਂ ਦੀਆਂ ਲਿਖਤਾਂ ਵੀ ਸੰਤ ਜੀ ਦੇ ਰੁਤਬੇ ਅਤੇ ਇਤਿਹਾਸਕ ਭੂਮਿਕਾ ਬਾਰੇ ਮੁੱਲਵਾਨ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਰਹੀਆਂ ਹਨ। 2001 ਵਿਚ ਤਾਂ ਸ. ਗੁਰਤੇਜ ਸਿੰਘ ਅਤੇ ਡਾ. ਸਵਰਨਜੀਤ ਸਿੰਘ ਨੇ 'ਸ਼ਹੀਦ ਬਿਲਾਸ ਸੰਤ ਜਰਨੈਲ ਸਿੰਘ' ਨਾਂ ਦੀ ਕਿਤਾਬ ਵੀ ਸੰਪਾਦਿਤ ਕੀਤੀ, ਜਿਸ ਵਿਚ ਕਈ ਸਿੱਖ ਵਿਦਵਾਨਾਂ ਦੇ ਲੇਖ ਸ਼ਾਮਲ ਹਨ। ਇਸ ਕਿਤਾਬ ਦਾ ਮੁੱਖ-ਬੰਦ ਸ. ਗੁਰਤੇਜ ਸਿੰਘ ਨੇ ਲਿਖਿਆ ਹੈ, ਜੋ ਬੜੀ ਅਰਥ-ਭਰਪੂਰ ਤੇ ਟੁੰਬਣਸ਼ੀਲ ਲਿਖਤ ਹੈ।"

ਅਵਤਾਰ ਸਿੰਘ ਨੇ ਹੋਰ ਲਿਖਿਆ ਹੈ, "'ਕਿਸ ਬਿਧ ਰੁਲੀ ਪਾਤਸ਼ਾਹੀ' ਨੇ ਸਿੱਖ ਇਤਿਹਾਸ ਵਿਚ ਨਵੇਂ ਮੀਲ ਪੱਥਰ ਗੱਡੇ। ਪਹਿਲੀ ਕਿਤਾਬ ਜੇ ਕੇਂਦਰੀ ਨੁਕਤੇ ਪੱਖੋਂ ਰਾਜਸੀ ਸੀ ਤਾਂ ਦੂਜੀ ਕਿਤਾਬ ਨੇ ਅਜਮੇਰ ਸਿੰਘ ਨੂੰ ਸਿਧਾਂਤਕ ਪੱਖੋਂ ਹੋਰ ਪ੍ਰੌੜਤਾ ਬਖਸ਼ੀ।"

ਉਪਰੋਕਤ ਦੋਹਾਂ ਥਾਂਵਾਂ 'ਤੇ ਅਵਤਾਰ ਸਿੰਘ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਕਿਹੜੀਆਂ ਕਿਤਾਬਾਂ ਦੇ ਹਵਾਲੇ ਨਾਲ ਗੱਲ ਕਰ ਰਹੇ ਹਨ। ਅਜਮੇਰ ਸਿੰਘ ਦੀ ਪਹਿਲੀ ਕਿਤਾਬ 'ਖਾੜਕੂ ਸਿੱਖ ਸੰਘਰਸ਼' ਹੈ। ਇਸ ਕਿਤਾਬ ਵਿਚ ਸੰਤ ਜਰਨੈਲ ਸਿੰਘ ਜੀ ਬਾਰੇ ਸੰਖੇਪ ਅਤੇ ਸਾਧਾਰਨ ਜਿਹੀਆਂ ਟਿੱਪਣੀਆਂ ਹਨ, ਜਿਨ੍ਹਾਂ ਦਾ ਕੋਈ ਖਾਸ ਇਤਿਹਾਸਕ ਮਹੱਤਵ ਨਹੀਂ। ਅਜਮੇਰ ਸਿੰਘ ਦੀ ਦੂਜੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਹੈ। ਇਸ ਕਿਤਾਬ ਵਿਚ ਅਜਮੇਰ ਸਿੰਘ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਇੱਕ ਕਾਂਡ ਜ਼ਰੂਰ ਸ਼ਾਮਲ ਕੀਤਾ ਹੈ। ਇਸ ਕਿਤਾਬ ਵਿਚ, ਆਲੋਚਨਾ ਦੇ ਬਾਵਜੂਦ, ਅਜਮੇਰ ਸਿੰਘ ਨੇ ਗੁਰਚਰਨ ਸਿੰਘ ਟੌਹੜਾ ਦਾ ਬਿੰਬ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਉਪਰੋਕਤ ਦੋਵੇਂ ਕਿਤਾਬਾਂ ਸਿੱਖ ਇਤਿਹਾਸ ਦਾ ਰਵਾਇਤੀ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਪੇਸ਼ ਕਰਦੀਆਂ ਹਨ। ਇਸ ਤੋਂ ਬਾਅਦ ਵਾਲੀਆਂ ਕਿਤਾਬਾਂ ਵਿਚ ਅਜਮੇਰ ਸਿੰਘ ਨਵ-ਮਾਰਕਸਵਾਦੀ ਪਹੁੰਚ ਅਖਤਿਆਰ ਕਰਦਾ ਹੈ। ਇਸ ਨਵੇਂ ਸਿਧਾਂਤਕ ਪੈਂਤੜੇ ਤਹਿਤ ਉਸ ਦੇ ਵਿਸ਼ਲੇਸ਼ਣ ਵਿਚ ਧਰਮ ਅਤੇ ਰੂਹਾਨੀਅਤ ਪ੍ਰਤੀ ਬਦਲੀ ਹੋਈ ਪਹੁੰਚ ਨਾਲ ਇਕਸੁਰ ਲੇਖਣੀ ਦਾ ਨਵਾਂ ਮੁਹਾਵਰਾ ਵੀ ਸਾਹਮਣੇ ਆਉਂਦਾ ਹੈ। ਬਤੌਰ ਲੇਖਕ, ਅਜਮੇਰ ਸਿੰਘ ਦਾ ਮਾਰਕਸਵਾਦੀ, ਨਵ-ਮਾਰਕਸਵਾਦੀ, ਜਾਂ ਕੋਈ ਵੀ ਹੋਰ ਪਹੁੰਚ ਅਪਨਾਉਣ ਦਾ ਹੱਕ ਹੈ, ਪਰ ਅਜਮੇਰ ਸਿੰਘ ਨੂੰ ਇਸ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ। ਅਜਮੇਰ ਸਿੰਘ ਦਾ ਆਪਣੇ ਸਿੱਖ ਪਾਠਕਾਂ, ਜਿਨ੍ਹਾਂ ਵਿਚੋਂ ਬਹੁਤ ਸਾਰੇ ਖਾਲਿਸਤਾਨ ਦੇ ਪੱਕੇ ਹਮਾਇਤੀ ਹਨ, ਨੂੰ ਗੁਮਰਾਹ ਕਰਨ ਦਾ ਕੋਈ ਹੱਕ ਨਹੀਂ ਬਣਦਾ। ਅਜਮੇਰ ਸਿੰਘ ਨੇ ਆਪਣੀਆਂ ਕਿਤਾਬਾਂ ਵਿਚ ਨਾ ਸਿਰਫ ਖਾਲਿਸਤਾਨੀ ਹੋਣ ਦਾ ਝੂਠਾ ਭਰਮ ਕਾਇਮ ਕੀਤਾ, ਸਗੋਂ ਇਸ ਮੁੱਦੇ 'ਤੇ ਆਪਣੀ ਅਸਲ ਪਹੁੰਚ ਨੂੰ ਅਸਪਸ਼ਟ ਰੱਖਣ ਲਈ ਬਹੁਤ ਗੁੰਝਲਦਾਰ ਮੁਹਾਵਰਾ ਵੀ ਸਿਰਜਿਆ। ਅਜਮੇਰ ਸਿੰਘ ਦੀ ਲਿਖਤ ਦੀਆਂ ਇਹ ਉਸਤਾਦੀਆਂ ਉਸ ਦੇ ਸਿੱਧ-ਪੱਧਰੇ ਸਿੱਖ ਪਾਠਕਾਂ ਦੀ ਸਮਝ ਤੋਂ ਬਾਹਰ ਸਨ। ਸਿੱਟੇ ਵਜੋਂ, ਅਜਮੇਰ ਸਿੰਘ ਆਪਣੀ ਖਾਲਿਸਤਾਨ ਵਿਰੋਧੀ ਪਹੁੰਚ ਬਾਰੇ ਕੁਝ ਸਪਸ਼ਟ ਕਹਿਣ ਤੋਂ ਬਿਨਾ ਹੀ ਸਿੱਖ ਪਾਠਕਾਂ ਵਿਚ ਵੱਡੀ ਪ੍ਰਵਾਨਗੀ ਹਾਸਲ ਕਰ ਗਿਆ। ਇਸ ਪਿਛੋਂ ਯਾਦਵਿੰਦਰ ਕਰਫਿਊ ਨਾਲ ਗੱਲਬਾਤ ਦੌਰਾਨ ਉਹ ਆਪਣਾ ਖਾਲਿਸਤਾਨ ਵਿਰੋਧੀ ਨਜ਼ਰੀਆ ਸਪਸ਼ਟ ਕਰ ਵੀ ਗਿਆ ਤਾਂ ਉਸ ਦੀ ਹਮਾਇਤ ਵਿਚ ਖੜ੍ਹਾ ਤੰਤਰ ਝੂਠ ਬੋਲ ਕੇ ਅਜਮੇਰ ਸਿੰਘ ਨੂੰ ਸਹੀ ਠਹਿਰਾਉਣ ਦੇ ਰਾਹ ਤੁਰ ਪਿਆ, ਪਰ ਅਜਮੇਰ ਸਿੰਘ ਨੇ ਆਪਣੇ ਮੂੰਹੋਂ ਕਦੇ ਨਹੀਂ ਕਿਹਾ ਕਿ ਉਹ ਯਾਦਵਿੰਦਰ ਕਰਫਿਊ ਵਾਲੀ ਗੱਲਬਾਤ ਵਿਚ ਪ੍ਰਗਟਾਏ ਵਿਚਾਰਾਂ ਬਾਰੇ ਕੀ ਸੋਚਦਾ ਹੈ। ਅਵਤਾਰ ਸਿੰਘ ਨੇ ਉਪਰੋਕਤ ਮੁੱਦਿਆਂ ਬਾਰੇ ਚੁੱਪ ਰਹਿਣ ਨੂੰ ਤਰਜੀਹ ਦਿੱਤੀ ਹੈ। ਇਥੇ ਸੁਆਲ ਉਠਦਾ ਹੈ ਕਿ ਮੁੱਦਿਆਂ ਬਾਰੇ ਗੱਲ ਕਰਨ ਤੋਂ ਕੰਨੀ ਕਤਰਾ ਕੇ ਅਤੇ ਅਜਮੇਰ ਸਿੰਘ ਦੇ ਬੁੱਤ ਦੇ ਗਿਰਦ ਜਜ਼ਬਾਤੀ ਮਾਹੌਲ ਸਿਰਜ ਕੇ ਅਵਤਾਰ ਸਿੰਘ ਖਾਲਸਈ ਰਵਾਇਤਾਂ ਦੀ ਪੈਰਵਾਈ ਕਰ ਰਿਹਾ ਹੈ ਜਾਂ ਬਿਪਰਨ ਕੀ ਰੀਤ ਦੀ?

ਇਸ ਲੇਖ ਰਾਹੀਂ ਅਵਤਾਰ ਸਿੰਘ ਨੇ ਹੇਠ ਲਿਖੇ ਖਾਸ ਨੁਕਤੇ ਉਭਾਰੇ ਹਨ, ਜਿਨ੍ਹਾਂ 'ਤੇ ਅਸੀਂ ਵਿਚਾਰ ਕਰਨੀ ਚਾਹਾਂਗੇ:

1. ਅਜਮੇਰ ਸਿੰਘ ਦੀ ਆਲੋਚਨਾ ਕਰਨ ਸਦਕਾ ਅਸੀਂ ਖਾਲਸਈ ਸਭਿਅਤਾ ਦੀਆਂ ਰਵਾਇਤਾਂ ਨੂੰ ਗੁਆਉਣ ਅਤੇ ਬਿਪਰਨ ਕੀ ਰੀਤ ਨੂੰ ਅਪਨਾਉਣ ਦੇ ਦੋਸ਼ੀ ਬਣ ਜਾਂਦੇ ਹਾਂ।


2. ਸਿੱਖ ਇਤਿਹਾਸਕਾਰੀ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਥਾਂ ਅਜਮੇਰ ਸਿੰਘ ਦੀਆਂ ਲਿਖਤਾਂ ਨੇ ਹੀ ਨਿਸ਼ਚਿਤ ਕੀਤਾ।

3. ਸਿੱਖਾਂ ਨੂੰ ਸਾਰੀ ਆਸ ਅਜਮੇਰ ਸਿੰਘ ਦੀਆਂ ਦੋ-ਤਿੰਨ ਕਿਤਾਬਾਂ 'ਤੇ ਨਹੀਂ ਲਾਉਣੀ ਚਾਹੀਦੀ, ਸਗੋਂ ਅਨੇਕ ਹੋਰ ਕਿਤਾਬਾਂ ਲਿਖਣ ਜਾਂ ਲਿਖਵਾਉਣ ਦੇ ਹੀਲੇ ਕਰਨੇ ਚਾਹੀਦੇ ਹਨ। ਅਜਮੇਰ ਸਿੰਘ ਦੀ ਆਲੋਚਨਾ ਕਰਨ ਦਾ ਅਰਥ ਇਹ ਹੈ ਕਿ ਅਸੀਂ ਸਾਰੀ ਅਗਵਾਈ ਅਜਮੇਰ ਸਿੰਘ ਤੋਂ ਹੀ ਭਾਲਦੇ ਹਾਂ, ਜੋ ਉਸ ਦੀ ਬਿਰਧ ਦੇਹ 'ਤੇ ਸਾਡੇ ਵਲੋਂ ਪਾਇਆ ਜਾ ਰਿਹਾ ਨਾਜਾਇਜ਼ ਬੋਝ ਹੈ।

4. ਜੇ ਅਸੀਂ ਅਜਮੇਰ ਸਿੰਘ ਨੂੰ ਅਨਪੜ੍ਹ ਆਖਾਂਗੇ ਤਾਂ ਇਸ ਨਾਲ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਅਤੇ ਅਗਵਾਈ ਕਰਨ ਦੀ ਸਮਰੱਥਾ ਬਾਰੇ ਵੀ ਸੁਆਲ ਖੜ੍ਹੇ ਹੋਣਗੇ।

5. ਜਦੋਂ ਅਸੀਂ ਅਜਮੇਰ ਸਿੰਘ ਤੋਂ ਸਿਆਸੀ ਲੀਹ ਬਦਲਣ ਦੀ ਮੰਗ ਕਰਦੇ ਹਾਂ ਤਾਂ ਅਸੀਂ ਉਸ ਨੂੰ ਆਪਣਾ ਆਗੂ ਅਤੇ ਇਤਿਹਾਸਕਾਰ ਮੰਨ ਲੈਂਦੇ ਹਾਂ, ਜਿਸ ਦਾ ਭਾਵ ਹੈ ਕਿ ਸਾਡੇ ਆਪਣੇ ਵਿਚ ਕੁਝ ਕਰਨ ਦੀ ਸਮਰੱਥਾ ਨਹੀਂ ਹੈ।

ਅਸੀਂ ਉਪਰੋਕਤ ਨੁਕਤਿਆਂ 'ਤੇ ਲੜੀਵਾਰ ਵਿਚਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਪਹਿਲੇ ਨੁਕਤੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਅਜਮੇਰ ਸਿੰਘ ਦੀ ਦੋ ਪੱਧਰਾਂ 'ਤੇ ਆਲੋਚਨਾ ਕੀਤੀ ਹੈ: ਇੱਕ, ਉਹ ਖਾਲਿਸਤਾਨ ਦੇ ਖਿਲਾਫ ਹੈ ਤੇ ਮੋਹਰੀ ਖਾਲਿਸਤਾਨੀ ਜਥੇਬੰਦੀਆਂ ਨੂੰ ਇਸ ਨਿਸ਼ਾਨੇ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ; ਦੂਜਾ ਉਸ ਕੋਲ ਬਾਕਾਇਦਾ ਅਕਾਦਮਿਕ ਸਿਖਲਾਈ ਨਾ ਹੋਣ ਕਰ ਕੇ ਉਸ ਦੀਆਂ ਕਿਤਾਬਾਂ ਬਹੁਤ ਕੱਚਾ ਤੇ ਸਤਹੀ ਪੱਧਰ ਦਾ ਵਿਸ਼ਲੇਸ਼ਣ ਪੇਸ਼ ਕਰਦੀਆਂ ਹਨ। ਮੈਨੂੰ ਨਹੀਂ ਲੱਗਦਾ, ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਆਲੋਚਨਾ ਖਾਲਸਈ ਰਵਾਇਤਾਂ ਦੇ ਉਲਟ ਹੈ। ਕਿਸੇ ਲੇਖਕ ਦੇ ਬੌਧਿਕ ਪੱਧਰ ਬਾਰੇ ਵਿਚਾਰ ਸਾਂਝੇ ਕਰਨੇ ਜੁਰਮ ਨਹੀਂ, ਇੱਕ ਆਮ ਰਵਾਇਤ ਹੈ, ਜੋ ਸਦੀਆਂ ਤੋਂ ਚੱਲੀ ਆ ਰਹੀ ਹੈ।



ਅਜਮੇਰ ਸਿਘ

***ਅਜਮੇਰ ਸਿੰਘ ਦੀਆਂ ਕਿਤਾਬਾਂ 'ਤੇ ਸਾਰੀ ਤਾਂ ਕੀ, ਸਾਨੂੰ ਕਿਸੇ ਕਿਸਮ ਦੀ ਕੋਈ ਆਸ ਨਹੀਂ ਹੈ। ਗੱਲ ਬਹੁਤ ਸਿੱਧੀ ਹੈ: ਅਜਮੇਰ ਸਿੰਘ ਨੇ ਆਪਣੀਆਂ ਲਿਖਤਾਂ ਰਾਹੀਂ ਇੱਕ ਨਜ਼ਰੀਆ ਪੇਸ਼ ਕੀਤਾ ਹੈ, ਜਿਸ ਨਾਲ ਅਸੀਂ ਸਹਿਮਤ ਨਹੀਂ। ਅਜਮੇਰ ਸਿੰਘ ਦੇ ਪਿਛਲੱਗਾਂ ਨੂੰ ਅਜਿਹੇ ਸੁਪਨ-ਸੰਸਾਰ 'ਚੋਂ ਬਾਹਰ ਨਿਕਲ ਅਸਲੀਅਤ ਦਾ ਸਾਹਮਣਾ ਕਰਨਾ ਚਾਹੀਦਾ ਹੈ। ਅਸਲੀਅਤ ਇਹ ਹੈ ਕਿ ਅਜਮੇਰ ਸਿੰਘ ਨੇ ਸਿੱਖਾਂ ਨਾਲ ਚਲਾਕੀ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਾਫੀ ਅਰਸੇ ਤੱਕ ਕਾਮਯਾਬ ਰਹਿਣ ਦੇ ਬਾਵਜੂਦ ਅੰਤ ਨੂੰ ਫੜੀ ਗਈ।***

ਇਹ ਬਿਲਕੁਲ ਗਲਤ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਇਤਿਹਾਸਕ ਰੁਤਬਾ ਅਜਮੇਰ ਸਿੰਘ ਦੀਆਂ ਲਿਖਤਾਂ ਦਾ ਮੁਥਾਜ ਸੀ। ਸੰਤ ਜੀ ਨੇ ਆਪਣੇ ਜਿਉਂਦੇ ਜੀਅ ਹੀ ਸਿੱਖਾਂ ਅੰਦਰ ਇੰਨੀ ਜ਼ੋਰਦਾਰ ਪ੍ਰੇਰਨਾ ਪੈਦਾ ਕੀਤੀ ਕਿ ਉਨ੍ਹਾਂ ਦੀ ਅਗਵਾਈ ਵਿਚ ਵੀਹਵੀਂ ਸਦੀ ਦੀ ਸਭ ਤੋਂ ਵੱਡੀ ਲੋਕ ਲਹਿਰ ਆਪ-ਮੁਹਾਰੇ ਉਗਮ ਪਈ। ਸੰਤਾਂ ਦੀ ਸ਼ਹਾਦਤ ਪਿਛੋਂ ਉਨ੍ਹਾਂ ਦਾ ਰੁਤਬਾ ਹੋਰ ਬੁਲੰਦ ਹੋਇਆ। 1984 ਤੋਂ ਬਾਅਦ ਚੱਲੀ ਜੁਝਾਰੂ ਲਹਿਰ ਸੰਤ ਜਰਨੈਲ ਸਿੰਘ ਦੀ ਜਗਾਈ ਸਿੱਖੀ ਪ੍ਰੇਰਨਾ ਦੀ ਨਿਰੰਤਰਤਾ ਦੀ ਲਖਾਇਕ ਸੀ; ਭਾਵੇਂ ਭਾਰਤੀ ਹਕੂਮਤ ਨੇ ਸੰਤਾਂ ਦੇ ਅਕਸ ਨੂੰ ਖਰਾਬ ਕਰਨ ਲਈ ਅਨੇਕ ਘਟੀਆ ਹੱਥਕੰਡੇ ਵਰਤੇ, ਪਰ ਸਿੱਖਾਂ ਵਿਚ ਇਹ ਕਦੇ ਵੀ ਪ੍ਰਭਾਵਕਾਰੀ ਨਾ ਹੋ ਸਕੇ। ਦਲਬੀਰ ਸਿੰਘ ਪੱਤਰਕਾਰ ਜਾਂ ਅਜਮੇਰ ਸਿੰਘ ਵਰਗਿਆਂ ਦੀ ਕੋਈ ਔਕਾਤ ਨਹੀਂ ਸੀ ਕਿ ਉਹ ਸਿੱਖ ਮਨਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਥਾਂ ਨਿਸ਼ਚਿਤ ਕਰਦੇ। ਸੰਤਾਂ ਦਾ ਰੁਤਬਾ ਸਿੱਖਾਂ ਅੰਦਰੋਂ ਕਦੇ ਘਟਿਆ ਹੀ ਨਹੀਂ। ਸਮਾਂ ਪੈਣ ਨਾਲ ਇਹ ਰੁਤਬਾ ਸਗੋਂ ਹੋਰ ਬੁਲੰਦ ਹੋਇਆ।

ਅਜਮੇਰ ਸਿੰਘ ਨੂੰ ਅਨਪੜ੍ਹ ਕਹਿਣ ਨਾਲ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਅਤੇ ਅਗਵਾਈ ਕਰਨ ਦੀ ਸਮਰੱਥਾ ਬਾਰੇ ਵੀ ਕੋਈ ਸੁਆਲ ਖੜ੍ਹੇ ਨਹੀਂ ਹੁੰਦੇ। ਪਹਿਲੀ ਗੱਲ, ਸੰਤ ਜਰਨੈਲ ਸਿੰਘ ਨੇ ਪੱਛਮੀ ਸਕੂਲੀ ਵਿੱਦਿਆ ਹਾਸਲ ਨਹੀਂ ਸੀ ਕੀਤੀ, ਪਰ ਉਨ੍ਹਾਂ ਨੇ ਦਮਦਮੀ ਟਕਸਾਲ ਵਰਗੀ ਸਿੱਖ ਸੰਸਥਾ ਤੋਂ ਬੜੀ ਪਰਪੱਕ ਬੌਧਿਕ ਸਿਖਲਾਈ ਹਾਸਲ ਕੀਤੀ। ਇਸ ਲਈ ਉਹ ਸਿਰਫ ਪੜ੍ਹੇ-ਲਿਖੇ ਹੀ ਨਹੀਂ ਸਨ, ਸਗੋਂ ਉਨ੍ਹਾਂ ਦੀ ਵਿਦਵਤਾ ਆਧੁਨਿਕਤਾ ਦੇ ਭਰਮਜਾਲ ਤੋਂ ਉਚੇਰੀ ਵੀ ਸੀ। ਦੂਜੀ ਗੱਲ, ਸੰਤ ਜਰਨੈਲ ਸਿੰਘ ਦਾ ਪੰਥ ਵਿਚ ਰੁਤਬਾ ਉਨ੍ਹਾਂ ਦੀ ਉਚੀ ਆਤਮਕ ਅਵਸਥਾ ਅਤੇ ਇਸ ਵਿਚੋਂ ਪੈਦਾ ਹੋਏ ਲਾਸਾਨੀ ਸਿੱਖੀ ਸਿਦਕ ਕਰ ਕੇ ਹੈ, ਸਿਰਫ ਵਿਦਵਾਨ ਹੋਣ ਕਰਕੇ ਨਹੀਂ। ਸੰਤ ਜਰਨੈਲ ਸਿੰਘ ਨੇ ਜਿਉਂਦੇ ਜੀਅ ਹੀ ਇਹ ਸਥਾਪਤ ਕਰ ਦਿੱਤਾ ਸੀ ਕਿ ਉਹ ਮੌਤ ਅਤੇ ਦੁਨਿਆਵੀ ਹਿਤਾਂ ਉਤੇ ਫਤਿਹ ਹਾਸਲ ਕਰ ਚੁਕੇ ਹਨ। ਇਸ ਸੱਚ ਦਾ ਅਹਿਸਾਸ ਪੰਥ ਦੀ ਸਮੂਹਿਕ ਚੇਤਨਾ ਵਿਚ ਬਹੁਤ ਡੂੰਘਾ ਵਸਿਆ ਹੋਇਆ ਸੀ। ਇਨ੍ਹਾਂ ਉਚੇ ਅਹਿਸਾਸਾਂ ਦੀ ਪੈਰਵਾਈ ਕਰਦਿਆਂ ਹੀ ਪੰਥ ਸੰਤ ਜੀ ਦੇ ਨਾਲ ਹਮਸਫਰ ਹੋਇਆ। ਅਜਮੇਰ ਸਿੰਘ ਵਿਚ ਕਿਹੜੀ ਗੱਲ ਹੈ, ਜਿਸ ਕਰ ਕੇ ਉਸ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਤੁਲਨਾ ਕੀਤੀ ਜਾਵੇ? 1998 ਤੱਕ ਤਾਂ ਅਜਮੇਰ ਸਿੰਘ ਨੂੰ ਸਫਾ-ਚੱਟ ਰੂਪ ਵਿਚ ਮੈਂ ਵਿੰਹਦਾ ਰਿਹਾ ਹਾਂ। ਜਿਹੜਾ ਬੰਦਾ ਆਪਣੀ ਉਮਰ ਦੇ ਅਖੀਰਲੇ ਪਹਿਰ ਤੱਕ ਸਿੱਖੀ ਸਰੂਪ ਤੋਂ ਹੀ ਤਕਲੀਫ ਮੰਨਦਾ ਰਿਹਾ ਹੈ, ਉਸ ਦਾ ਸੰਤ ਜਰਨੈਲ ਸਿੰਘ ਨਾਲ ਕਿਸੇ ਪੱਖੋਂ ਕੋਈ ਮੇਲ ਨਹੀਂ।

ਅਜਮੇਰ ਸਿੰਘ ਦੀਆਂ ਕਿਤਾਬਾਂ 'ਤੇ ਸਾਰੀ ਤਾਂ ਕੀ, ਸਾਨੂੰ ਕਿਸੇ ਕਿਸਮ ਦੀ ਕੋਈ ਆਸ ਨਹੀਂ ਹੈ। ਗੱਲ ਬਹੁਤ ਸਿੱਧੀ ਹੈ: ਅਜਮੇਰ ਸਿੰਘ ਨੇ ਆਪਣੀਆਂ ਲਿਖਤਾਂ ਰਾਹੀਂ ਇੱਕ ਨਜ਼ਰੀਆ ਪੇਸ਼ ਕੀਤਾ ਹੈ, ਜਿਸ ਨਾਲ ਅਸੀਂ ਸਹਿਮਤ ਨਹੀਂ। ਅਸੀਂ ਆਪਣੀ ਅਸਹਿਮਤੀ ਪ੍ਰਗਟ ਕੀਤੀ ਹੈ, ਆਸ ਕੋਈ ਨਹੀਂ ਜਤਾਈ। ਅਜਮੇਰ ਸਿੰਘ ਦੇ ਪਿਛਲੱਗਾਂ ਨੂੰ ਅਜਿਹੇ ਸੁਪਨ-ਸੰਸਾਰ 'ਚੋਂ ਬਾਹਰ ਨਿਕਲ ਅਸਲੀਅਤ ਦਾ ਸਾਹਮਣਾ ਕਰਨਾ ਚਾਹੀਦਾ ਹੈ। ਅਸਲੀਅਤ ਇਹ ਹੈ ਕਿ ਅਜਮੇਰ ਸਿੰਘ ਨੇ ਸਿੱਖਾਂ ਨਾਲ ਚਲਾਕੀ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਾਫੀ ਅਰਸੇ ਤੱਕ ਕਾਮਯਾਬ ਰਹਿਣ ਦੇ ਬਾਵਜੂਦ ਅੰਤ ਨੂੰ ਫੜੀ ਗਈ।

ਅਸੀਂ ਅਜਮੇਰ ਸਿੰਘ ਤੋਂ ਕਦੇ ਇਹ ਮੰਗ ਨਹੀਂ ਕੀਤੀ ਕਿ ਉਹ ਆਪਣੇ ਖਾਲਿਸਤਾਨ ਪ੍ਰਤੀ ਨਜ਼ਰੀਏ ਵਿਚ ਤਬਦੀਲੀ ਲਿਆਵੇ। ਬਤੌਰ ਲੇਖਕ ਜਾਂ ਇੱਕ ਆਜ਼ਾਦ ਵਿਅਕਤੀ ਵਜੋਂ, ਕਿਸੇ ਵੀ ਮੁੱਦੇ 'ਤੇ ਕੋਈ ਵੀ ਨਜ਼ਰੀਆ ਰੱਖਣਾ ਅਜਮੇਰ ਸਿੰਘ ਦਾ ਹੱਕ ਹੈ, ਜਿਸ 'ਤੇ ਅਸੀਂ ਕਦੇ ਕੋਈ ਇਤਰਾਜ਼ ਨਹੀਂ ਕੀਤਾ। ਅਸੀਂ ਅਜਮੇਰ ਸਿੰਘ ਨੂੰ ਬਦਲਣਾ ਨਹੀਂ ਚਾਹੁੰਦੇ, ਕਿਉਂਕਿ ਅਜਿਹਾ ਕਰਨ ਦਾ ਸਾਡਾ ਕੋਈ ਹੱਕ ਨਹੀਂ, ਪਰ ਅਸੀਂ ਉਸ ਨੂੰ ਸਿੱਖ ਪਾਠਕਾਂ ਨੂੰ ਗੁਮਰਾਹ ਕਰਨ ਦੀ ਆਗਿਆ ਵੀ ਨਹੀਂ ਦੇ ਸਕਦੇ। ਅਸੀਂ ਤਾਂ ਸਿਰਫ ਇਹ ਕਹਿ ਰਹੇ ਹਾਂ ਕਿ ਅਜਮੇਰ ਸਿੰਘ ਦੀ ਖਾਲਿਸਤਾਨ ਦੇ ਮੁੱਦੇ ਪ੍ਰਤੀ ਜੋ ਵੀ ਪਹੁੰਚ ਹੈ, ਉਹ ਸਪਸ਼ਟ ਰੂਪ ਵਿਚ ਪ੍ਰਗਟ ਕਰੇ। ਜੇ ਉਹ ਸਿੱਖਾਂ ਲਈ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਖਾਲਿਸਤਾਨ ਦਾ ਹਾਮੀ ਹੈ ਤਾਂ ਸਾਡੀ ਉਸ ਨਾਲ ਕੋਈ ਅਸਹਿਮਤੀ ਨਹੀਂ। ਜੇ ਉਹ ਖਾਲਿਸਤਾਨ ਦਾ ਵਿਰੋਧੀ ਹੈ ਤਾਂ ਅਸੀਂ ਇਸ ਮੁੱਦੇ 'ਤੇ ਸੰਵਾਦ ਰਚਾ ਕੇ ਆਪੋ-ਆਪਣੇ ਨਜ਼ਰੀਏ ਪਾਠਕਾਂ ਨਾਲ ਸਾਂਝੇ ਕਰ ਸਕਦੇ ਹਾਂ।

ਇਸ ਤੋਂ ਬਿਨਾ ਅਵਤਾਰ ਸਿੰਘ ਨੇ ਆਪਣੇ ਲੇਖ ਵਿਚ ਹੋਰ ਵੀ ਕਈ ਦਿਲਚਸਪ ਗੱਲਾਂ ਕੀਤੀਆਂ ਹਨ। ਉਸ ਨੇ ਕੌਮੀ-ਰਾਜ ਦੇ ਮੁੱਦੇ 'ਤੇ ਪੱਛਮ ਵਿਚ ਚੱਲ ਰਹੀਆਂ ਬਹਿਸਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਕਿਵੇਂ ਵੱਖੋ-ਵੱਖ ਵਿਦਵਾਨਾਂ ਨੇ ਇਸ ਸਬੰਧੀ ਇੱਕ ਦੂਜੇ ਨਾਲ ਆਪਣੇ ਮੱਤਭੇਦ ਸਾਂਝੇ ਕੀਤੇ ਹਨ। ਉਪਰੋਕਤ ਟਿੱਪਣੀ ਤੋਂ ਇਹ ਤਾਂ ਪਤਾ ਲੱਗਦਾ ਹੈ ਕਿ ਅਵਤਾਰ ਸਿੰਘ ਨੂੰ ਕੌਮੀ-ਰਾਜ ਦੇ ਮੁੱਦੇ 'ਤੇ ਲਿਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਦੇ ਨਾਮ ਪਤਾ ਹਨ ਤੇ ਉਨ੍ਹਾਂ ਵਿਚ ਚੱਲ ਰਹੀਆਂ ਬਹਿਸਾਂ ਬਾਰੇ ਜਾਣਕਾਰੀ ਹੈ, ਪਰ ਇਸ ਦੀ ਇਸ ਲੇਖ ਵਿਚ ਕੋਈ ਤੁਕ ਨਹੀਂ ਬਣਦੀ। ਅਸਲ ਵਿਚ ਅਵਤਾਰ ਸਿੰਘ ਦੀ ਜਾਣਕਾਰੀ ਦਾ ਇਹ ਟੋਟਾ ਉਸ ਦੇ ਲੇਖ ਦੇ ਮੁੱਖ ਨੁਕਤੇ ਦੇ ਖਿਲਾਫ ਭੁਗਤਦਾ ਹੈ। ਭਲਾ ਪੁੱਛਣ ਵਾਲਾ ਹੋਵੇ, ਜੇ ਦੁਨੀਆਂ ਭਰ ਦੇ ਵਿਦਵਾਨ ਇੱਕ ਦੂਜੇ ਦੀ ਆਲੋਚਨਾ ਕਰਦੇ ਹਨ ਤਾਂ ਮੈਂ ਅਜਮੇਰ ਸਿੰਘ ਬਾਰੇ ਆਪਣੇ ਵਿਚਾਰ ਸਾਂਝੇ ਕਿਉਂ ਨਹੀਂ ਕਰ ਸਕਦਾ? ਹੋਰ ਤਾਂ ਹੋਰ, ਇਸੇ ਲੜੀ ਵਿਚ ਅਗਾਂਹ ਅਵਤਾਰ ਸਿੰਘ ਨੇ ਰੋਜ਼ਾ ਲੁਕਸਿਮਬਰਗ ਦਾ ਪ੍ਰਸੰਗ ਲੈ ਆਂਦਾ। ਰੋਜ਼ਾ ਲੁਕਸਿਮਬਰਗ ਵਿਦਵਾਨ ਆਗੂ ਸੀ, ਜੋ ਜਰਮਨੀ ਵਿਚ ਇਨਕਲਾਬ ਦੇ ਆਸ਼ੇ ਦੀ ਪੂਰਤੀ ਲਈ ਹਥਿਆਰਬੰਦ ਸੰਘਰਸ਼ ਦੀ ਅਗਵਾਈ ਕਰ ਰਹੀ ਸੀ। ਆਪਣੇ ਟੀਚੇ ਦੀ ਕਿਸੇ ਵੀ ਹੀਲੇ ਪੂਰਤੀ ਕਰਨ ਦੇ ਜਜ਼ਬੇ ਤਹਿਤ ਰੋਜ਼ਾ ਲੁਕਸਿਮਬਰਗ ਨੇ ਆਪਣੀ ਜਥੇਬੰਦੀ ਦੇ ਕਾਰਕੁਨਾਂ ਨੂੰ ਭੁਲੇਖਾ ਪਾਈ ਰੱਖਿਆ ਕਿ ਉਹ ਕਾਮਯਾਬੀ ਦੇ ਬਹੁਤ ਨੇੜੇ ਸਨ। ਅਸਲੀਅਤ ਇਸ ਦੇ ਐਨ ਉਲਟ ਹੋਣ ਕਾਰਨ ਬਗਾਵਤ ਬੁਰੀ ਤਰ੍ਹਾਂ ਅਸਫਲ ਰਹੀ ਅਤੇ ਜਰਮਨ ਫੌਜਾਂ ਨੇ ਰੋਜ਼ਾ ਲੁਕਸਿਮਬਰਗ ਤੇ ਉਸ ਦੇ ਸਾਥੀ ਕਾਰਲ ਲੀਇਬਕਨਿਸ਼ਤ ਨੂੰ ਗ੍ਰਿਫਤਾਰ ਕਰ ਕੇ ਗੋਲੀ ਮਾਰ ਕੇ ਕਤਲ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਗ੍ਰਿਫਤਾਰੀ ਤੋਂ ਪਹਿਲਾਂ ਰੋਜ਼ਾ ਲੁਕਸਿਮਬਰਗ ਨੇ ਆਪਣੇ ਸਿਆਸੀ ਵਿਰੋਧੀਆਂ, ਭਾਵ, ਸ਼ਾਈਡੇਮਨ ਦੇ ਸਮਰਥਕਾਂ ਦੇ ਕਤਲਾਂ ਦੇ ਹੁਕਮ ਦਿੱਤੇ ਸਨ। ਜੇ ਅਵਤਾਰ ਸਿੰਘ ਦੀ ਨਜ਼ਰ ਵਿਚ ਸਿਆਸੀ ਵਿਰੋਧੀਆਂ ਦੇ ਕਤਲ ਕਰਨ ਦੇ ਆਦੇਸ਼ ਦੇਣ ਵਾਲੀ ਰੋਜ਼ ਲੁਕਸਿਮਬਰਗ ਤਾਂ ਠੀਕ ਹੈ, ਤਾਂ ਮੇਰੀ ਅਜਮੇਰ ਸਿੰਘ ਦੀ ਆਲੋਚਨਾ ਕਿਵੇਂ ਗਲਤ ਹੋ ਗਈ? ਦੂਜੀ ਗੱਲ, ਅਵਤਾਰ ਸਿੰਘ ਨੇ ਇਹ ਵੇਰਵਾ ਸਾਂਝਾ ਨਹੀਂ ਕੀਤਾ ਕਿ ਰੋਜ਼ਾ ਲੁਕਸਿਮਬਰਗ ਦਾ ਲੈਨਿਨ ਨਾਲੋਂ ਤੋੜ-ਵਿਛੋੜਾ ਕਿਉਂ ਹੋਇਆ? ਲੈਨਿਨ ਕੌਮਾਂ ਦੇ ਆਪਾ-ਨਿਰਣੇ ਦੇ ਸਿਧਾਂਤ ਦਾ ਹਾਮੀ ਸੀ, ਜਦੋਂ ਕਿ ਰੋਜ਼ਾ ਲੁਕਸਿਮਬਰਗ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਵੇਖਣ ਵਾਲੀ ਗੱਲ ਹੈ ਕਿ ਕੌਮਾਂ ਦੇ ਆਪਾ-ਨਿਰਣੇ ਦੇ ਸਿਧਾਂਤ ਦਾ ਵਿਰੋਧ ਕਰਨ ਵਾਲੀ ਰੋਜ਼ਾ ਲੁਕਸਿਮਬਰਗ ਦੇ ਸੋਹਿਲੇ ਗਾਉਣ ਵਾਲਾ ਅਵਤਾਰ ਸਿੰਘ ਸਿੱਖਾਂ ਦੀ ਵੱਖਰੇ ਮੁਲਕ ਦੀ ਮੰਗ ਦਾ ਵਿਰੋਧ ਕਰਨ ਵਾਲੇ ਅਜਮੇਰ ਸਿੰਘ ਨੂੰ ਵੀ ਆਪਣੀ ਬੁੱਧੀ ਦੀਆਂ ਸੀਮਾਵਾਂ ਤੋਂ ਪਾਰ ਦੇ ਚਿੰਤਕ ਵਜੋਂ ਵਡਿਆਉਂਦਾ ਹੈ।

ਅਵਤਾਰ ਸਿੰਘ ਵਲੋਂ ਕੌਮੀ-ਰਾਜ ਬਾਰੇ ਆਪਣੇ ਅਧਿਐਨ ਦੀ ਵਿਸ਼ਾਲਤਾ ਸਾਂਝੀ ਕਰਨ

***(ਬਾਕੀ ਅਗਲੇ ਸਫੇ 'ਤੇ)***

# ਅਜਮੇਰ ਸਿੰਘ, ਪ੍ਰਭਸ਼ਰਨ ਭਰਾ ਅਤੇ ਮਸਲਾ ਸਿੱਖ ਹੋਮਲੈਂਡ ਦਾ

ਅੱਜ ਤੋਂ ਕੋਈ 15 ਕੁ ਸਾਲ ਪਹਿਲਾਂ ਫਰੀਦਾਬਾਦ ਰਹਿੰਦਿਆਂ ਜਦ ਅਸੀਂ ਕੈਨੇਡਾ ਦੀ ਇਮੀਗਰੇਸ਼ਨ ਲਈ ਅਪਲਾਈ ਕੀਤਾ ਤਾਂ ਸਾਨੂੰ ਦੱਸਿਆ ਗਿਆ ਕਿ ਪਤੀ-ਪਤਨੀ ਦਾ ਮੈਰਿਜ ਸਰਟੀਫਿਕੇਟ ਦਸਤਾਵੇਜ਼ਾਂ 'ਚ ਲੱਗਣਾ ਹੈ, ਇਸ ਲਈ ਬਣਵਾ ਲਿਆ ਜਾਵੇ। ਪੰਜਾਬ ਵਿਖੇ ਹੋਏ ਸਾਡੇ ਵਿਆਹ ਨੂੰ ਕੋਈ 25 ਕੁ ਸਾਲ ਹੋ ਚੁਕੇ ਸਨ ਤੇ ਜਾਹਰ ਹੈ, ਉਦੋਂ ਇਸ ਸਰਟੀਫਿਕੇਟ ਦੀ ਕੋਈ ਅਹਿਮੀਅਤ ਨਹੀਂ



ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਸਮਝੀ ਜਾਂਦੀ ਸੀ। ਮੈਂ ਆਪਣੇ ਸਾਲਾ ਸਾਹਿਬ ਨੂੰ ਸੰਪਰਕ ਕਰਕੇ ਜਾਣਨਾ ਚਾਹਿਆ ਕਿ ਇਹ ਦਸਤਾਵੇਜ਼ ਚਾਹੀਦਾ ਹੈ, ਇਸ ਦੀ ਪ੍ਰਾਪਤੀ ਦਾ ਰਾਹ ਦੱਸਿਆ ਜਾਵੇ। ਉਨ੍ਹਾਂ ਕਚਹਿਰੀ ਜਾ ਕੇ ਇਸ ਬਾਰੇ ਦਰਿਆਫਤ ਕੀਤਾ ਅਤੇ ਦੱਸਿਆ, "ਆ ਜਾਓ, ਇਹ ਕੰਮ ਹੋ ਜਾਵੇਗਾ।" ਖਰਚਾ ਕੋਈ ਛੇ-ਸੱਤ ਹਜ਼ਾਰ ਦਾ ਦੱਸਿਆ ਗਿਆ।

ਕੈਨੇਡਾ ਲਈ ਇਹ ਕੌੜਾ ਘੁੱਟ ਤਾਂ ਭਰਨਾ ਹੀ ਪੈਣਾ ਸੀ। ਮੈਂ ਪੰਜਾਬ ਜਾਣ ਦਾ ਪ੍ਰੋਗਰਾਮ ਬਣਾਉਣ ਲੱਗਾ। ਅਚਾਨਕ ਮੈਂ ਸੋਚਿਆ, ਪਈ ਇੱਥੇ ਫਰੀਦਾਬਾਦ ਦੀ ਕਚਹਿਰੀ ਵੀ ਕਿਉਂ ਨਾ ਪਤਾ ਕਰ ਲਿਆ ਜਾਵੇ! ਜੇ ਪੰਜ-ਸੱਤ ਸੌ ਵੱਧ ਖਰਚ ਕੇ ਇੱਥੇ ਹੀ ਕੰਮ ਹੋ ਜਾਵੇ ਤਾਂ ਪੰਜਾਬ ਆਉਣ-ਜਾਣ ਦਾ ਝੰਜਟ ਮੁੱਕ ਜਾਵੇਗਾ। ਅਗਲੇ ਦਿਨ ਮੈਂ ਕਚਹਿਰੀ ਗਿਆ ਅਤੇ ਇਸ ਦਸਤਾਵੇਜ਼ ਨੂੰ ਹਾਸਲ ਕਰਨ ਦਾ ਰਾਹ ਪੁੱਛ ਆਇਆ। ਸੱਚ ਜਾਣਿਓ, ਉਸ ਤੋਂ ਅਗਲੇ ਦਿਨ ਅਸੀਂ ਪਤੀ-ਪਤਨੀ ਜਰੂਰੀ ਕਾਗਜ਼ਾਤ ਲੈ ਕੇ ਕਚਹਿਰੀ ਚਲੇ ਗਏ ਅਤੇ ਚਾਰ ਘੰਟੇ ਵਿਚ ਸਿਰਫ 750 ਰੁਪਏ ਖਰਚ ਕੇ ਸਰਟੀਫਿਕੇਟ ਲੈ ਕੇ ਘਰ ਆ ਗਏ।

ਫਰੀਦਾਬਾਦ ਸਥਿਤ ਰੈਫਰਿਜਰੇਟਰ ਫੈਕਟਰੀ ਤੋਂ ਵਾਲੰਟੀਅਰ ਰਿਟਾਇਰਮੈਂਟ ਲੈ ਅਸੀਂ ਕੈਨੇਡਾ ਆ ਗਏ। ਕੁਝ ਸਮੇਂ ਬਾਅਦ ਅਸੀਂ ਫਰੀਦਾਬਾਦ ਆਪਣਾ ਮਕਾਨ ਵੇਚ ਪੰਜਾਬ ਮਾਛੀਵਾੜਾ ਵਿਖੇ ਮਕਾਨ ਖਰੀਦ ਲਿਆ, ਕਿਉਂਕਿ ਕਰੀਬ ਸਾਰੀਆਂ ਰਿਸ਼ਤੇਦਾਰੀਆਂ ਇੱਧਰ ਹੀ ਸਨ। ਮਕਾਨ ਦੀ ਖਰੀਦੋ ਫਰੋਖਤ ਅਤੇ ਹੋਰ ਕਈ ਕੰਮਾਂ ਦੌਰਾਨ ਕੁਝ ਹੋਰ ਕੌੜੇ ਤਜ਼ਰਬੇ ਹੋਏ, ਜਿਨ੍ਹਾਂ ਕਰਕੇ ਮੈਂ ਜਾਣਿਆ ਕਿ ਪੰਜਾਬ 'ਚ ਸਿੱਖੀ ਸਰੂਪ ਵਿਚ ਅਹੁਦਿਆਂ 'ਤੇ ਬੈਠਾ ਅਮਲਾ ਫੈਲਾ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬਾਹਰਲੀਆਂ ਸਟੇਟਾਂ ਦੇ ਗੈਰ-ਸਿੱਖਾਂ ਤੋਂ ਕਿਸੇ ਪਾਸੋਂ ਵੀ ਘੱਟ ਨਹੀਂ, ਮਾਸਾ ਵੱਧ ਹੀ ਹੈ। ਇੱਕ ਦਿਨ ਕਿਸੇ ਕੰਮ ਲਈ ਬਿਜਲੀ ਦੇ ਦਫਤਰ ਗਿਆ ਤਾਂ ਮੈਨੂੰ ਅਗਲੇ ਦਿਨ ਆਉਣ ਲਈ ਕਿਹਾ ਗਿਆ, ਕਿਉਂਕਿ ਦਫਤਰ ਵਿਖੇ ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਅਸੀਂ ਕਦੋਂ ਸਮਝਾਂਗੇ ਕਿ ਇਸੇ ਲਈ ਅਸੀਂ "ਵਰਕ ਇਜ਼ ਵਰਸ਼ਿਪ" ਨੂੰ ਤਰਜੀਹ ਦੇਣ ਵਾਲੇ ਪੱਛਮੀ ਦੇਸ਼ਾਂ ਵੱਲ ਕੂਚ ਕਰਨ ਲਈ ਮਜਬੂਰ ਹਾਂ। ਸਿਰਫ ਬਾਹਰੀ ਦਿੱਖ ਨਹੀਂ, ਸਗੋਂ ਬੇਦਾਗ ਚਰਿੱਤਰ ਹੀ 'ਖਾਲਸਾ' ਅਖਵਾਉਣ ਦਾ ਹੱਕ ਦਿੰਦਾ ਹੈ। ਇਸ ਨੂੰ ਸਮਝਣਾ ਜਰੂਰੀ ਹੈ।

'ਪੰਜਾਬ ਟਾਈਮਜ਼' ਦੇ ਸਫਿਆਂ 'ਤੇ ਸਿੱਖ ਹੋਮਲੈਂਡ ਦੀ ਪ੍ਰਾਪਤੀ ਲਈ ਵਿਦਵਾਨਾਂ ਦੀ ਜੱਦੋਜਹਿਦ ਅਤੇ ਇਸ 'ਤੇ ਉਠ ਰਹੇ ਸ਼ੰਕੇ ਦਿਲਚਸਪ ਮੋੜ ਲੈ ਰਹੇ ਹਨ। 'ਸਿੱਖ ਵਿਰਸਾ' ਦੇ ਸੰਪਾਦਕ ਸ. ਹਰਚਰਨ ਸਿੰਘ ਪਰਹਾਰ ਨੇ ਜਿਸ ਬੇਬਾਕੀ ਨਾਲ ਕੁਰਾਹੇ ਪਏ ਬੇਲਗਾਮ ਸੰਘਰਸ਼ ਦਾ ਸੱਚ ਬਿਆਨਿਆ ਹੈ, ਸ਼ਲਾਘਾਯੋਗ ਹੈ। ਵਿਦਵਾਨ ਪ੍ਰਭਸ਼ਰਨ ਭਰਾ ਲਿਖਦੇ ਹਨ ਕਿ ਪੰਜਾਬ 'ਚ ਸੰਘਰਸ਼ ਦੌਰਾਨ ਜੁਝਾਰੂ ਸਿੰਘ ਗੁਰਬਾਣੀ ਦਾ ਆਸਰਾ ਲੈ ਆਤਮਕ ਸਫਰ ਦੀ ਸੁਰਜੀਤੀ ਦੇ ਰਾਹ ਪਏ ਸਨ। ਵਾਹ! ਗੁਰਬਾਣੀ ਦੀ ਇਹ ਕਿਹੋ ਜਿਹੀ ਪ੍ਰੇਰਣਾ ਸੀ, ਜੋ ਲੁੱਟਾਂ ਖੋਹਾਂ ਅਤੇ ਮਾਸੂਮਾਂ ਦੀਆਂ ਬੇਕਿਰਕ ਹੱਤਿਆਵਾਂ ਦਾ ਕਾਰਨ ਬਣਦੀ ਸੀ। ਡੀ ਆਈ ਜੀ ਅਟਵਾਲ ਅਤੇ




ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦੀਆਂ ਕੰਪਲੈਕਸ ਦੇ ਅੰਦਰ ਹੀ ਹਤਿਆਵਾਂ, ਕੀ ਪੁਲਿਸ ਨੂੰ ਕੰਪਲੈਕਸ ਦੇ ਅੰਦਰ ਆਉਣ ਦਾ ਖੁਲ੍ਹਾ ਚੈਲੰਜ ਦੇਣ ਦੇ ਤੁਲ ਨਹੀਂ ਸਨ? 1989 ਦੀਆਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ ਅਤੇ ਉਸ ਦੇ ਸਾਥੀ ਭਾਰੀ ਬਹੁਗਿਣਤੀ ਨਾਲ ਚੋਣਾਂ ਜਿੱਤ ਗਏ, ਪਰ ਉਸ ਤੋਂ ਪਿਛੋਂ ਪੰਜਾਬ ਦੀ ਧਰਤੀ 'ਤੇ ਫੈਡਰੇਸ਼ਨ ਦੇ ਵਖ ਵਖ ਧੜਿਆਂ ਅਤੇ ਖਾੜਕੂਆਂ ਨੇ ਆਮ ਲੋਕਾਂ ਨੂੰ ਜਿਸ ਤਰ੍ਹਾਂ ਦਿਨੇ ਤਾਰੇ ਵਿਖਾਏ, ਕੀ ਉਹ ਦਿਨ ਅਜਮੇਰ ਸਿੰਘ ਜਾਂ ਪ੍ਰਭਸ਼ਰਨ ਭਰਾਵਾਂ ਨੂੰ ਭੁਲ ਗਏ ਹਨ।

ਅਕਸਰ ਕਿਹਾ ਜਾਂਦੈ ਕਿ ਬਾਕੀ ਗੁਰਦੁਆਰਿਆਂ 'ਤੇ ਹਮਲੇ ਕਿਉਂ ਹੋਏ? ਸੱਚ ਇਹ ਹੈ ਕਿ ਹੋਰ ਗੁਰਦੁਆਰਿਆਂ ਵਿਚ ਵੀ ਖਾੜਕੂਆਂ ਨੇ ਡੇਰੇ ਲਾਏ ਸਨ, ਜਿੱਥੋਂ ਇਹ ਫਰਾਰ ਹੋ ਯੂ. ਪੀ. ਜਾ ਵੜੇ ਸਨ। ਇੱਕ ਸੱਜਣ ਨੇ ਦੱਸਿਆ ਕਿ ਅਜਿਹਾ ਹੀ ਇੱਕ ਖਾੜਕੂ ਟੋਲਾ ਯੂ. ਪੀ. ਵਿਚ ਇੱਕ ਫਾਰਮ 'ਤੇ ਪਹੁੰਚਿਆ, ਏ. ਕੇ. ਸੰਤਾਲੀ ਦੀ ਨੋਕ 'ਤੇ ਖਾਧਾ ਪੀਤਾ, ਰਾਤ ਕੱਟੀ ਅਤੇ ਸਵੇਰੇ ਹਨੇਰੇ ਹੀ ਘਰਦਿਆਂ ਨੂੰ ਉਨ੍ਹਾਂ ਵਲੋਂ ਦੱਸੀ ਜਗ੍ਹਾ ਛੱਡ ਆਉਣਾ ਪਿਆ। ਪਰ ਫਿਰ ਕੁਝ ਦਿਨ ਪਿਛੋਂ ਹੀ ਉਹ ਉਸੇ ਡੇਰੇ 'ਤੇ ਵਾਪਸ ਆ ਗਏ ਤੇ ਪੱਕੇ ਬੰਕਰ ਬਣਾ ਕੇ ਡਟ ਗਏ ਸਨ। ਅਜਮੇਰ ਸਿੰਘ ਤੇ ਪ੍ਰਭਸ਼ਰਨ ਭਰਾਵਾਂ ਨੇ ਰੁਦਰਪੁਰ ਅਤੇ ਪੀਲੀਭੀਤ ਖੇਤਰ ਦੇ ਉਨ੍ਹਾਂ ਡੇਰਿਆਂ ਦੀ ਖਬਰ ਵੀ ਕਦੇ ਜਾ ਕੇ ਲਈ ਹੈ ਕਿ ਲੋਕਾਂ ਨੇ

## ਪ੍ਰਤੀਕਰਮ

'ਸਿੱਕਾਸ਼ਾਹੀ' ਦੇ ਉਸ ਦੌਰ ਵਿਚ ਦਿਨ ਕਿੱਦਾਂ ਕੱਟੇ ਸਨ। ਇਸ ਲਹਿਰ ਦੇ ਕਿਸ ਆਗੂ ਵਲੋਂ ਅਜਿਹੇ ਘਿਨਾਉਣੇ ਕੰਮਾਂ ਦੀ ਨਿਖੇਧੀ ਕੀਤੀ ਗਈ? ਜੇ ਮਸਲੇ ਤੱਕ ਸੰਤੁਲਿਤ ਪਹੁੰਚ ਅਪਨਾਉਣ ਵਾਲਿਆਂ ਨੂੰ ਆਰ. ਐਸ. ਐਸ. ਜਾਂ ਭਾਰਤੀ ਹਕੂਮਤ ਦੇ ਏਜੰਟ ਕਿਹਾ ਜਾ ਸਕਦੈ ਤਾਂ ਭਾਰਤ ਨੂੰ ਤੋੜਨ ਦਾ ਸ਼ੜਯੰਤਰ ਰਚਣ ਵਾਲਿਆਂ ਨੂੰ ਭਾਰਤ ਦੇ ਦੁਸ਼ਮਣਾਂ ਦਾ ਏਜੰਟ ਕਿਉਂ ਨਹੀਂ ਕਿਹਾ ਜਾ ਸਕਦਾ? ਪਾਕਿਸਤਾਨ ਰਾਹੀਂ ਅਤਿਵਾਦ ਨੂੰ ਹਮਾਇਤ ਜੱਗ ਜਾਹਰ ਹੈ, ਭਾਵੇਂ ਇਸ ਦੇ ਭਿਅੰਕਰ ਨਤੀਜੇ ਉਹ ਖੁਦ ਵੀ ਭੁਗਤ ਰਿਹਾ ਹੈ।

ਅੰਤ ਵਿਚ ਪ੍ਰਭਸ਼ਰਨ ਭਰਾਵਾਂ ਤੇ ਅਜਮੇਰ ਸਿੰਘ ਵਰਗੇ ਸਿੱਖ ਚਿੰਤਕਾਂ ਨੂੰ ਸਨਿਮਰ ਬੇਨਤੀ ਹੈ ਕਿ ਸਿੱਖ ਨੌਜਵਾਨਾਂ ਨੂੰ ਵੱਖਵਾਦ ਦੇ ਰਾਹ ਤੋਰ ਕੇ ਆਪਣੀ ਅਮੁੱਲੀ ਵਿਦਵਤਾ ਜਾਇਆ ਨਾ ਕਰਨ, ਜਿਵੇਂ ਕਿ ਅਜਮੇਰ ਸਿੰਘ ਆਪਣੀਆਂ ਕੈਸਟਾਂ ਅੰਦਰ ਪਿਛਲੇ 10-12 ਵਰ੍ਹਿਆਂ ਤੋਂ ਕਰਦਾ ਆ ਰਿਹਾ ਹੈ। ਚਾਹੀਦਾ ਇਹ ਹੈ ਕਿ ਇਹ ਲੋਕ ਉਨ੍ਹਾਂ ਵਿਚ ਉੱਚ ਕਿਰਦਾਰ ਬਹਾਲੀ ਦਾ ਉਪਰਾਲਾ ਕਰ ਆਪਣੀ ਵਿਦਵਤਾ ਸਾਰਥਕ ਕਰਨ, ਜਿਸ ਤਰ੍ਹਾਂ ਕਿ ਅਜਮੇਰ ਸਿੰਘ ਇਸ ਪਾਸੇ ਤੁਰਨ ਦਾ ਜਤਨ ਕਰ ਹੀ ਰਿਹਾ ਹੈ। ਪ੍ਰਭਸ਼ਰਨ ਭਰਾ ਉਸ ਨੂੰ ਦੁਬਾਰਾ ਪੁਠੇ ਰਾਹੇ ਨਾ ਮੋੜਨ। ਸੱਚ ਤਾਂ ਇਹ ਹੈ ਕਿ ਦੁਨੀਆਂ ਦਾ ਹਰ ਕੋਨਾ ਉਨ੍ਹਾਂ ਲਈ 'ਹੋਮਲੈਂਡ' ਹੈ, ਜਿੱਥੇ ਆਪਣੀ ਪ੍ਰਤਿਭਾ ਅਤੇ ਮਿਸਾਲੀ ਚਰਿੱਤਰ (ਖਾਲਸ) ਨਾਲ ਸਿੱਖੀ ਦੀ ਸ਼ਾਨ ਬਹਾਲ ਕੀਤੀ ਜਾ ਸਕਦੀ ਹੈ। ਖਾਲਸੇ ਦੇ ਬੋਲਬਾਲੇ ਨੂੰ ਅਮਲੀ ਜਾਮਾ ਪਹਿਨਾਉਣ ਦਾ ਇਸ ਤੋਂ ਵਧੀਆ ਕੋਈ ਉਪਾਅ ਨਹੀਂ।

# ਅਜੇ ਵੀ ਬਾਜ ਨਹੀਂ ਆ ਰਹੇ ਧਾਰਮਿਕ ਤੇ ਰਾਜਸੀ ਚੌਧਰੀ !

ਇਹ ਕੋਈ ਪੰਜ ਦਹਾਕੇ ਪਹਿਲਾਂ ਦੀ ਗੱਲ ਹੈ। ਉਸ ਵੇਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਸਿੱਖ ਸਮਾਜ ਵਿਚ ਕਾਫੀ ਸਰਗਰਮ ਹੁੰਦੀ ਸੀ। ਫੈਡਰੇਸ਼ਨ ਦਿਆਂ ਕਾਰਕੁਨਾਂ ਵਿਚ ਜੋਸ਼ ਸੀ। ਹਰ ਐਤਵਾਰ ਕਿਸੇ ਨਾ ਕਿਸੇ ਸਿੱਖ ਹਿਤੈਸ਼ੀ ਦੇ ਘਰ ਫੈਡਰੇਸ਼ਨ ਵਰਕਰਾਂ ਦੀ ਮੀਟਿੰਗ ਹੋਇਆ ਕਰਦੀ। ਟਰੇਨਿੰਗ ਕੈਂਪ ਵੀ ਲੱਗਿਆ ਕਰਦੇ ਸਨ। ਉਸ ਵੇਲੇ ਫੈਡਰੇਸ਼ਨ ਦੇ ਲੀਡਰਾਂ ਦੀਆਂ ਸਰਗਰਮੀਆਂ

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਸਿੱਖ ਰਾਜਨੀਤਕ, ਸਮਾਜਕ ਤੇ ਧਾਰਮਿਕ ਹਲਕਿਆਂ ਵਿਚ ਮਹਿਸੂਸ ਕੀਤੀਆਂ ਜਾ ਸਕਦੀਆਂ ਸਨ। ਹਰ ਐਤਵਾਰ ਸਾਡੇ ਸਥਾਨਕ ਗੁਰਦੁਆਰਾ ਸਾਹਿਬ ਬਿਹਾਲਾ, ਜੋ ਛੋਟਾ ਸੀ ਤੇ ਸਥਾਨਕ ਸੰਗਤਾਂ ਦੀ ਧਾਰਮਿਕ ਜਗਿਆਸਾ ਪੂਰਤੀ ਦਾ ਕੇਂਦਰ ਸੀ, ਵਿਖੇ ਵੀ ਥੋੜ੍ਹੇ ਜਿਹੇ ਵਕਫੇ ਨਾਲ ਫੈਡਰੇਸ਼ਨ ਵਾਲੇ ਗੇੜਾ ਮਾਰਦੇ ਰਹਿੰਦੇ ਸਨ।

ਇਕ ਐਤਵਾਰ ਦੀ ਗੱਲ ਹੈ, ਮੈਂ ਜਦੋਂ ਗੁਰਦੁਆਰਾ ਸਾਹਿਬ ਗਿਆ ਤਾਂ ਜੋੜਾ ਘਰ ਵਿਚ ਹੀ ਮੈਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਅਹੁਦੇਦਾਰ ਨੇ ਰੋਕ ਲਿਆ ਅਤੇ ਸਿੱਖ ਧਰਮ ਬਾਰੇ ਦੱਸਣ ਲੱਗ ਪਿਆ। ਖੈਰ, ਮੈਂ ਸਨਮਾਨ ਵੱਸ ਥੋੜ੍ਹੀ ਦੇਰ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਉਨ੍ਹਾਂ ਅਸਲੀ ਮੁੱਦੇ 'ਤੇ ਆਉਂਦਿਆਂ ਮੈਨੂੰ ਕਿਹਾ ਕਿ ਤੁਸੀਂ ਸਿੱਖ ਤਾਂ ਹੋ, ਪਰ ਵਧੇਰੇ ਪਰਿਪਕਤਾ ਲਈ ਤੁਹਾਨੂੰ ਫੈਡਰੇਸ਼ਨ ਜੁਆਇਨ ਕਰਨੀ ਚਾਹੀਦੀ ਹੈ। ਮੈਨੂੰ ਛੋਟੇ ਹੁੰਦਿਆਂ ਤੋਂ ਹੀ ਆਪਣੇ ਸਿੱਖ ਹੋਣ 'ਤੇ ਮਾਣ ਸੀ। ਮੈਨੂੰ ਛੋਟੀ ਉਮਰੇ ਹੀ ਗੁਰੂ ਨਾਨਕ ਨੇ, ਅਜੇ ਵੀ ਪਤਾ ਨਹੀਂ ਕਿਉਂ, ਅਨੰਤ ਪ੍ਰਭਾਵਿਤ ਕੀਤਾ ਹੋਇਆ ਸੀ। ਮੈਂ ਭਾਈ ਸਾਹਿਬ ਨੂੰ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਜੁਆਇਨ ਕਰਨ ਤੋਂ ਪਹਿਲਾਂ ਹੀ ਮੈਨੂੰ ਸਿੱਖ ਧਰਮ ਨੇ ਅਜਿਹਾ ਗ੍ਰਸਿਆ ਹੋਇਆ ਹੈ ਕਿ ਜੇ ਮੈਂ ਸਿੱਖ ਪਰਿਵਾਰ ਵਿਚ ਨਾ ਵੀ ਜਨਮ ਲਿਆ ਹੁੰਦਾ ਤਾਂ ਵੀ ਸਿੱਖ ਧਰਮ ਅਪਨਾ ਲੈਣਾ ਸੀ।

ਮੈਂ ਸਿੱਖ ਸਟੂਡੈਂਟਸ ਫੈਡਰੇਸ਼ਨ ਜੁਆਇਨ ਨਹੀਂ ਕੀਤੀ, ਪਰ ਮੈਂ ਤਾਅ ਜ਼ਿੰਦਗੀ ਸਿੱਖ ਹੋਣ 'ਤੇ ਮਾਣ ਮਹਿਸੂਸ ਕੀਤਾ ਹੈ, ਆਖਰੀ ਸਵਾਸ ਤੱਕ ਕਰਦਾ ਰਹਾਂਗਾ। ਅਫਸੋਸ! ਬੇਹਿਸਾਬ ਵਾਰ ਮੈਨੂੰ ਸਿੱਖ ਹੋਣ 'ਤੇ ਆਤਮ ਗਿਲਾਨੀ ਵੀ ਹੋਈ। ਜਦੋਂ ਮੈਂ ਚੜ੍ਹਦੀ ਉਮਰੇ ਸਿੱਖਾਂ ਨੂੰ ਪਹਿਲੀ ਵਾਰ ਆਪਣੇ ਰਾਜ ਪੰਜਾਬ ਨਾਲ ਧ੍ਰੋਹ ਕਮਾਉਂਦਿਆਂ ਵੇਖਿਆ। ਮੈਂ ਆਪਣੀਆਂ ਸਕੂਲੀ ਕਿਤਾਬਾਂ ਵਿਚਲੇ ਨਕਸ਼ਿਆਂ ਵਿਚ ਪੰਜਾਬ ਨੂੰ ਬਹੁਤ ਵੱਡੇ ਸੂਬੇ ਵਜੋਂ ਗੌਰਵ ਨਾਲ ਵੇਖਿਆ ਹੈ, ਪਰ ਸਿੱਖਾਂ (ਅਕਾਲੀਆਂ) ਨੇ ਆਪਣੇ ਨਿੱਜੀ ਰਾਜਨੀਤਕ ਲਾਭ ਲਈ ਆਪਣੇ ਹੀ ਰਾਜ ਦੀ ਛੰਟਾਈ ਤੇ ਕਟਾਈ ਮੰਨ ਲਈ। ਸਕੂਲ ਦੀਆਂ ਕਿਤਾਬਾਂ ਵਿਚ ਜਦੋਂ ਪੰਜਾਬ ਦਾ ਨਵਾਂ ਸਵਰੂਪ ਤੱਕਿਆ ਤਾਂ ਸਮਝ ਨਹੀਂ ਸੀ ਆਇਆ ਕਿ ਆਖਰ ਐਡੀ ਵੱਡੀ ਕੁਰਬਾਨੀ ਦੀ ਕਿਉਂ ਲੋੜ ਪੈ ਗਈ?

ਪੰਜਾਬ ਨੂੰ ਕਤਲ ਕਰਨ ਲਈ ਉਦੋਂ, ਜਦੋਂ ਅਕਾਲੀਆਂ ਨੇ ਮੋਰਚੇ ਲਾਏ ਤਾਂ ਕਲਕੱਤੇ, ਜਿੱਥੇ ਮੈਂ ਰਹਿੰਦਾ ਸਾਂ, ਸਾਡੇ ਇਕ ਗਵਾਂਢੀ ਪਰਿਵਾਰ ਦੀ ਸਿਆਣੀ ਉਮਰ ਦੀ ਔਰਤ ਨੇ ਵੀ ਗ੍ਰਿਫਤਾਰੀ ਦਿੱਤੀ ਸੀ ਤੇ ਜੇਲ੍ਹ ਵੀ ਕੱਟੀ ਸੀ। ਜਦੋਂ ਉਹ ਜੇਲ੍ਹ ਕੱਟ ਕੇ ਆਈ ਤਾਂ ਕਹਿੰਦੀ ਹੁੰਦੀ ਸੀ, ਹੁਣ ਸਿੱਖਾਂ ਦਾ ਆਪਣਾ ਰਾਜ ਹੋਇਆ ਕਰੇਗਾ। ਉਹ ਬੀਬੀ ਵੀ 'ਬੇਗਮ ਪੁਰਾ' ਰਾਜ ਦੀਆਂ ਗੱਲਾਂ ਕਰਦੀ ਹੁੰਦੀ ਸੀ। ਪੰਜਾਬੀ ਸੂਬਾ ਲੈ ਲਿਆ, ਪਰ ਸਮਾਂ ਪੈਣ 'ਤੇ ਸਿੱਖਾਂ ਨੂੰ 'ਬੇਗਮ ਪੁਰਾ' ਤਾਂ ਨਹੀਂ ਨਸੀਬ ਹੋਇਆ, ਪਰ ਹਾਂ! ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ (ਬੇਗਮ) ਸੁਰਿੰਦਰ ਕੌਰ ਦਾ




ਬ੍ਰੀਫ ਕੇਸ ਲੈਣ ਵਾਲਾ ਰਾਜ ਜ਼ਰੂਰ ਮਿਲਿਆ। ਪ੍ਰਕਾਸ਼ ਸਿੰਘ ਬਾਦਲ ਦੀ ਬੇਗਮ (ਪਤਨੀ) ਦੇ ਗੁਜ਼ਰਨ ਤੋਂ ਛੋਟੇ ਬਾਦਲ ਦੀ ਬੇਗਮ (ਹਰਸਿਮਰਤ ਕੌਰ) ਦੀ ਦਿੱਲੀ ਵਾਲੀ ਕੁਰਸੀ ਲਈ ਅਕਾਲੀ ਦਲ ਕਿਵੇਂ ਤਰਲੋ-ਮੱਛੀ ਹੋ ਰਿਹਾ ਹੈ, ਕੀ ਕੋਈ ਵੀ ਸਿੱਖ ਇਸ ਪ੍ਰਸਥਿਤੀ 'ਤੇ ਮਾਣ ਕਰਨ ਦੀ ਗੱਲ ਕਰ ਸਕਦਾ ਹੈ?

ਸਾਰੀਆਂ ਰਾਜਸੀ ਪਾਰਟੀਆਂ ਨੇ ਪੰਜਾਬ ਦੀ ਲੁੱਟ ਖਸੁੱਟ ਹੀ ਕੀਤੀ ਹੈ। ਪੰਜਾਬ ਦੀ ਤਬਾਹੀ ਲਈ ਰਾਜਸੀ ਧਿਰਾਂ ਨੇ ਹਮੇਸ਼ਾ ਹੀ ਅਜਿਹੇ ਕਾਰਨਾਮੇ ਕੀਤੇ ਹਨ, ਜੋ ਮਾਣ ਕਰਨ ਵਾਲੇ ਨਹੀਂ ਹਨ। ਕਿਸੇ ਵੀ ਰਾਜਨੀਤਕ ਧਿਰ ਨੇ ਸਿੱਖਾਂ ਵਿਚ ਸਿੱਖ ਦੇ ਗੌਰਵ ਨੂੰ ਭਰਨ ਦੀ ਥਾਂ ਸਿੱਖਾਂ ਦੀ ਜੱਗ ਹਸਾਈ ਹੀ ਕਰਵਾਈ ਹੈ। ਸਿੱਖ ਰਾਜਨੀਤਕ ਦੇਸ਼ ਦੀ ਜੰਗੇ ਆਜ਼ਾਦੀ ਵਿਚ ਸਿੱਖਾਂ ਦੀਆਂ ਸ਼ਾਨਦਾਰ ਸ਼ਹੀਦੀਆਂ ਤੇ ਕੁਰਬਾਨੀਆਂ ਦਾ ਵੀ ਸਹੀ ਮੁੱਲ ਨਹੀਂ ਪੁਆ ਸਕੇ। ਨਿੱਜੀ ਸੌਦੇਬਾਜ਼ੀਆਂ ਦੇ ਘਟੀਆ ਪੱਧਰ 'ਤੇ ਉਤਰ ਆਏ। ਕੌਮ ਨੂੰ ਭੁਲਾ ਕੇ ਨਿੱਜੀ ਲਾਭਾਂ ਨੂੰ ਤਰਜੀਹ ਦਿੱਤੀ।

ਸਿੱਖਾਂ ਦਾ ਗੌਰਵ ਕਦੇ ਵੀ ਇਨ੍ਹਾਂ ਰਾਜਨੀਤਕਾਂ ਦੀ ਪ੍ਰਾਥਮਿਕਤਾ ਨਹੀਂ ਰਿਹਾ। 'ਹਮ ਹਿੰਦੂ ਨਹੀਂ" ਜਿਹੇ ਬੇਲੋੜੇ ਵਿਸ਼ੇ 'ਤੇ ਕੌਮ ਨੂੰ ਉਲਝਾਇਆ ਹੋਇਆ ਹੈ। ਭਲਾ ਇਨ੍ਹਾਂ ਨੂੰ ਕੋਈ ਪੁੱਛੇ ਕਿ ਤੁਹਾਨੂੰ ਖੁਦ ਆਪਣੇ ਸਿੱਖ ਹੋਣ 'ਤੇ ਭਰੋਸਾ ਨਹੀਂ? ਤੁਸੀਂ ਕਿਉਂ ਓਪਰਿਆਂ ਨੂੰ ਸੱਦਾ ਦੇ ਰਹੇ ਕਿ ਸਾਨੂੰ ਸਿੱਖ ਹੋਣ ਦਾ ਸਰਟੀਫਿਕੇਟ ਦਿਉ? ਉਹ ਤਾਂ ਖੁਸ਼ ਹਨ ਕਿ ਤੁਸੀਂ ਉਨ੍ਹਾਂ ਨੂੰ ਅਥਾਰਟੀ ਦਾ ਦਰਜਾ ਦੇ ਰਹੇ ਹੋ! ਆਨੰਦ ਮੈਰਿਜ ਦਾ ਮਸਲਾ ਇੰਜ ਉਛਾਲਿਆ ਕਿ ਜਿਵੇਂ ਇਸ ਦੇ ਲਾਗੂ ਹੋਣ ਨਾਲ ਸਿੱਖਾਂ ਦੀ ਜਾਨ ਬਹੁਤ ਸੁਖਾਲੀ ਹੋ ਜਾਣੀ ਹੈ। ਪਿਛਲੇ ਕਈ ਦਹਾਕਿਆਂ ਤੋਂ ਤਾਂ ਕੰਮ ਚੱਲ ਹੀ ਰਿਹਾ ਸੀ? ਲੱਗਦਾ ਹੈ ਕਿ ਸਿੱਖ ਸਿਆਸਤਦਾਨ ਚਾਹੁੰਦੇ ਹੀ ਨਹੀਂ ਕਿ ਸਿੱਖ ਕਿਤੇ ਟਿਕ ਕੇ ਬੈਠਣ ਤੇ ਆਪਣੇ ਬਾਰੇ ਵੀ ਸੋਚਣ।

ਸਿਆਸਤਦਾਨਾਂ ਨੇ ਤਾਂ ਸਿੱਖਾਂ ਦੀ ਹੇਠੀ ਕੀਤੀ ਹੀ ਹੈ, ਸਾਡੇ ਧਾਰਮਿਕ ਆਗੂਆਂ ਨੇ ਵੀ

## ਵਿਚਾਰ-ਚਰਚਾ

ਸਿੱਖਾਂ ਦੀ ਜੱਗ-ਹਸਾਈ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਚਾਹੀਦਾ ਤਾਂ ਸੀ, ਸਿੱਖਾਂ ਨੇ ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਦਰਬਾਰ ਸਾਹਿਬ ਕੰਪਲੈਕਸ ਨੂੰ ਵੈਟੀਕਨ ਸਿਟੀ ਜਿਹਾ ਹੀ ਕੁਝ ਪ੍ਰਬੰਧਕੀ ਨਿਜ਼ਾਮ ਬਣਾਇਆ ਹੁੰਦਾ ਅਤੇ ਇਕ ਅਜਿਹਾ ਮੈਕੇਨਿਜ਼ਮ ਤਿਆਰ ਕੀਤਾ ਹੁੰਦਾ, ਜਿਸ ਅਨੁਸਾਰ ਸਾਰੇ ਸੰਸਾਰ ਦੇ ਸਿੱਖਾਂ ਦੇ ਮਸਲਿਆਂ ਅਤੇ ਸਿੱਖ ਧਰਮ ਅਸਥਾਨਾਂ ਦਾ ਸੁਯੋਗ ਪ੍ਰਬੰਧਨ ਹੁੰਦਾ। ਵੱਖ-ਵੱਖ ਮਰਿਆਦਾਵਾਂ ਦੀ ਬਹਿਸ ਨਾ ਹੁੰਦੀ। ਸਭ ਕੁਝ ਗੁਰੂ ਦੇ ਆਸਰੇ ਇੱਕ-ਮੁੱਠ ਚੱਲਦਾ। ਹਰ ਸਿੱਖ, ਆਪਣੇ ਸਿੱਖ ਹੋਣ 'ਤੇ ਮਾਣ ਕਰਦਾ। ਚੰਗੇ ਪ੍ਰਬੰਧ ਅਤੇ ਅਨੁਸ਼ਾਸਨ ਦੀ ਲੋਅ ਨਾਲ ਸਿੱਖ ਧਰਮ ਖੁਦ-ਬ-ਖੁਦ ਸਾਰੇ ਸੰਸਾਰ ਦੀਆਂ ਨਜ਼ਰਾਂ ਵਿਚ ਆ ਗਿਆ ਹੁੰਦਾ। ਇਸ ਵੇਲੇ ਸਿੱਖ ਕੌਮ ਦੀਆਂ ਸਭ ਤੋਂ ਵੱਡੀਆਂ ਚਿੰਤਾਵਾਂ ਤੇ ਹੇਠੀ ਦਾ ਸਬੱਬ ਬਣੇ ਸਿੱਖ ਸੰਘਰਸ਼, ਜਿਨ੍ਹਾਂ ਵਿਚ ਦਰਬਾਰ ਸਾਹਿਬ ਜਿਹੇ ਮੁਕੱਦਸ ਸਥਾਨ ਦੀ ਗਲਤ ਵਰਤੋਂ ਹੋਈ, ਨਾ ਹੋਈ ਹੁੰਦੀ?

ਇੰਨਾ ਕੁਝ ਹੋਣ 'ਤੇ ਵੀ ਸਿੱਖ ਹਰ ਥਾਂ ਆਪਣੇ ਨਿੱਜੀ ਪੱਧਰ 'ਤੇ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ, ਪਰ ਸਾਡੇ ਧਾਰਮਿਕ ਤੇ ਰਾਜਸੀ ਚੌਧਰੀ ਅਜੇ ਵੀ ਆਪਣੀਆਂ ਹਰਕਤਾਂ ਤੇ ਹੱਠ ਧਰਮੀ ਤੋਂ ਬਾਜ ਨਹੀਂ ਆ ਰਹੇ। ਇਨ੍ਹਾਂ ਦੀਆਂ ਅਜਿਹੀਆਂ ਹਰਕਤਾਂ ਹਰ ਵਾਰ ਸਵੈਮਾਣ ਸਿੱਖ ਵਾਂਗ ਮੈਨੂੰ ਵੀ ਅੱਖਰਦੀਆਂ ਹਨ ਤੇ ਸਾਰਿਆਂ ਨੂੰ ਨਿਸ਼ਚੇ ਹੀ ਨਾਗਵਾਰ ਗੁਜ਼ਰਦੀਆਂ ਹਨ!

# ਬਿਰਤਾਂਤਕ ਇਜਾਰੇਦਾਰੀ ਤੇ ਸੰਵਾਦ ਦੀਆਂ ਸੰਭਾਵਨਾਵਾਂ

(ਪਿਛਲੇ ਸਫੇ ਦੀ ਬਾਕੀ)

ਦੀ ਭਾਵਨਾ ਸਮਝ ਆਉਂਦੀ ਹੈ, ਪਰ ਜ਼ਰਾ ਕੁ ਜ਼ਬਤ ਉਸ ਨੂੰ ਸੋਚਣ ਦਾ ਮੌਕਾ ਦੇ ਸਕਦਾ ਸੀ ਕਿ ਉਸ ਦੇ ਹਥਲੇ ਲੇਖ ਦੇ ਪ੍ਰਸੰਗ ਵਿਚ ਕਿਹੜੀ ਗੱਲ ਸਾਰਥਕਤਾ ਰੱਖਦੀ ਹੈ ਤੇ ਕਿਹੜੀ ਨਹੀਂ? ਕੌਮੀ-ਰਾਜ ਦੇ ਮੁੱਦੇ 'ਤੇ ਬਹਿਸਾਂ ਦੇ ਵੇਰਵੇ ਨੇ ਅਵਤਾਰ ਸਿੰਘ ਦੇ ਲੇਖ ਵਿਚ ਅੰਤਰ-ਵਿਰੋਧ ਖੜ੍ਹੇ ਕਰ ਦਿੱਤੇ ਹਨ, ਜਿਨ੍ਹਾਂ ਨੇ ਲੇਖਕ ਨੂੰ ਹਾਸੋਹੀਣੀ ਸਥਿਤੀ ਵਿਚ ਪਾ ਦਿੱਤਾ ਹੈ।

ਅਵਤਾਰ ਸਿੰਘ ਦੇ ਇਸ ਲੇਖ ਨਾਲ ਜੋ ਕੁਝ ਉਜਾਗਰ ਹੁੰਦਾ ਹੈ, ਉਹ ਸਾਡੇ ਸਾਰਿਆਂ ਦੇ ਗੰਭੀਰ ਧਿਆਨ ਦੀ ਮੰਗ ਕਰਦਾ ਹੈ। ਸਪਸ਼ਟ ਹੈ ਕਿ ਅਜਮੇਰ ਸਿੰਘ ਤੇ ਉਸ ਦੇ ਪਿਛਲੱਗ ਧੱਕੇਸ਼ਾਹੀ ਨਾਲ ਸਿੱਖ ਇਤਿਹਾਸਕ ਅਤੇ ਸਿਆਸੀ ਬਿਰਤਾਂਤਾਂ ਤੇ ਆਪਣੀ ਇਜਾਰੇਦਾਰੀ ਬਣਾ ਕੇ ਰੱਖਣਾ ਚਾਹੁੰਦੇ ਹਨ। ਪਹਿਲਾਂ ਉਹ ਅਜਮੇਰ ਸਿੰਘ ਦੀ ਆਲੋਚਨਾ ਕਰਨ ਵਾਲੇ ਜਾਂ ਉਸ ਨੂੰ ਸੁਆਲ ਕਰਨ ਵਾਲੇ ਹਰ ਵਿਅਕਤੀ ਦੀ ਨਿਰਲੱਜ ਹੋ ਕੇ ਕਿਰਦਾਰਕੁਸ਼ੀ ਕਰਦੇ ਹਨ ਤੇ ਫਿਰ ਉਸੇ ਬੰਦੇ 'ਤੇ ਅਜਮੇਰ ਸਿੰਘ ਦੀ ਕਿਰਦਾਰਕੁਸ਼ੀ ਕਰਨ ਦਾ ਦੋਸ਼ ਮੜ੍ਹ ਧਰਦੇ ਹਨ। ਅਜਮੇਰ ਸਿੰਘ ਦੇ ਪੈਰੋਕਾਰ ਪਹਿਲਾਂ ਉਚੀਆਂ ਸਿੱਖ ਕਦਰਾਂ-ਕੀਮਤਾਂ ਦੀ ਦੁਹਾਈ ਦੇ ਕੇ ਉਸ ਦੇ ਆਲੋਚਕਾਂ ਦਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕਰਦੇ ਹਨ, ਫਿਰ ਸ਼ੱਰੇਆਮ ਝੂਠ ਬੋਲ ਕੇ ਅਜਮੇਰ ਸਿੰਘ ਨੂੰ ਜਾਇਜ਼ ਠਹਿਰਾਉਂਦੇ ਹਨ। ਸਾਡਾ ਵਿਚਾਰ ਹੈ ਕਿ ਅਜਮੇਰ ਸਿੰਘ ਤਾਂ ਕੀ, ਕੋਈ ਵੱਡੇ ਤੋਂ ਵੱਡਾ ਵਿਦਵਾਨ ਵੀ ਸੁਆਲਾਂ ਜਾਂ ਆਲੋਚਨਾ ਦੇ ਘੇਰੇ ਤੋਂ ਬਾਹਰ ਨਹੀਂ ਹੋਣਾ ਚਾਹੀਦਾ। ਅਜਮੇਰ ਸਿੰਘ ਦੇ ਸਮਰਥਕ ਨੰਗੀ-ਚਿੱਟੀ ਗੁੰਡਾਗਰਦੀ ਕਰ ਰਹੇ ਹਨ। ਮੁਆਫੀਆਨੁਮਾ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲਾ ਇਹ ਧੜਾ ਕਿਸੇ ਵੀ ਕੀਮਤ 'ਤੇ ਸਿੱਖ ਬੌਧਿਕਤਾ 'ਤੇ ਆਪਣਾ ਕਬਜ਼ਾ ਜਮਾਈ ਰੱਖਣਾ ਚਾਹੁੰਦਾ ਹੈ। ਅਸੀਂ ਕਿਸੇ ਨੂੰ ਵੀ ਅਜਿਹੀ ਬੁਰਛਾਗਰਦੀ ਦੀ ਆਗਿਆ ਨਹੀਂ ਦੇ ਸਕਦੇ। ਇਸ ਲਈ ਅਸੀਂ ਭਵਿੱਖ ਵਿਚ ਵੀ ਪੂਰੀ ਇਮਾਨਦਾਰੀ ਤੇ ਸਾਫਗੋਈ ਨਾਲ ਸਿੱਖ ਮੁੱਦਿਆਂ 'ਤੇ ਲਿਖਣ ਵਾਲੇ ਸਿੱਖ ਜਾਂ ਗੈਰ-ਸਿੱਖ ਲੇਖਕਾਂ ਅਤੇ ਚਿੰਤਕਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਰਹਾਂਗੇ।

# ਬਹੁਤਾ ਕਰਮੁ ਲਿਖਿਆ ਨਾ ਜਾਇ

**ਗੁਰਬਾਣੀ ਵਿਆਖਿਆ**

***ਗੁਰੂ ਸਾਹਿਬ ਨੇ ਇਸ ਬਾਣੀ ਵਿਚ ਇਸ ਸਤਿ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ ਹੈ। ਸਤਿ ਦੇ ਨਾਲ ਨਾਮੁ ਲਿਖ ਕੇ ਉਨ੍ਹਾਂ ਨੇ ਉਸ ਸਤਿ ਨੂੰ ਸਿੱਧਾ ਜਾਣਨ ਦੀ ਥਾਂ ਪਹਿਲਾਂ ਉਸ ਦਾ ਨਾਮ ਜਾਣਨ ਦੀ ਗੱਲ ਕੀਤੀ ਹੈ। ਅਰਥਾਤ ਉਨ੍ਹਾਂ ਨੇ ਸਤਿ ਨੂੰ ਸਿੱਧਾ ਨਹੀਂ ਸਗੋਂ ਉਸ ਦੇ ਨਾਮ ਥਾਣੀਂ ਜਾਣਨਾ ਚਾਹਿਆ ਹੈ। ਭਾਵ ਉਨ੍ਹਾਂ ਦਾ ਸੱਚ ਕੋਈ ਦੈਵੀ ਵਜੂਦ ਵਾਲਾ ਮਨੁੱਖ ਜਾਂ ਵਸਤ ਨਹੀਂ ਹੈ, ਜਿਸ ਬਾਰੇ ਉਹ ਦੱਸ ਸਕਣ ਜਾਂ ਜਿਸ ਦਾ ਉਨ੍ਹਾਂ ਨੂੰ ਪਹਿਲਾਂ ਤੋਂ ਪਤਾ ਹੋਵੇ। ਜੇ ਇੱਦਾਂ ਹੁੰਦਾ ਤਾਂ ਉਹ ਇਸ ਦੀ ਪਰਿਭਾਸ਼ਾ ਜਾਂ ਜਾਣਕਾਰੀ ਜਰੂਰ ਦਿੰਦੇ ਤੇ ਟਿਕਾਣਾ ਦੱਸਦੇ। ਭਾਵ ਜਿਸ ਜਾਣਕਾਰੀ ਨੂੰ ਪ੍ਰਾਪਤ ਕਰਨ ਦੀ ਉਹ ਗੱਲ ਕਰ ਰਹੇ ਸਨ, ਉਸ ਦਾ ਉਨ੍ਹਾਂ ਵਾਂਗ ਕਿਸੇ ਹੋਰ ਨੂੰ ਵੀ ਪੂਰਵ-ਗਿਆਨ ਨਹੀਂ ਸੀ। ਨਾਮ ਉਤੇ ਧਿਆਨ ਦੇਣ ਭਾਵ ਖੋਜਣ ਜਾਂ ਨਾਂ ਨਿਰਧਾਰਤ ਕਰਨ ਦੀ ਗੱਲ ਕਹਿ ਕੇ ਉਨ੍ਹਾਂ ਨੇ ਇਸ ਬਾਰੇ ਸਭ ਜਾਣਕਾਰੀਆਂ ਤੋਂ ਹੱਥ ਪਿੱਛੇ ਖਿੱਚਿਆ ਹੋਇਆ ਹੈ। ਇਹੀ ਉਨ੍ਹਾਂ ਦੀ ਵਡਿਆਈ ਹੈ ਤੇ ਇਹੀ ਉਨ੍ਹਾਂ ਦੀ ਬਾਣੀ ਨੂੰ ਅਮਰ ਬਣਾਉਂਦੀ ਹੈ।***

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਅਜੋਕਾ ਸਿੱਖ ਸਿੱਖੀ ਨੂੰ ਦਿਲੋਂ, ਜਾਨੋਂ ਪਿਆਰ ਕਰਦਾ ਹੈ। ਉਹ ਇਸ ਨੂੰ ਇਕ ਧਰਮ ਮੰਨਦਾ ਹੈ। ਆਪਣੇ ਧਰਮ ਵਿਚ ਪੱਕਾ ਰਹਿਣ ਨੂੰ ਉਹ ਆਪਣਾ ਸਰਬਉਚ ਫਰਜ ਸਮਝਦਾ ਹੈ। ਇਸ ਦੇ ਸਤਿਕਾਰ ਵਿਚ ਉਹ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦਾ। ਆਪਣੇ ਧਰਮ ਵਿਚ ਯਕੀਨ ਰੱਖਣ ਵੇਲੇ ਉਹ ਬਹੁਤਾ ਕਰ ਕੇ ਦੂਜੇ ਧਰਮਾਂ ਦੀ ਮਿਸਾਲ 'ਤੇ ਅਮਲ ਕਰਦਾ ਹੈ। ਉਨ੍ਹਾਂ ਵਾਂਗੂੰ ਇਸ ਨੂੰ ਵੱਖ ਤੇ ਨਿਵੇਕਲਾ ਸਮਝਦਾ ਹੈ, ਉਨ੍ਹਾਂ ਵਾਂਗੂੰ ਹੀ ਇਸ ਵਿਚ ਡੂੰਘਾ ਯਕੀਨ ਦਰਸਾਉਂਦਾ ਹੈ ਤੇ ਦੁਨੀਆਂ ਦਾ ਸਭ ਤੋਂ ਲੋਕਪ੍ਰਿਅ ਧਰਮ ਬਣਾਉਣਾ ਚਾਹੁੰਦਾ ਹੈ। ਉਹ ਉਨ੍ਹਾਂ ਵਾਂਗੂੰ ਹੀ ਇਸ ਨੂੰ ਫੈਲਾਉਣਾ ਚਾਹੁੰਦਾ ਹੈ ਤੇ ਉਨ੍ਹਾਂ ਵਾਂਗੂੰ ਹੀ ਸਾਥੀ ਸ਼ਰਧਾਲੂਆਂ ਦੇ ਇਸ ਨਾਲ ਜੁੜੇ ਰਹਿਣ ਬਾਰੇ ਚਿੰਤਿਤ ਰਹਿੰਦਾ ਹੈ। ਸਭ ਪੁਰਾਣੇ ਧਰਮ ਆਪਣੇ ਦੁਆਲੇ ਇਕ ਸਭਿਆਚਾਰਕ ਵਾਤਾਵਰਣ ਭਾਵ ਜੀਵਨ ਢੰਗ ਸਿਰਜ ਕੇ ਰੱਖਦੇ ਸਨ ਤਾਂ ਜੋ ਸ਼ਰਧਾਲੂ ਇਸ ਦੀਆਂ ਬਹੁ-ਪੱਖੀ ਪਕੜਾਂ ਵਿਚ ਬੰਨੇ ਰਹਿਣ ਤੇ ਕੋਈ ਛੱਡ ਕੇ ਬਾਹਰ ਨਾ ਜਾਵੇ। ਸਿੱਖ ਧਰਮ ਦੁਆਲੇ ਵੀ ਅਜਿਹਾ ਹੀ ਸਭਿਆਚਾਰ ਬਣਿਆ ਹੋਇਆ ਹੈ, ਜਿਸ ਦਾ ਸਭ ਸਿੱਖ ਉਚੇਚੇ ਧਿਆਨ ਨਾਲ ਪਾਲਣ ਕਰਦੇ ਹਨ।

ਪਰ ਇੱਦਾਂ ਕਰਦਿਆਂ ਅਜੋਕੇ ਸਿੱਖ ਕਈ ਨਿਰਾਧਾਰ ਧਾਰਨਾਵਾਂ ਤੇ ਸੰਕਿਆਂ ਵਿਚ ਘਿਰ ਗਏ ਹਨ। ਪਹਿਲਾ ਇਹ ਕਿ ਸਿੱਖੀ ਇਕ ਧਰਮ ਹੈ ਤੇ ਇਸ ਨੂੰ ਚਲਾਉਣ ਵਾਲਾ ਗੁਰੂ ਨਾਨਕ ਭਗਤੀ ਮਾਰਗ ਦਾ ਪ੍ਰਸਿੱਧ ਪੈਰੋਕਾਰ ਸੀ। ਉਹ ਸਮਝਦੇ ਸਨ ਕਿ ਇਸ ਧਰਮ ਨੂੰ ਸਥਾਪਤ ਕਰਕੇ ਗੁਰੂ ਸਾਹਿਬ ਅਕਾਲ ਪੁਰਖ ਦੇ ਨਾਮ ਦੀ ਮਹਿਮਾ ਰਾਹੀਂ ਭੁੱਲੀ ਲੁਕਾਈ ਨੂੰ ਤਾਰਨਾ ਚਾਹੁੰਦੇ ਸਨ। ਦੂਜਾ ਇਹ ਕਿ ਦੁਆਲੇ ਦੀਆਂ ਕਈ ਸਿੱਖ ਵਿਰੋਧੀ ਸ਼ਕਤੀਆਂ ਇਸ ਨੂੰ ਹੌਲੀ ਹੌਲੀ ਢਾਅ ਲਾਉਣ ਦਾ ਕੰਮ ਕਰ ਰਹੀਆਂ ਹਨ ਤੇ ਉਹ ਇਕ ਦਿਨ ਇਸ ਦੀ ਵਿਲੱਖਣ ਹੋਂਦ ਨੂੰ ਮਿਟਾ ਕੇ ਆਪਣੇ ਵਿਚ ਮਿਲਾ ਲੈਣਗੀਆਂ। ਆਪਣੀ ਵੱਖਰੀ ਵਿਚਾਰਧਾਰਾ ਤੇ ਵੱਖਰੀ ਪਛਾਣ ਨੂੰ ਬਚਾਉਣ ਲਈ ਉਹ ਹਿੰਦੂਵਾਦ ਅਤੇ ਮਾਰਕਸਵਾਦ ਤੋਂ ਵਿਸ਼ੇਸ਼ ਤੌਰ 'ਤੇ ਸੁਚੇਤ ਰਹਿੰਦੇ ਹਨ ਤੇ ਲਗਦੇ ਵਾਹ ਇਨ੍ਹਾਂ ਦੀ ਨਿੰਦਾ ਕਰਦੇ ਹਨ। ਤੀਜਾ ਵਹਿਮ ਇਹ ਕਿ ਸਿੱਖੀ ਨੂੰ ਰਾਜਨੀਤੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਸ ਲਈ ਉਹ ਸਿੱਖੀ ਨੂੰ ਰਾਜਨੀਤੀ ਨਾਲ ਜੋੜ ਕੇ ਦੇਖਦੇ ਹਨ ਤੇ ਇਸ ਦੇ ਨਿਰਣੇ ਰਾਜਨੀਤਕ ਪ੍ਰਸਥਿਤੀਆਂ ਅਨੁਸਾਰ ਲੈਂਦੇ ਹਨ। ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੀ ਸੋਚ ਵਿਚ ਇਹ ਫਿਕਰ ਕਈ ਹੋਰ ਪਰਾਈਆਂ ਧਾਰਨਾਵਾਂ ਵਾਂਗ ਪੱਕਾ ਘਰ ਕਰ ਗਏ ਹਨ। ਇਸ ਲਈ ਜਿਸ ਸਥਾਨ 'ਤੇ ਉਹ ਚਲਦੇ ਚਲਾਉਂਦੇ ਆ ਪਹੁੰਚੇ ਹਨ, ਉਥੋਂ ਗੁਰੂ ਨਾਨਕ ਸਾਫ ਦਿਖਾਈ ਨਹੀਂ ਦਿੰਦਾ।

ਜੇ ਗੁਰੂ ਸਾਹਿਬ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਿਆ ਤੇ ਵਿਚਾਰਿਆ ਜਾਵੇ ਤਾਂ ਉਪਰੋਕਤ ਵਿਚੋਂ ਕੋਈ ਧਾਰਨਾ ਸਹੀ ਨਹੀਂ ਹੈ। ਚਾਹੇ ਇਹ ਵਿਸ਼ਲੇਸ਼ਣ ਇਕ ਭਰਮ ਲੱਗੇ, ਪਰ ਗੁਰੂ ਸਾਹਿਬ ਦੀ ਬਾਣੀ ਦੇ ਬੁਨਿਆਦੀ ਸਿਧਾਂਤਾਂ ਵਿਚੋਂ ਇਸ ਦੇ ਧਰਮ ਹੋਣ ਵਾਲੀ ਕੋਈ ਗੱਲ ਉਭਰ ਕੇ ਨਹੀਂ ਆਉਂਦੀ। ਗੁਰੂ ਸਾਹਿਬ ਨੇ ਜਪੁਜੀ ਸਾਹਿਬ ਦਾ ਸਿੱਖੀ ਵਿਚਾਰਧਾਰਾ ਦੇ ਸਿਧਾਂਤਕ ਮੂਲ ਵਜੋਂ ਨਿਰਮਾਣ ਕੀਤਾ। ਉਨ੍ਹਾਂ ਨੇ ਇਸ ਵਿਚ ਨਾ ਕਿਸੇ ਦੈਵੀ ਅਕ੍ਰਿਤੀ ਦਾ ਜ਼ਿਕਰ ਕੀਤਾ ਤੇ ਨਾ ਹੀ ਕੋਈ ਪੂਜਾ ਪਾਠ ਦੀ ਵਿਧੀ ਦੱਸੀ। ਦੈਵੀ ਵਿਅਕਤੀਤਵ ਦੀ ਹੋਂਦ ਵਿਚ ਵਿਸ਼ਵਾਸ ਤੇ ਉਸ ਦੀ ਅਰਾਧਨਾ ਕਿਸੇ ਵੀ ਧਰਮ ਦੇ ਦੋ ਮੁਢਲੇ ਥੰਮ ਹੁੰਦੇ ਹਨ, ਪਰ ਜਪੁਜੀ ਸਾਹਿਬ ਵਿਚ ਇਨ੍ਹਾਂ ਦੀ ਉੱਕਾ ਅਣਹੋਂਦ ਹੈ। ਗੁਰੂ ਸਾਹਿਬ ਨੇ ਜਪੁਜੀ ਦੇ ਮੁੱਢ ਵਿਚ ਹੀ ਸਤਿ ਦਾ ਜ਼ਿਕਰ ਕੀਤਾ ਹੈ, ਜਿਸ ਦਾ ਅਰਥ 'ਅਸਲੀਅਤ' ਹੈ। ਅਸਲੀਅਤ ਜਾਂ ਸੱਚ ਕਿਸੇ ਉਲਝੀ ਘਟਨਾ ਜਾਂ ਵਰਤਾਰੇ ਬਾਰੇ ਸਹੀ ਤੇ ਭਰੋਸੇਯੋਗ ਸੂਚਨਾ ਹੁੰਦੀ ਹੈ। ਇਹ ਉਸ ਦੇ ਮੁੱਢ, ਕਾਰਨਾਂ, ਪ੍ਰਕ੍ਰਿਤੀ ਤੇ ਕਾਰਜਕੁਸ਼ਲਤਾ ਬਾਰੇ ਖੋਟ-ਰਹਿਤ ਗਿਆਨ ਦਿੰਦੀ ਹੈ।

ਗੁਰੂ ਸਾਹਿਬ ਨੇ ਇਸ ਬਾਣੀ ਵਿਚ ਇਸ ਸਤਿ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ ਹੈ। ਸਤਿ ਦੇ ਨਾਲ ਨਾਮੁ ਲਿਖ ਕੇ ਉਨ੍ਹਾਂ ਨੇ ਉਸ ਸਤਿ ਨੂੰ ਸਿੱਧਾ ਜਾਣਨ ਦੀ ਥਾਂ ਪਹਿਲਾਂ ਉਸ ਦਾ ਨਾਮ ਜਾਣਨ ਦੀ ਗੱਲ ਕੀਤੀ ਹੈ। ਅਰਥਾਤ ਉਨ੍ਹਾਂ ਨੇ ਸਤਿ ਨੂੰ ਸਿੱਧਾ ਨਹੀਂ ਸਗੋਂ ਉਸ ਦੇ ਨਾਮ ਥਾਣੀਂ ਜਾਣਨਾ ਚਾਹਿਆ ਹੈ। ਭਾਵ ਉਨ੍ਹਾਂ ਦਾ ਸੱਚ ਕੋਈ ਦੈਵੀ ਵਜੂਦ ਵਾਲਾ ਮਨੁੱਖ ਜਾਂ ਵਸਤ ਨਹੀਂ ਹੈ, ਜਿਸ ਬਾਰੇ ਉਹ ਦੱਸ ਸਕਣ ਜਾਂ ਜਿਸ ਦਾ ਉਨ੍ਹਾਂ ਨੂੰ ਪਹਿਲਾਂ ਤੋਂ ਪਤਾ ਹੋਵੇ। ਜੇ ਇੱਦਾਂ ਹੁੰਦਾ ਤਾਂ ਉਹ ਇਸ ਦੀ ਪਰਿਭਾਸ਼ਾ ਜਾਂ ਜਾਣਕਾਰੀ ਜਰੂਰ ਦਿੰਦੇ ਤੇ ਟਿਕਾਣਾ ਦੱਸਦੇ। ਭਾਵ ਜਿਸ ਜਾਣਕਾਰੀ ਨੂੰ ਪ੍ਰਾਪਤ ਕਰਨ ਦੀ ਉਹ ਗੱਲ ਕਰ ਰਹੇ ਸਨ, ਉਸ ਦਾ ਉਨ੍ਹਾਂ ਵਾਂਗ ਕਿਸੇ ਹੋਰ ਨੂੰ ਵੀ ਪੂਰਵ-ਗਿਆਨ ਨਹੀਂ ਸੀ। ਨਾਮ ਉਤੇ ਧਿਆਨ ਦੇਣ ਭਾਵ ਖੋਜਣ ਜਾਂ ਨਾਂ ਨਿਰਧਾਰਤ ਕਰਨ ਦੀ ਗੱਲ ਕਹਿ ਕੇ ਉਨ੍ਹਾਂ ਨੇ ਇਸ ਬਾਰੇ ਸਭ ਜਾਣਕਾਰੀਆਂ ਤੋਂ ਹੱਥ ਪਿੱਛੇ ਖਿੱਚਿਆ ਹੋਇਆ ਹੈ। ਇਹੀ ਉਨ੍ਹਾਂ ਦੀ ਵਡਿਆਈ ਹੈ ਤੇ ਇਹੀ ਉਨ੍ਹਾਂ ਦੀ ਬਾਣੀ ਨੂੰ ਅਮਰ ਬਣਾਉਂਦੀ ਹੈ।

ਸਤਿ ਦੇ ਨਾਮ ਤਾਂ ਲੋਕਾਂ ਨੇ ਕਈ ਰੱਖੇ ਹੋਏ ਸਨ, ਜਿਵੇਂ ਰੱਬ, ਪਰਮਾਤਮਾ, ਈਸ਼ਵਰ ਆਦਿ। ਪਰ ਗੁਰੂ ਸਾਹਿਬ ਇਨ੍ਹਾਂ ਨਾਂਵਾਂ ਨੂੰ ਅਟਕਲ-ਪੱਚੂ (Arbitrary) ਤੇ ਧੁੰਦਲੇ (Vague) ਸਮਝਦੇ ਹਨ। ਇਹ ਸਭ ਨਾਮ ਪੂਜਾ-ਪਾਠ ਲਈ ਵਰਤੇ ਜਾ ਸਕਦੇ ਹਨ, ਪਰ ਗਿਆਨ ਹਾਸਲ ਕਰਨ ਲਈ ਨਹੀਂ। ਇਹ ਉਸ ਤਰ੍ਹਾਂ ਦੇ ਕਿਸੇ ਇਕ ਗੁਣ 'ਤੇ ਵੀ ਆਧਾਰਿਤ ਨਹੀਂ ਹਨ, ਜਿੱਦਾਂ ਦੇ ਗੁਣਾਂ ਤੇ ਗੁਰੂ ਸਾਹਿਬ ਨੇ ਸਤਿ ਦਾ ਨਾਂ ਆਧਾਰਿਤ ਕਰਨ ਲਈ ਕਿਹਾ ਹੈ। ਕੁਦਰਤ ਵਿਚ ਕਿੰਨੇ ਹੀ ਪਦਾਰਥ ਹਨ ਤੇ ਇਨ੍ਹਾਂ ਦੇ ਕਿੰਨੇ ਹੀ ਗੁਣ ਹਨ। ਇਸ ਵਿਚ ਹਵਾ ਹੈ, ਪਾਣੀ ਹੈ, ਗਰਮੀ ਹੈ, ਧਰਤੀ ਹੈ, ਜੀਵਨ ਹੈ, ਮੌਤ ਹੈ, ਸਮਾਨਤਾ ਹੈ। ਕੀ ਰੱਬ ਆਦਿ ਨਾਂਵਾਂ ਵਿਚੋਂ ਖੁਸ਼ਕੀ, ਸਲ੍ਹਾਬਾ, ਗਰਮੀ, ਪ੍ਰਤਿਪਾਲਕ, ਕਠੋਰਤਾ ਤੇ ਉਦਾਸੀਨਤਾ ਆਦਿ ਗੁਣ ਪ੍ਰਤੀਤ ਹੁੰਦੇ ਹਨ ਜਾਂ ਕੱਢੇ (Deduce) ਜਾ ਸਕਦੇ ਹਨ? ਜੇ ਨਹੀਂ ਤਾਂ ਇਹ ਸਹੀ ਨਾਮ ਨਹੀਂ ਹਨ। ਜੇ ਹਨ ਤਾਂ ਇਹ ਗੁਣ ਇਨ੍ਹਾਂ ਪ੍ਰਚਲਿਤ ਨਾਂਵਾਂ ਵਿਚੋਂ ਝਲਕਦੇ ਕਿਉਂ ਨਹੀਂ? ਗੁਣ ਹੋਰ ਵੀ ਅਨੇਕ ਹਨ, ਉਹ ਵੀ ਉਸ ਦੇ ਕਿਸੇ ਪ੍ਰਚਲਿਤ ਨਾਂ ਵਿਚੋਂ ਦਿਖਾਈ ਦੇਣੇ ਚਾਹੀਦੇ ਹਨ। ਕਈਆਂ ਨੇ ਇਨ੍ਹਾਂ ਵੱਖ ਵੱਖ ਗੁਣਾਂ ਦਾ ਪ੍ਰਗਟਾਵਾ ਕਰਨ ਲਈ ਵੱਖ ਵੱਖ ਦੇਵੀ ਦੇਵਤੇ ਘੜ੍ਹੇ ਹੋਏ ਹਨ, ਜਿਵੇਂ ਜਲ, ਬਸੰਤਰ, ਵਰੁਣ ਆਦਿ। ਪਰ ਮਸਲਾ ਸਭ ਗੁਣ ਇੱਕਠੇ ਕਰ ਕੇ ਇਕ ਨਾਂ ਸਿਰਜਣ ਦਾ ਨਹੀਂ ਹੈ ਤੇ ਨਾ ਹੀ ਵੱਖ ਵੱਖ ਗੁਣਾਂ ਮੁਤਾਬਿਕ ਵੱਖ ਵੱਖ ਦੇਵਤੇ ਸਿਰਜਣ ਦਾ ਹੈ। ਮਸਲਾ ਉਸ "ਅਸੁਲੂ ਇਕ ਧਾਤੁ" ਦੀ ਭਾਲ ਦਾ ਹੈ, ਜੋ ਇਸ ਪ੍ਰਤੀਤੀ ਮਾਇਆ ਦੇ ਪਿਛੋਕੜ ਵਿਚ ਰਹਿ ਕੇ ਸਭ ਵਡਿਆਈਆਂ ਨੂੰ ਸਿਰਜਦਾ ਹੈ ਤੇ ਇਨ੍ਹਾਂ ਦਾ ਮਾਲਕ ਵੀ ਹੈ। ਉਸ ਦੇ ਅਣਗਿਣਤ ਹੋਰ ਗੁਣਾਂ ਦੇ ਨਾਲ ਨਾਲ ਇਹ ਪੱਖ ਵੀ ਜਾਣਨਯੋਗ ਹਨ ਕਿ ਉਹ ਸੰਸਾਰ ਨੂੰ ਕਿਵੇਂ ਰਚਦਾ ਹੈ, ਇਸ ਨਾਲ ਉਸ ਦਾ ਸਬੰਧ ਕੀ ਹੈ, ਉਸ ਦੀ ਕਾਰਜਸ਼ੈਲੀ ਕੀ ਹੈ ਤੇ ਉਹ ਸ੍ਰਿਸ਼ਟੀ ਰਚਨਾ ਉਪਰੰਤ ਰਹਿੰਦਾ ਕਿੱਥੇ ਹੈ?

ਗੁਰੂ ਸਾਹਿਬ ਇਨ੍ਹਾਂ ਗੱਲਾਂ 'ਤੇ ਇਸ਼ਾਰੇ ਮਾਤਰ ਵਿਚਾਰ ਕਰਦੇ ਹਨ। ਉਨ੍ਹਾਂ ਅਨੁਸਾਰ ਹਾਲੇ ਤਾਂ ਉਸ ਸਤਿ ਦਾ ਹੈਰਾਨੀਜਨਕ ਵਿਸਥਾਰ ਤੇ ਪਸਾਰਾ ਵੀ ਪੂਰਾ ਨਹੀਂ ਵੇਖਿਆ (Observe) ਗਿਆ। ਹਾਲੇ ਤਾਂ ਉਸ ਦੀਆਂ ਵਡਿਆਈਆਂ ਨੂੰ ਵਿਧੀ-ਸੰਗਤ ਪਰਖਣ ਅਤੇ ਭਾਲਣ ਦੀ ਗੱਲ ਸ਼ੁਰੂ ਵੀ ਨਹੀਂ ਹੋਈ। ਇਨ੍ਹਾਂ ਪ੍ਰਕ੍ਰਿਆਵਾਂ ਪਿਛੋਂ ਹੀ ਸੱਤ ਦੇ ਨਾਮ ਦਾ ਪਤਾ ਚਲੇਗਾ। ਜਦੋਂ ਪਾਣੀ, ਜਿਸ ਨੂੰ ਜਲ ਦੇਵਤਾ ਕਹਿੰਦੇ ਸਨ, ਦਾ ਅਧਿਆਨ ਕਰਨ ਲਈ ਇਸ ਦਾ ਵਿਧੁਤ-ਵਿਸ਼ਲੇਸ਼ਣ ਕੀਤਾ ਗਿਆ ਤਾਂ ਇਹ ਦੋ ਹਿੱਸੇ ਹਾਈਡ੍ਰੋਜਨ ਤੇ ਇਕ ਹਿੱਸਾ ਆਕਸੀਜਨ ਨਿਕਲਿਆ। ਇਹ ਦੋਵੇਂ ਗੈਸਾਂ ਹਨ। ਨਾ ਇਹ ਗਿੱਲੀਆਂ ਹਨ, ਨਾ ਸਲ੍ਹਾਬੀਆਂ ਤੇ ਨਾ ਤਰਲ। ਇਸ ਪਿਛੋਕੜੀ ਖੋਜ ਰਾਹੀਂ ਪਾਣੀ ਦਾ ਅਸਲ ਨਾਂ ਹਾਈਡ੍ਰੋਜਨ ਆਕਸਾਈਡ (Hydrogen Oxide) ਨਿਕਲਿਆ। ਖੋਜੀ ਵਿਗਿਆਨਕਾਂ ਨੇ ਗਣਿਤੀ ਢੰਗ ਨਾਲ ਇਸ ਦਾ ਨਾਂ ($H_2O$) ਰੱਖਿਆ। ਇਹ ਨਾਂ ਕਿਸੇ ਪੁਰਾਤਨ ਗ੍ਰੰਥ ਵਿਚ ਨਹੀਂ ਮਿਲਦਾ। ਇਹ ਕਿਸੇ ਪੁਰਾਤਨ ਜ਼ੁਬਾਨ ਦੀ ਡਿਕਸ਼ਨਰੀ ਵਿਚ ਵੀ ਨਹੀਂ ਹੈ। ਜੋ ਪੰਡਿਤ ਇਸ ਨੂੰ ਪੂਜਦੇ ਰਹੇ, ਉਹ ਅਗਿਆਨ ਵੱਸ ਇਸ ਤਰ੍ਹਾਂ ਕਰਦੇ ਰਹੇ। ਇਸ ਜਲ ($H_2O$) ਨੂੰ ਤਾਂ ਕੋਈ ਪੰਡਿਤ ਨਾ ਪੂਜੇ, ਨਾ ਸੂਰਜ 'ਤੇ ਚੜ੍ਹਾਵੇ, ਕਿਉਂਕਿ ਇਸ ਵਿਚੋਂ ਜਲ ਝਲਕਦਾ ਹੀ ਨਹੀਂ। ਪਾਣੀ ਨੂੰ ਜਲ ਦੱਸਦਿਆਂ ਉਹ ਕਦੇ ਵੀ ਮਾਇਆ ਦਾ ਭੀਤਰੀ ਭੇਤ ਨਾ ਸਮਝ ਸਕੇ।

ਇਸ ਖੋਜ ਨੇ ਸਾਫ ਕਰ ਦਿੱਤਾ ਕਿ ਕਿਵੇਂ ਅੰਦਰੋਂ ਤੰਦ ਹਿਲਾਇਆਂ ਮਾਇਆ ਦੇ ਬਾਹਰੀ ਰੰਗ ਬਦਲ ਜਾਂਦੇ ਹਨ। ਇਸ ਅਨੁਸਾਰ ਜਲ ਭਾਵ $H_2O$ ਕੋਈ ਪੱਕੀ ਚੀਜ਼ ਨਹੀਂ। ਅੰਦਰ ਜਾ ਕੇ ਇਸ ਵਿਚ ਇਕ (O) ਹੋਰ ਜੋੜ ਦਿਓ ਤਾਂ ਇਹ ($H_2O_2$) ਬਣ ਜਾਵੇਗਾ, ਜੋ ਕੰਨ ਤੇ ਜਖਮ ਸਾਫ ਕਰਨ ਵਾਲੀ ਦਵਾਈ ਹਾਈਡਰੋਜਨ ਪਰਆਕਸਾਈਡ (Hydrogen Peroxide) ਹੈ। ਇਹੀ ਸੱਚ ਦੂਜੇ ਮਾਇਆਵੀ ਪਦਾਰਥਾਂ ਦਾ ਹੈ। ਬਾਹਰੋਂ ਇਹ ਕੁਝ ਵੀ ਹੋਣ, ਅੰਦਰੋਂ ਪਦਾਰਥੀ ਪ੍ਰਮਾਣੂਆਂ ਦੀ ਖੇਡ ਹਨ। ਇਸ ਲਈ ਗੁਰੂ ਸਾਹਿਬ ਦਾ ਇਸ਼ਾਰਾ ਹੈ ਕਿ ਨਾਮ ਦਾ ਪਤਾ ਲੱਗਣ ਪਿਛੋਂ ਹੀ ਸਪਸ਼ਟ ਹੋਵੇਗਾ ਕਿ ਉਹ ਪੂਜਣ ਵਾਲੀ ਸ਼ੈ ਹੈ ਜਾਂ ਗਿਆਨ ਵਾਲੀ ਤੇ ਜਾਂ ਸਮਝਣ ਵਾਲੀ ਅਰਥਾਤ ਵਰਤਣ ਵਾਲੀ। ਉਨ੍ਹਾਂ ਅਨੁਸਾਰ ਬਿਨਾ ਸੋਚੇ ਸਮਝੇ ਪੂਜਾ ਪਾਠ 'ਤੇ ਟੇਕ ਰੱਖਣ ਵਾਲੇ ਲੋਕ ਅਗਿਆਨ-ਵਸ ਉਲਟੀ ਕਲਾ ਵਰਤਾ ਰਹੇ ਹਨ। ਇਸ ਲਈ ਨਾਮ, ਹੁਕਮ, ਗੁਣ-ਵਡਿਆਈਆਂ, ਭਾਵੈ, ਬੂਝੈ, ਧਿਆਵੈ, ਸਚਿਆਰਾ ਆਦਿਕ ਖੋਜ-ਸੂਚਕ ਸ਼ਬਦਾਂ ਦੀ ਵਰਤੋਂ ਕਰਕੇ ਨਾਮ ਨੂੰ ਜਾਣਨ 'ਤੇ ਜੋਰ ਦਿੱਤਾ।

ਸੰਸਾਰ ਵਿਚਲੀ ਸੱਚਾਈ ਦੀ ਵਿਧੀਵਤ ਭਾਲ ਕਰਨਾ, ਜਿਸ ਨਾਲ ਗੁਰੂ ਸਾਹਿਬ ਦੀ ਸਿੱਖੀ ਸਿਰਜੋਰ ਵਚਨਬੱਧ ਹੈ, ਕੋਈ ਭਾਈਚਾਰਕ, ਸੰਪਰਦਾਇਕ, ਧਾਰਮਿਕ ਜਾਂ ਰਾਜਨੀਤਕ ਗਤੀਵਿਧੀ ਨਹੀਂ ਹੈ। ਇਹ ਕਿਸੇ ਵੀ ਵਿਗਿਆਨ ਵਾਂਗੂੰ ਗਿਆਨ ਪ੍ਰਾਪਤੀ ਦਾ ਕਾਰਜ ਹੈ। ਇਸ ਦੇ ਤਰੀਕੇ ਗਣਿੱਤ ਵਾਂਗ ਸਾਪੇਖਿਕ (Transparent) ਤੇ ਨਿਰਪੇਖ (Objective) ਹਨ। ਇਸ ਵਿਚ ਕਿਸੇ ਤਰ੍ਹਾਂ ਦੇ ਸੋਚ-ਘੁਟਾਲੇ (Intellectual Bungling) ਤੇ ਪੱਖਪਾਤ ਦੀ ਗੁੰਜਾਇਸ਼ ਨਹੀਂ। ਅਰਥਾਤ ਸੱਚ ਦੀ ਭਾਲ ਵਿਚ ਕੋਈ ਪੱਖਪਾਤੀ, ਸੰਪਰਦਾਇਕ, ਧਾਰਮਿਕ ਤੇ ਰਾਜਨੀਤਕ ਦਬਾਉ ਇਸ ਦੇ ਸਿੱਟਿਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਹਰੇਕ ਕੂੜ ਦਾ ਪੁਲੰਦਾ ਇਸ ਨਾਲ ਟਕਰਾ ਕੇ ਆਪਣੇ ਆਪ ਚੂਰ ਚੂਰ ਹੋ ਜਾਵੇਗਾ। ਕੋਈ ਮਿਲਾਵਟ ਦਾ ਅੰਸ਼ ਪਾਵੇ ਵੀ, ਉਹ ਸੱਚ ਦੇ ਉਬਾਲੇ ਨਾਲ ਬਾਹਰ ਨਿਕਲ ਜਾਵੇਗਾ। ਫਿਰ ਨਿਰੋਲ ਸੱਚ 'ਤੇ ਟਿਕਿਆ ਅਜਿਹਾ ਸਿਧਾਂਤ ਧਰਮ ਕਿਵੇਂ ਹੋਇਆ ਤੇ ਕੋਈ ਹੋਰ ਧਰਮ ਇਸ ਨੂੰ ਹਜ਼ਮ ਕਿਵੇਂ ਕਰੇਗਾ? ਧਰਮ ਤਾਂ ਆਪ ਵਿਸ਼ਵਾਸ ਸਹਾਰੇ ਚਲਦਾ ਹੈ। ਕੋਈ ਵੀ ਨਿਰਾਧਾਰ ਵਿਸ਼ਵਾਸ ਚੱਟਾਨ ਜਿਹੇ ਸੱਚ ਨਾਲ ਟਕਰਾਉਣ ਤੋਂ ਪਹਿਲਾਂ ਹੀ ਛਾਈਂ ਮਾਈਂ ਹੋ ਜਾਵੇਗਾ। ਇਸ ਲਈ ਸੱਚ ਨਾਲ ਪ੍ਰਣਾਏ ਸਿੱਖੀ ਭਾਈਚਾਰੇ ਨੂੰ ਕੋਈ ਕਰਮਕਾਂਡੀ ਸੰਪਰਦਾਇ ਨਹੀਂ ਨਿਗਲ ਸਕਦੀ। ਜੇ ਸਿੱਖੀ ਸੱਚ ਦੀ ਭਾਲ ਦਾ ਵਿਗਿਆਨਕ ਫਲਸਫਾ ਹੈ ਤਾਂ ਇਸ ਦਾ ਰਾਜਨੀਤੀ ਨਾਲ ਵੀ ਕੀ ਲੈਣਾ ਦੇਣਾ। ਰਾਜਨੀਤੀ ਤਾਂ ਸੱਤਾ ਤੇ ਸਵਾਰਥਪੂਰਤੀ ਦੇ ਸੌੜੇ ਹਿਤਾਂ ਲਈ ਅਨੈਤਿਕ ਖਿਚੋਤਾਣ ਹੈ। ਸਿੱਖੀ ਨੂੰ ਮਾਰਕਸਵਾਦ ਤੋਂ ਵੀ ਕੀ ਡਰ, ਜੋ ਖੁਦ ਆਪਣੇ ਆਪ ਨੂੰ ਇਕ ਵਿਗਿਆਨਕ ਵਿਚਾਰਧਾਰਾ ਦੱਸਦਾ ਹੈ।

ਇਸ ਤਰ੍ਹਾਂ ਥੋੜ੍ਹਾ ਉਤੇ ਉਠ ਕੇ ਦੇਖਿਆ ਜਾਵੇ ਤਾਂ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਲਈ ਗੁਰੂ ਨਾਨਕ ਦੀ ਬਾਣੀ ਨਵਾਂ ਰਾਹ ਖੋਲ੍ਹੀ ਬੈਠੀ ਹੈ, ਪਰ ਇਹ ਰਾਹ ਉਨ੍ਹਾਂ ਲਈ ਖੁਲ੍ਹੇਗਾ ਉਦੋਂ, ਜਦੋਂ ਉਹ ਇਸ ਬਾਣੀ ਨੂੰ ਧਿਆਨ ਨਾਲ ਪੜ੍ਹਨਗੇ ਤੇ ਇਸ ਉਤੇ ਸੱਚੇ ਮਨ ਨਾਲ ਅਮਲ ਕਰਨਗੇ। ਇਸ ਦਾ ਡੂੰਘਾ ਅਧਿਐਨ ਕਰਨ ਲਈ ਅਜਿਹੀ ਉਚ-ਪੱਧਰੀ ਸਿੱਖਿਆ ਦੀ ਲੋੜ ਹੈ, ਜਿਸ ਵਿਚ ਇਕ ਵਿਗਿਆਨ ਦੀ ਪੜ੍ਹਾਈ ਦੇ ਨਾਲ ਨਾਲ ਸਮੁੱਚੇ ਵਿਗਿਆਨਾਂ ਦਾ ਏਕੀਕ੍ਰਿਤ ਗਿਆਨ ਸ਼ਾਮਲ ਹੋਵੇ। ਸੱਚੇ ਮਨ ਨਾਲ ਅਮਲ ਕਰਨ ਲਈ ਸਿੱਖ ਨੂੰ ਆਪਣਾ ਮਨ ਸੱਚ ਲਈ ਆਪ ਹੀ ਦ੍ਰਿੜ ਕਰਨਾ ਪਵੇਗਾ। ਇਹ ਕੋਈ ਕੁਰਬਾਨੀ ਦੀ ਮੰਗ ਨਹੀਂ, ਸਗੋਂ ਗੌਰਵਮਈ ਮਾਨਵ ਕਰਤੱਵ ਦੀ ਪਾਲਣਾ ਹੈ, ਜੋ ਸਿੱਖੀ ਅਪਨਾ ਕੇ ਹੀ ਕੀਤੀ ਜਾ ਸਕਦੀ ਹੈ।

ਸਿੱਖੀ ਹੈ ਹੀ ਸੱਚ ਦੀ ਖੇਡ। ਕੋਈ ਖੇਡਣਾ ਚਾਹੇ ਤਾਂ ਖੇਡੇ ਨਹੀਂ ਤਾਂ ਕਿਸੇ ਬਾਂਦਰ, ਪੰਛੀ ਜਾਂ ਸੱਪ ਨੂੰ ਪੂਜੇ। ਸੱਚ ਦੀ ਬਾਣੀ ਸਭ ਦੇ ਮਨ ਵਿਚ ਆਉਂਦੀ ਹੈ, ਪਰ ਸਾਰੇ ਇਸ ਨੂੰ ਗੁਰੂ ਸਾਹਿਬ ਵਾਂਗ ਮਨ ਵਿਚ ਨਹੀਂ ਉਤਾਰਦੇ। ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਜੋ ਬਾਣੀ ਤੇ ਸੰਗਤ ਵਿਚਾਲੇ ਇਕ ਕੜੀ ਬਣੇ ਬੈਠੇ ਹਨ, ਇਸ ਦਾ ਨਿੱਧੜਕ ਬਿਆਨ ਕਰਨ ਤੋਂ ਡੋਲ ਜਾਂਦੇ ਹਨ। ਇਹ ਗੱਲ ਉਨ੍ਹਾਂ ਦੀ ਜਪੁਜੀ ਦੀ 25ਵੀਂ ਪਉੜੀ ਦੀ ਵਿਆਖਿਆ ਤੋਂ ਭਲੀਭਾਂਤ ਸਿੱਧ ਹੋ ਜਾਂਦੀ ਹੈ। ਇਸ ਪਉੜੀ ਦੀਆਂ ਤੁਕਾਂ ਤੇ ਵਿਆਖਿਆਵਾਂ ਹੇਠ ਦਰਜ ਹਨ:

ਬਹੁਤਾ ਕਰਮੁ ਲਿਖਿਆ ਨਾ ਜਾਇ॥
ਵਡਾ ਦਾਤਾ ਤਿਲੁ ਨ ਤਮਾਇ॥
ਕੇਤੇ ਮੰਗਹਿ ਜੋਧ ਅਪਾਰ॥
ਕੇਤਿਆ ਗਣਤ ਨਹੀ ਵੀਚਾਰੁ॥
ਕੇਤੇ ਖਪਿ ਤੁਟਹਿ ਵੇਕਾਰ॥
ਕੇਤੇ ਲੈ ਲੈ ਮੁਕਰੁ ਪਾਹਿ॥
ਕੇਤੇ ਮੂਰਖ ਖਾਹੀ ਖਾਹਿ॥
ਕੇਤਿਆ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥
ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥
ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥
ਆਖਹਿ ਸਿ ਭਿ ਕੇਈ ਕੇਇ॥
ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥੨੫॥

ਚੂੜਾਮਣੀ ਕਵੀ ਭਾਈ ਸੰਤੋਖ ਸਿੰਘ ਇਸ ਪਉੜੀ ਦੀ ਵਿਆਖਿਆ ਇਸ ਤਰ੍ਹਾਂ ਕਰਦਾ ਹੈ, "ਪ੍ਰਭੂ ਆਪਣੇ ਭਗਤਾਂ 'ਤੇ ਇੰਨੀਆਂ ਮਿਹਰਬਾਨੀਆਂ ਕਰਦਾ ਹੈ ਕਿ ਉਨ੍ਹਾਂ ਦਾ ਬਿਆਨ ਕਰਨਾ ਅਸੰਭਵ ਹੈ। ਉਹ ਚੀਜ਼ਾਂ ਵੰਡਦਾ ਲਾਲਚ ਵਿਚ ਨਹੀਂ ਪੈਂਦਾ ਭਾਵ ਕੁਝ ਛੁਪਾਉਂਦਾ ਨਹੀਂ। ਆਪਣੇ ਕੋਲ ਕੁਝ ਰੱਖੇ ਬਿਨਾ ਸਭ ਕੁਝ ਦੇ ਛੱਡਦਾ ਹੈ। ਅਨੇਕ ਯੋਧੇ ਉਸ ਤੋਂ ਅਥਾਹ ਬਲ ਮੰਗਦੇ ਹਨ। ਮੰਗਣ ਵਾਲੇ ਹੋਰ ਵੀ ਕਈ ਹਨ, ਜਿਨ੍ਹਾਂ ਦੀ ਗਿਣਤੀ ਸੰਭਵ ਨਹੀਂ। ਕਿੰਨੇ ਹੀ ਅਜਿਹੇ ਹਨ, ਜੋ ਪਰਮਾਤਮਾ ਦੇ ਦਿੱਤੇ ਵਿਸ਼ੇ-ਵਿਕਾਰਾਂ ਨੂੰ ਭੋਗਦਿਆਂ ਹੀ ਖਪਤ ਹੋ ਜਾਂਦੇ ਹਨ। ਕਈ ਸਭ ਕੁਝ ਲੈ ਕੇ ਵੀ ਕੁਝ ਨਾ ਦੇਣ ਦੇ ਉਲਾਂਭੇ ਦਿੰਦੇ ਰਹਿੰਦੇ ਹਨ। ਕਈ ਮੂਰਖ ਲਗਾਤਾਰ ਖਾਈ ਜਾਂਦੇ ਹਨ ਤੇ ਸਵਾਲ-ਜਵਾਬ ਕਰਦੇ ਰਹਿੰਦੇ ਹਨ। ਕਈ ਨਿਰਧਨ ਸਾਰੀ ਉਮਰ ਭੁੱਖਮਰੀ ਤੇ ਤਕਲੀਫ ਵਿਚ ਕੱਟਦੇ ਹਨ। ਇਹ ਭੀ ਪ੍ਰਭੂ ਦੀ ਦਿੱਤੀ ਹੋਈ ਦਾਤ ਹੈ, ਜੋ ਸ਼ੁਕਰਾਨੇ ਨਾਲ ਲੈਣੀ ਚਾਹੀਦੀ ਹੈ; ਪਰ ਮੂਰਖ ਲੋਕ ਇਸ ਨੂੰ ਵਿਤਕਰਾ ਸਮਝਦੇ ਹਨ। ਕਰਮਾਂ ਦੇ ਬੰਧਨਾਂ ਤੋਂ ਛੁੱਟੀ ਭਾਵ ਰਿਹਾਈ ਉਸ ਦੀ ਦਇਆ ਦ੍ਰਿਸ਼ਟੀ ਕਰਕੇ ਮਿਲਦੀ ਹੈ। ਇੱਦਾਂ ਦਾ ਦਿਆਲੂ ਪ੍ਰਭੂ ਕਿਸੇ ਹੋਰ ਨੂੰ ਨਹੀਂ ਕਿਹਾ ਜਾ ਸਕਦਾ ਭਾਵ ਕੋਈ ਹੋਰ ਦੂਜਾ ਨਹੀਂ ਹੈ। ਜੋ ਉਸ ਨਾਲ ਤਰਕ ਕਰਦਾ ਹੈ, ਉਸ ਨੂੰ ਜੋ ਸਜ਼ਾ ਮਿਲਦੀ ਹੈ, ਉਸ ਸਜ਼ਾ ਨੂੰ ਉਹੀ ਜਾਣ ਸਕਦਾ ਹੈ। ਉਹ ਆਪ ਹੀ ਦਾਤਾਂ ਦਿੰਦਾ ਹੈ ਤੇ ਆਪੇ ਜਾਣਦਾ ਹੈ ਕਿ ਕਿਵੇਂ ਦੇਣੀਆਂ ਹਨ। ਇਸ ਗੱਲ ਦਾ ਹੋਰ ਲੋਕਾਂ ਨੂੰ ਘੱਟ ਹੀ ਪਤਾ ਹੈ। ਜਿਨ੍ਹਾਂ ਨੂੰ ਉਹ ਆਪਣੀ ਸਿਫਤ ਕਰਨ ਦਾ ਮੌਕਾ ਦਿੰਦਾ ਹੈ, ਉਹ ਤਾਂ ਬਾਦਸ਼ਾਹਾਂ ਦੇ ਬਾਦਸ਼ਾਹ ਹਨ।"

ਇਹ ਵਿਆਖਿਆ ਆਤਮ-ਵਿਰੋਧਾਂ (Self-contradictions) ਵਿਚ ਉਲਝੀ ਹੋਈ ਹੈ। ਗੁਰੂ ਸਾਹਿਬ ਨੇ ਦਾਤਾਂ ਦੇਣ ਵਾਲੇ ਨੂੰ ਦਾਤਾ ਕਿਹਾ ਨਹੀਂ ਤੇ ਇਸ ਲੇਖਕ ਨੇ ਪ੍ਰਭੂ ਲਿਖਿਆ ਨਹੀਂ। ਗੁਰੂ ਸਾਹਿਬ ਕਹਿੰਦੇ ਹਨ ਕਿ ਦਾਤੇ ਦਾ ਕੋਈ ਕਰਮ ਨਹੀਂ ਹੈ, ਜੋ ਬਹੁਤਾ ਲਿਖਿਆ ਜਾ ਸਕੇ; ਪਰ ਇਹ ਟੀਕਾਕਾਰ ਕਹਿੰਦਾ ਹੈ ਕਿ ਦਾਤੇ ਦੀਆਂ ਇੰਨੀਆਂ ਮਿਹਰਬਾਨੀਆਂ ਹਨ ਕਿ ਗਿਣੀਆਂ ਨਹੀਂ ਜਾ ਸਕਦੀਆਂ। ਇਕ ਪਾਸੇ ਉਹ ਕਹਿੰਦਾ ਹੈ ਕਿ ਪ੍ਰਭੂ ਆਪਣੇ ਸ਼ਰਧਾਲੂਆਂ ਨੂੰ ਦਿਲ ਖੋਲ੍ਹ ਕੇ ਦਿੰਦਾ ਹੈ ਤੇ ਦੂਜੇ ਪਾਸੇ ਲਿਖਦਾ ਹੈ ਕਿ ਮੂਰਖ, ਨਾ-ਸ਼ੁਕਰੇ ਤੇ ਨਿੰਦਕ ਵੀ ਉਸ ਦੀਆਂ ਦਾਤਾਂ ਨੂੰ ਅਣਮਿੱਤੇ ਢੰਗ ਨਾਲ ਭੋਗੀ ਜਾ ਰਹੇ ਹਨ।

ਇਹ ਵਿਆਖਿਆ ਇਕ ਮਿਸਾਲ ਮਾਤਰ ਹੈ। ਬਾਕੀ ਦੇ ਟੀਕਾਕਾਰਾਂ ਨੇ ਵੀ ਅਜਿਹਾ ਹੀ ਲਿਖਿਆ ਹੈ। ਇਹ ਸਭ ਵਿਦਵਾਨ ਇਕ ਕਿਰਪਾਧਾਰੀ ਪ੍ਰਭੂ ਵਿਚ ਵਿਸ਼ਵਾਸ ਲਿਆ ਕੇ ਉਸ ਨੂੰ ਅਪਾਰ ਕਰਮੀ ਮੰਨਦੇ ਹਨ। ਇਨ੍ਹਾਂ ਅਨੁਸਾਰ ਸਭ ਲੋਕ ਮੰਗਤਿਆਂ ਵਾਂਗ ਉਸ ਤੋਂ ਦਾਤਾਂ ਮੰਗਦੇ ਹਨ ਤੇ ਉਹ ਬੇਪ੍ਰਵਾਹ ਉਨ੍ਹਾਂ ਦੀਆਂ ਝੋਲੀਆਂ ਭਰੀ ਜਾਂਦਾ ਹੈ। ਕੋਈ ਇਹ ਨਹੀਂ ਦੱਸਦਾ ਕਿ ਕਈਆਂ ਦੀਆਂ ਝੋਲੀਆਂ ਵੱਧ ਤੇ ਕਈਆਂ ਦੀ ਘੱਟ ਕਿਉਂ ਭਰਦਾ ਹੈ? ਦਰਅਸਲ ਦੱਸਣ ਵੀ ਕਿਵੇਂ, ਕਿਉਂਕਿ ਗੁਰੂ ਸਾਹਿਬ ਨੇ ਤਾਂ ਅਜਿਹਾ ਕੁਝ ਲਿਖਿਆ ਨਹੀਂ। ਸੋ ਇਹ ਵਿਆਖਿਆਵਾਂ ਤਰਕ-ਵਿਵੇਕ ਤੇ ਯਥਾਰਥ ਨਾਲੋਂ ਵਿਜੋਗੀਆਂ ਹੋਈਆਂ ਹਨ। ਇਹ ਸ਼ਰਧਾਲੂਆਂ ਦੀ ਝੋਲੀ ਵਿਚ ਗਿਆਨ ਅਤੇ ਸੋਝੀ ਦੀ ਥਾਂ ਭਗਤੀ ਭਾਵਨਾ ਪਾਉਂਦੀਆਂ ਹਨ। ਇਹ ਡਰ, ਸਵਾਰਥ, ਚਾਪਲੂਸੀ ਤੇ "ਸੇਵਕ ਸੁਰਤੀ" ਤੋਂ ਪ੍ਰੇਰਿਤ ਹਨ ਤੇ ਗੁਰੂ ਸਾਹਿਬ ਦੀ ਸਿੱਖਿਆ ਦੇ ਉਲਟ ਚਲਦੀਆਂ ਹਨ।


ਉਧਰ ਜਪੁਜੀ ਦੀ ਇਹ ਪਉੜੀ ਗੁਰੂ ਸਾਹਿਬ ਦਾ ਕੁਦਰਤ ਬਾਰੇ ਸੱਚਾ-ਸੁੱਚਾ ਤੇ ਨਿੱਧੜਕ ਬਿਆਨ ਹੈ। ਉਹ ਲਿਖਦੇ ਹਨ ਕਿ ਕੁਦਰਤੀ ਦਾਤਾਂ ਦੇ ਵਿਤਰਣ ਕਾਰਜ ਬਾਰੇ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ। ਇਹ ਇਸ ਲਈ ਕਿ ਉਹ ਵੱਡਾ ਦੇਣਹਾਰ ਦਾਤਾਂ ਦੇਣ ਦੇ ਮਾਮਲੇ ਵਿਚ ਜਰਾ ਟੱਸ ਤੋਂ ਮੱਸ ਨਹੀਂ ਹੁੰਦਾ। ਭਾਵ ਉਹ ਆਪਣੀ ਵਿਤਰਨ ਪ੍ਰਣਾਲੀ ਵਿਚ ਭੇਦ ਭਾਵ ਜਾਂ ਦਖਲ-ਅੰਦਾਜ਼ੀ ਜਿਹਾ ਕੋਈ ਕਾਰਜ ਨਹੀਂ ਕਰਦਾ। ਕਿੰਨੇ ਹੀ ਲੋਕ ਅਣਮਿੱਤਿਆ ਜੋਰ ਤੇ ਕਈ ਹੋਰ ਚੀਜ਼ਾਂ ਮੰਗਦੇ ਹਨ। ਮੰਗਣ ਵਾਲੇ ਇੰਨੇ ਹਨ, ਇਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਕਿੰਨੇ ਹੀ ਵਿਹਲੜ ਬੇਕਾਰ ਟੱਕਰਾਂ ਮਾਰ ਕੇ ਮਰ ਮੁਕਦੇ ਹਨ, ਭਾਵ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ। ਕਿੰਨੇ ਹੀ ਲੋਕ ਵਿਕਾਰਾਂ ਵਿਚ ਪੈ ਕੇ ਖਪ-ਤੁੱਟ ਜਾਂਦੇ ਹਨ। ਉਹ ਉਨ੍ਹਾਂ 'ਤੇ ਤਰਸ ਖਾ ਕੇ ਕੁਝ ਨਹੀਂ ਦਿੰਦਾ। ਕਈ ਲੋਕ ਅਜਿਹੇ ਹਨ, ਜੋ ਲੈ ਲੈ ਮੁਕਰੀ ਜਾਂਦੇ ਹਨ ਭਾਵ ਜਮ੍ਹਾਂਖੋਰੀ ਕਰ ਕੇ ਧਨਾਢ ਬਣ ਜਾਂਦੇ ਹਨ। ਉਹ ਉਨ੍ਹਾਂ ਨੂੰ ਵੀ ਨਹੀਂ ਰੋਕਦਾ। ਕਿੰਨੇ ਹੀ ਮੂਰਖ ਲੈਂਦਿਆਂ ਹੀ ਖਾ ਛੱਡਦੇ ਹਨ। ਕਈਆਂ ਨੂੰ ਭੁੱਖ-ਮਰੀ ਤੇ ਬਿਮਾਰੀ ਸਦਾ ਲਈ ਗਲ ਪਈ ਰਹਿੰਦੀ ਹੈ। ਇਹ ਭੀ ਦਾਤੇ ਦੀ ਦਾਤ ਹੀ ਹੈ, ਕਿਉਂਕਿ ਉਸ ਦੀ ਉਦਾਸੀਨਤਾ ਕਾਰਨ ਮਿਲੀ ਹੈ। ਭਾਵ ਜੇ ਉਹ ਜਰਾ ਜਿੰਨਾ ਵੀ ਉਦਾਰ ਹੁੰਦਾ ਤਾਂ ਉਨ੍ਹਾਂ ਗਰੀਬਾਂ ਨਾਲ ਅਜਿਹਾ ਜੁਲਮ ਨਾ ਹੋਣ ਦਿੰਦਾ। ਅਜਿਹੀ ਕੈਦ ਤੇ ਰਿਹਾਈ ਹੁਕਮ ਅਨੁਸਾਰ ਅਰਥਾਤ ਨਿਯਮ-ਬੱਧ ਢੰਗ ਨਾਲ ਹੁੰਦੀ ਹੈ।

ਦੂਜੇ ਸ਼ਬਦਾਂ ਵਿਚ ਕੰਗਾਲੀ ਤੇ ਬਿਪਤਾ ਵਿਚ ਪੈਣਾ ਅਤੇ ਇਸ ਵਿਚੋਂ ਬਾਹਰ ਨਿਕਲਣਾ ਕਿਸੇ ਦੀ ਮਰਜ਼ੀ ਅਨੁਸਾਰ ਨਹੀਂ ਹੁੰਦਾ, ਸਗੋਂ ਨਿਯਮਾਂ ਅਨੁਸਾਰ ਵਾਪਰਦਾ ਹੈ। ਇਸ ਬਾਰੇ ਕੋਈ ਹੋਰ ਕੁਝ ਨਹੀਂ ਕਹਿ ਸਕਦਾ ਭਾਵ ਇਸ ਤੋਂ ਵੱਧ ਕੁਝ ਨਹੀਂ ਕਿਹਾ ਜਾ ਸਕਦਾ। ਜੇ ਕੋਈ ਜੁੱਤੀਆਂ ਖਾਣ ਦਾ ਆਦੀ ਕੁਝ ਕਹਿਣ ਦੀ ਜ਼ੁਰਅਤ ਕਰੇ ਤਾਂ ਜਿੰਨੀਆਂ ਉਸ ਦੇ ਮੂੰਹ 'ਤੇ ਪੈਣ, ਉਹ ਆਪ ਹੀ ਗਿਣੇ। ਭਾਵ ਇਸ ਬਾਰੇ ਮੂੰਹ ਖੋਲ੍ਹਣ ਵਾਲੇ ਦੀ ਜੋ ਦੁਰਗਤੀ ਹੋਵੇਗੀ, ਉਹ ਉਸ ਨੂੰ ਆਪ ਹੀ ਪਤਾ ਹੋਵੇਗੀ। ਕਈ ਵਿਰਲੇ ਇਸੇ ਗੱਲ ਦਾ ਇੱਦਾਂ ਵੀ ਬਿਖਿਆਨ ਕਰਦੇ ਹਨ ਕਿ ਦਾਤੇ ਨੂੰ ਆਪੇ ਪਤਾ ਹੈ ਕਿ ਕੀ ਦੇਣਾ ਹੈ ਤੇ ਕਿੰਨਾ ਦੇਣਾ ਹੈ! ਪਰ ਇਹ ਅਣਜਾਣਪੁਣੇ ਵਾਲਾ ਕਥਨ ਭੀ ਫੋਕੀ ਸਿਫਤਿ

*(ਬਾਕੀ ਅਗਲੇ ਸਫੇ 'ਤੇ)*

# ਸਿੱਖ ਅਫਰੀਕਨ ਬੱਚੀ ਨੇ ਉਠਾਇਆ ਵਿਤਕਰੇ ਦਾ ਮੁੱਦਾ

ਜਲੰਧਰ, ਪੰਜਾਬ ਦੇ ਇੱਕ ਕਾਲਜ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰ ਸੌ ਸਾਲਾ ਗੁਰਪੁਰਬ ਦੇ ਜਸ਼ਨਾਂ ਤਹਿਤ ਇੱਕ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਲਈ ਪਰਚਾ ਲਿਖਣ ਦੀ ਤਿਆਰੀ ਕਰਨ ਲੱਗੀ ਸਾਂ; ਸੋਚਿਆ ਪਹਿਲਾਂ ਕੰਪਿਊਟਰ 'ਤੇ ਆਪਣੀ ਈ-ਮੇਲ ਚੈੱਕ ਕਰ ਲਵਾਂ ਤਾਂ ਇੱਕ ਬਹੁਤ ਹੀ ਅਜੀਜ਼, ਪੁੱਤਰਾਂ ਜਿਹੇ ਵੈਟਨਰੀ ਡਾਕਟਰ ਮਨਜੀਤ ਸਿੰਘ ਜੰਮੂ ਵੱਲੋਂ ਭੇਜਿਆ ਸੁਨੇਹਾ ਦੇਖਿਆ, ਜਿਸ ਵਿਚ ਅਫਰੀਕਨ ਮੂਲ ਦੀ ਸਿੱਖ ਬੱਚੀ ਗੁਰਪ੍ਰੀਤ ਕੌਰ ਦੀ ਵੀਡੀਓ ਪਾਈ ਹੋਈ ਸੀ। ਇਹ ਵੀਡੀਓ ਪੰਜਾਬ ਸਪੈਕਟਰਮ ਵੱਲੋਂ ਨਸ਼ਰ ਕੀਤੀ ਹੋਈ ਸੀ ਅਤੇ ਨਾਲ ਹੀ ਮੂਲ ਵੀਡੀਓ ਪਾਉਣ ਵਾਲੇ ਵੱਲੋਂ ਸੁਨੇਹਾ ਲਿਖਿਆ ਸੀ, "ਸਿੱਖ ਬਣੀ ਅਫਰੀਕਨ ਬੱਚੀ ਨੇ ਉਠਾਇਆ ਵਿਤਕਰੇ ਦਾ ਮੁੱਦਾ। ਅਫਰੀਕਨ ਬੱਚੀ ਗੁਰਪ੍ਰੀਤ ਕੌਰ ਨੇ ਗੈਰ-ਪੰਜਾਬੀ ਸਿੱਖਾਂ ਬਾਰੇ ਗੁਰਦੁਆਰਿਆਂ 'ਚ ਹੋ ਰਹੇ ਵਿਤਕਰੇ ਬਾਰੇ ਕਵਿਤਾ ਗਾ ਕੇ ਆਪਣਾ ਦਰਦ ਬਿਆਨਿਆ ਹੈ। ਇਹ ਬਹੁਤ ਹੀ ਸ਼ਰਮਨਾਕ ਹੈ ਕਿ ਇਸ ਬੱਚੀ ਨੇ ਅਜਿਹਾ ਮਹਿਸੂਸ ਕੀਤਾ। ਇਹ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਐਨ ਉਲਟ ਹੈ। ਸਭ ਸਿੱਖਾਂ ਦਾ ਫਰਜ਼ ਬਣਦਾ ਹੈ ਕਿ ਅਜਿਹੀਆਂ ਕੁਤਾਹੀਆਂ ਖੁਦ ਵੀ ਨਾ ਕਰੀਏ, ਤੇ ਜੇ ਕੋਈ ਕਰਦਾ ਦਿਸਦਾ ਹੈ, ਉਹਨੂੰ ਰੋਕੀਏ।"



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਰਿਟਾਇਰਡ)**
**ਪੰਜਾਬੀ ਯੂਨਵਰਸਿਟੀ, ਪਟਿਆਲਾ**

ਮੈਂ ਵੀਡੀਓ ਚਲਾ ਕੇ ਬੱਚੀ ਗੁਰਪ੍ਰੀਤ ਕੌਰ ਦੀ ਕਵਿਤਾ ਸੁਣੀ। ਬੱਚੀ ਨੇ ਸਿਰ 'ਤੇ ਦਸਤਾਰ ਸਜਾਈ ਹੋਈ ਹੈ। ਸਾਡੇ ਇੱਥੇ ਕੈਨੇਡਾ ਵਿਚ ਮੈਂ ਪੰਜਾਬੀ ਮੂਲ ਦੀਆਂ ਕਈ ਬੱਚੀਆਂ ਨੂੰ ਦੇਖਿਆ ਹੈ, ਜੋ ਚੰਗੀਆਂ ਨੌਕਰੀਆਂ 'ਤੇ ਲੱਗੀਆਂ ਹੋਈਆਂ ਹਨ ਅਤੇ ਪੈਂਟ-ਸ਼ਰਟ ਦੇ ਨਾਲ ਉਨ੍ਹਾਂ ਨੇ ਦਸਤਾਰ ਸਜਾਈ ਹੁੰਦੀ ਹੈ ਅਤੇ ਨਾਲ ਕੋਈ ਦੁਪੱਟਾ ਨਹੀਂ ਕੀਤਾ ਹੁੰਦਾ। ਇੱਥੇ ਬੱਚੀਆਂ ਕੰਮਾਂ 'ਤੇ ਜਾਂਦਿਆਂ ਜਾਂ ਆਉਂਦਿਆਂ ਗੁਰਦੁਆਰਾ ਸਾਹਿਬ ਮੱਥਾ ਟੇਕਣ ਆਉਂਦੀਆਂ ਹਨ ਤਾਂ ਬਹੁਤੀ ਵਾਰ ਪਜਾਮਾ, ਜੀਨ ਆਦਿ ਨਾਲ ਟਾਪ ਦੇ ਪਹਿਰਾਵੇ ਵਿਚ ਸਕਾਰਫ ਨਾਲ ਸਿਰ ਢਕਿਆ ਹੁੰਦਾ ਹੈ। ਭਾਵ ਇਸ ਕਿਸਮ ਦਾ ਕੋਈ ਡਰੈਸ-ਕੋਡ ਸਿੱਖ ਰਹਿਤ ਮਰਿਆਦਾ ਵਿਚ ਨਹੀਂ ਦਿੱਤਾ ਹੋਇਆ ਕਿ ਕੀ ਪਹਿਨਣਾ ਹੈ ਜਾਂ ਕੀ ਨਹੀਂ। ਪਰ ਬੱਚੀ ਦੀ ਕਵਿਤਾ ਪੜ੍ਹ-ਸੁਣ ਕੇ, ਇਹ ਸਭ ਕੁਝ ਦੇਖ ਕੇ ਮਨ ਵਿਚ ਬੇਹੱਦ ਅਫਸੋਸ ਹੋਇਆ ਕਿ ਅਸੀਂ ਜੋ ਆਪਣੇ ਆਪ ਨੂੰ ਬਾਬੇ ਨਾਨਕ ਦੇ ਪੈਰੋਕਾਰ ਅਤੇ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਸਦਾਉਂਦੇ ਹਾਂ, ਕੀ ਅਸੀਂ ਅਸਲੀਅਤ ਵਿਚ ਗੁਰੂਆਂ ਦੇ ਵਾਰਿਸ ਸਿੱਖ ਜਾਂ ਖਾਲਸਾ ਕਹਾਉਣ ਦੇ ਹੱਕਦਾਰ ਹਾਂ ਜਾਂ ਅਸੀਂ ਸਿਰਫ ਆਪਣੀ ਦਿਖ ਵਿਚ ਹੀ ਸਿੱਖ ਹਾਂ? ਆਪਣੀ ਗੱਲ ਅੱਗੇ ਲੈ ਜਾਣ ਤੋਂ ਪਹਿਲਾਂ ਮੈਂ ਉਹ ਕਵਿਤਾ ਆਪ ਸਭ ਨਾਲ ਸਾਂਝੀ ਕਰਨੀ ਚਾਹਾਂਗੀ ਕਿ ਕਿਸ ਦਰਦ ਅਤੇ ਮਾਨਸਿਕ ਠੇਸ ਵਿਚੋਂ ਉਸ ਨੇ ਇਹ ਕਵਿਤਾ ਲਿਖੀ ਅਤੇ ਬੋਲੀ ਹੈ,

This is not what I expected
This is not what the videos online projected
"Everyone is welcomed at the Gurdwara" they proudly say
No matter you are skin color or how you pray
But this is not what your actions portray
All I've been getting is silence, giggles, or stares all day
This makes me miss the religion of my youth
Yes, this is most definitely the truth
Where people shook hands, talked, and supported each other
Where some were like sisters and were some I called 'brother'
They say "Only go for Your Guru, the Guru Granth."
But last time I checked, isn't the Guru also the Khalsa Panth?
May be I don't belong here, why should I stay?
I tried to do Seva but then was pushed out the way
I should have known when I had called
And the secretary said, "There's no point of coming here at all."
"No one speaks English here" she hurriedly tells me
But knew that this just could not be
Sitting here listening, eating silently in the Langar Hall
It was apparent that that was a lie and I think it's time for me to go awol
"We don't that here", one Aunty Voices
"It might not be Punjabi" (I think to myself)
but I made modest clothing choices!"
How dare you have turned my Guru's house into a cultural center!
Designed for people solely of your ethnic group to enjoy and enter
I'm here to learn while you're here to gossip
Am I coming back? Well, that is most definitely to toss up
And for those who are reading this, you're part of the problem
You might agree with me, but have done anything to solve 'me?!
"It is the Gurdwara committee!" you say like they control your actions
You don't need their permission to let compassion be your reaction
What I want is change, Sikhs to be part of the solution
To start looking outside of ourselves, a Gurdwara revolution!
But may be…my words are falling on deaf ears
Do you not realize my longing for Sangat? My sorrow can you not hear?
Gurbani says constantly to join the company of the Holy
And since it's my Guru's command, I try to follow it fully
But until then…I'm just lonely
I'm at the Gurdwara and I am lonely.

ਆਓ, ਗੁਰੂ ਦੇ ਸਿੱਖ ਹੋਣ ਦੇ ਨਾਤੇ ਆਪਣੇ ਆਪ ਨੂੰ ਪੁੱਛੀਏ ਕੀ ਅਸੀਂ ਬਾਬੇ ਨਾਨਕ ਦੇ ਜੀਵਨ-ਦਰਸ਼ਨ ਦੇ ਵਾਰਿਸ ਅਤੇ ਆਪਣੇ ਆਪ ਨੂੰ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਧਾਰੀ ਸਿੱਖ ਕਹਾਉਣ ਦੇ ਯੋਗ ਹਾਂ? ਜਾਂ ਕੀ ਅਸੀਂ ਉਨ੍ਹਾਂ ਪਾਖੰਡੀ ਮੰਜੀਧਾਰੀਆਂ ਦੀ ਤਰ੍ਹਾਂ ਹੋ ਗਏ ਹਾਂ, ਜਿਨ੍ਹਾਂ ਨੇ ਗੁਰੂ ਤੇਗ ਬਹਾਦਰ, ਨੌਵੀਂ ਨਾਨਕ ਜੋਤਿ ਲਈ ਦਰਵਾਜੇ ਬੰਦ ਕਰ ਦਿੱਤੇ ਸਨ, ਜਦੋਂ ਉਹ ਅੰਮ੍ਰਿਤਸਰ, ਹਰਿਮੰਦਰ ਸਾਹਿਬ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਗਏ ਤਾਂ ਕਿ ਉਹ ਅੰਦਰ ਆ ਕੇ ਨਤਮਸਤਕ ਨਾ ਹੋ ਸਕਣ? ਗੁਰੂ ਅਰਜਨ ਦੇਵ ਜੀ ਨੇ ਜਦੋਂ ਹਰਿਮੰਦਰ ਸਾਹਿਬ ਦੀ ਉਸਾਰੀ ਕਰਾਈ ਸੀ ਤਾਂ ਇਸ ਦੇ ਚਾਰ ਦਰਵਾਜੇ ਰੱਖੇ ਸਨ, ਜੋ ਇਸ ਗੱਲ ਦਾ ਪ੍ਰਤੀਕ ਹਨ ਕਿ ਗੁਰੂ ਘਰ ਰੱਬ ਸੱਚੇ ਦਾ ਘਰ ਹੈ ਅਤੇ ਇੱਥੇ ਕੋਈ ਵੀ ਮਾਈ ਭਾਈ, ਭਾਵੇਂ ਉਹ ਕਿਸੇ ਵੀ ਜਾਤ, ਧਰਮ, ਨਸਲ, ਦੇਸ਼ ਨਾਲ ਸਬੰਧਤ ਹੋਵੇ, ਆ ਸਕਦਾ ਹੈ। ਇੱਥੇ ਕਿਸੇ ਨਾਲ ਕੋਈ ਵਿਤਕਰਾ, ਕੋਈ ਵਖਰੇਵਾਂ ਨਹੀਂ ਹੋਵੇਗਾ। ਇਹੀ ਸਾਡੀ ਮਰਿਆਦਾ ਹੈ। ਕੀ ਅਸੀਂ ਉਸ ਪੁਜਾਰੀ ਜਮਾਤ ਦੇ ਢੰਗ-ਤਰੀਕਿਆਂ 'ਤੇ ਤਾਂ ਨਹੀਂ ਚੱਲ ਰਹੇ, ਜਿਨ੍ਹਾਂ ਗਿਆਨੀ ਦਿੱਤ ਸਿੰਘ ਜਿਹੀ ਮਹਾਨ ਸ਼ਖਸੀਅਤ ਨੂੰ ਪ੍ਰਸ਼ਾਦ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ, ਕਿਉਂਕਿ ਉਹ ਪੁਜਾਰੀਆਂ ਵਾਲੀ ਉਚੀ ਜਾਤਿ ਨਾਲ ਸਬੰਧਤ ਨਹੀਂ ਸਨ?

> ***ਇਹ ਕੋਈ ਇੱਕ ਦਿਨ ਦਾ ਵਰਤਾਰਾ ਨਹੀਂ ਹੈ ਅਤੇ ਨਾ ਹੀ ਇਕੱਲੀ ਬੱਚੀ ਗੁਰਪ੍ਰੀਤ ਕੌਰ ਨਾਲ ਹੀ ਵਾਪਰਿਆ ਹੈ; ਇਹ ਹਰ ਰੋਜ਼ ਵਾਪਰਦਾ ਹੈ। ਇਹੀ ਵਜ੍ਹਾ ਹੈ ਕਿ ਅੱਜ ਜਾਤਾਂ-ਗੋਤਾਂ ਦੇ ਨਾਮ 'ਤੇ ਗੁਰਦੁਆਰੇ ਉਸਰੇ ਹੋਏ ਹਨ। ਕੌਣ ਪਾਠ ਕਰਾ ਸਕਦਾ ਹੈ ਕੌਣ ਨਹੀਂ, ਇਹ ਹੁਣ ਧਰਮ ਦੇ ਆਪੂੰ ਬਣੇ ਘੜੰਮ ਚੌਧਰੀ ਫੈਸਲਾ ਕਰਦੇ ਹਨ। ਕਹਿਣ ਨੂੰ ਅਤੇ ਦੇਖਣ ਨੂੰ ਅਸੀਂ ਗੁਰੂ ਦੇ ਸਿੱਖ ਹਾਂ, ਪਰ ਗੁਰੂ ਦੇ ਦੱਸੇ ਹੋਏ ਰਸਤੇ ਤੋਂ ਬਿਲਕੁਲ ਉਲਟ ਚੱਲਦੇ ਹਾਂ। ਅਸੀਂ ਗੁਰੂ ਦੇ ਸਿੱਖ ਹੋ ਕੇ ਵੀ ਵੱਡੇ ਨਸਲਵਾਦੀ ਹਾਂ। ਸਭ ਨੇ ਖਬਰ ਪੜ੍ਹੀ ਹੋਣੀ ਹੈ ਕਿ ਨਿਹੰਗਾਂ ਦੇ ਕਿਸੇ ਡੇਰੇ ਵਿਚ ਦਲਿਤ ਨਿਹੰਗ ਸਿੰਘਾਂ ਦੇ ਬਰਤਨ ਅਲੱਗ ਰੱਖੇ ਜਾਂਦੇ ਹਨ। ਦਸਮ ਪਾਤਿਸ਼ਾਹ ਦੇ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਵਾਲਿਆਂ ਲਈ ਇਹ ਕਿੱਡੀ ਕੋਝੀ ਅਤੇ ਸ਼ਰਮਨਾਕ ਗੱਲ ਹੈ।***

ਗੁਰੂ ਨਾਨਕ ਦੇਵ ਜੀ ਨੇ 'ਵਾਰ ਆਸਾ ਕੀ' ਵਿਚ ਧਰਮ ਦੇ ਨਾਮ 'ਤੇ ਪਖੰਡ ਕਰਨ ਵਾਲੇ ਅਜਿਹੇ ਲੋਕਾਂ ਪ੍ਰਤੀ ਫੁਰਮਾਇਆ ਹੈ ਕਿ ਵੇਲੇ ਦੇ ਮੁਸਲਮਾਨ ਹਾਕਮ ਇੱਕ ਪਾਸੇ ਲੋਕਾਂ ਤੋਂ ਵੱਢੀ ਖਾਂਦੇ ਹਨ, ਪਰ ਧਾਰਮਿਕ ਹੋਣ ਲਈ ਨਮਾਜ਼ ਪੜ੍ਹਦੇ ਹਨ। ਉਨ੍ਹਾਂ ਦੇ ਖੱਤਰੀ ਮੁਨਸ਼ੀ ਗਰੀਬਾਂ ਉਤੇ ਜ਼ੁਲਮ ਕਰਦੇ ਹਨ, ਪਰ ਗਲ ਵਿਚ ਜਨੇਊ ਪਾਉਂਦੇ ਹਨ। ਇਨ੍ਹਾਂ ਜ਼ੁਲਮ ਕਰਨ ਵਾਲੇ ਖੱਤਰੀਆਂ ਦੇ ਘਰ ਜਾ ਕੇ ਬ੍ਰਾਹਮਣ ਪੂਜਾ ਕਰਦੇ ਹਨ ਅਤੇ ਉਸ ਜ਼ੁਲਮ ਦੀ ਕਮਾਈ ਵਿਚੋਂ ਭੋਜਨ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਲੋਕਾਂ ਦੀ ਕਮਾਈ ਪੂੰਜੀ ਵੀ ਝੂਠੀ ਹੈ ਅਤੇ ਇਹ ਸਾਰਾ ਵਪਾਰ ਹੀ ਝੂਠਾ ਹੈ। ਝੂਠ ਬੋਲ ਬੋਲ ਕੇ ਇਹ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਇਸ ਤਰ੍ਹਾਂ ਸ਼ਰਮ ਅਤੇ ਧਰਮ-ਦੋਹਾਂ ਦਾ ਡੇਰਾ ਦੂਰ ਹੋ ਗਿਆ ਹੈ, ਚਾਰੇ ਪਾਸੇ ਝੂਠ ਦਾ ਪਸਾਰਾ ਹੈ। ਜਿਹੜੇ ਧਾਰਮਿਕ ਆਗੂ ਧਾਰਮਿਕ ਚਿੰਨ੍ਹ ਪਹਿਨ ਕੇ ਧਰਮ ਤੋਂ ਵਿਪਰੀਤ ਕੰਮ ਕਰਦੇ ਹਨ, ਅਜਿਹੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਨੇ 'ਜਗਤ ਕਸਾਈ' (ਪੰਨਾ 472) ਕਿਹਾ ਹੈ।

ਇਹ ਕੋਈ ਇੱਕ ਦਿਨ ਦਾ ਵਰਤਾਰਾ ਨਹੀਂ ਹੈ ਅਤੇ ਨਾ ਹੀ ਇਕੱਲੀ ਬੱਚੀ ਗੁਰਪ੍ਰੀਤ ਕੌਰ ਨਾਲ ਹੀ ਵਾਪਰਿਆ ਹੈ; ਇਹ ਹਰ ਰੋਜ਼ ਵਾਪਰਦਾ ਹੈ। ਇਹੀ ਵਜ੍ਹਾ ਹੈ ਕਿ ਅੱਜ ਜਾਤਾਂ-ਗੋਤਾਂ ਦੇ ਨਾਮ 'ਤੇ ਗੁਰਦੁਆਰੇ ਉਸਰੇ ਹੋਏ ਹਨ। ਕੌਣ ਪਾਠ ਕਰਾ ਸਕਦਾ ਹੈ ਕੌਣ ਨਹੀਂ, ਇਹ ਹੁਣ ਧਰਮ ਦੇ ਆਪੂੰ ਬਣੇ ਘੜੰਮ ਚੌਧਰੀ ਫੈਸਲਾ ਕਰਦੇ ਹਨ। ਕਹਿਣ ਨੂੰ ਅਤੇ ਦੇਖਣ ਨੂੰ ਅਸੀਂ ਗੁਰੂ ਦੇ ਸਿੱਖ ਹਾਂ, ਪਰ ਗੁਰੂ ਦੇ ਦੱਸੇ ਹੋਏ ਰਸਤੇ ਤੋਂ ਬਿਲਕੁਲ ਉਲਟ ਚੱਲਦੇ ਹਾਂ। ਅਸੀਂ ਗੁਰੂ ਦੇ ਸਿੱਖ ਹੋ ਕੇ ਵੀ ਵੱਡੇ ਨਸਲਵਾਦੀ ਹਾਂ। ਸਭ ਨੇ ਖਬਰ ਪੜ੍ਹੀ ਹੋਣੀ ਹੈ ਕਿ ਨਿਹੰਗਾਂ ਦੇ ਕਿਸੇ ਡੇਰੇ ਵਿਚ ਦਲਿਤ ਨਿਹੰਗ ਸਿੰਘਾਂ ਦੇ ਬਰਤਨ ਅਲੱਗ ਰੱਖੇ ਜਾਂਦੇ ਹਨ। ਦਸਮ ਪਾਤਿਸ਼ਾਹ ਦੇ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਵਾਲਿਆਂ ਲਈ ਇਹ ਕਿੱਡੀ ਕੋਝੀ ਅਤੇ ਸ਼ਰਮਨਾਕ ਗੱਲ ਹੈ। ਪੰਚਮ ਗੁਰੂ ਨੇ ਤਾਂ ਸਾਧ ਸੰਗਤਿ ਵਿਚ ਆਉਣ ਦਾ ਮਕਸਦ ਇਸ ਤਰ੍ਹਾਂ ਫੁਰਮਾਇਆ ਹੈ,

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥1॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥1॥
(ਪੰਨਾ 1299)

'ਧਰਮਸਾਲ' ਅਰਥਾਤ ਗੁਰਦੁਆਰਾ ਸਾਧ ਸੰਗਤਿ ਵਿਚ ਜਾ ਕੇ ਨਾਮ ਬਾਣੀ ਦਾ ਅਭਿਆਸ ਕਰਨ, ਗੁਰੂ ਦੀ ਬਾਣੀ ਤੇ ਵਿਚਾਰ-ਚਰਚਾ ਕਰਨ ਅਤੇ ਗੁਰੂ ਦੇ ਦੱਸੇ ਗੁਣਾਂ ਨੂੰ ਗ੍ਰਹਿਣ ਕਰਨ ਦੀ ਥਾਂ ਹੈ। ਲੰਗਰ ਦੀ ਸੰਸਥਾ ਮਹਿਜ਼ ਪ੍ਰਸ਼ਾਦ ਛਕਣ-ਛਕਾਉਣ ਲਈ ਨਹੀਂ ਸੀ ਸਥਾਪਤ ਕੀਤੀ ਗਈ। ਇਸ ਦਾ ਮਕਸਦ ਸੀ ਕਿ ਜਾਤ-ਪਾਤ, ਛੂਤ-ਛਾਤ ਵਰਗੇ ਨਾਸੂਰ ਬਣ ਚੁਕੇ ਸਮਾਜਕ ਅਤੇ ਧਾਰਮਿਕ ਵਖਰੇਵਿਆਂ ਨੂੰ ਮਿਟਾ ਕੇ, ਰਲ-ਮਿਲ ਕੇ, ਇੱਕ ਦੂਜੇ ਦਾ ਸਤਿਕਾਰ ਕਰਦਿਆਂ ਭਰਾਤਰੀ ਭਾਵ ਨਾਲ ਆਪਣੇ ਅੰਦਰਲੀ ਹਉਮੈ ਨੂੰ ਤਿਆਗ ਕੇ, ਗੁਰੂ ਨੂੰ ਸਮਰਪਤਿ ਹੋ ਕੇ ਸੇਵਾ ਕਰਨਾ ਅਤੇ ਬਰਾਬਰ ਬੈਠ ਕੇ ਪ੍ਰਸ਼ਾਦਾ ਛਕਣਾ।

ਗੁਰੂ ਅਮਰਦਾਸ ਸਾਹਿਬ ਨੇ ਇਸ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ 'ਪਹਲੇ ਪੰਗਤਿ ਪਾਛੇ ਸੰਗਤਿ' ਅਰਥਾਤ ਪਹਿਲਾਂ ਦੂਸਰਿਆਂ ਨਾਲ ਮਿਲ ਕੇ, ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਹੈ, ਫਿਰ ਗੁਰੂ ਦੀ ਸੰਗਤਿ ਵਿਚ ਆਉਣਾ ਹੈ, ਦਰਸ਼ਨ ਕਰਨੇ ਅਤੇ ਸੰਗਤ ਮਾਣਨੀ ਹੈ, ਦਾ ਅਦੇਸ਼ ਕੀਤਾ। ਪਰ ਅੱਜ ਇਉਂ ਲਗਦਾ ਹੈ ਜਿਵੇਂ ਗੁਰਦੁਆਰਾ ਸਾਡੇ ਲਈ ਮਹਿਜ਼ ਸੁੱਖਾਂ ਸੁਖਣ, ਸਮਾਜਕ ਦਿਖਾਵਾ ਕਰਨ ਅਤੇ ਪ੍ਰਬੰਧਕਾਂ ਲਈ 'ਗੋਲਕ' ਇਕੱਠੀ ਕਰਨ ਦਾ ਜ਼ਰੀਆ ਹੋਵੇ। ਅਸੀਂ ਪਹਿਲਾਂ ਗੁਰੂ ਦੇ ਦੱਸੇ ਰਸਤੇ ਦੀ ਪਛਾਣ ਕਰੀਏ, ਉਸ ਰਸਤੇ 'ਤੇ ਤੁਰੀਏ ਅਤੇ ਹੋਰਾਂ ਨੂੰ ਵੀ ਤੋਰੀਏ, ਆਪਣੇ ਵਿਚ ਸੁਧਾਰ ਲਿਆਈਏ ਅਤੇ ਗੁਰੂ ਘਰਾਂ ਦੇ ਪ੍ਰਬੰਧਾਂ ਵਿਚ ਸੁਧਾਰ ਲਿਆਈਏ। ਅੱਜ ਸਿੰਘ ਸਭਾ ਲਹਿਰ ਜਿਹੀ ਇੱਕ ਹੋਰ ਲਹਿਰ ਦੀ ਬੇਹੱਦ ਲੋੜ ਹੈ। ਹਰ ਰੋਜ਼ ਕਦੇ ਖਾਲਿਸਤਾਨ ਦੇ ਨਾਹਰੇ ਲਾ ਕੇ, ਕਦੇ ਰੈਫਰੈਂਡਮ 2020 ਲਿਆ ਕੇ ਪੰਜਾਬ ਵਿਚ ਰਹਿ ਰਹੇ ਸਿੱਖ ਨੌਜਆਨਾਂ ਲਈ ਨਿੱਤ ਨਵੀਆਂ ਮੁਸੀਬਤਾਂ ਦਾ ਆਗਾਜ਼ ਕਰ ਰਹੇ ਹਾਂ, ਪਰ ਇਸਾਈ ਮਿਸ਼ਨਰੀਆਂ ਵਾਂਗ ਕਦੀ ਆਮ ਲੋਕਾਈ ਵਿਚ ਜਾ ਕੇ, ਉਨ੍ਹਾਂ ਨੂੰ ਗੁਰਬਾਣੀ ਵੱਲ ਜਾਂ ਸਿੱਖੀ ਵੱਲ ਤਾਂ ਕੀ ਪ੍ਰੇਰਨਾ ਹੈ, ਸਗੋਂ ਜਿਹੜੇ ਪ੍ਰੇਰੇ ਹੋਏ ਨੇ, ਉਨ੍ਹਾਂ ਨੂੰ ਅਪਨਾਉਣ ਦਾ ਵੀ ਜ਼ੇਰਾ ਸਾਡੇ ਵਿਚ ਹੈ ਨਹੀਂ। ਗੁਰੂ ਦੇ ਅਸੀਂ ਕਿਸ ਕਿਸਮ ਦੇ ਸਿੱਖ ਹਾਂ ਅਤੇ ਉਨ੍ਹਾਂ ਦੇ ਦਿੱਤੇ ਸਿਧਾਂਤਾਂ ਦਾ ਕਿਹੋ ਜਿਹਾ ਪਾਲਣ ਕਰ ਰਹੇ ਹਾਂ? ਕੀ ਇਹ ਸਰਬੱਤ ਦਾ ਭਲਾ ਹੈ? ਅਜਿਹੇ ਬਹੁਤ ਸਾਰੇ ਸਵਾਲ ਹਨ, ਜੋ ਉਤਰ ਮੰਗਦੇ ਹਨ ਕਿ ਅਸੀਂ ਗੁਰੂ ਦੇ ਦਿੱਤੇ ਸਿਧਾਂਤਾਂ ਤੇ ਕਿੱਥੋਂ ਤੱਕ ਖੜ੍ਹੇ ਹਾਂ? ਅੱਜ ਸਾਡੇ ਲਈ ਧਰਮ ਤਾਂ ਬਹੁਤ ਪਿੱਛੇ ਰਹਿ ਗਿਆ ਹੈ, ਸਿਰਫ ਰਾਜਨੀਤੀ ਪ੍ਰਧਾਨ ਹੋ ਗਈ ਹੈ। ਗੁਰੂ ਘਰਾਂ 'ਤੇ ਕਬਜੇ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵੀ ਇੱਕ ਦੂਜੇ ਦੀਆਂ ਦਸਤਾਰਾਂ ਲਾਹੁਣ ਅਤੇ ਡਾਂਗ-ਸੋਟਾ ਹੋਣ ਤੋਂ ਗੁਰੇਜ਼ ਨਹੀਂ ਕਰਦੇ,

ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥

ਮੈਨੂੰ ਅੱਜ ਵੀ ਬੜੀ ਚੰਗੀ ਤਰ੍ਹਾਂ ਯਾਦ ਹੈ ਕਿ ਸੰਨ 2004 ਵਿਚ ਅਮਰੀਕਾ ਅਤੇ ਕੈਨੇਡਾ ਵਿਚ ਰੱਖੇ ਗਏ ਕੁਝ ਸੈਮੀਨਾਰਾਂ ਵਿਚ ਹਿੱਸਾ ਲੈਣ ਮੈਂ ਵੀ ਹੋਰ ਵਿਦਵਾਨਾਂ ਨਾਲ ਭਾਰਤ ਤੋਂ ਆਈ ਸਾਂ। ਪਹਿਲਾ ਪੜਾਅ ਸਾਡੇ ਸਤਿਕਾਰਯੋਗ ਡਾ. ਜਸਵੀਰ ਸਿੰਘ ਮਾਨ ਦੇ ਸ਼ਹਿਰ ਲਾਸ ਏਂਜਲਸ ਵਿਖੇ ਸੀ ਅਤੇ ਡਾ. ਮਾਨ ਹੀ ਸੈਮੀਨਾਰਾਂ ਦੇ ਮੁੱਖ ਪ੍ਰਬੰਧਕ ਸਨ। ਇੱਕ ਦਿਨ ਅਸੀਂ ਕਿਸੇ ਪਾਸੇ ਜਾਣਾ ਸੀ ਅਤੇ ਕਿਸੇ ਬਹੁਤ ਹੀ ਗੁਰਮੁਖਿ ਸਿਆਣੀ ਦਿੱਖ ਵਾਲੇ ਸਿੱਖ ਵੀਰ ਦੀ ਗੱਡੀ ਸੀ। ਉਹ ਵੀਰ ਸਾਰਾ ਰਸਤਾ ਯੋਗੀ ਹਰਭਜਨ ਸਿੰਘ ਦੀਆਂ ਹੀ ਬਦਖੋਈਆਂ ਕਰਦਾ ਰਿਹਾ, ਪਰ ਮੈਨੂੰ ਅੱਜ ਵੀ ਇਹ ਗੱਲ ਕਹਿਣ ਤੋਂ ਕੋਈ ਹਿਚਕਚਾਹਟ ਨਹੀਂ ਕਿ ਮੈਂ ਯੋਗੀ ਹਰਭਜਨ ਸਿੰਘ ਦੇ ਐਸਪੇਨੋਲਾ ਕੇਂਦਰ ਵਿਖੇ ਅਫਰੀਕਨ, ਗੋਰੇ, ਮੈਕਸੀਕਨ, ਚੀਨੀ, ਜਪਾਨੀ, ਯੂਰਪੀਅਨ-ਹਰ ਮੁਲਕ ਅਤੇ ਨਸਲ ਦੇ ਸਿੱਖ ਵੀਰਾਂ ਤੇ ਬੀਬੀਆਂ ਨੂੰ ਰਲ-ਮਿਲ ਕੇ, ਪੂਰੇ ਪ੍ਰੇਮ ਅਤੇ ਸ਼ਰਧਾ ਨਾਲ ਇੱਕ ਦੂਜੇ ਦੇ ਸਹਿਯੋਗ ਨਾਲ ਲੰਗਰ ਦੀ ਅਤੇ ਗੁਰੂ ਘਰ ਦੀ ਸੇਵਾ ਕਰਦਿਆਂ ਦੇਖਿਆ ਹੈ, ਜਿੱਥੇ ਕੋਈ ਭਿੰਨ-ਭੇਦ ਨਹੀਂ ਸੀ। ਇੱਕ ਦਿਨ ਇੱਕ ਸਿੱਖ ਬੱਚੀ, ਜੋ ਲੰਗਰ ਵਿਚ ਸੇਵਾ ਕਰ ਰਹੀ ਸੀ, ਨੂੰ ਮੈਂ ਅੰਗਰੇਜ਼ੀ ਵਿਚ ਕੁਝ ਪੁੱਛਿਆ ਤਾਂ ਹੱਸ ਕੇ ਪੰਜਾਬੀ ਵਿਚ ਬੋਲੀ, "ਆਂਟੀ ਜੀ, ਮੈਂ ਵੈਨਕੂਵਰ ਤੋਂ ਆਈ ਹਾਂ, ਪੰਜਾਬਣ ਹਾਂ।" ਦੂਸਰੇ ਦਿਨ ਬਿਲਕੁਲ ਉਸੇ ਵਰਗੀ ਨਜ਼ਰ ਆਉਂਦੀ ਇੱਕ ਹੋਰ ਲੜਕੀ ਲੰਗਰ ਵਿਚ ਸੇਵਾ ਕਰ ਰਹੀ ਸੀ, ਜਿਸ ਨੂੰ ਮੈਂ ਪੁੱਛ ਲਿਆ ਕਿ ਕੀ ਉਹ ਵੀ ਪੰਜਾਬਣ ਹੈ? ਤਾਂ ਉਸ ਨੇ ਮੈਨੂੰ ਦੱਸਿਆ ਕਿ ਉਹ ਮੈਕਸੀਕਨ ਹੈ। ਉਹ ਸਾਰੀਆਂ ਬੀਬੀਆਂ ਦਸਤਾਰ ਸਜਾਉਂਦੀਆਂ ਹਨ ਅਤੇ ਉਤੋਂ ਦੀ ਦੁਪੱਟਾ ਲੈਂਦੀਆਂ ਹਨ। ਜੇ ਤੁਸੀਂ ਉਨ੍ਹਾਂ ਨੂੰ ਕਹਿ ਦਿਉ ਕਿ ਕੀ ਉਹ ਯੋਗੀ ਹਰਭਜਨ ਸਿੰਘ ਦੀਆਂ ਸਿੱਖ ਹਨ ਤਾਂ ਉਹ ਬੇਹੱਦ ਗੁੱਸਾ ਕਰਦੀਆਂ ਹਨ ਅਤੇ ਉਨ੍ਹਾਂ ਦਾ ਜੋਸ਼ ਵਾਲਾ ਉਤਰ ਹੁੰਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਹਨ।

ਗੁਰੂ ਨੇ ਅਦੇਸ਼ ਕੀਤਾ ਹੈ,

ਸਾਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ॥ (ਪੰਨਾ 766)

## ਬਹੁਤਾ ਕਰਮੁ ਲਿਖਿਆ ਨਾ ਜਾਇ

*(ਪਿਛਲੇ ਸਫੇ ਦੀ ਬਾਕੀ)*

ਸਾਲਾਹ ਹੈ। ਗੁਰੂ ਸਾਹਿਬ ਕਹਿੰਦੇ ਹਨ, ਜਿਸ ਕੋਲ ਦਾਤ-ਵਿਤਰਣ ਦੇ ਸਹੀ ਮੁਲੰਕਣ ਦੀ ਦਾਤ ਹੋਵੇ, ਭਾਵ ਜਿਸ ਨੂੰ ਦਾਤ ਵਿਤਰਣ ਦੇ ਨਿਯਮ ਦੀ ਪੱਕੀ ਸਮਝ ਆ ਜਾਵੇ, ਉਸ ਨੂੰ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਸਮਝੋ।

ਇਸ ਪਉੜੀ ਵਿਚ ਗੁਰੂ ਨਾਨਕ ਮੂਲ ਮੰਤਰ ਵਿਚ ਲਿਖੀ "ਨਿਰਭਉ ਨਿਰਵੈਰੁ" ਵਾਲੀ ਗੱਲ ਨੂੰ ਫਿਰ ਦੁਹਰਾਉਂਦੇ ਹਨ। ਉਹ ਕਰਤਾ ਦਾਤਾਂ ਦਿੰਦਾ ਹੈ, ਪਰ ਦਿੰਦਿਆਂ ਕੋਈ ਪੱਖ-ਪਾਤ ਤੇ ਭੇਦ ਭਾਵ ਨਹੀਂ ਕਰਦਾ। ਲੋਕ ਮੰਗਤਿਆਂ ਵਾਂਗ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਲਈ ਮੂੰਹ ਅੱਡਦੇ ਅਰਜੋਈਆਂ ਕਰਦੇ ਰਹਿੰਦੇ ਹਨ, ਪਰ ਉਹ ਤਿਲ ਭਰ ਵੀ ਨਹੀਂ ਪਸੀਜਦਾ ਭਾਵ ਆਪਣੇ ਸੁਭਾਵਿਕ ਨਿਯਮ ਤੋਂ ਜ਼ਰਾ ਨਹੀਂ ਡੋਲਦਾ। ਉਸ ਅੱਗੇ ਭਾਵੇਂ ਕੋਈ ਲੇਲ੍ਹੜੀਆਂ ਕੱਢ ਕੱਢ ਕੇ ਮੱਥਾ ਰਗੜੇ, ਭਾਵੇਂ ਕੋਈ ਵਾਰ ਵਾਰ ਲੈ ਜਾ ਕੇ ਮੁਕਰੀ ਜਾਵੇ, ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਉਸ ਦਾ ਮਿਹਰਬਾਨੀ ਭਰਿਆ ਕੰਮ ਕੋਈ ਹੈ ਹੀ ਨਹੀਂ। ਇਸ ਲਈ ਉਸ ਦੇ ਕਰਮ ਬਾਰੇ ਕੋਈ ਬਹੁਤਾ ਕੀ ਲਿਖੇ? ਲਿਖੇ ਵੀ ਕਿਉਂ, ਕਿਉਂਕਿ ਵਾਪਰਦਾ ਤਾਂ ਸਭ ਕੁਝ ਨਿਯਮ ਅਨੁਸਾਰ ਹੈ। ਸਭ ਦੇ ਦੁਖ-ਸੁਖ, ਅਮੀਰੀ-ਗਰੀਬੀ ਤੇ ਥੁੜ੍ਹਾਂ-ਲੋੜਾਂ ਦਾ ਆਉਣਾ-ਜਾਣਾ ਭਾਵ ਬੰਦ ਖਲਾਸੀ ਤਾਂ ਨਿਯਮਾਂ ਅਨੁਸਾਰ ਹੁੰਦੀ ਹੈ। ਇਸ ਤੋਂ ਵੱਧ ਕੁਝ ਕਹਿਣ ਵਾਲਾ ਕੋਈ ਬੇਸ਼ਰਮ ਹੀ ਹੋਵੇਗਾ। "ਆਪੇ ਜਾਣੈ ਆਪੇ ਦੇਇ" ਕਹਿਣਾ ਗਿਆਨ ਦਾ ਪੋਚਾ ਮਾਰਨ ਵਾਲੀ ਗੱਲ ਹੈ, ਪਰ ਜਿਸ ਕੋਲ ਸਹੀ ਸਾਲਾਹ ਦਾ ਵੱਲ ਹੈ, ਉਹ ਰਾਜਿਆਂ ਦਾ ਰਾਜਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਇਕ ਵਾਰ ਫਿਰ ਪੂਜਾ ਪਾਠ ਤੇ ਅਰਦਾਸਾਂ ਰਾਹੀਂ ਦੈਵੀ ਭੀਖ ਦੀ ਪ੍ਰਥਾ ਦਾ ਜੋਰਦਾਰ ਸ਼ਬਦਾਂ ਵਿਚ ਨਿਖੇਧ ਕਰਦੇ ਹਨ। ਉਨ੍ਹਾਂ ਨੇ ਕੁਦਰਤ ਦੀ ਨਿਰਭੈਤਾ, ਨਿਰਵੈਰਤਾ ਤੇ ਨਿਰਪੱਖਤਾ ਦੇ ਗੁਣਾਂ ਦੀ ਪ੍ਰੋੜ੍ਹਤਾ ਕੀਤੀ ਹੈ। ਉਨ੍ਹਾਂ ਨੇ ਕੁਦਰਤ ਦੇ ਨਿਰਪੱਖ ਵਿਤਰਣ ਨਿਯਮ ਦੀ ਪਛਾਣ ਕੀਤੀ ਹੈ ਤੇ ਸੱਚੀ ਸਿਫਤ (Evaluation) ਦੀ ਸਰਾਹਨਾ ਕੀਤੀ ਹੈ। ਪਰ ਫਿਰ ਵੀ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਉਨ੍ਹਾਂ ਦੀ ਗੱਲ ਨੂੰ ਸਮਝ ਕੇ ਅਮਲ ਨਹੀਂ ਕਰਦੇ। ਉਨ੍ਹਾਂ ਦੇ ਉਪਦੇਸ਼ ਨਾਲ ਉਹ ਸਭ ਤੋਂ ਵਡਾ ਖਿਲਵਾੜ ਉਦੋਂ ਕਰਦੇ ਹਨ, ਜਦੋਂ ਭੇਟਾ ਦੇ ਭਾਅ ਅਰਦਾਸਾਂ ਕਰਦੇ ਹਨ ਤੇ ਸਾਧ ਸੰਗਤ ਵਿਚ ਪ੍ਰਚਾਰਦੇ ਹਨ ਕਿ ਦਿਲੋਂ ਕੀਤੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ!

# ਦੇਸ਼ ਵਾਸੀਆਂ ਦੇ ਨਾਂ ਫਾਂਸੀ ਦੀ ਕੋਠੀ ਤੋਂ

**ਅਸ਼ਫਾਕ ਉਲਾ ਖਾਂ ਦੀ ਇਹ ਲਿਖਤ ਆਖਰੀ ਵਕਤ ਦੀ ਹੈ ਜਦੋਂ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ। ਉਨ੍ਹਾਂ ਨੂੰ ਫਾਂਸੀ 19 ਦਸੰਬਰ 1927 ਨੂੰ ਫੈਜ਼ਾਬਾਦ ਜੇਲ੍ਹ ਵਿਚ ਦਿੱਤੀ ਗਈ ਸੀ। 18 ਦਸੰਬਰ 1927 ਨੂੰ ਉਨ੍ਹਾਂ ਇਕ ਤਾਰ ਕਾਲ ਕੋਠੜੀ 'ਚੋਂ ਆਪਣੇ ਵੱਡੇ ਭਰਾ ਰਿਆਸਤ ਖਾਂ ਨੂੰ ਗਣੇਸ਼ ਸ਼ੰਕਰ ਵਿਦਿਆਰਥੀ ਦੇ ਨਾਂ 'ਤੇ ਦਿੱਤਾ ਸੀ: "19 ਦਸੰਬਰ ਦਿਨ ਦੇ 2 ਵਜੇ ਮੈਨੂੰ ਲਖਨਊ ਦੇ ਸਟੇਸ਼ਨ 'ਤੇ ਮਿਲਣਾ। ਉਮੀਦ ਹੈ ਕਿ ਆਪ ਮੇਰੀ ਆਖਰੀ ਮੁਲਾਕਾਤ ਜ਼ਰੂਰ ਕਰੋਗੇ।" ਵਿਦਿਆਰਥੀ ਜੀ ਆਪਣੇ 9 ਸਾਥੀਆਂ ਨਾਲ ਲਖਨਊ ਦੇ ਰੇਲਵੇ ਸਟੇਸ਼ਨ 'ਤੇ ਪਹੁੰਚੇ ਸਨ। ਜਿਸ ਡੱਬੇ ਵਿਚ ਸ਼ਹੀਦ ਦੀ ਲਾਸ਼ ਸੀ, ਉਥੇ ਅੰਦਰ ਗਏ ਅਤੇ ਮੂੰਹ ਤੋਂ ਕਫਨ ਹਟਾ ਕੇ ਪਾਰਸੀ ਸ਼ਾਹ ਫੋਟੋਗਰਾਫਰ ਤੋਂ ਉਨ੍ਹਾਂ ਦੀ ਫੋਟੋ ਲਈ ਗਈ। ਇਹ ਉਹੀ ਫੋਟੋ ਹੈ। ਉਨ੍ਹਾਂ ਇਕ ਚਿੱਠੀ ਵੀ ਦਿੱਤੀ ਸੀ ਕਿ ਮੇਰੇ ਭਾਈ ਬਰਬਾਦ ਹੋ ਚੁੱਕੇ ਹਨ। ਮੇਰੀ ਕਬਰ ਤੇ ਦਫਨ ਦਾ ਇੰਤਜ਼ਾਮ ਤੁਸੀਂ ਕਰਨਾ। ਇਸ ਬਾਰੇ ਮੈਂ ਆਪਣੇ ਇਕ ਪੂਰੇ ਲੇਖ ਵਿਚ ਤਸਵੀਰ ਸਹਿਤ ਕਰਾਂਗਾ।**

**-(ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ, ਫੋਨ: 661-331-5651)**

**(ਅਸ਼ਫਾਕ ਉਲਾ ਖਾਂ ਦੀ ਕਲਮ ਤੋਂ)**

ਮੇਰੇ ਦੇਸ਼ ਵਾਸੀਓ ਤੁਹਾਨੂੰ ਉਸ ਭਰਾ ਦਾ ਸਲਾਮ ਜੋ ਆਪਣੇ ਪਿਆਰੇ ਵਤਨ ਦੀ ਆਣ ਅਤੇ ਆਬਰੂ ਖਾਤਰ ਫੈਜ਼ਾਬਾਦ ਜੇਲ੍ਹ ਵਿਚ ਕੁਰਬਾਨ ਹੋਣ ਜਾ ਰਿਹਾ ਹੈ। ਅੱਜ ਜਦੋਂ ਮੈਂ ਇਹ ਸੁਨੇਹਾ ਆਪਣੇ ਵਤਨੀ ਭਰਾਵਾਂ ਨੂੰ ਭੇਜ ਰਿਹਾ ਹਾਂ ਤਾਂ ਇਸ ਤੋਂ ਬਾਅਦ ਮੇਰੇ ਕੋਲ ਜ਼ਿੰਦਗੀ ਦੇ ਤਿੰਨ ਦਿਨ ਤੇ ਚਾਰ ਰਾਤਾਂ ਬਾਕੀ ਹਨ। ਫਿਰ ਮੈਂ ਆਪਣੇ ਪਿਆਰੇ ਵਤਨ ਦੀ ਧਰਤੀ ਦੀ ਗੋਦ ਵਿਚ ਹਮੇਸ਼ਾ ਲਈ ਸੌਂ ਜਾਵਾਂਗਾ।

ਮੈਂ ਤੁਹਾਨੂੰ ਦੱਸ ਦਿਆਂ ਕਿ ਸਾਡੇ 'ਤੇ ਜੋ ਦੋਸ਼ ਲਾਏ ਗਏ, ਉਨ੍ਹਾਂ ਨੂੰ ਲੋਕਾਂ ਵਿਚ ਇਸ ਤਰ੍ਹਾਂ ਪ੍ਰਚਾਰਿਆ ਗਿਆ। ਉਹ ਲੋਕ ਜੋ ਅੰਗਰੇਜ਼ੀ ਹਕੂਮਤ ਦੇ ਜੁੱਤੀ-ਚੱਟ ਦਲਾਲ, ਉਨ੍ਹਾਂ ਵਲੋਂ ਸੁਟੇ ਹੋਏ ਟੁਕੜੇ ਬੋਚਣ ਵਾਲੇ, ਉਨ੍ਹਾਂ ਦੀਆਂ ਚੂੰਡੀਆਂ ਹੱਡੀਆਂ ਨੂੰ ਕੁੱਤਿਆਂ ਵਾਂਗ ਚਬਾਉਣ ਵਾਲੇ ਸਾਨੂੰ ਡਾਕੂ, ਕਾਤਲ, ਖੂਨੀ ਦੇ ਲਕਬ ਦੇ ਕੇ ਪ੍ਰਚਾਰਿਆ ਗਿਆ। ਅੱਜ ਮੈਂ ਫਾਂਸੀ ਦੀ ਕੋਠੀ ਵਿਚ ਬੈਠਾ ਬਹੁਤ ਖੁਸ਼ ਹਾਂ ਅਤੇ ਆਪਣੇ ਉਨ੍ਹਾਂ ਭਰਾਵਾਂ ਦਾ ਸ਼ੁਕਰੀਆ ਕਰਦਾ ਹਾਂ ਅਤੇ ਇਹ ਹੀ ਆਖਾਂਗਾ,

ਮਰ ਮਿਟਾ ਆਪ ਪੇ ਕੌਨ,
ਆਪ ਨੇ ਯੇ ਭੀ ਨਾ ਸੁਨਾ।
ਆਪਕੀ ਜਾਨ ਸੇ ਦੂਰ
ਆਪ ਸੇ ਸ਼ਿਕਵਾ ਹੈ ਮੁਝੇ।

ਖੈਰ ਇਹ ਤੁਹਾਡਾ ਕੰਮ ਹੈ ਕਿ ਤੁਸੀਂ ਸਾਡੀਆਂ ਕੁਰਬਾਨੀਆਂ ਨੂੰ ਨਾ ਮੰਨੋ ਤੇ ਸਾਡਾ ਕੰਮ ਹੈ ਕਿ ਤੁਸੀਂ ਵਾਰ-ਵਾਰ ਸਾਨੂੰ ਨਕਾਰੋ। ਫਿਰ ਵੀ ਅਸੀਂ ਤੁਹਾਡੇ ਹੀ ਸਾਹ ਨਾਲ ਸਾਹ ਭਰਾਂਗੇ। ਮੇਰੇ ਦੇਸ਼ ਵਾਸੀਓ! ਮੈਂ ਉਸ ਪਾਕਿ-ਪਵਿੱਤਰ ਵਤਨ ਦੀ ਕਸਮ ਖਾ ਕੇ ਆਖਾਂਗਾ ਕਿ ਅਸੀਂ ਆਪਣੇ ਪਿਆਰੇ ਦੇਸ਼ ਦੀ ਇੱਜ਼ਤ, ਆਣ ਤੇ ਆਬਰੂ ਖਾਤਰ ਕੁਰਬਾਨ ਹੋ ਗਏ। ਕੀ ਇਹ ਸ਼ਰਮ ਦੀ ਗੱਲ ਨਹੀਂ ਕਿ ਅਸੀਂ ਆਪਣੀਆਂ ਅੱਖਾਂ ਨਾਲ ਹਰ ਰੋਜ਼ ਨਿੱਤ ਨਵੇਂ ਜ਼ੁਰਮ ਹੁੰਦੇ ਦੇਖਦੇ ਹਾਂ ਅਤੇ ਵਿਚਾਰੇ ਗਰੀਬ ਹਿੰਦੋਸਤਾਨੀ ਸਾਰੇ ਦੇਸ਼ ਤੇ ਬਦੇਸ਼ਾਂ ਵਿਚ ਵੀ ਬੇਇੱਜ਼ਤ ਕੀਤੇ ਜਾ ਰਹੇ ਹਨ। ਉਥੇ ਬਾਹਰ ਉਨ੍ਹਾਂ ਦਾ ਨਾ ਕੋਈ ਘਰ-ਘਾਟ ਹੈ ਤੇ ਨਾ ਹੀ ਕੋਈ ਸਹਾਰਾ। ਮੁਕਦੀ ਗੱਲ ਕਿ ਸਾਡਾ ਦੇਸ਼ ਹੀ ਸਾਡਾ ਨਹੀਂ। ਜਿਥੇ ਬਦੇਸ਼ੀ ਆਪਣੀ ਮਨਮਰਜ਼ੀ ਕਰਦੇ ਹਨ। ਸਾਡੇ ਨਿਤ ਦਿਹਾੜੇ ਟੈਕਸਾਂ ਦੀ ਭਰਮਾਰ ਰਹਿੰਦੀ ਹੈ। ਸਾਡੀ ਮਾਲੀ ਹਾਲਤ ਅਤੇ ਰੋਜ਼ਮੱਰਾ ਦੀ ਜ਼ਿੰਦਗੀ ਨਿਘਰਦੀ ਜਾ ਰਹੀ ਹੈ। 33 ਕਰੋੜ ਹਿੰਦੋਸਤਾਨੀ, ਹਿੰਦੂ ਤੇ ਮੁਸਲਮਾਨ ਭੇਡਾਂ ਬਕਰੀਆਂ ਦੀ ਤਰ੍ਹਾਂ ਹੱਕੇ ਜਾ ਰਹੇ ਹਨ। ਸਾਡੇ ਗੋਰੇ ਆਕਾ ਅਗਰ ਸਾਨੂੰ ਠੁਡੇ ਮਾਰਦੇ ਹਨ, ਬੇਇੱਜ਼ਤ ਕਰਦੇ ਹਨ ਤਾਂ ਸਾਡੀ ਕੋਈ ਸੁਣਵਾਈ ਨਹੀਂ ਹੁੰਦੀ।

ਜਨਰਲ ਡਾਇਰ ਜੱਲ੍ਹਿਆਂਵਾਲੇ ਬਾਗ ਵਿਚ ਪਰਲੋ ਲਿਆ ਦੇਵੇ, ਉਸ ਜ਼ਮੀਨ ਨੂੰ ਲੋਕਾਂ ਦੇ ਖੂਨ ਨਾਲ ਲੱਥਪੱਥ ਕਰ ਦੇਵੇ, ਸਾਡੀਆਂ ਮਾਵਾਂ-ਭੈਣਾਂ ਦੀ ਬੇਇੱਜ਼ਤੀ ਕਰੇ, ਸਾਡੇ ਬਜ਼ੁਰਗਾਂ ਤੇ ਬੱਚਿਆਂ ਤੇ ਬੰਬ ਦੇ ਗੋਲੇ ਅਤੇ ਮਸ਼ੀਨਗਨ ਦੀਆਂ ਗੋਲੀਆਂ ਬਰਸਾਏ। ਆਉਣ ਵਾਲਾ ਹਰ ਨਵਾਂ ਦਿਨ ਸਾਡੇ ਲਈ ਮੁਸੀਬਤਾਂ ਲੈ ਕੇ ਚੜ੍ਹੇ। ਫਿਰ ਵੀ ਅਸੀਂ ਚੁਪ-ਚਾਪ ਰਹਿ ਆਪਣੀ ਐਸ਼ਪ੍ਰਸਤੀ 'ਚ ਆਪਣੀ ਜਵਾਨੀ ਬਿਤਾਈ ਜਾਂਦੇ ਹਾਂ। ਜ਼ਰਾ ਖਿਆਲ ਤਾਂ ਕਰੋ,

ਜਨੂਨੇ ਹੁਬੇ ਵਤਨ ਕਾ ਮਜ਼ਾ ਸ਼ਬਾਬ ਮੇ ਹੈ,
ਲਹੂ ਮੇਂ ਫਿਰ ਯੇਹ ਰਵਾਨੀ ਰਹੇ, ਰਹੇ ਨਾ ਰਹੇ।

ਜੋ ਵੀ ਕੀਤਾ, ਠੀਕ ਕੀਤਾ। ਅੱਜ ਅਸੀਂ ਨਾਕਾਮ ਰਹੇ, ਡਾਕੂ ਹਾਂ। ਜੇਕਰ ਅਸੀਂ ਆਪਣੇ ਮਕਸਦ ਵਿਚ ਕਾਮਯਾਬ ਹੋ ਜਾਂਦੇ ਤਾਂ ਦੇਸ਼ ਭਗਤਾਂ ਦੇ ਪਾਕਿ-ਪਵਿੱਤਰ ਲਕਬ ਨਾਲ ਬੁਲਾਏ ਜਾਂਦੇ ਅਤੇ ਅੱਜ ਜੋ ਸਾਡੇ 'ਤੇ ਝੂਠੀਆਂ ਗਵਾਹੀਆਂ ਦੇ ਗਏ, ਉਹ ਹੀ ਸਾਡੇ ਨਾਮ ਦੇ ਜੈਕਾਰੇ ਗਜਾਉਂਦੇ,

ਬਹੇ ਬਹਰੇ ਫਨਾਂ ਮੇ ਯਾ ਰਬ,
ਲਾਸ਼ 'ਬਿਸਮਿਲ' ਕੀ,
ਕਿ ਭੂਖੀ ਮਛਲੀਆਂ ਹੈਂ,
ਜ਼ੌਹਰੇ ਸ਼ਮਸ਼ੀਰੇ ਕਾਤਿਲ ਕੀ।

ਆਹ! ਕੀ ਏਸ ਦੌਰ ਵਿਚ ਜ਼ਿੰਦਗੀ ਪਿਆਰੀ ਖਿਆਲ ਕੀਤੀ ਜਾ ਸਕਦੀ ਹੈ? ਜਦਕਿ ਸਾਡੇ ਆਪਣੇ ਹੀ ਸਿਆਸੀ ਗੁਟਾਂ ਵਿਚ ਝਗੜੇ ਝੰਜਟ ਮਚੇ ਹੋਏ ਹਨ। ਕਿਤੇ ਮੁਸਲਮਾਨੀ ਦਾ ਸਬਕ ਪੜ੍ਹਾਇਆ ਜਾਂਦਾ ਹੈ, ਕਿਤੇ ਹਿੰਦੂ ਮੱਤ ਦਾ ਸ਼ੁੱਧੀਕਰਨ ਪਾਠ ਪੜ੍ਹਾਇਆ ਜਾ ਰਿਹਾ ਹੈ। ਮੈਨੂੰ ਤਾਂ ਰਹਿ-ਰਹਿ ਕੇ ਅਜਿਹੇ ਦਿਮਾਗਾਂ ਅਤੇ ਅਕਲਾਂ ਉਤੇ ਤਰਸ ਆ ਰਿਹਾ ਹੈ। ਕਿਤਨੇ ਰੋਸ਼ਨ ਦਿਮਾਗ ਅਤੇ ਉਚੇ ਖਿਆਲਾਤ! ਕਾਸ਼ ਕਿ ਇਹ ਲੋਕ ਮਿਸਰ ਦੀ ਆਜ਼ਾਦੀ ਲਈ ਲੜਿਆ ਸੰਘਰਸ਼ ਅਤੇ ਉਸ ਦੀ ਸੁਤੰਤਰਤਾ ਲਈ ਲੜਨ ਵਾਲੇ ਲੋਕਾਂ ਦੇ ਕਾਰਨਾਮੇ ਅਤੇ ਬਰਤਾਨਵੀ ਸਾਮਰਾਜੀਆਂ ਦੀਆਂ ਫਰੇਬੀ ਸਿਆਸੀ ਚਾਲਾਂ ਨੂੰ ਸਟਡੀ ਕਰ ਲੈਣ ਅਤੇ ਫਿਰ ਹਿੰਦੋਸਤਾਨ ਦੀ ਮੌਜੂਦਾ ਹਾਲਤ ਨਾਲ ਤੁਲਨਾ ਕਰ ਕੇ ਵੇਖਣ, ਕੀ ਸਾਰੇ ਹਾਲਾਤ ਇਸ ਵਕਤ ਅੱਜ ਵੀ ਨਹੀਂ ਹਨ? ਸਰਕਾਰ ਦੇ ਖੁਫੀਆ ਏਜੰਟ ਇਹ ਸਾਰਾ ਪ੍ਰਾਪੇਗੰਡਾ ਮਜ਼ਹਬੀ ਬੁਨਿਆਦ 'ਤੇ ਫੈਲਾ ਰਹੇ ਹਨ। ਇਨ੍ਹਾਂ ਲੋਕਾਂ ਦਾ ਮਕਸਦ ਮਜ਼ਹਬ ਦੀ ਹਿਫਾਜ਼ਤ ਜਾਂ ਤਰੱਕੀ ਕਰਨਾ ਨਹੀਂ ਹੈ ਸਗੋਂ ਚਲਦੀ ਗੱਡੀ ਵਿਚ ਰੋੜੇ ਅਟਕਾਉਣਾ ਹੈ।

ਮੇਰੇ ਕੋਲ ਹੁਣ ਸਮਾਂ ਨਹੀਂ ਹੈ ਅਤੇ ਨਾ ਮੌਕਾ, ਨਹੀਂ ਤੇ ਸਭਾ ਦਾ ਕੱਚਾ ਚਿੱਟਾ ਖੋਲ੍ਹ ਕੇ ਰੱਖ ਦਿੰਦਾ ਜੋ ਮੈਨੂੰ ਗੁਪਤਵਾਸ ਅਤੇ ਉਸ ਦੇ ਬਾਅਦ ਪਤਾ ਲੱਗਾ। ਜਿਥੋਂ ਤਕ ਮੈਨੂੰ ਪਤਾ ਹੈ ਕਿ ਮੌਲਵੀ ਨਿਜ਼ਾਮ ਤੁਲਾ ਕਾਦਿਆਨੀ ਕੌਣ ਸੀ ਜੋ ਕਾਬਲ ਵਿਚ ਸੰਗਮਾਰ ਕੀਤਾ ਗਿਆ (ਪੱਥਰ ਮਾਰ ਕੇ ਮਾਰ ਦੇਣਾ)। ਉਹ ਬ੍ਰਿਟਿਸ਼ ਏਜੰਟ ਸੀ ਜਿਸ ਕੋਲ ਖਾਨ ਬਹਾਦਰ ਹੁਸੈਨ ਸਾਹਿਬ ਜਿਹੇ ਭਾਰਤੀ ਬਰਤਾਨਵੀ ਸਰਕਾਰ ਦੇ ਸੀ.ਆਈ.ਡੀ. ਦਾ ਡਿਪਟੀ ਸੁਪਰਟੈਂਡੈਂਟ ਸੀ। ਸਰਕਾਰ ਦਾ ਇਕ ਗੁਪਤ ਸੁਨੇਹਾ ਲੈ ਕੇ ਗਿਆ ਸੀ ਪਰ ਕਾਬਲ ਸਰਕਾਰ ਨੇ ਸਮਝਦਾਰੀ ਤੋਂ ਕੰਮ ਲੈਂਦਿਆਂ ਬੀਮਾਰੀ ਨੂੰ ਵਧਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ।



ਅਸ਼ਫਾਕ ਉਲਾ ਖਾਂ

ਮੈਂ ਆਪਣੇ ਹਿੰਦੂਆਂ ਅਤੇ ਮੁਸਲਮਾਨ ਭਾਈਆਂ ਨੂੰ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਸਭ ਢੌਂਗ ਹੈ ਜੋ ਸੀ.ਆਈ.ਡੀ. ਦੇ ਖੁਫੀਆ ਖਜ਼ਾਨੇ ਦੇ ਪੈਸੇ ਨਾਲ ਕੀਤਾ ਜਾ ਰਿਹਾ ਹੈ। ਮੈਂ ਮਰ ਰਿਹਾ ਹਾਂ ਅਤੇ ਦੇਸ਼ ਲਈ ਮਰ ਰਿਹਾ ਹਾਂ। ਮੇਰਾ ਫਰਜ਼ ਬਣਦਾ ਹੈ ਕਿ ਹਰ ਚੰਗੀ ਮਾੜੀ ਗੱਲ ਆਪਣੇ ਦੇਸ਼ ਵਾਸੀਆਂ ਤੱਕ ਪਹੁੰਚਾ ਦੇਵਾਂ। ਇਸ ਨੂੰ ਮੰਨਣਾ ਅਤੇ ਨਾ ਮੰਨਣਾ ਉਨ੍ਹਾਂ ਦਾ ਕੰਮ ਹੈ। ਦੇਸ਼ ਦੇ ਵੱਡੇ-ਵੱਡੇ ਲੋਕ ਇਸ ਤੋਂ ਬਚੇ ਹੋਏ ਨਹੀਂ ਹਨ। ਬਸ ਲੋੜ ਹੈ ਤਾਂ ਅਵਾਮ ਨੂੰ ਅੱਖਾਂ ਖੋਲ੍ਹ ਕੇ ਪੈਰਵਾਈ ਕਰਨੀ ਚਾਹੀਦੀ ਹੈ।

ਭਰਾਵੋ ਤੁਹਾਡੀ ਖਾਨਾਜੰਗੀ, ਤੁਹਾਡੀ ਆਪਸੀ ਫੁੱਟ ਤੁਹਾਡੇ ਦੋਹਾਂ ਵਿਚੋਂ ਕਿਸੇ ਨੂੰ ਵੀ ਫਾਇਦੇਮੰਦ ਨਹੀਂ ਹੋਣ ਲੱਗੀ। ਇਹ ਕਦੀ ਹੋ ਹੀ ਨਹੀਂ ਸਕਦਾ ਕਿ 7 ਕਰੋੜ ਮੁਸਲਮਾਨ ਬਣਾ ਲਏ ਜਾਣ। ਹਾਂ, ਇਹ ਅਸਾਨ ਹੈ ਅਤੇ ਬਿਲਕੁਲ ਅਸਾਨ ਕਿ ਸਾਰੇ ਮਿਲ ਕੇ ਸ਼ੁਧ ਹੋ ਜਾਣ (ਹਿੰਦੂਆਂ ਵਿਚ ਆਪਣੇ ਧਰਮ ਵਿਚ ਪ੍ਰਵੇਸ਼ ਕਰਾਉਣ ਨੂੰ ਸ਼ੁਧੀ ਕਰਨ ਕਿਹਾ ਜਾਂਦਾ ਹੈ) ਅਤੇ ਵੈਸੇ ਵੀ ਇਕ ਆਮ ਜਿਹੀ ਗੱਲ ਹੈ ਕਿ 22 ਕਰੋੜ ਹਿੰਦੂ-ਮੁਸਲਮਾਨ ਗੁਲਾਮੀ ਦਾ ਤੌਕ ਆਪਣੇ ਗਲ ਵਿਚ ਪਾ ਲੈਣ। ਇਹ ਉਹ ਕੌਮ ਹੈ ਜਿਸ ਦਾ ਕੋਈ ਆਪਣਾ ਝੰਡਾ ਹੀ ਨਹੀਂ। ਇਹ ਕਿ ਤੇਰਾ ਵਤਨ ਮੇਰਾ ਵਤਨ ਨਹੀਂ। ਉਹ ਜੋ ਦੂਸਰਿਆਂ ਵੱਲ ਹੱਥ ਅੱਡੀ ਰਹਿਮ ਦੀ ਭੀਖ ਮੰਗਣ ਵਾਲੀ ਬੇਬਸ ਕੌਮ ਤੇਰੀ ਆਪਣੀਆਂ ਗਲਤੀਆਂ ਦਾ ਹੀ ਨਤੀਜਾ ਹੈ ਕਿ ਤੂੰ ਗੁਲਾਮ ਹੈਂ। ਫਿਰ ਵੀ ਉਹ ਹੀ ਗਲਤੀਆਂ ਕਰ ਰਹੀ ਹੈ ਕਿ ਆਉਣ ਵਾਲੀ ਨਸਲ ਲਈ ਗੁਲਾਮੀ ਦਾ ਦੱਬਾ ਛੱਡਾ ਜਾਵੇਗੀ। ਜੋ ਵੀ ਸਰਜ਼ਮੀਨ ਹਿੰਦ 'ਤੇ ਕਦਮ ਰੱਖੇਗਾ, ਗੁਲਾਮੀ ਵਿਚ ਹੀ ਰੱਖੇਗਾ ਅਤੇ ਗੁਲਾਮ ਹੀ ਬਣੇਗਾ। ਹੇ! ਪਾਕਿ ਖੁਦਾ ਕੀ ਕਦੀ ਕੋਈ ਐਸਾ ਸਵੇਰਾ ਨਹੀਂ ਆਏਗਾ, ਜਦੋਂ ਸਵੇਰ ਦਾ ਸੂਰਜ ਆਜ਼ਾਦ ਹਿੰਦੋਸਤਾਨ ਵਿਚ ਚਮਕੇਗਾ ਅਤੇ ਹਿੰਦ ਦੀ ਫਿਜ਼ਾ ਆਜ਼ਾਦੀ ਦੇ ਨਾਹਰਿਆਂ ਨਾਲ ਗੂੰਜ ਉਠੇ।

ਕਾਂਗਰਸ ਵਾਲੇ ਹੋਣ ਜਾਂ ਸੋਰਾਜਿਸਟ (ਸਵਰਾਜਵਾਦੀ), ਤਬਲੀ ਗਵਾਲੇ ਹੋਣ ਜਾਂ ਸੁਧੀ ਵਾਲੇ (ਹਿੰਦੂਵਾਦੀ), ਕਮਿਊਨਿਸਟ ਹੋਣ ਜਾਂ ਰੈਵੋਲੂਸ਼ਨਰੀ, ਅਕਾਲੀ ਹੋਣ ਜਾਂ ਬੰਗਾਲੀ, ਮੇਰਾ ਪੈਗਾਮ ਭਾਰਤ ਦੇ ਹਰ ਇਕ ਫਰਜ਼ੰਦ ਨੂੰ ਪਹੁੰਚੇ। ਮੈਂ ਹਰ ਇਕ ਦੇਸ਼ਵਾਸੀ ਨੂੰ ਉਸ ਦੀ ਇੱਜ਼ਤ ਆਬਰੂ ਅਤੇ ਉਸ ਦੇ ਧਰਮ ਦਾ ਵਾਸਤਾ ਦਿੰਦਾ ਹਾਂ, ਜੇਕਰ ਉਹ ਮਹਿਜ਼ ਧਰਮ ਦਾ ਕਾਇਲ ਨਹੀਂ ਤਾਂ ਜੋ ਵੀ ਉਸ ਦਾ ਇਸ਼ਟ ਹੈ। ਅਪੀਲ ਕਰਦਾ ਹਾਂ, ਤੁਸੀਂ ਸਾਡੇ ਕਕੋਰੀ ਕਾਂਡ ਦੇ ਮਰ ਜਾਣ ਵਾਲੇ ਨੌਜਵਾਨਾਂ 'ਤੇ ਤਰਸ ਕਰੋ। ਇਕ ਵਾਰ ਫਿਰ ਹਿੰਦੋਸਤਾਨ ਨੂੰ ਸੰਨ 1920-21 ਵਾਲਾ ਹਿੰਦੋਸਤਾਨ ਬਣਾ ਦਿਓ। ਫਿਰ ਅਹਿਮਦਾਬਾਦ ਕਾਂਗਰਸ ਵਾਲਾ ਆਪਸੀ ਭਾਈਚਾਰਾ ਦੇ ਇਕਮੁਠ ਹੋਣ ਦਾ ਨਜ਼ਾਰਾ ਸਾਹਮਣੇ ਦੇਖਣ ਨੂੰ ਮਿਲੇ ਸਗੋਂ ਉਸ ਨਾਲੋਂ ਵੀ ਵਧ ਕੇ ਪੂਰਨ ਆਜ਼ਾਦੀ ਦਾ ਜਲਦੀ ਤੋਂ ਜਲਦੀ ਐਲਾਨ ਕਰਕੇ ਇਨ੍ਹਾਂ ਗੋਰੇ ਮਾਲਕ ਬਣੇ ਫਰੰਗੀਆਂ ਨੂੰ ਦੇਸ਼ ਵਿਚੋਂ ਵਗ੍ਹਾ ਮਾਰੋ ਕਿ ਇਹ ਕਾਲੇ ਲੋਕ ਹੁਣ ਆਪਣੀ ਕੁੰਜ ਉਤਾਰ ਚੁਕੇ ਹਨ। ਹੁਣ ਤੁਹਾਡਾ ਕੋਈ ਵੀ ਮੰਤਰ ਇਨ੍ਹਾਂ ਨੂੰ ਤੁਹਾਡੇ ਵੱਸ ਵਿਚ ਨਹੀਂ ਕਰ ਸਕਦਾ।

ਐ ਕਲਮਾ ਪੜ੍ਹਾ ਕੇ ਮੁਸਲਮਾਨ ਬਣਾਉਣ ਵਾਲਿਓ! ਓਏ ਸ਼ੁਧੀਕਰਨ ਕਰਕੇ ਹਿੰਦੂ ਮੱਤ ਵਿਚ ਦਾਖਲ ਕਰਨ ਵਾਲਿਓ! ਜੇ ਤੁਹਾਡੇ ਵਿਚ ਥੋੜ੍ਹੀ ਜਿਹੀ ਵੀ ਗੈਰਤ ਹੈ ਤਾਂ ਇਨ੍ਹਾਂ ਸਭ ਮਜ਼ਹਬੀ ਝਗੜੇ ਝੇੜਿਆਂ ਤੋਂ ਉਪਰ ਉਠ ਕੇ ਆਪਣੀਆਂ ਅੱਖਾਂ ਖੋਲ੍ਹੋ, ਅਸੀਂ ਕੀ ਸੀ ਤੇ ਕਿਥੇ ਪਹੁੰਚ ਗਏ ਹਾਂ। ਆਪਣੀ ਝੂਠੀ ਸ਼ਾਨ ਨੂੰ ਖਤਮ ਕਰੋ! ਓਏ ਜ਼ਰਾ ਸੋਚੋ ਤਾਂ ਸਹੀ, ਫਜ਼ੂਲ ਹੀ ਮਜ਼ਹਬੀ ਝਗੜੇ ਅਤੇ ਬਖੇੜੇ ਖੜ੍ਹੇ ਕਰ ਦੰਗਾ ਫਸਾਦਾਂ ਵਿਚ ਉਲਝ ਗਏ। ਜੋ ਜ਼ਰੂਰੀ ਕੰਮ ਸੀ, ਦੇਸ਼ ਦੀ ਅਜ਼ਾਦੀ ਦੀ ਜੰਗ ਦਾ, ਉਸ ਨੂੰ ਨਾ ਮੁਕੰਮਲ ਛੱਡ ਕੇ ਦੂਜੇ ਪਾਸੇ ਮੁੜ ਗਏ। ਅੱਜ ਕਿਹੜਾ ਹਿੰਦੂ ਜਾਂ ਮੁਸਲਮਾਨ ਹੈ ਜੋ ਮਹਜ਼ਬ ਦੀ, ਧਰਮ ਦੀ ਆਜ਼ਾਦੀ ਉਨੀ ਹੀ ਰੱਖਦਾ ਹੈ ਜਿੰਨਾ ਉਸ ਦਾ ਹੱਕ ਹੈ। ਕੀ ਗੁਲਾਮ ਕੌਮਾਂ ਦਾ ਵੀ ਕੋਈ ਮਜ਼ਹਬ ਜਾਂ ਧਰਮ ਹੁੰਦਾ ਹੈ? ਤੁਸੀਂ ਆਪਣੇ ਮਜ਼ਹਬ ਦਾ ਕੀ ਸੁਧਾਰ ਕਰ ਸਕਦੇ ਹੋ? ਤੁਸੀਂ ਰੱਬ ਦੀ ਇਬਾਦਤ ਆਜ਼ਾਦੀ ਨਾਲ ਕਰੋ, ਤੁਸੀਂ ਈਸ਼ਵਰ ਦਾ ਧਿਆਨ ਖਾਮੋਸ਼ੀ ਨਾਲ ਕਰੋ ਅਤੇ ਦੋਵੇਂ ਮਿਲ ਕੇ ਇਸ ਸਫੈਦ ਭੂਤ ਨੂੰ ਆਪਸੀ ਏਕਤਾ ਦੇ ਜੰਤਰ ਮੰਤਰ ਨਾਲ ਮਾਰ ਭਜਾਓ। ਦੇਸ਼ ਵਿਚੋਂ ਇਹਦੀਆਂ ਜੜ੍ਹਾਂ ਹੀ ਪੁੱਟ ਸੁੱਟੋ। ਸਭ ਫਿਰਕੂ ਫਸਾਦ ਏਸੇ ਦੀ ਹੀ ਕਾਰਸ਼ੈਤਾਨੀ ਹੈ। ਜਦੋਂ ਇਹ ਭੂਤ ਉਤਰ ਜਾਏਗਾ ਤਾਂ ਫਿਰ ਸਾਡੀਆਂ ਅੱਖਾਂ ਖੁੱਲ੍ਹ ਜਾਣਗੀਆਂ। ਆਓ! ਸਾਡੀ ਵੀ ਗੱਲ ਸੁਣੋ, ਪਹਿਲਾਂ ਹਿੰਦੋਸਤਾਨ ਨੂੰ ਆਜ਼ਾਦ ਕਰਾਓ, ਫਿਰ ਕੁਝ ਹੋਰ ਸੋਚਣਾ। ਖੁਦਾ ਨੇ ਜਿਸ ਲਈ ਜੋ ਵੀ ਰਸਤਾ ਤੈਅ ਕਰ ਰੱਖਿਆ ਹੈ, ਉਹ ਉਸ 'ਤੇ ਹੀ ਰਹੇਗਾ। ਤੁਸੀਂ ਕਿਸੇ ਨੂੰ ਵੀ ਹਟਾ ਨਹੀਂ ਸਕਦੇ। ਤੁਸੀਂ ਆਪਸ ਵਿਚ ਮਿਲ-ਜੁਲ ਕੇ ਰਹੋ ਅਤੇ ਇਕਮੁਠ ਹੋ ਜਾਓ, ਨਹੀਂ ਤਾਂ ਹਿੰਦੋਸਤਾਨ ਦੀ ਬਦਕਿਸਮਤੀ ਦਾ ਭਾਰ ਤੁਹਾਡੀ ਧੌਣ 'ਤੇ ਹੈ ਅਤੇ ਤੁਹਾਡੀ ਗੁਲਾਮੀ ਦਾ ਕਾਰਨ ਤੁਸੀਂ ਖੁਦ ਹੀ ਹੋ।

ਕਮਿਊਨਿਸਟ ਗਰੁਪ ਨੂੰ ਅਸ਼ਫਾਕ ਦੀ ਬੇਨਤੀ ਹੈ ਕਿ ਤੁਸੀਂ ਗੈਰ ਮੁਲਕ ਦਾ ਜੋ ਇਤਿਹਾਸ ਲੈ ਕੇ ਜਦੋਂ ਹਿੰਦੋਸਤਾਨ ਵਿਚ ਆਏ ਤਾਂ ਤੁਸੀਂ ਆਪਣੇ ਆਪ ਨੂੰ ਗੈਰ ਮੁਲਕੀ ਬਦੇਸ਼ੀ ਹੀ ਤਸੱਵਰ ਕਰਦੇ ਰਹੋ। ਦੇਸ਼ੀ ਚੀਜ਼ਾਂ ਨੂੰ ਨਫਰਤ, ਬਦੇਸ਼ੀ ਪਹਿਰਾਵਾ, ਰਹਿਣ ਸਹਿਣ ਵੀ ਬਦੇਸ਼ੀ ਢੰਗ ਦਾ। ਅੰਤਾਂ ਦਾ ਇਸ਼ਕ ਉਨ੍ਹਾਂ ਚੀਜ਼ਾਂ ਨਾਲ। ਇਸ ਤਰ੍ਹਾਂ ਕੰਮ ਨਹੀਂ ਚਲੇਗਾ। ਮੈਂ ਆਖਦਾ ਹਾਂ ਕਿ ਆਪਣੇ ਅਸਲੀ ਰੰਗ ਵਿਚ ਆ ਜਾਓ, ਆਪਣੇ ਦੇਸ਼ ਵਾਸੀਆਂ ਵਰਗੇ ਬਣ ਕੇ ਰਹੋ। ਜੇ ਜੀਣਾ ਹੈ ਤਾਂ ਦੇਸ਼ ਲਈ ਜੀਓ, ਮਰਨਾ ਹੈ ਤਾਂ ਦੇਸ਼ ਲਈ ਮਰੋ। ਮੈਂ ਤੁਹਾਡੇ ਨਾਲ ਕਾਫੀ ਮੁਤਫਿਕ (ਸਹਿਮਤ) ਹਾਂ ਅਤੇ ਕਹਾਂਗਾ ਕਿ ਮੇਰਾ ਦਿਲ ਗਰੀਬਾਂ ਕਿਸਾਨਾਂ ਲਈ ਅਤੇ ਦੁਖੀ ਮਜ਼ਦੂਰਾਂ ਲਈ ਹਮੇਸ਼ਾ ਦੁਖੀ ਰਿਹਾ ਹੈ। ਮੈਂ ਆਪਣੀ ਫਰਾਰੀ ਦੇ ਦਿਨਾਂ ਵਿਚ ਵੀ ਅਕਸਰ ਇਨ੍ਹਾਂ ਦੀ ਹਾਲਤ ਦੇਖ ਕੇ ਰੋਂਦਾ ਰਿਹਾ ਹਾਂ, ਕਿਉਂਕਿ ਮੈਨੂੰ ਇਨ੍ਹਾਂ ਦੇ ਨਾਲ ਦਿਨ ਕਟੀ ਕਰਨ ਦਾ ਮੌਕਾ ਮਿਲਿਆ ਹੈ। ਜੇਕਰ ਮੈਨੂੰ ਪੁਛੋ ਤਾਂ ਮੈਂ ਕਹਾਂਗਾ ਕਿ ਜੇਕਰ ਮੇਰਾ ਵੱਸ ਚਲੇ ਤਾਂ ਮੈਂ ਦੁਨੀਆਂ ਦੀ ਹਰ ਸੰਭਵ ਚੀਜ਼ ਇਨ੍ਹਾਂ ਦੀ ਝੋਲੀ ਪਾ ਦਿਆਂ। ਸਾਡੇ ਸ਼ਹਿਰਾਂ ਦੀ ਰੌਣਕ ਇਨ੍ਹਾਂ ਦੀ ਬਦੌਲਤ ਹੀ ਹੈ। ਸਾਰੇ ਕਾਰਖਾਨੇ ਇਨ੍ਹਾਂ ਦੀ ਵਜਾਹ ਨਾਲ ਅਬਾਦ ਹਨ ਤੇ ਕੰਮ ਕਰ ਰਹੇ ਹਨ। ਸਾਡੇ ਪੰਪ, ਨਲਕੇ ਇਨ੍ਹਾਂ ਦੇ ਹੱਥਾਂ ਨਾਲ ਹੀ ਪਾਣੀ ਕੱਢਦੇ ਹਨ। ਗੱਲ ਕੀ, ਦੁਨੀਆਂ ਦਾ ਹਰ ਇਕ ਕੰਮ ਇਨ੍ਹਾਂ ਦੀ ਬਦੌਲਤ ਹੋ ਰਿਹਾ ਹੈ। ਗਰੀਬ ਕਿਸਾਨ ਬਰਸਾਤ ਦੇ ਮੋਹਲੇਧਾਰ ਮੀਂਹ ਅਤੇ ਵੈਸਾਖ, ਜੇਠ, ਹਾੜ੍ਹ ਦੀਆਂ ਭੱਠੀ ਵਾਂਗ ਤਪਦੀਆਂ ਤਿਖੜ ਦੁਪਿਹਿਰਾਂ ਨੂੰ ਖੇਤਾਂ ਵਿਚ ਕੰਮ ਕਰਦੇ, ਰਾਤ-ਬਰਾਤੇ ਖੇਤਾਂ ਦੇ ਵੱਟਾਂ-ਬੰਨਿਆਂ 'ਤੇ ਸੱਪਾਂ ਦੀਆਂ ਸਿਰੀਆਂ ਮਿਧਦੇ, ਜੰਗਲਾਂ ਵਿਚ ਖੂੰਖਾਰ ਜਾਨਵਰਾਂ ਦਾ ਸਾਹਮਣਾ ਕਰਦੇ ਪੂਰੀ ਲੋਕਾਈ ਲਈ ਖਾਧ-ਖੁਰਾਕ ਪੈਦਾ ਕਰਦੇ। ਇਹ ਵੀ ਬਿਲਕੁਲ ਸੱਚ ਹੈ ਕਿ ਜੋ ਉਹ ਪੈਦਾ ਕਰਦੇ ਹਨ, ਜੋ ਮਜ਼ਦੂਰ ਬਣਾਉਂਦੇ ਹਨ, ਉਸ ਵਿਚ ਉਨ੍ਹਾਂ ਦਾ ਹਿਸਾ ਨਹੀਂ

(ਬਾਕੀ ਅਗਲੇ ਸਫੇ 'ਤੇ)

ਅਦਾਲਤ ਵਿਚ ਸੁਣਵਾਈ ਦੌਰਾਨ ਜੋ ਗਵਾਹੀਆਂ ਦੇ ਵਾਲੇ, ਸ਼ਨਾਖਤ ਕਰਨ ਵਾਲੇ ਸੀ ਤੇ ਵਕੀਲ ਸੀ, ਸਭ ਝੂਠੇ ਸੀ। ਮੁੱਖ ਮੁਕੱਦਮੇ ਦਾ ਵਕੀਲ ਪੰਡਤ ਜਗਤ ਨਰਾਇਣ ਮੁੱਲਾ ਅਦਾਲਤ ਵਿਚ ਥੋੜ੍ਹੇ ਸਮੇਂ ਲਈ ਆਇਆ। ਉਸ ਵਕਤ ਅਜੇ ਫੈਸਲਾ ਨਹੀਂ ਸੀ ਦਿੱਤਾ ਗਿਆ। ਉਹ ਸਰਕਾਰ ਤੋਂ ਉਸ ਸਮੇਂ ਇਕ ਦਿਨ ਦਾ 500 ਰੁਪਿਆ ਬਟੋਰਦਾ ਸੀ। ਇਹ ਸ਼ਿਅਰ ਉਸ ਵਕਤ ਅਦਾਲਤ ਵਿਚ ਕਿਹਾ ਗਿਆ।

ਕੋਈ ਸਾਢੇ ਤਿੰਨ ਦਹਾਕੇ ਤੋਂ ਵੀ ਪਹਿਲਾਂ ਮੈਂ ਕਕੋਰੀ ਕਾਂਡ ਦੇ ਮਹਾਨ ਸ਼ਹੀਦਾਂ ਦੀ ਧਰਤੀ 'ਤੇ ਗਿਆ ਤਾਂ ਸਭ ਤੋਂ ਪਹਿਲਾਂ ਮੈਂ ਸ਼ਹੀਦ ਅਸ਼ਫਾਕ ਉਲਾ ਖਾਂ ਦੇ ਮਜ਼ਾਰ 'ਤੇ ਹੀ ਗਿਆ। ਕਬਰ ਸਾਧਾਰਨ ਜਿਹੀ, ਆਮ ਵਾਂਗ ਹੀ ਇੱਟਾਂ ਦੀ ਬਣੀ ਹੋਈ ਸੀ। ਬਾਰਸ਼ਾਂ ਕਰਕੇ ਕਾਈ ਜੰਮੀ ਹੋਈ ਸੀ। ਅੱਜ ਵੀ ਬਹੁਤ ਸਾਰੇ ਲੋਕਾਂ ਨੂੰ ਕਕੋਰੀ ਕਾਂਡ ਬਾਰੇ ਪਤਾ ਨਹੀਂ ਹੈ। ਪੰਡਤ ਰਾਮ ਪ੍ਰਸ਼ਾਦ ਬਿਸਮਿਲ ਬਾਰੇ ਤਾਂ ਉਨ੍ਹਾਂ ਦੀ ਸ਼ਾਇਰੀ ਤੇ ਮਸ਼ਹੂਰ ਗੀਤਾਂ ਕਰਕੇ ਲੋਕ ਜਾਣਦੇ ਹਾਂ। ਸ਼ਹੀਦ ਭਗਤ ਸਿੰਘ ਹੁਰੀਂ 'ਮੇਰਾ ਰੰਗ ਦੇ ਬਸੰਤੀ ਚੋਲਾ' ਦਾ ਗੀਤ ਗਾਉਂਦੇ ਜਾਂਦੇ ਸਨ, ਤੇ 'ਸਰਫਰੋਸ਼ੀ ਕੀ ਤਮੰਨਾ' ਵਾਲਾ ਗੀਤ ਵੀ। ਲੋਕ ਅਸ਼ਫਾਕ ਉਲਾ ਖਾਂ ਅਤੇ ਠਾਕੁਰ ਰੋਸ਼ਨ ਸਿੰਘ ਬਾਰੇ ਘੱਟ ਜਾਣਦੇ ਹਨ। ਅਸ਼ਫਾਕ ਉਲਾ ਖਾਂ ਬਹੁਤ ਵਧੀਆ ਸ਼ਾਇਰ ਵੀ ਸੀ। ਉਸ ਦੀ ਹੱਥਲਿਖਤ ਛੋਟੀ ਜਿਹੀ ਡਾਇਰੀ ਜੋ ਜੇਲ੍ਹ ਦੀ ਹੈ, ਮੌਜੂਦ ਹੈ। ਅੰਗਰੇਜ਼ੀ ਅਤੇ ਉਰਦੂ ਦੀ ਹੱਥਲਿਖਤ ਬਾਕਮਾਲ ਹੈ। ਬਹੁਤ ਖੁਸ਼ਖਤ।

**-ਕਸ਼ਮੀਰ ਸਿੰਘ ਕਾਂਗਣਾ**

## ਚਲੋ ਚਲੋ ਯਾਰੋ


ਸੁਨਾਏਂ ਗਮ ਕੀ ਕਿਸੇ ਕਹਾਨੀ, ਹਮੇਂ ਤੋ ਅਪਨੇ ਸਤਾ ਰਹੇ ਹੈਂ,
ਹਮੇਸ਼ਾਂ ਸੁਬੇ ਸ਼ਾਮ ਦਿਲ ਪਰ, ਸਿਤਮ ਕੇ ਖੰਜਰ ਚਲਾ ਰਹੇ ਹੈਂ।
ਨਾ ਕੋਈ ਇੰਗਲਿਸ਼, ਨਾ ਕੋਈ ਜਰਮਨ, ਨਾ ਕੋਈ ਰਸ਼ੀਅਨ, ਨਾ ਕੋਈ ਟਰਕੀ।
ਮਿਟਾਨੇ ਵਾਲੇ ਹੈ ਅਪਨੇ ਹਿੰਦੀ, ਜੋ ਆਜ ਹਮਕੋ ਮਿਟਾ ਰਹੇ ਹੈਂ।

ਕਹਾਂ ਗਿਆ ਕੋਹੇਨੂਰ ਹੀਰਾ, ਕਿਧਰ ਗਈ ਹਾਏ ਮੇਰੀ ਦੌਲਤ।
ਵਹ ਸਭ ਕਾ ਸਭ ਲੂਟ ਕਰਕੇ, ਉਲਟਾ ਹਮੀ ਕੋ ਡਾਕੂ ਬਤਾ ਰਹੇ ਹੈਂ।
ਜਿਸੇ ਫਨਾ ਵਹ ਸਮਝ ਰਹੇ ਹੈਂ, ਬਕਾ ਕਾ ਹੈ ਰਾਜ਼ ਉਸੀ ਮੇਂ ਮਜਮਰ।

ਨਹੀਂ ਮਿਟਾਏ ਸੇ ਮਿਟ ਸਕੇਗੇਂ, ਵਹ ਲਾਖ ਹਮਕੋ ਮਿਟਾ ਰਹੇ ਹੈਂ।
ਜੋ ਹੈ ਹਕੂਮਤ ਵਹ ਮੁੱਦਈ ਹੈਂ, ਜੋ ਅਪਨੇ ਭਾਈ ਹੈਂ, ਹੈ ਵਹ ਦੁਸ਼ਮਨ,
ਗਜ਼ਬ ਮੇਂ ਜਾਨ ਅਪਨੀ ਆ ਗਈ ਹੈ, ਕਜ਼ਾ ਕੇ ਪਹਲੂ ਮੇ ਜਾ ਰਹੇ ਹੈਂ।

ਚਲੋ ਚਲੋ ਯਾਰੋ ਰਿੰਗ ਥੇਟਰ ਦਿਖਾਏ ਤੁਮਕੋ, ਵਹਾਂ ਪੇ ਲਿਬਰਲ,
ਜੋ ਚੰਦ ਟੁਕੜੋਂ ਪੇ ਸੀਮੋਜ਼ਰ ਕੇ, ਨਇਆ ਤਮਾਸ਼ਾ ਦਿਖਾ ਰਹੇ ਹੈਂ।
ਖਾਮੋਸ਼ ਹਸਰਤ ਖਾਮੋਸ਼ ਹਸਰਤ, ਅਗਰ ਹੈ ਜਜ਼ਬਾ ਵਤਨ ਕਾ ਦਿਲ ਮੇਂ,
ਸਜ਼ਾ ਕੋ ਪਹੁੰਚੇਗੇ ਅਪਨੀ, ਬੇਸ਼ਕ ਜੋ ਆਜ ਹਮਕੋ ਫਸਾਂ ਰਹੇ ਹੈਂ।

**-ਅਸ਼ਫਾਕ ਉਲਾ ਖਾਂ 'ਵਾਰਸੀ' (ਹਸਰਤ)**



# ਪੂਰਨ ਆਜ਼ਾਦੀ

ਮੈਂ ਸੁਤੰਤਰਤਾ ਸੰਗਰਾਮੀਆਂ ਦੀ ਨਿਘਰਦੀ ਹਾਲਤ ਤੋਂ ਜਾਣੂ ਕਰਾਉਣ ਲਈ ਬਾਬਾ ਸੋਹਣ ਸਿੰਘ ਭਕਨੇ ਨੂੰ ਮਿਲਣ ਗਿਆ ਅਤੇ ਬੇਨਤੀ ਕੀਤੀ ਕਿ ਉਹ ਸੁਤੰਤਰਤਾ ਸੰਗਰਾਮੀਆਂ ਬਾਰੇ ਨਹਿਰੂ ਨੂੰ ਮਿਲਣ।

ਸੁਤੰਤਰਤਾ ਸੰਗਰਾਮੀਆਂ ਨੂੰ ਸਾਰੀ ਦੁਨੀਆਂ ਰੱਬ ਵਾਂਗ ਪੂਜਦੀ ਹੈ, ਪਰ ਸਾਡੇ ਦੇਸ਼ ਦੇ ਸੁਤੰਤਰਤਾ ਸੰਗਰਾਮੀਏ ਸੇਵਾ ਪਿਛੋਂ ਵੀ ਨਰਕ ਭੋਗਦੇ ਤੁਰ ਜਾਂਦੇ ਹਨ।



ਬਾਬਾ ਜੀ ਸੁਤੰਤਰਤਾ ਸੰਗਰਾਮੀਆਂ ਦੀ ਤਰਸਯੋਗ ਹਾਲਤ ਸੁਣ ਕੇ ਬਹੁਤ ਤਿਲਮਿਲਾਏ ਤੇ ਕਹਿਣ ਲੱਗੇ, "ਮੇਰੇ

**ਸਾਹਿਬ ਸਿੰਘ ਗਿੱਲ**

ਵਲੋਂ ਸੁਤੰਤਰਤਾ ਸੰਗਰਾਮੀਆਂ ਨੂੰ ਕਹਿ ਦਈਂ ਕਿ ਉਹ ਇਸ ਸਰਕਾਰ ਅੱਗੇ ਹੱਥ ਨਾ ਅੱਡਣ...।"

ਪਹਾੜ ਤੋਂ ਵੀ ਵੱਡਾ ਸੀ ਸੁਤੰਤਰਤਾ ਸੰਗਰਾਮੀਆਂ ਦਾ ਮਨੋਬਲ। ਉਨ੍ਹਾਂ ਤੋਂ ਅੰਗਰੇਜ਼ ਸਰਕਾਰ ਵੀ ਡਰਦੀ ਸੀ। ਬਾਬੇ ਭਕਨੇ ਨੂੰ ਚਾਰ ਫੁਟ ਉਚੇ ਪਿੰਜਰੇ 'ਚ ਬੰਦ ਕਰ ਰੱਖਿਆ ਸੀ। ਪਿੰਜਰੇ ਵਿਚ ਕੁੱਬੇ ਕੁੱਬੇ ਰਹਿੰਦਿਆਂ ਦਾ ਸਰੀਰ ਕਮਾਨ ਬਣ ਗਿਆ ਸੀ, ਪਰ ਅੰਗਰੇਜ਼ ਸਰਕਾਰ ਅੱਗੇ ਰਤਾ ਨਹੀਂ ਝੁਕੇ। ਸੋਲਾਂ ਸਾਲ ਪਿੰਜਰੇ 'ਚੋਂ ਹੀ ਸ਼ੇਰ ਵਾਂਗ ਗਰਜਦੇ ਰਹੇ। ਆਖਰ ਉਹ ਦਿਨ ਆ ਗਿਆ, ਜਦ ਆਜ਼ਾਦੀ ਦਾ ਸੂਰਜ ਚੜ੍ਹ ਆਇਆ।

ਅਸੀਂ ਉਨ੍ਹਾਂ ਸੂਰਬੀਰਾਂ ਦੀ ਔਲਾਦ ਹਾਂ, ਪਰ ਪਤਾ ਨਹੀਂ ਸਾਡੀ ਅਣਖ ਕਿਉਂ ਮਰ ਗਈ? ਵਿਧਾਨਕ ਹੱਕ ਸਾਨੂੰ ਹਾਲੇ ਤੱਕ ਨਹੀਂ ਮਿਲੇ, ਅਸੀਂ ਅੰਗਰੇਜ਼ ਦੇ ਚਲੇ ਜਾਣ ਨੂੰ ਹੀ ਆਜ਼ਾਦੀ ਸਮਝੀਂ ਬੈਠੇ ਹਾਂ। ਨਾ ਸਾਨੂੰ ਰੁਜ਼ਗਾਰ ਪ੍ਰਾਪਤ ਹੈ, ਨਾ ਬੇ-ਰੁਜ਼ਗਾਰੀ ਭੱਤਾ; ਨਾ ਚੰਗੀਆਂ ਸਿਹਤ ਸਹੂਲਤਾਂ, ਨਾ ਆਧੁਨਿਕ ਕਿਸਮ ਦੀ ਵਿੱਦਿਆ ਤੇ ਨਾ ਜੀਵਨ ਸੁਰੱਖਿਆ; ਜਾਨ ਹਰ ਵੇਲੇ ਸਹਿ ਸਹਿ ਕਰਦੀ ਹੈ। ਜੋ ਸੁੱਖ ਸਹੂਲਤਾਂ ਅੰਗਰੇਜ਼ ਸਮੇਂ ਪ੍ਰਾਪਤ ਸਨ, ਉਹ ਵੀ ਨਹੀਂ ਰਹੀਆਂ।

ਨਿੱਕੀਆਂ ਮੋਟੀਆਂ ਗਰਜਾਂ ਨੂੰ ਲੈ ਕੇ ਅਸੀਂ ਭ੍ਰਿਸ਼ਟ ਲੀਡਰਾਂ ਨਾਲ ਚਿਪਕੇ ਰਹਿੰਦੇ ਹਾਂ, ਪਰ ਆਪਣੇ ਹੱਕ ਲਈ ਸਰਕਾਰ ਨਾਲ ਦੋ ਹੱਥ ਨਹੀਂ ਕਰਦੇ। ਜੇ 'ਕੱਲੇ-ਦੁਕੱਲੇ ਦੀ ਨਹੀਂ ਸੁਣੀ ਗਈ, ਅਸੀਂ 'ਕੱਠੇ ਹੋ ਕੇ ਸਰਕਾਰ ਦਾ ਜਾ ਬੂਹਾ ਮੱਲੀਏ।

ਪਰ ਸਾਡੀ ਜ਼ਮੀਰ ਮਰ ਚੁਕੀ ਹੈ, ਅਸੀਂ ਪੈਸੇ ਦਿੰਦੇ ਹਾਂ, ਕੰਮ ਹੋ ਜਾਂਦਾ ਹੈ, ਜਿਵੇਂ ਮਾਸਟਰ ਲੱਗਣ ਵੇਲੇ ਮੰਤਰੀ ਨੂੰ ਤੇਰਾਂ ਤੇਰਾਂ ਲੱਖ ਦੇਈ ਗਏ, ਮਾਸਟਰ ਲੱਗੀ ਗਏ। ਮੰਤਰੀ ਨੂੰ ਭ੍ਰਿਸ਼ਟ ਕਰਨ 'ਚ ਅਸੀਂ ਵੀ ਜ਼ਿੰਮੇਦਾਰ ਹਾਂ। ਮੰਤਰੀ ਵੱਡਾ ਦੋਸ਼ੀ ਹੈ, ਅਸੀਂ ਛੋਟੇ। ਇਸੇ ਤਰ੍ਹਾਂ ਪਹਿਲਾਂ ਸਰਕਾਰ ਨੂੰ 'ਕੋਹੜੀ' ਬਣਾ ਲਿਆ, ਫਿਰ ਸਾਰੇ ਦੇਸ਼ ਨੂੰ।

ਅਸੀਂ ਭ੍ਰਿਸ਼ਟਾਚਾਰ ਫੈਲਾਉਣ ਲਈ ਉਨੇ ਹੀ ਦੋਸ਼ੀ ਹਾਂ, ਜਿੰਨਾ ਬਾਦਲ ਪਰਿਵਾਰ, ਤੋਤਾ ਸਿੰਘ, ਮਲੂਕਾ, ਕਾਂਗਰਸ, ਆਮ ਆਦਮੀ ਪਾਰਟੀ ਤੇ ਇਨ੍ਹਾਂ ਦਾ ਕੇਡਰ। ਜਦ ਸਾਰੇ ਦੇਸ਼ 'ਚ ਕੋਹੜ ਫੈਲ ਚੁਕਾ ਹੈ, ਸਾਡਾ ਭਵਿੱਖ ਕੀ ਹੈ? ਕੀ ਅਸੀਂ ਇਵੇਂ ਖੁਦਕੁਸ਼ੀਆਂ ਕਰਦੇ ਰਹਾਂਗੇ?



ਬਾਬਾ ਸੋਹਣ ਸਿੰਘ ਭਕਨਾ

ਮੌਜੂਦਾ ਸਥਿਤੀ ਇਹ ਹੈ ਕਿ ਸਰਕਾਰ ਸਾਡੇ ਨਾਲ ਆਜ਼ਾਦ ਦੇਸ਼ ਦੇ ਸ਼ਹਿਰੀਆਂ ਵਾਲਾ ਸਲੂਕ ਨਹੀਂ ਕਰ ਰਹੀ। ਦਲਿਤ ਤੇ ਘੱਟ ਗਿਣਤੀ ਦੇ ਸ਼ਹਿਰੀਆਂ ਨੂੰ ਘਰੀਂ ਜਾ ਕੇ ਕਤਲ ਕਰ ਦਿੱਤਾ ਜਾਂਦਾ ਹੈ, ਉਨ੍ਹਾਂ ਦੇ ਕਾਰੋਬਾਰ ਤਬਾਹ ਕਰ ਰਹੀ ਹੈ। ਵੱਡਿਆਂ ਲਈ ਹੋਰ ਕਾਨੂੰਨ, ਛੋਟਿਆਂ ਲਈ ਹੋਰ ਹੈ। ਧਨਾਢ ਲੋਕ ਦੇਸ਼ ਨੂੰ ਲੁੱਟ ਕੇ, ਕਈ ਬਾਹਰ ਨਿਕਲ ਗਏ, ਕਈ ਦਿੱਲੀ ਬੈਠੇ ਹਨ। ਡਰੱਗ ਸਕੈਂਡਲ ਦੇ ਕਥਿਤ ਦੋਸ਼ੀ ਬਾਦਲ ਪਰਿਵਾਰ ਨੂੰ ਜੈਡ ਸਿਕਿਉਰਿਟੀ ਮਿਲੀ ਹੋਈ ਹੈ।

ਛੋਟੇ ਲੋਕਾਂ ਨੂੰ ਝੂਠੇ ਕੇਸਾਂ 'ਚ ਅੰਦਰ ਡੱਕ ਛੱਡਿਆ ਹੈ, ਜ਼ਮਾਨਤ ਵੀ ਨਹੀਂ ਹੁੰਦੀ। ਜਿਵੇਂ ਵਿਦਿਆਰਥੀ ਨੇਤਾ ਘਨੱਈਆ ਲਾਲ ਨੂੰ ਦੇਸ਼ ਧ੍ਰੋਹ ਦੇ ਝੂਠੇ ਕੇਸ ਵਿਚ ਉਲਝਾ ਛੱਡਿਆ ਹੈ।

ਸਰਕਾਰ ਨੂੰ ਜਵਾਬ ਜਥੇਬੰਦ ਸੰਘਰਸ਼ਾਂ ਰਾਹੀਂ ਦਿੱਤਾ ਜਾ ਸਕਦਾ ਹੈ। ਸੰਘਰਸ਼ ਦੇਣ ਲਈ ਜਨਤਾ ਦਾ ਜਥੇਬੰਦੀਆਂ 'ਚ ਪਰੋਇਆ ਜਾਣਾ ਜ਼ਰੂਰੀ ਹੈ। ਪਿੰਡ ਪਿੰਡ 'ਚ, ਮੁਹੱਲੇ ਮੁਹੱਲੇ 'ਚ ਜਥੇਬੰਦਕ ਇਕਾਈਆਂ ਬਣੀਆਂ ਹੋਣ, ਜੋ ਸਥਾਨਕ ਸਮੱਸਿਆਵਾਂ ਦੇ ਹੱਲ ਲਈ, ਮੰਗਾਂ ਲਈ ਸੰਘਰਸ਼ ਕਰਨ।

ਪੰਜਾਬ 'ਚ ਲੋਕ ਇਨਸਾਫ ਪਾਰਟੀ ਨੇ ਸੰਘਰਸ਼ ਰਾਹੀਂ ਰੇਤ ਮਾਫੀਏ ਨੂੰ ਨਕੇਲ ਪਾ ਕੇ ਸੰਘਰਸ਼ਾਂ ਦੀ ਮਹਾਨਤਾ ਦਿਖਾਈ ਹੈ। ਇਸ ਨਾਲ ਪੰਜਾਬ ਦੀ ਰਾਜਨੀਤੀ ਵਿਚ ਲੋਕ ਇਨਸਾਫ ਪਾਰਟੀ ਦੀ ਥਾਂ ਬਣ ਗਈ ਹੈ। ਕਿੰਨਾ ਚੰਗਾ ਹੋਵੇਗਾ ਜੇ ਪੰਜਾਬ ਦੇ ਪਿੰਡ ਪਿੰਡ; ਮੁਹੱਲੇ ਮੁਹੱਲੇ 'ਚ ਮੁਢਲੀਆਂ ਇਕਾਈਆਂ ਚੋਣ ਰਾਹੀਂ ਬਣਨ। ਆਪਣੀਆਂ ਸਥਾਨਕ ਮੰਗਾਂ ਲਈ ਸੰਘਰਸ਼ ਕਰਨ। ਘੋਲਾਂ ਲਈ ਉਨ੍ਹਾਂ ਨੂੰ ਆਪਣੇ ਪੈਰਾਂ ਸਿਰ ਹੋਣਾ ਚਾਹੀਦਾ ਹੈ। ਲੋੜ ਪੈਣ 'ਤੇ ਕੇਂਦਰੀ ਲੀਡਰਸ਼ਿਪ ਦਾ ਸਹਿਯੋਗ ਲਿਆ ਜਾਏ। ਲੋਕਲ ਇਕਾਈਆਂ ਤੋਂ ਉਤੇ ਅਸੈਂਬਲੀ ਹਲਕਿਆਂ ਦੀਆਂ ਇਕਾਈਆਂ ਬਣਨ। ਉਹ ਇਲਾਕੇ ਦੀਆਂ ਮੰਗਾਂ ਲਈ, ਸਮੱਸਿਆਵਾਂ ਦੇ ਹੱਲ ਲਈ ਘੋਲ ਕਰਨ।

ਇਲਾਕਾ ਇਕਾਈਆਂ ਸਟੇਟ ਯੂਨਿਟ (ਕੇਂਦਰੀ ਕਮੇਟੀ) ਦੀ ਚੋਣ ਕਰਨ। ਅਜਿਹੀ ਜਥੇਬੰਦਕ ਬਣਤਰ ਹੀ ਸਰਕਾਰ ਨੂੰ ਵਿਧਾਨਕ ਹੱਕ ਦੇਣ ਲਈ ਮਜਬੂਰ ਕਰ ਸਕਦੀ ਹੈ। ਅਜਿਹੀ ਜਥੇਬੰਦਕ ਬਣਤਰ ਨਾ ਹੋਣ ਕਰਕੇ ਕਿਰਤੀ, ਕਿਸਾਨ ਤੇ ਮੱਧ ਵਰਗ ਦੇ ਲੋਕ ਖੁਦਕੁਸ਼ੀਆਂ ਕਰਦੇ ਆ ਰਹੇ ਹਨ। ਸਰਕਾਰ, ਜੋ ਅਜਿਹੀ ਸਥਿਤੀ ਲਈ ਜ਼ਿੰਮੇਦਾਰ ਹੈ, ਬਿਲਕੁਲ ਚਿੰਤਿਤ ਨਹੀਂ।

ਚੀਨ ਭਾਰਤ ਵਾਂਗ ਅਮਲੀਆਂ, ਪੋਸਤੀਆਂ ਦਾ ਦੇਸ਼ ਸੀ। ਉਹ ਵੀ ਸੰਘਰਸ਼ਾਂ ਰਾਹੀਂ ਲਾਮਬੰਦ ਹੋ ਕੇ ਆਜ਼ਾਦ ਹੋਇਆ ਹੈ। ਜਨਤਾ ਸੰਘਰਸ਼ ਵਾਲੇ ਰਾਹ ਤਦ ਹੀ ਪੈਂਦੀ ਹੈ, ਜੇ ਲੋਕ ਆਪਣੇ ਆਪਣੇ ਫਰੰਟ 'ਤੇ ਜਥੇਬੰਦ ਹੋਏ ਹੋਣ।

ਪੰਜਾਬ 'ਚ ਕਿਸਾਨ ਜਥੇਬੰਦੀਆਂ ਸੰਘਰਸ਼ ਦੇ ਰਾਹ ਪੈ ਚੁਕੀਆਂ ਹਨ, ਸਰਕਾਰ ਵੀ ਉਨ੍ਹਾਂ ਨੂੰ ਸੁਣਨ ਲਈ ਮਜਬੂਰ ਹੋ ਜਾਂਦੀ ਹੈ। ਉਨ੍ਹਾਂ ਲਈ ਜਥੇਬੰਦਕ ਚੋਣ ਕਰਕੇ ਏਕੇ ਦੀ ਲੋੜ ਹੈ। ਪੰਜਾਬ ਨੂੰ ਮੌਜੂਦਾ ਸੰਕਟ 'ਚੋਂ ਕੱਢਣ ਲਈ ਸੰਘਰਸ਼ਮਈ ਰਾਹ ਦੀ ਲੋੜ ਹੈ।

ਮੇਰੇ ਹਮ ਵਤਨ ਸਾਥੀਓ, ਹੁਣ ਸਰਕਾਰ ਭਾਵ ਨਿਘਰ ਚੁਕਾ ਸਿਸਟਮ ਬਦਲਿਆਂ ਬਿਨਾ ਨਹੀਂ ਸਰਨਾ। ਅਸੀਂ ਸੁਤੰਤਰਤਾ ਸੰਗਰਾਮੀਆਂ ਦੀ ਔਲਾਦ ਹਾਂ, ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣਾ ਹੈ।

# ਦੇਸ਼ ਵਾਸੀਆਂ ਦੇ ਨਾਂ ਫਾਂਸੀ ਦੀ ਕੋਠੀ ਤੋਂ

*(ਪਿਛਲੇ ਸਫੇ ਦੀ ਬਾਕੀ)*

ਹੁੰਦਾ। ਉਹ ਹਮੇਸ਼ਾ ਫਟੇਹਾਲ ਹੀ ਰਹਿੰਦੇ ਹਨ। ਮੈਂ ਇਤਫਾਕ ਕਰਦਾ ਹਾਂ ਕਿ ਇਨ੍ਹਾਂ ਤਮਾਮ ਮੁਸੀਬਤਾਂ ਦੀ ਜੜ੍ਹ ਅਤੇ ਇਸ ਦੇ ਜ਼ਿੰਮੇਵਾਰ ਸਾਡੇ ਗੋਰੇ ਆਕਾ ਅਤੇ ਉਨ੍ਹਾਂ ਦੇ ਜੁੱਤੀ-ਚੱਟ ਦਲਾਲ ਹੀ ਹਨ ਪਰ ਇਸ ਦਾ ਇਲਾਜ ਕੀ ਹੈ। ਇਸ ਦਾ ਇਕ ਵਾਹਿਦ ਉਪਾਅ ਇਹ ਹੈ ਕਿ ਤੁਸੀਂ ਉਨ੍ਹਾਂ ਵਰਗਾ ਹੀ ਤਰੀਕਾ ਅਪਨਾਓ। ਇਹ ਜੈਂਟਲਮੈਨੀ ਛੱਡ ਕੇ ਪਿੰਡਾਂ ਦੇ ਚੱਕਰ ਲਾਓ, ਕਾਰਖਾਨਿਆਂ ਵਿਚ ਡੇਰੇ ਬਣਾਓ, ਉਨ੍ਹਾਂ ਦੀ ਹਾਲਤ ਨੂੰ ਸਟਡੀ ਕਰੋ, ਉਨ੍ਹਾਂ ਵਿਚ ਵਿਸ਼ਵਾਸ ਪੈਦਾ ਕਰੋ। ਵਿਚਾਰਾਂ ਨਾਲ ਉਨ੍ਹਾਂ ਵਿਚ ਜਾਗਰਤੀ ਲਿਆਓ।

ਤੁਸੀਂ ਕੈਥਰੀਨ, ਗਰੈਂਡ ਮਦਰ ਆਫ ਰਸ਼ੀਆ ਦਾ ਜੀਵਨ ਚਰਿਤਰ ਪੜ੍ਹੋ ਅਤੇ ਉਥੋਂ ਦੇ ਨੌਜਵਾਨਾਂ ਦੀਆਂ ਕੁਰਬਾਨੀਆਂ ਦੇਖੋ। ਤੁਸੀਂ ਕਾਲਰ



ਅਸ਼ਫਾਕ ਉਲਾ ਵਾਰਸੀ 'ਹਸਰਤ' ਦੀ ਮ੍ਰਿਤਕ ਦੇਹ

ਟਾਈ, ਵਧੀਆ ਤੋਂ ਵਧੀਆ ਸੂਟ ਬੂਟ ਪਹਿਨ ਕੇ ਲੀਡਰ ਤਾਂ ਜ਼ਰੂਰ ਬਣ ਸਕਦੇ ਹੋ, ਮਗਰ ਕਿਸਾਨਾਂ ਅਤੇ ਮਜ਼ਦੂਰਾਂ ਲਈ ਫਾਇਦੇਮੰਦ ਸਾਬਿਤ ਨਹੀਂ ਹੋ ਸਕਦੇ। ਰਾਜਨੀਤਕ ਜਮਾਤਾਂ ਨਾਲ ਮਿਲ ਕੇ ਕੰਮ ਕਰੋ। ਆਪਣੇ ਅਮੀਰ ਪਿਛੋਕੜ ਵਾਲੀ ਵਡਿਤਣਤਾ ਤੋਂ ਕਿਨਾਰਾ ਕਰੋ। ਇਹ ਫਜ਼ੂਲ ਹੈ ਜਿਸ ਨੇ ਤੁਹਾਨੂੰ ਦੂਸਰੀਆਂ ਜਮਾਤਾਂ ਤੋਂ ਅਲੱਗ ਕਰ ਰੱਖਿਆ ਹੈ। ਮੇਰੇ ਦਿਲ ਵਿਚ ਤੁਹਾਡੀ ਇੱਜ਼ਤ ਹੈ। ਮੈਂ ਮਰਦੇ ਹੋਏ ਆਖਰੀ ਵਕਤ ਵੀ ਤੁਹਾਡੇ ਸਿਆਸੀ ਮਕਸਦ ਨਾਲ ਬਿਲਕੁਲ ਸਹਿਮਤ ਹਾਂ। ਮੈਂ ਹਿੰਦੋਸਤਾਨ ਦੀ ਐਸੀ ਆਜ਼ਾਦੀ ਦਾ ਖਾਹਿਸ਼ਮੰਦ ਹਾਂ ਜਿਸ ਵਿਚ ਗਰੀਬ ਖੁਸ਼ ਅਤੇ ਅਰਾਮ ਨਾਲ ਰਹਿਣ ਅਤੇ ਸਭ ਬਰਾਬਰ ਹੋਣ। ਮੇਰੇ ਬਾਅਦ ਇਹ ਦਿਨ ਛੇਤੀ ਹੀ ਆਵੇਗਾ। ਜਦੋਂ ਕਿ ਸ਼ਤਰ ਮੰਜ਼ਿਲ (ਵੱਡੀ ਹਵੇਲੀਨੁਮਾ ਇਮਾਰਤ ਜਿਹੜੀ ਗੋਮਤੀ ਨਦੀ ਦੇ ਕਿਨਾਰੇ ਬਣੀ ਹੋਈ ਹੈ) ਲਖਨਊ ਵਿਚ ਅਬਦੁਲਾ ਮਿਸਤਰੀ ਲੋਕੋ ਵਰਕਸ਼ਾਪ, ਧਨੀਆਂ ਚਮਾਰ ਅਤੇ ਕਿਸਾਨ ਵੀ ਮਿਸਟਰ ਖੁਲੀ ਕੁਜ਼ਮਾਂ, ਜਗਤ ਨਰਾਇਣ ਮੁੱਲਾ ਅਤੇ ਰਾਜਾ ਸਾਹਿਬ ਮਹਿਮੂਦਾਬਾਦ ਦੇ ਸਾਹਮਣੇ ਕੁਰਸੀ 'ਤੇ ਬੈਠੇ ਦਿਖਾਈ ਦੇਣਗੇ।

ਮੇਰੇ ਕਾਮਰੇਡੋ, ਮੇਰੇ ਇਨਕਲਾਬੀ ਭਰਾਵੋ, ਮੈਂ ਤੁਹਾਨੂੰ ਕੀ ਕਹਾਂ ਅਤੇ ਤੁਹਾਨੂੰ ਕੀ ਲਿਖਾਂ। ਇਹ ਤੁਹਾਡੇ ਲਈ ਕੋਈ ਘੱਟ ਖੁਸ਼ੀ ਦੀ ਗੱਲ ਨਹੀਂ ਹੋਵੇਗੀ ਜਦੋਂ ਤੁਸੀਂ ਇਹ ਸੁਣੋਗੇ ਕਿ ਤੁਹਾਡਾ ਇਕ ਸਾਥੀ ਹੱਸਦਾ ਹੋਇਆ ਫਾਂਸੀ ਚੜ੍ਹ ਗਿਆ ਅਤੇ ਮਰਦੇ ਦਮ ਤੱਕ ਉਹ ਬਹੁਤ ਖੁਸ਼ ਸੀ। ਮੈਂ ਜਾਣਦਾ ਹਾਂ ਕਿ ਤੁਹਾਡੇ ਦਲ ਵਿਚ ਬਹੁਤ ਸਪਿਰਿਟ ਹੈ। ਮੈਨੂੰ ਵੀ ਮਾਣ ਹੈ ਅਤੇ ਬਹੁਤ ਜ਼ਿਆਦਾ ਫਖਰ। ਮੈਂ ਤੁਹਾਡੇ ਵਿਚੋਂ ਹਾਂ ਅਤੇ ਇਕ ਸੱਚਾ ਇਨਕਲਾਬੀ ਹੋ ਕੇ ਸ਼ਹਾਦਤ ਦਾ ਜਾਮ ਪੀ ਰਿਹਾ ਹਾਂ। ਮੇਰਾ ਫਰਜ਼ ਸੀ ਕਿ ਮੈਂ ਆਪਣਾ ਪੈਗਾਮ ਤੁਹਾਡੇ ਤੱਕ ਪੁੱਜਦਾ ਕਰਾਂ। ਮੈਂ ਖੁਸ਼ ਹਾਂ ਅਤੇ ਬਹੁਤ ਰੁਝਿਆ ਹੋਇਆ ਹਾਂ। ਮੈਂ ਉਸ ਸਿਪਾਹੀ ਦੀ ਤਰ੍ਹਾਂ ਹਾਂ ਜੋ ਫਾਇਰਿੰਗ ਲਾਈਨ 'ਤੇ ਹੱਸਦਾ-ਹੱਸਦਾ ਚਲਾ ਜਾ ਰਿਹਾ ਹੋਵੇ ਅਤੇ ਮੋਰਚੇ ਵਿਚ ਵੀ ਬੈਠਾ ਗਾ ਰਿਹਾ ਹੋਵੇ। ਤੁਹਾਨੂੰ ਦੋ ਸ਼ਿਅਰ ਹਸਰਤ ਮੋਹਾਨੀ ਸਾਹਿਬ ਦੇ ਲਿਖ ਰਿਹਾ ਹਾਂ:

ਜਾਨ ਕੋ ਮਹਣੇ ਗਮ ਬਨਾ
ਦਿਲ ਕੋ ਵਫਾ ਨਿਹਾਦ ਕਰ,
ਬੰਦ-ਏ-ਇਸ਼ਕ ਹੈ ਤੋ
ਯੂ ਕਤਾ ਰਹੇ ਮੁਰਾਦ ਕਰ।
ਏ ਕਿ ਨਿਜ਼ਾਤੇ ਹਿੰਦ ਕੀ
ਦਿਲ ਸੇ ਹੈ ਤੁਝਕੋ ਆਰਜ਼ੂ,
ਹਿਮਤੇ ਸਰ ਬੁਲੰਦ ਸੇ
ਖਾਸ ਯਾ ਇੰਸਦਾਦ ਕਰ।

ਹਜ਼ਾਰਾਂ ਮੁਸੀਬਤਾਂ ਕਿਉਂ ਨਾ ਹੋਣ, ਸਮੁੰਦਰ ਦੇ ਭੱਖਣੀ ਤੂਫਾਨ ਜਿਹੀਆਂ ਉਚੀਆਂ ਤੂਫਾਨੀ ਲਹਿਰਾਂ ਤੇ ਭਾਵੇਂ ਅੱਗ ਦਾ ਪਹਾੜ ਕਿਉਂ ਨਾ ਸਾਹਮਣੇ ਹੋਵੇ। ਹਾਲਾਤ ਕਿਹੋ ਜਿਹੇ ਵੀ ਹੋਣ, ਮਗਰ ਐ ਆਜ਼ਾਦੀ ਦੇ ਸ਼ੇਰੋ, ਆਪਣੇ ਤੱਤੇ ਲਹੂ ਨੂੰ ਮਾਤ ਭੂਮੀ 'ਤੇ ਛਿੜਕਦੇ ਹੋਏ ਆਪਣੇ ਪ੍ਰਾਣਾਂ ਨੂੰ ਮਾਤ ਭੂਮੀ ਦੀ ਦੇਵੀ 'ਤੇ ਕੁਰਬਾਨ ਕਰਦੇ ਹੋਏ ਅੱਗੇ ਵਧਦੇ ਜਾਓ। ਕੀ ਤੁਹਾਨੂੰ ਖੁਸ਼ੀ ਨਹੀਂ ਹੋਵੇਗੀ, ਜਦੋਂ ਤੁਹਾਨੂੰ ਇਹ ਖਬਰ ਮਿਲੇਗੀ ਕਿ ਅਸੀਂ ਕਿਸ ਤਰ੍ਹਾਂ ਹੱਸਦੇ ਵਤਨ ਦੀ ਖਾਤਰ ਫਾਂਸੀ 'ਤੇ ਝੂਲ ਗਏ।

ਮੈਂ ਤੁਹਾਨੂੰ ਇਕ ਹੋਰ ਗੱਲ ਦੱਸ ਦੇਵਾਂ ਕਿ ਮੇਰਾ ਵਜ਼ਨ ਜ਼ਰੂਰ ਘੱਟ ਗਿਆ ਹੈ। ਉਹ ਡਰ ਜਾਂ ਦਹਿਸ਼ਤ ਕਰਕੇ ਨਹੀਂ ਸਗੋਂ ਘੱਟ ਖੁਰਾਕ ਖਾਣ ਕਰਕੇ ਹੈ। ਕਿਉਂਕਿ ਮੈਂ ਅੱਜ ਕੱਲ੍ਹ ਪੜ੍ਹਨ ਲਿਖਣ 'ਤੇ ਬਹੁਤਾ ਸਮਾਂ ਦੇ ਰਿਹਾ ਹਾਂ। ਹਾਂ ਇਕ ਗੱਲ ਜ਼ਰੂਰ ਹੈ ਕਿ ਮੈਂ ਆਪਣੇ ਸਾਥੀ ਕੰਨੀਆ ਲਾਲ ਦੱਤ ਵਾਂਗ ਤੁੜ ਤੁੜ ਕੇ ਖਾ ਅਤੇ ਰਾਤ ਦਿਨ ਸੌਂ ਕੇ ਆਪਣਾ ਵਜ਼ਨ ਨਹੀਂ ਵਧਾ ਸਕਿਆ। ਪਰ ਮੈਂ ਖੁਸ਼ ਹਾਂ ਅਤੇ ਬਹੁਤ ਖੁਸ਼। ਕੀ ਮੇਰੇ ਲਈ ਇਸ ਤੋਂ ਵੀ ਕੋਈ ਵੱਡੀ ਇੱਜ਼ਤ ਤੇ ਫਖਰ ਦੀ ਗੱਲ ਹੋ ਸਕਦੀ ਹੈ ਕਿ ਮੈਂ ਸਭ ਤੋਂ ਪਹਿਲਾਂ ਅਤੇ ਅੱਵਲ ਮੁਸਲਮਾਨ ਹਾਂ ਜੋ ਆਜ਼ਾਦ-ਏ-ਵਤਨ ਦੀ ਖਾਤਰ ਫਾਂਸੀ ਚੜ੍ਹ ਰਿਹਾ ਹਾਂ।

ਮੇਰੇ ਭਾਈਓ ਮੇਰਾ ਸਲਾਮ ਲਵੋ ਅਤੇ ਇਹ ਮੁਸ਼ਕਲ ਕੰਮ ਜੋ ਸਾਡੇ ਕੋਲੋਂ ਰਹਿ ਗਿਆ ਹੈ, ਉਹ ਤੁਸੀਂ ਪੂਰਾ ਕਰਨਾ। ਤੁਹਾਡੇ ਲਈ ਅਸੀਂ ਯੂ.ਪੀ ਵਿਚ ਕੰਮ ਕਰਨ ਲਈ ਜੰਗੇ ਆਜ਼ਾਦੀ ਦਾ ਮੈਦਾਨ ਤਿਆਰ ਕਰ ਦਿੱਤਾ ਹੈ। ਹੁਣ ਤੁਸੀਂ ਜਾਣੋ ਤੇ ਤੁਹਾਡਾ ਕੰਮ ਜਾਣੇ। ਇਸ ਤੋਂ ਵਧੀਆ ਅਤੇ ਜ਼ਿਆਦਾ ਮੌਕਾ ਤੁਹਾਡੇ ਹਜ਼ਾਰਾਂ ਪ੍ਰਾਪੇਗੰਡਾ ਕਰਨ 'ਤੇ ਵੀ ਨਾ ਬਣ ਸਕਦਾ। ਸਕੂਲਾਂ ਤੇ ਕਾਲਜਾਂ ਦੇ ਪੜ੍ਹੇ ਲਿਖੇ ਨੌਜਵਾਨ ਸਾਡੇ ਵੱਲ ਖਿਚੇ ਚਲੇ ਆ ਰਹੇ ਹਨ। ਹੁਣ ਤੁਹਾਨੂੰ ਮੁਸ਼ਕਲ ਨਹੀਂ ਆਉਣ ਲੱਗੀ।


ਉਠੋ ਉਠੋ ਸੋ ਰਹੇ ਹੋ ਨਾਹਕ
ਪਿਆਮੇ ਬਾਂਗ ਜਾਮ ਤੋਂ ਸੁਨ ਲੋ।
ਬੜੇ ਕਿ ਕੋਈ ਬੁਲਾ ਰਹਾ ਹੈ
ਨਿਸ਼ਾਨੇ ਮੰਜ਼ਿਲ ਦਿਖਾ ਦਿਖਾ ਕਰ।

ਬਸ ਹੋਰ ਕੀ ਲਿਖਾਂ, ਸਲਾਮ ਕਬੂਲ ਕਰੋ। ਕਮਰ ਕੱਸੇ ਕਰ ਲਵੋ ਅਤੇ ਮੈਦਾਨੇ ਅਮਲ ਵਿਚ ਆਣ ਪਹੁੰਚੋ। ਖੁਦਾ ਤੁਹਾਡੇ ਅੰਗ ਸੰਗ ਹੈ। ਮੇਰੇ ਮੁਲਕ ਦੇ ਰਹਿਨੁਮਾ ਸਿਆਸੀ ਲੀਡਰੋ, ਤੁਸੀਂ ਵੀ ਸਾਡਾ ਸਲਾਮ ਕਬੂਲ ਕਰੋ। ਤੁਸੀਂ ਸਾਨੂੰ ਉਨ੍ਹਾਂ ਨਿਗਾਹਾਂ ਨਾਲ ਨਾ ਦੇਖਣਾ ਜਿਨ੍ਹਾਂ ਨਾਲ ਦੁਸ਼ਮਨਾਨੇ ਵਤਨ (ਦੇਸ਼ ਧਰੋਹੀ) ਅਤੇ ਖਾਏਨੀਨੇ ਕੌਮ (ਦੇਸ਼ ਨੂੰ ਲੁੱਟਣ ਵਾਲੇ) ਦੇਖਦੇ ਹਨ। ਨਾ ਅਸੀਂ ਡਾਕੂ ਹਾਂ ਤੇ ਨਾ ਹੀ ਕਾਤਿਲ।

ਕਹਾਂ ਗਯਾ ਕੋਹੇਨੂਰ ਹੀਰਾ,
ਕਿਧਰ ਗਈ ਹਾਏ ਮੇਰੀ ਦੌਲਤ।
ਵਹ ਸਬਕਾ ਸਬ ਲੂਟ ਕਰ ਕਿ
ਉਲਟਾ ਹਮੀ ਕੋ ਬਤਾ ਰਹੇ ਡਾਕੂ ਹੈਂ।

ਸਾਨੂੰ ਇਨ੍ਹਾਂ ਫਰੰਗੀਆਂ ਦਿਨ ਦਿਹਾੜੇ ਚਿੱਟੀ ਦੁਪਹਿਰ ਨੂੰ ਲੁੱਟਿਆ ਤੇ ਫਿਰ ਅਸੀਂ ਹੀ ਡਾਕੂ ਹਾਂ?

ਮੇਰੇ ਭਰਾਵਾਂ ਨੂੰ ਮੇਰੀਆਂ ਮਾਵਾਂ ਭੈਣਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਜਲ੍ਹਿਆਂਵਾਲਾ ਬਾਗ ਵਿਚ ਗੋਲੀਆਂ ਨਾਲ ਭੁੰਨ ਸੁੱਟਿਆ। ਅਣਮਨੁੱਖੀ ਅੱਤਿਆਚਾਰ! ਮੇਰੀਆਂ ਗਰਭਵਤੀ ਭੈਣਾਂ ਨੂੰ ਢਿੱਡ ਦੇ ਭਾਰ ਰਿੜ੍ਹ ਕੇ ਜਾਣ ਲਈ ਹੁਕਮ ਚਾੜ੍ਹੇ ਗਏ। ਫਿਰ ਵੀ ਅਸੀਂ ਹੀ ਦੋਸ਼ੀ? ਅਤੇ ਹੁਣ ਸਾਨੂੰ ਕਾਲਸ ਬਲੂਟ ਫੈਸਲੇ ਵਿਚ ਲਿਖਿਆ ਜਾਂਦਾ ਹੈ।



ਅਸ਼ਫਾਕ ਉਲਾ ਦੀ ਉਰਦੂ ਵਿਚ ਲਿਖੀ ਸ਼ਾਇਰੀ ਦੀ ਹਥਲਿਖਤ

ਜੇਕਰ ਅਸੀਂ ਇਹੋ ਜਿਹੇ ਹਾਂ ਤਾਂ ਫਿਰ ਇਹ ਫਰੰਗੀ ਕਿਹੋ ਜਿਹੇ ਹਨ? ਇਨ੍ਹਾਂ ਨੂੰ ਕੀ ਕਿਹਾ ਜਾਵੇ? ਇਨ੍ਹਾਂ ਨੂੰ ਕਿਸ ਖਿਤਾਬ ਨਾਲ ਪੁਕਾਰਿਆ ਜਾਵੇ ਜਿਸ ਦੇ ਇਹ ਕਾਬਲ ਹਨ। ਇਨ੍ਹਾਂ ਨੇ ਹਿੰਦੋਸਤਾਨ ਦਾ ਸੁਹਾਗ ਲੁੱਟ ਲਿਆ। ਜਿਨ੍ਹਾਂ ਮੇਰੇ ਦੇਸ਼ ਦੀਆਂ ਲੱਖਾਂ ਜਵਾਨੀਆਂ ਨੂੰ ਆਪਣੀ ਗਰਜ਼ ਲਈ ਮੈਸੋਪੋਟਾਮੀਆਂ ਅਤੇ ਫਰਾਂਸ ਵਿਚ ਹਜ਼ਾਰਾਂ ਮੀਲ ਦੂਰ ਆਪਣੀ ਧਰਤੀ ਤੋਂ ਦੂਰ, ਅੰਗ ਸਾਕ, ਭੈਣ ਭਾਈਆਂ, ਮਾਂ ਬਾਪ ਤੋਂ ਦੁਰਾਡੇ ਪਰਾਈ ਧਰਤੀ ਵਿਚ ਹਮੇਸ਼ਾ ਹਮੇਸ਼ਾ ਲਈ ਦਫਨ ਕਰ ਦਿੱਤਾ। ਕੀ ਖੂੰਖਾਰ ਜ਼ਾਲਮ ਦਰਿੰਦੇ ਉਹ ਹਨ ਜਾਂ ਅਸੀਂ?

ਅਸੀਂ ਕਮਜ਼ੋਰ ਸੀ, ਬੇਬਸ ਸੀ। ਕਾਲਾ ਚੋਰ, ਡਰਟੀ, ਸਭ ਕੁਝ ਸੁਣ ਲਿਆ। ਓ! ਮੇਰੇ ਦੇਸ਼ ਵਾਸੀਓ, ਓ ਮੇਰੇ ਵਤਨੀ ਭਰਾਵੋ, ਇਹ ਸਭ ਕੁਝ ਤੁਸੀਂ ਹੀ ਤਾਂ ਸੁਣਵਾਇਆ। ਮੈਂ ਆਖਦਾ ਹਾਂ, ਆਓ ਫਿਰ ਇੱਕਜੁੱਟ ਹੋ ਕੇ ਮੈਦਾਨੇ ਅਮਲ ਵਿਚ ਕੁੱਦ ਪਵੋ ਅਤੇ ਮੁਕੰਮਲ, ਬਸ ਮੁਕੰਮਲ ਆਜ਼ਾਦੀ ਦਾ ਐਲਾਨ ਕਰ ਦਿਓ। ਚੰਗਾ ਫਿਰ ਮੈਂ ਹੁਣ ਰੁਖਸਤ ਹੁੰਦਾ ਹਾਂ। ਤੇ ਹਮੇਸ਼ਾ ਲਈ ਖੈਰਬਾਦ ਕਹਿੰਦਾ ਹਾਂ। ਖੁਦਾ ਤੁਹਾਡੇ ਸਾਥ ਹੈ ਤੇ ਹਿੰਦ ਦੀ ਫਿਜ਼ਾ ਵਿਚ ਆਜ਼ਾਦੀ ਦਾ ਝੰਡਾ ਜ਼ਰੂਰ ਲਹਿਰਾਏਗਾ।

ਮੇਰੇ ਕੋਲ ਹੁਣ ਨਾ ਤਾਂ ਉਹ ਤਾਕਤ ਹੈ ਤੇ ਨਾ ਹੀ ਵਕਤ ਕਿ ਹਿਮਾਲੀਆ ਦੀ ਟੀਸੀ 'ਤੇ ਚੜ੍ਹ ਕੇ ਕੋਈ ਇਹੋ ਜਿਹੀ ਬੜ੍ਹਕ ਮਾਰਾਂ ਜਾਂ ਗਰਜ ਪੈਦਾ ਕਰੂ ਜਿਹੜੀ ਹਰ ਸ਼ਖਸ ਨੂੰ ਬੇਦਾਰ (ਜਾਗ੍ਰਿਤ) ਕਰ ਦੇਵੇ ਅਤੇ ਤੁਹਾਡੇ ਦਿਲ ਵਿਚ ਜੋਸ਼ ਭਰ ਦੇਵਾਂ ਅਤੇ ਉਸੀ ਜੋਸ਼ ਨਾਲ ਤੁਸੀਂ ਅੱਗੇ ਆਣ ਖੜ੍ਹੇ ਹੋ ਜਾਓ ਜਿਸ ਤਰ੍ਹਾਂ 20-21 (1920-21) ਵਿਚ ਸੀ। ਆਓ ਮੈਂ ਇਨ੍ਹਾਂ ਚੰਦ ਸਤਰਾਂ ਨਾਲ ਵਿਦਾ ਹੁੰਦਾ ਹਾਂ,

To every man up on the earth,
Death cometh soon or late.
Then how a man can die,
or better death,
Then facing fear full odds,
For the ashes of his father's,
And the Temples of his gods.

ਕਬੀਰ ਮਰਤਾ ਮਰਤਾ ਜੱਗ ਮੂਆ,
ਮਰਨ ਨਾ ਜਾਣੇ ਕੋਇ।
ਐਸੀ ਮਰਨੀ ਜੋ ਮਰੇ, ਬਹੁਰ ਨਾ ਮਰਨਾ ਹੋਇ।

ਅੰਤ ਵਿਚ ਮੈਂ ਆਪਣੇ ਭਰਾਵਾਂ ਦੀ ਮਿਹਰਬਾਨੀ ਨਾਲ ਵਿਦਾ ਹੁੰਦਾ ਹਾਂ ਜਿਨ੍ਹਾਂ ਨੇ ਸਾਡੀ ਜ਼ਾਹਿਰਾ ਅਤੇ ਪੋਸ਼ੀਦਾ (ਗੁਪਤ) ਤੌਰ 'ਤੇ ਮਦਦ ਕੀਤੀ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸ਼ਫਾਕ ਨੇ ਆਖਰੀ ਦਮ ਤੱਕ ਹੱਕ, ਸੱਚ ਅਤੇ ਇਨਸਾਫ ਦਾ ਦਾਮਨ ਨਹੀਂ ਛੱਡਿਆ ਅਤੇ ਖੁਸ਼ੀ ਖੁਸ਼ੀ ਫਾਂਸੀ ਦੇ ਤਖਤੇ 'ਤੇ ਜਾ ਚੜ੍ਹਿਆ। ਵਤਨ ਨੂੰ ਲੁਟਣ ਅਤੇ ਗਦਾਰੀ ਕਰਨ ਦਾ ਉਸ 'ਤੇ ਕੋਈ ਜੁਰਮ ਨਹੀਂ ਲਾਇਆ ਜਾ ਸਕਦਾ।

ਮੇਰੀ ਦੇਸ਼ਵਾਸੀਆਂ ਨੂੰ ਬੇਨਤੀ ਹੈ ਕਿ ਮੇਰੇ ਬਾਅਦ ਮੇਰੇ ਭਾਈਆਂ, ਮੇਰੇ ਸਾਥੀਆਂ ਨੂੰ ਨਾ ਭੁਲਿਓ। ਜ਼ਰੂਰਤ ਦੇ ਵਕਤ ਉਨ੍ਹਾਂ ਦੀ ਮਦਦ ਕਰਨਾ ਅਤੇ ਖਿਆਲ ਰੱਖਣਾ।

ਵਤਨ ਪਰ ਮਰ ਮਿਟਨੇ ਵਾਲਾ,
ਅਸ਼ਫਾਕ ਵਾਰਸੀ 'ਹਸਰਤ'
ਅੱਜ, ਫੈਜ਼ਾਬਾਦ ਜੇਲ੍ਹ।

---

ਮੇਰਾ ਇਹ ਪੈਗਾਮ ਮੇਰੇ ਦੇਸ਼ ਵਾਸੀਆਂ ਤੱਕ ਪੁਜਦਾ ਕੀਤਾ ਜਾਵੇ। ਖਵਾਹ ਵਿਦਿਆਰਥੀ ਅਖਬਾਰ ਰਾਹੀਂ ਜਾਂ ਅੰਗਰੇਜ਼ੀ, ਹਿੰਦੀ, ਉਰਦੂ ਵਿਚ ਛਾਪ ਕੇ ਕਾਂਗਰਸ ਦੇ ਅਜਲਾਸ ਵਿਚ ਵੰਡ ਦਿੱਤਾ ਜਾਵੇ। ਧੰਨਵਾਦੀ ਹੋਵਾਂਗਾ। ਮੇਰਾ ਸਲਾਮ ਇੱਕ ਵਾਰ ਫਿਰ ਕਬੂਲ ਕਰੋ ਅਤੇ ਮੇਰੇ ਭਾਈਆਂ ਨੂੰ ਉਹ ਕਦੀ ਨਾ ਭੁਲਣ ਅਤੇ ਨਾ ਹੀ ਮੇਰੇ ਦੇਸ਼ਵਾਸੀ ਭੁਲਾਉਣ।

ਅਲਵਿਦਾ!

**ਅਸ਼ਫਾਕ ਉਲਾ ਵਾਰਸੀ 'ਹਸਰਤ'**
**ਫੈਜ਼ਾਬਾਦ ਜੇਲ੍ਹ, 19 ਦਸੰਬਰ 1927**

# ਮੈਨੂੰ ਫੜ ਲਓ ਲੰਡਨ ਵਾਸੀਓ...

***ਭਾਰਤ ਦੀ ਆਜ਼ਾਦੀ ਲਈ ਅਨੇਕ ਦੇਸ਼ਭਗਤਾਂ ਨੇ ਕੁਰਬਾਨੀਆਂ ਦਿੱਤੀ ਜਿਨ੍ਹਾਂ ਵਿਚੋਂ ਸੁਨਾਮ ਵਾਲੇ ਊਧਮ ਸਿੰਘ ਦਾ ਨਾਂ ਅਹਿਮ ਹੈ। ਉਹਨੇ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੂੰ ਲੰਡਨ ਜਾ ਕੇ ਖਤਮ ਕੀਤਾ। ਇਸ ਦੇਸ਼ਭਗਤ ਦੀ ਸ਼ਹਾਦਤ ਵਰ੍ਹੇਗੰਢ ਮੌਕੇ ਉਸ ਦੀ ਜ਼ਿੰਦਗੀ ਅਤੇ ਸਰਗਰਮੀਆਂ ਬਾਰੇ ਚਰਚਾ ਪ੍ਰੋ. ਨਵ ਸੰਗੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਪ੍ਰੋ. ਨਵ ਸੰਗੀਤ ਸਿੰਘ***
**ਫੋਨ: +91-94176-92015**

ਭਾਰਤ ਦੀ ਜੰਗੇ-ਆਜ਼ਾਦੀ ਵਿਚ ਪੰਜਾਬ ਦੇ ਦੇਸ਼ਭਗਤਾਂ ਨੇ ਸਭ ਤੋਂ ਵੱਧ ਹਿੱਸਾ ਪਾਇਆ ਹੈ। ਇਨ੍ਹਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ ਜਿਹੇ ਨੌਜਵਾਨਾਂ ਦਾ ਜ਼ਿਕਰਯੋਗ ਨਾਂ ਹੈ। ਅਜਿਹੇ ਹੀ ਜਾਂਬਾਜ਼ ਸੂਰਮਿਆਂ ਵਿਚ ਸ਼ਹੀਦ ਊਧਮ ਸਿੰਘ ਦਾ ਨਾਂ ਵੀ ਪੇਸ਼-ਪੇਸ਼ ਹੈ।

ਕ੍ਰਾਂਤੀਕਾਰੀ ਦੇਸ਼ਭਗਤ ਊਧਮ ਸਿੰਘ ਦਾ ਮੁੱਢਲਾ ਨਾਂ ਸ਼ੇਰ ਸਿੰਘ ਸੀ। ਉਸ ਦਾ ਜਨਮ 26 ਦਸੰਬਰ 1899 ਨੂੰ ਮੌਜੂਦਾ ਸੰਗਰੂਰ ਜ਼ਿਲ੍ਹੇ ਦੇ ਪ੍ਰਸਿੱਧ ਸ਼ਹਿਰ ਸੁਨਾਮ ਵਿਖੇ ਪਿਤਾ ਸ. ਟਹਿਲ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਕੰਬੋਜ ਘਰਾਣੇ ਵਿਚ ਹੋਇਆ। ਉਸ ਦੇ ਪਿਤਾ ਪਿੰਡ ਉਪਲੀ ਦੇ ਰੇਲਵੇ ਫਾਟਕ 'ਤੇ ਚੌਕੀਦਾਰ ਵਜੋਂ ਕੰਮ ਕਰਦੇ ਸਨ।

ਸ਼ੇਰ ਸਿੰਘ ਅਜੇ ਸੱਤ ਸਾਲ ਦਾ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਗਈ। ਸ਼ੇਰ ਸਿੰਘ ਦੀ ਪਰਵਰਿਸ਼ ਆਪਣੇ ਵੱਡੇ ਭਰਾ ਮੁਕਤਾ ਸਿੰਘ ਸਮੇਤ ਅੰਮ੍ਰਿਤਸਰ ਦੇ ਸੈਂਟਰਲ ਖਾਲਸਾ ਯਤੀਮਖਾਨਾ ਪੁਤਲੀਘਰ ਵਿਚ ਹੋਈ। ਸਿੱਖ ਰਵਾਇਤਾਂ ਮੁਤਾਬਕ ਦੋਹਾਂ ਭਰਾਵਾਂ ਨੂੰ ਨਵੇਂ ਨਾਂ ਊਧਮ ਸਿੰਘ (ਸ਼ੇਰ ਸਿੰਘ) ਅਤੇ ਸਾਧੂ ਸਿੰਘ (ਮੁਕਤਾ ਸਿੰਘ) ਦਿੱਤੇ ਗਏ। 1917 ਵਿਚ ਊਧਮ ਸਿੰਘ ਦੇ ਭਰਾ ਦਾ ਵੀ ਦੇਹਾਂਤ ਹੋ ਗਿਆ ਅਤੇ ਉਹ ਦੁਨੀਆਂ ਵਿਚ ਬਿਲਕੁਲ ਇਕੱਲਾ ਰਹਿ ਗਿਆ।

1918 ਵਿਚ ਮੈਟ੍ਰਿਕ ਪਾਸ ਕਰਨ ਪਿੱਛੋਂ ਊਧਮ ਸਿੰਘ ਨੇ ਯਤੀਮਖਾਨਾ ਛੱਡ ਦਿੱਤਾ। 10 ਅਪਰੈਲ 1919 ਨੂੰ ਭਾਰਤੀ ਰਾਸ਼ਟਰੀ ਕਾਂਗਰਸ ਦੇ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਨੂੰ ਕੁਝ ਸਥਾਨਕ ਆਗੂਆਂ ਸਮੇਤ ਰੋਲਟ ਐਕਟ ਅਧੀਨ ਗ੍ਰਿਫਤਾਰ ਕਰ ਲਿਆ ਗਿਆ ਜਿਸ ਦੇ ਰੋਸ ਵਜੋਂ 13 ਅਪਰੈਲ 1919 ਨੂੰ ਵੀਹ ਹਜ਼ਾਰ ਤੋਂ ਵਧੇਰੇ ਲੋਕ ਗ੍ਰਿਫਤਾਰੀ ਵਿਰੁਧ ਜੱਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਇਕੱਠੇ ਹੋਏ। ਊਧਮ ਸਿੰਘ ਆਪਣੇ ਕੁਝ ਮਿੱਤਰਾਂ ਨਾਲ ਇੱਥੇ ਇਕੱਠੇ ਹੋਏ ਲੋਕਾਂ ਨੂੰ ਪਾਣੀ ਪਿਆ ਰਿਹਾ ਸੀ। ਅਚਾਨਕ ਜਨਰਲ ਆਰ.ਈ.ਐਚ. ਡਾਇਰ ਨੇ ਲੋਕਾਂ ਉਤੇ ਬਿਨਾਂ ਕੋਈ ਚਿਤਾਵਨੀ ਦਿੱਤਿਆਂ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਬਾਗ ਵਿਚੋਂ ਬਾਹਰ ਜਾਣ ਦੇ ਇੱਕੋ-ਇੱਕ ਰਸਤੇ ਉਤੇ ਪੁਲਿਸ ਦਾ ਕਬਜ਼ਾ ਸੀ ਜਿਸ ਕਰ ਕੇ ਬਹੁਤ ਸਾਰੇ ਲੋਕਾਂ ਨੇ ਜਾਨਾਂ ਬਚਾਉਣ ਲਈ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਇੱਕ ਅੰਦਾਜ਼ੇ ਮੁਤਾਬਕ ਇਸ ਹੱਤਿਆਕਾਂਡ ਵਿਚ 1500 ਲੋਕ ਮਾਰੇ ਗਏ ਅਤੇ 1200 ਜ਼ਖਮੀ ਹੋਏ। ਇਸ ਭਿਆਨਕ ਦ੍ਰਿਸ਼ ਨੂੰ ਊਧਮ ਸਿੰਘ ਨੇ ਆਪਣੇ ਅੱਖੀਂ ਵੇਖਿਆ ਸੀ ਪਰ ਉਹ ਕਿਵੇਂ ਨਾ ਕਿਵੇਂ ਬਚ ਗਿਆ ਸੀ।

ਊਧਮ ਸਿੰਘ ਉਤੇ ਇਸ ਦਰਦਨਾਕ ਸਾਕੇ ਦਾ ਡੂੰਘਾ ਪ੍ਰਭਾਵ ਪਿਆ। ਉਸ ਸਮੇਂ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੇ ਇਸ ਖੂਨੀ ਕਾਂਡ ਨੂੰ ਜਾਇਜ਼ ਠਹਿਰਾਇਆ, ਜਿਸ ਕਰ ਕੇ ਊਧਮ ਸਿੰਘ ਇਸ ਕਾਰੇ ਲਈ ਓਡਵਾਇਰ ਨੂੰ ਹੀ ਜ਼ਿੰਮੇਵਾਰ ਸਮਝਦਾ ਸੀ।


ਇਸ ਘਟਨਾ ਦੇ ਪ੍ਰਤੀਕਰਮ ਵਜੋਂ ਊਧਮ ਸਿੰਘ ਨੇ ਕ੍ਰਾਂਤੀਕਾਰੀ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਉਹ ਭਗਤ ਸਿੰਘ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਇਆ। 1924 ਵਿਚ ਉਹ ਵਿਦੇਸ਼ ਵਿਚ ਸਥਾਪਿਤ ਗਦਰ ਪਾਰਟੀ ਵਿਚ ਸ਼ਾਮਲ ਹੋ ਗਿਆ ਪਰ 1927 ਵਿਚ ਭਾਰਤ ਮੁੜ ਆਇਆ। ਉਦੋਂ ਉਸ ਕੋਲ 25 ਸਰਗਰਮ ਮੈਂਬਰਾਂ ਸਮੇਤ ਕੁਝ ਗੋਲੀ-ਸਿੱਕਾ ਵੀ ਮੌਜੂਦ ਸੀ। ਬ੍ਰਿਟਿਸ਼ ਹਕੂਮਤ ਨੇ ਉਸ ਨੂੰ ਗੈਰ-ਲਾਇਸੈਂਸੀ ਹਥਿਆਰ ਰੱਖਣ ਦੇ ਜੁਰਮ ਵਿਚ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਗਦਰ ਪਾਰਟੀ ਦੀ ਜ਼ਬਤਸ਼ੁਦਾ ਪੱਤਰਿਕਾ 'ਗਦਰ ਦੀ ਗੂੰਜ', ਰਿਵਾਲਵਰ ਅਤੇ ਕਾਰਤੂਸ ਬਰਾਮਦ ਹੋਏ। ਉਸ ਉਤੇ ਮੁਕੱਦਮਾ ਚੱਲਿਆ ਅਤੇ ਉਸ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ।

1931 ਵਿਚ ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਊਧਮ ਸਿੰਘ ਦੀਆਂ ਗਤੀਵਿਧੀਆਂ ਉਤੇ ਪੁਲਿਸ ਨਿਗਰਾਨੀ ਰੱਖੀ ਜਾਣ ਲੱਗੀ। ਉਹ ਪਹਿਲਾਂ ਆਪਣੇ ਜਨਮ- ਸਥਾਨ ਸੁਨਾਮ ਗਿਆ ਪਰ ਸਥਾਨਕ ਪੁਲਿਸ ਵਲੋਂ ਪ੍ਰੇਸ਼ਾਨ ਕੀਤੇ ਜਾਣ ਕਰ ਕੇ ਉਹ ਅੰਮ੍ਰਿਤਸਰ ਚਲਾ ਗਿਆ। ਉਥੇ ਉਸ ਨੇ ਪੇਂਟਰ ਵਜੋਂ ਦੁਕਾਨ ਖੋਲ੍ਹ ਲਈ। ਉਹ ਪੁਲਿਸ ਤੋਂ ਬਚ ਕੇ ਪਹਿਲਾਂ ਕੁਝ ਮਹੀਨੇ ਕਸ਼ਮੀਰ ਰਿਹਾ, ਫਿਰ ਜਰਮਨੀ ਖਿਸਕਣ ਵਿਚ ਸਫਲ ਹੋ ਗਿਆ। 1934 ਵਿਚ ਉਹ ਲੰਡਨ ਪਹੁੰਚ ਗਿਆ, ਜਿੱਥੇ ਉਹ ਆਪਣੇ ਗੁਪਤ ਨਾਂ ਨਾਲ ਵਿਚਰਦਾ ਰਿਹਾ। ਉਥੇ ਹੀ ਉਹ ਮਾਈਕਲ ਓਡਵਾਇਰ ਨੂੰ ਸੋਧਣ ਦੀ ਯੋਜਨਾ ਬਣਾਉਣ ਲੱਗਿਆ।

ਜੱਲ੍ਹਿਆਂਵਾਲਾ ਬਾਗ ਦੇ ਬਦਲੇ ਦਾ ਪ੍ਰਣ ਪੂਰਾ ਕਰਨ ਲਈ ਊਧਮ ਸਿੰਘ ਬਹੁਤ ਉਤਾਵਲਾ ਸੀ। ਉਹਨੇ ਲੰਡਨ ਵਿਚ ਕਈ ਵਰ੍ਹੇ ਮਿਹਨਤ-ਮੁਸ਼ੱਕਤ ਕਰ ਕੇ ਗੁਜ਼ਾਰਾ ਕੀਤਾ ਅਤੇ ਕਿਸੇ ਕੋਲ ਵੀ ਆਪਣੇ ਨਿਸ਼ਾਨੇ ਦਾ ਭੇਤ ਨਾ ਖੋਲ੍ਹਿਆ। ਭਾਰਤ ਵਿਚ ਰਹਿੰਦੇ ਆਪਣੇ ਇਨਕਲਾਬੀ ਸਾਥੀਆਂ ਨੂੰ ਉਸ ਨੇ ਫਰਵਰੀ 1940 ਵਿਚ ਚਿੱਠੀ ਲਿਖੀ: "ਭਾਵੇਂ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਨੂੰ ਲਗਭਗ 21 ਸਾਲ ਹੋ ਚੁੱਕੇ ਹਨ ਪਰ ਮੇਰੇ ਸੀਨੇ 'ਤੇ ਲੱਗੇ ਹੋਏ ਜ਼ਖਮ ਅੱਜ ਵੀ ਓਨੇ ਹੀ ਅੱਲੇ ਹਨ, ਜਿੰਨੇ 21 ਸਾਲ ਪਹਿਲਾਂ ਸਨ। ਜਾਪਦਾ ਹੈ, ਹੁਣ ਮੈਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਵਾਂਗਾ। ਵਾਹਿਗੁਰੂ ਤੋਂ ਦੁਆ ਮੰਗੋ ਕਿ ਮੈਂ ਕਾਮਯਾਬ ਹੋ ਜਾਵਾਂ! ਭਾਰਤ ਮਾਤਾ ਅਤੇ ਸਾਰੇ ਦੇਸ਼ ਵਾਸੀਆਂ ਨੂੰ ਮੇਰਾ ਆਖ਼ਰੀ ਸਲਾਮ!"

13 ਮਾਰਚ 1940 ਨੂੰ ਸ਼ਾਮੀ 4:30 ਵਜੇ ਲੰਡਨ ਦੇ ਕੈਕਸਟਨ ਹਾਲ ਵਿਚ ਈਸਟ ਇੰਡੀਆ ਐਸੋਸੀਏਸ਼ਨ ਵਲੋਂ ਸੈਂਟਰਲ ਏਸ਼ੀਅਨ ਸੁਸਾਇਟੀ (ਰਾਇਲ ਸੁਸਾਇਟੀ ਆਫ ਏਸ਼ੀਅਨ ਅਫੇਅਰਜ਼) ਦੇ ਸਹਿਯੋਗ ਨਾਲ ਮੀਟਿੰਗ ਰੱਖੀ ਗਈ। ਇਸ ਵਿਚ ਓਡਵਾਇਰ ਭਾਸ਼ਣ ਕਰਨ ਆਇਆ ਹੋਇਆ ਸੀ। ਊਧਮ ਸਿੰਘ ਨੂੰ ਇਸੇ ਮੌਕੇ ਦੀ ਭਾਲ ਸੀ। ਉਹ ਹਾਲ ਵਿਚ ਆਇਆ ਅਤੇ ਇਕ ਸੀਟ 'ਤੇ ਬਹਿ ਗਿਆ। ਉਸ ਨੇ ਮਲਸੀਆਂ (ਪੰਜਾਬ) ਦੇ ਇੱਕ ਮਿੱਤਰ ਪੂਰਨ ਸਿੰਘ ਤੋਂ ਲਿਆ ਰਿਵਾਲਵਰ ਆਪਣੀ ਜੈਕਟ ਦੀ ਜੇਬ ਵਿਚ ਲੁਕੋਇਆ ਹੋਇਆ ਸੀ। ਜਿਉਂ ਹੀ ਓਡਵਾਇਰ ਬੋਲਣ ਲਈ ਮੰਚ 'ਤੇ ਆਇਆ, ਊਧਮ ਸਿੰਘ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਜਿਸ ਨਾਲ ਉਹ ਉਥੇ ਹੀ ਢੇਰ ਹੋ ਗਿਆ, ਜਦਕਿ ਲਾਰਡ ਜ਼ੈਟਲੈਂਡ, ਲੂਈਸ ਡੇਨ ਲਾਰੰਸ ਡੁੰਡਾਸ, ਚਾਰਲਸ ਕੋਚਰੇਨ ਬੈਲੀ ਜਿਹੇ ਕੁਝ ਅੰਗਰੇਜ਼ ਜ਼ਖਮੀ ਹੋ ਗਏ।

ਮੀਟਿੰਗ ਵਿਚ ਭਾਜੜ ਮੱਚ ਗਈ ਪਰ ਊਧਮ ਸਿੰਘ ਆਪਣੀ ਥਾਂ ਤੋਂ ਜ਼ਰਾ ਵੀ ਨਾ ਹਿੱਲਿਆ। ਉਸ ਨੇ ਉਚੀ ਆਵਾਜ਼ ਵਿਚ ਕਿਹਾ, "ਭਰਾਓ, ਮੇਰਾ ਕਿਸੇ ਨਾਲ ਕੋਈ ਵਿਰੋਧ ਨਹੀਂ। ਮੈਂ ਤਾਂ ਕੇਵਲ ਉਸ ਹੱਤਿਆਰੇ ਅਤੇ ਹੰਕਾਰੀ ਗੋਰੇ ਅਫਸਰ ਤੋਂ ਬਦਲਾ ਲਿਆ ਹੈ ਜਿਹੜਾ ਉਸ ਵੇਲੇ ਪੰਜਾਬ ਦਾ ਗਵਰਨਰ ਸੀ ਅਤੇ ਜਿਸ ਨੇ ਜੱਲ੍ਹਿਆਂਵਾਲੇ ਬਾਗ ਵਿਚ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ।" ਇਹ ਬਿਲਕੁਲ ਉਹੋ ਜਿਹੀ ਸਥਿਤੀ ਸੀ, ਜਿਵੇਂ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟ ਕੇ ਭੱਜਣ ਦੀ ਕੋਸ਼ਿਸ਼ ਨਹੀਂ ਸੀ ਕੀਤੀ।




ਊਧਮ ਸਿੰਘ ਨੂੰ ਉਸ ਦੇ ਪਿਸਤੌਲ ਸਮੇਤ ਗ੍ਰਿਫਤਾਰ ਕਰ ਲਿਆ ਗਿਆ। 1 ਅਪਰੈਲ 1940 ਨੂੰ ਉਸ ਉਤੇ ਓਡਵਾਇਰ ਦੇ ਕਤਲ ਦਾ ਕੇਸ ਦਰਜ ਹੋਇਆ। ਬ੍ਰਿਕਸਟਨ ਜੇਲ੍ਹ ਵਿਚ ਊਧਮ ਸਿੰਘ ਨੇ 42 ਦਿਨਾਂ ਦੀ ਭੁੱਖ ਹੜਤਾਲ ਕੀਤੀ ਪਰ ਉਸ ਨੂੰ ਜ਼ਬਰਦਸਤੀ ਖਾਣਾ ਖੁਆਇਆ ਗਿਆ। 4 ਜੂਨ 1940 ਨੂੰ ਜਸਟਿਸ ਐਟਕਿਨਸਨ ਨੇ ਓਲਡ ਬੇਲੇ ਦੀ ਸੈਂਟਰਲ ਕ੍ਰਿਮੀਨਲ ਕੋਰਟ ਵਿਖੇ ਹੋਏ ਫੈਸਲੇ ਮੁਤਾਬਕ ਉਹਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਇਸ ਫੈਸਲੇ ਖਿਲਾਫ ਵੀ.ਕੇ. ਕ੍ਰਿਸ਼ਨਾ ਮੈਨਨ ਅਤੇ ਸੇਂਟ ਜੌਨ ਹਚੀਸਨ ਨੇ ਅਪੀਲ ਦਾਇਰ ਕੀਤੀ, ਜਿਸ ਨੂੰ 15 ਜੁਲਾਈ 1940 ਨੂੰ ਖਾਰਜ ਕਰ ਦਿੱਤਾ ਗਿਆ। ਜਦੋਂ ਉਹਨੂੰ ਇਸ ਕਾਰੇ ਬਾਰੇ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਜ਼ੋਰਦਾਰ ਆਵਾਜ਼ ਵਿਚ ਕਿਹਾ: "ਮੈਂ ਇਹ ਕਾਰਜ ਇਸ ਲਈ ਕੀਤਾ ਹੈ, ਕਿਉਂਕਿ ਮੈਨੂੰ ਓਡਵਾਇਰ ਨਾਲ ਘਿਰਣਾ ਸੀ। ਉਹ ਇਸੇ ਦੇ ਯੋਗ ਸੀ। ਉਹ ਮੇਰੇ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਦਬਾਉਣਾ ਚਾਹੁੰਦਾ ਸੀ। ਮੈਨੂੰ ਖੁਸ਼ੀ ਹੈ ਕਿ ਮੈਂ ਉਸ ਭਿਆਨਕ ਕਾਰੇ ਦਾ ਬਦਲਾ ਲਿਆ ਹੈ। ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲੱਗਦਾ। ਮੈਂ ਆਪਣੇ ਦੇਸ਼ ਲਈ ਸ਼ਹੀਦ ਹੋ ਰਿਹਾ ਹਾਂ। ਮੈਨੂੰ ਆਪਣੀ ਧਰਤੀ ਮਾਤਾ ਲਈ ਕੀਤੇ ਮਹਾਨ ਕਾਰਜ ਬਦਲੇ ਮੌਤ ਤੋਂ ਵੱਧ ਹੋਰ ਕਿਹੜਾ ਸਨਮਾਨ ਮਿਲ ਸਕਦਾ ਸੀ?"

ਪੰਜਾਬੀ ਕਵੀ ਦੀਵਾਨ ਸਿੰਘ ਮਹਿਰਮ (1914-1972) ਨੇ 'ਜੀਵੇ ਦੇਸ਼ ਮਹਾਨ' ਪੁਸਤਕ ਵਿਚ 'ਊਧਮ ਸਿੰਘ ਦੀ ਲਲਕਾਰ' ਕਵਿਤਾ ਰਾਹੀਂ ਉਸ ਦੀਆਂ ਭਾਵਨਾਵਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਉਲੀਕਿਆ ਹੈ:

ਮੈਨੂੰ ਫੜ ਲਓ ਲੰਡਨ ਵਾਸੀਓ,
ਮੈਂ ਖੜ੍ਹਾ ਪੁਕਾਰਾਂ।
ਮੈਂ ਕਾਤਲ ਓਡਵਾਇਰ ਦਾ,
ਮੈਂ ਗੋਲੀ ਮਾਰੀ।
ਮੈਂ ਇਕਬਾਲੀ ਜੁਰਮ ਦਾ,
ਨਹੀਂ ਜਿੰਦ ਪਿਆਰੀ।
ਮੈਂ ਨੱਸਣਾ ਮੂਲ ਨਹੀਂ ਚਾਹੁੰਦਾ,
ਕੋਈ ਮਾਰ ਉਡਾਰੀ।
ਮੈਂ ਪੇਸ਼ ਕਰਾਂ ਖੁਦ ਆਪ ਨੂੰ,
ਕੋਈ ਨਹੀਂ ਲਾਚਾਰੀ।
ਮੈਂ ਉਚੀ-ਉਚੀ ਬੋਲ ਕੇ,
ਲਾਉਂਦਾ ਹਾਂ ਟਾਹਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ,
ਮੈਂ ਖੜ੍ਹਾ ਪੁਕਾਰਾਂ।

ਉਸ ਦੀ ਅੰਤਿਮ ਇੱਛਾ ਸੀ ਕਿ ਉਸ ਦੀ ਲਾਸ਼ ਨੂੰ ਭਾਰਤ ਭੇਜ ਦਿੱਤਾ ਜਾਵੇ ਪਰ ਨਿਰਦਈ ਹਕੂਮਤ ਨੇ ਉਸ ਦੀ ਲਾਸ਼ ਤਾਂ ਕੀ, ਉਸ ਦੀਆਂ ਅਸਥੀਆਂ ਅਤੇ ਰਾਖ ਵੀ ਪੰਜਾਬ (ਭਾਰਤ) ਨਹੀਂ ਭੇਜੀ। ਉਸ ਨੂੰ ਲੰਡਨ ਦੀ ਪੈਂਟੋਵਿਲੇ ਜੇਲ੍ਹ ਵਿਚ 40 ਸਾਲ ਦੀ ਉਮਰ ਵਿਚ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ।

ਊਧਮ ਸਿੰਘ ਗਦਰ ਪਾਰਟੀ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨਾਲ ਜੁੜਿਆ ਹੋਇਆ ਸੱਚਾ ਦੇਸ਼ਭਗਤ ਸੀ, ਜਿਸ ਦੀ ਕਹਿਣੀ ਤੇ ਕਥਨੀ ਵਿਚ ਕੋਈ ਫਰਕ ਨਹੀਂ ਸੀ। ਉਸ ਵਲੋਂ ਸ਼ਿਵ ਸਿੰਘ ਜੌਹਲ ਨੂੰ ਲਿਖੀਆਂ ਚਿੱਠੀਆਂ ਅਜਿਹਾ ਦਸਤਾਵੇਜ਼ ਹਨ ਜਿਨ੍ਹਾਂ ਰਾਹੀਂ ਉਸ ਦੀ ਨਿਡਰ ਅਤੇ ਹਸਮੁੱਖ ਸ਼ਖਸੀਅਤ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਖਤਾਂ ਵਿਚ ਉਹਨੇ ਖੁਦ ਨੂੰ ਧਰਮਰਾਜ ਦਾ ਮਹਿਮਾਨ ਦੱਸਿਆ ਹੈ ਜੋ ਲਾੜੀ ਮੌਤ ਨੂੰ ਵਿਆਹੁਣ ਚੱਲਿਆ ਹੈ। ਉਹ ਜੀਵਨ ਦੇ ਅੰਤ ਤੱਕ ਖੇੜੇ ਵਿਚ ਰਿਹਾ। ਉਸ ਦਾ ਆਦਰਸ਼ ਸ਼ਹੀਦ ਭਗਤ ਸਿੰਘ ਸੀ।

ਬਹੁਤ ਸਾਰੇ ਭਾਰਤੀਆਂ ਨੇ ਊਧਮ ਸਿੰਘ ਵਲੋਂ ਓਡਵਾਇਰ ਨੂੰ ਮਾਰੇ ਜਾਣ ਦੀ ਘਟਨਾ ਨੂੰ ਜਾਇਜ਼ ਠਹਿਰਾਇਆ ਤੇ ਇਸ ਨੂੰ ਬ੍ਰਿਟਿਸ਼ ਕਾਲੋਨੀ ਰਾਜ ਦੇ ਖਿਲਾਫ ਭਾਰਤੀ ਸੰਘਰਸ਼ ਦਾ ਇੱਕ ਕਦਮ ਗਰਦਾਨਿਆ, ਜਦਕਿ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਜਿਹੇ ਕਾਂਗਰਸੀਆਂ ਨੇ ਊਧਮ ਸਿੰਘ ਦੇ ਇਸ ਕਾਰਜ ਦੀ ਨਿੰਦਾ ਕੀਤੀ। ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਨੇ ਗਾਂਧੀ ਦੇ ਬਿਆਨ ਨੂੰ ਬੇਹੱਦ ਅਫ਼ਸੋਸਨਾਕ ਮੰਨਿਆ। ਉਂਜ, ਪੰਡਿਤ ਨਹਿਰੂ ਨੇ 1962 ਵਿਚ ਆਪਣਾ ਬਿਆਨ ਬਦਲਦਿਆਂ ਕਿਹਾ, "ਮੈਂ ਸ਼ਹੀਦੇ-ਆਜ਼ਮ ਊਧਮ ਸਿੰਘ ਨੂੰ ਸਲਾਮ ਕਰਦਾ ਹਾਂ।" ਵਿਦੇਸ਼ੀ ਪ੍ਰੈਸ ਨੇ ਊਧਮ ਸਿੰਘ ਦੇ ਕਦਮ ਦੀ ਵਕਾਲਤ ਕੀਤੀ। 'ਦਿ ਟਾਈਮਜ਼' (ਲੰਡਨ) ਨੇ ਊਧਮ ਸਿੰਘ ਨੂੰ 'ਆਜ਼ਾਦੀ ਦਾ ਸੂਰਮਾ' ਕਹਿ ਕੇ ਵਡਿਆਇਆ; 'ਬਰਗਰੈਟ' (ਰੋਮ) ਨੇ ਊਧਮ ਸਿੰਘ ਦੇ ਕੰਮ ਨੂੰ 'ਦਲੇਰਾਨਾ ਕਦਮ' ਦਾ ਨਾਂ ਦਿੱਤਾ। ਪਹਿਲੀ ਅਪਰੈਲ 1940 ਨੂੰ ਜਲ੍ਹਿਆਂਵਾਲਾ ਬਾਗ ਕਾਂਡ ਦੀ ਇੱਕੀਵੀਂ ਯਾਦਗਾਰ ਮਨਾਉਂਦਿਆਂ ਯੁਵਾ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਊਧਮ ਸਿੰਘ ਦੇ ਹੱਕ ਵਿਚ ਕ੍ਰਾਂਤੀਕਾਰੀ ਨਾਅਰੇ ਲਾਏ ਅਤੇ ਉਸ ਨੂੰ ਮਹਾਨ ਦੇਸ਼ ਭਗਤ ਤੇ ਨਾਇਕ ਦਾ ਮਾਣ ਦਿੱਤਾ।

1975 ਵਿਚ ਭਾਰਤ ਸਰਕਾਰ ਦੇ ਯਤਨਾਂ ਨਾਲ ਊਧਮ ਸਿੰਘ ਦੀਆਂ ਅਸਥੀਆਂ ਦੇਸ਼ ਵਿਚ ਲਿਆਂਦੀਆਂ ਗਈਆਂ ਜਿਸ ਦਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਕੇਂਦਰੀ ਸੰਚਾਰ ਮੰਤਰੀ ਸ਼ੰਕਰ ਦਿਆਲ ਸ਼ਰਮਾ ਅਤੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਨਿੱਘਾ ਸਵਾਗਤ ਕੀਤਾ। ਉਹਦੀਆਂ ਅਸਥੀਆਂ ਨੂੰ ਸ਼ਹੀਦ ਦੇ ਜਨਮ ਸਥਾਨ ਸੁਨਾਮ ਲਿਜਾ ਕੇ ਸਨਮਾਨ ਨਾਲ ਅੰਤਿਮ ਕਿਰਿਆਵਾਂ ਕੀਤੀਆਂ ਗਈਆਂ ਅਤੇ ਸਤਲੁਜ ਦਰਿਆ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ। ਇਸ ਮਹਾਨ ਸ਼ਹੀਦ ਦੀ ਰਾਖ ਨੂੰ ਜਲ੍ਹਿਆਂਵਾਲਾ ਬਾਗ਼ ਵਿਚ ਮੋਹਰਬੰਦ ਬਰਤਨ ਵਿਚ ਰੱਖ ਕੇ ਸੰਭਾਲਿਆ ਹੋਇਆ ਹੈ।

ਅਕਤੂਬਰ 1995 ਵਿਚ ਮਾਇਆਵਤੀ ਸਰਕਾਰ ਨੇ ਉਤਰਾਖੰਡ ਦੇ ਇੱਕ ਜ਼ਿਲ੍ਹੇ ਦਾ ਨਾਂ 'ਊਧਮ ਸਿੰਘ ਨਗਰ' ਰੱਖ ਕੇ ਸ਼ਹੀਦ ਪ੍ਰਤੀ ਆਪਣੀ ਆਸਥਾ ਦਾ ਸਬੂਤ ਦਿੱਤਾ; ਪੰਜਾਬ ਸਰਕਾਰ ਨੇ ਸ਼ਹੀਦ ਦੇ ਜਨਮ ਸਥਾਨ ਸੁਨਾਮ ਨੂੰ 'ਸੁਨਾਮ ਊਧਮ ਸਿੰਘ ਵਾਲਾ' ਦਾ ਨਾਂ ਦਿੱਤਾ ਹੈ। ਉਸ ਦੀ ਯਾਦ ਵਿਚ ਸੁਨਾਮ ਵਿਖੇ ਪਿਛਲੇ ਕਈ ਸਾਲਾਂ ਤੋਂ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਚੱਲ ਰਿਹਾ ਹੈ। ਇਸੇ ਸ਼ਹਿਰ ਵਿਚ ਉਸ ਦਾ ਯਾਦਗਾਰੀ ਬੁੱਤ ਲਾਇਆ ਗਿਆ ਹੈ। ਪੰਜਾਬ ਸਰਕਾਰ ਵਲੋਂ ਉਸ ਦੇ ਸ਼ਹੀਦੀ ਦਿਨ (31 ਜੁਲਾਈ) 'ਤੇ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ।

---

****ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)***

## ਇੰਜ ਜਲੇ ਲੇਖ

ਨਾ ਖੱਟਿਆ ਕੁਝ ਬੇਲਿਹਾਜ਼ ਜੱਗ ਅੰਦਰ,
ਬੱਸ ਬੰਦਾ ਖੁਦੀ ਦਾ ਹੀ ਭਰਮ ਪਾਲਦਾ ਰਿਹਾ।

ਗੱਲ ਤੇ ਮੁਕਾ ਦਿੰਦੇ ਨੇ ਲਿਆ ਕੇ ਨਸੀਬ 'ਤੇ,
ਕੋਈ ਐਸ਼ ਕਰਦਾ, ਕੋਈ ਜਫਰ ਜਾਲਦਾ ਰਿਹਾ।

ਡੋਲ੍ਹਦਾ ਰਿਹਾ ਪਸੀਨਾ ਸਿਖਰ ਦੁਪਹਿਰ ਕੋਈ,
ਸੜਦਾ ਟਿੱਬਿਆਂ ਵਿਚ ਮੌਤ ਨੂੰ ਭਾਲਦਾ ਰਿਹਾ।

ਮਿਲੀ ਕੀਮਤ ਨਾ ਫਸਲ ਦੀ ਜਦੋਂ ਮੰਡੀ ਅੰਦਰ,
ਪੀ ਕੇ ਖੂਨ ਦੇ ਹੰਝੂ ਵਕਤ ਟਾਲਦਾ ਰਿਹਾ।

ਲੁੱਟਦਾ ਬੰਦਾ ਹੈ, ਪਰ ਗਿਲਾ ਕਰੇ ਰੱਬ ਉੱਤੇ,
ਭੰਬਲਭੂਸੇ ਵਿਚ ਹੀ ਡੰਗ ਸਾਰਦਾ ਰਿਹਾ।

ਤੰਗੀਆਂ ਤੁਰਸ਼ੀਆਂ ਵਿਚ ਸਾਰੀ ਜੂਨ ਲੰਘੀ,
ਫੋਕੀ ਟੌਹਰ 'ਚ ਫੁੰਕਾਰੇ ਜੱਟ ਮਾਰਦਾ ਰਿਹਾ।

ਰਹਿੰਦੀ ਗਿੱਲਤ ਗਾਲ'ਤੀ ਲੰਡੂ ਗੀਤਕਾਰਾਂ,
ਨੱਚਦਾ ਨਸ਼ੇ 'ਚ ਲਲਕਾਰੇ ਮਾਰਦਾ ਰਿਹਾ।

ਖਰਚੇ ਵਧਾਏ ਵਿਆਹਾਂ ਦੀ ਝੂਠੀ ਸ਼ਾਨ ਖਾਤਿਰ,
ਕਰਜ਼ਾ ਸ਼ਾਹਾਂ ਬੈਂਕਾਂ ਦਾ 'ਵਾਜਾਂ ਮਾਰਦਾ ਰਿਹਾ।

ਅੱਜ ਕਲ੍ਹ ਅੱਧੇ ਤੋਂ ਵੱਧ ਕਿਸਾਨ ਕੰਗਾਲ ਹੋਇਆ,
ਬੇੜਾ ਆਰ ਦਾ ਰਿਹਾ ਨਾ ਬੇੜਾ ਪਾਰ ਦਾ ਰਿਹਾ।

ਵੋਟਾਂ ਨੇੜੇ ਆਈਆਂ ਨੇਤਾ ਹੁਣ ਲਾਉਣ ਕੁੰਡੀਆਂ,
ਸੁਣ ਕੇ ਝੂਠੇ ਲਾਰੇ ਸਦਾ ਛਾਲਾਂ ਮਾਰਦਾ ਰਿਹਾ।

ਵੋਟ ਦੇਣ ਵੇਲੇ ਨਾ ਸੋਚੇ, ਨਾ ਵਿਚਾਰ ਕਰੇ ਕਦੇ,
ਅੰਨ੍ਹੇਵਾਹ ਜਾਤ ਪਾਤ ਧਰਮ ਪਾਲਦਾ ਰਿਹਾ।

ਪੰਜ ਸਾਲ ਬਾਅਦ ਆਉਂਦੇ ਖਸਮ ਨਵੇਂ,
ਬਣ ਕੇ ਸ਼ਾਤਰ ਨਵੇਂ ਮੁੱਦੇ ਉਭਾਰਦਾ ਰਿਹਾ।

ਸਮਝ ਸਕਿਆ ਨਾ ਚਾਲ ਭੋਲਾ ਬਾਦਸ਼ਾਹ,
ਪਾ ਵੋਟਾਂ ਚੰਗੇ ਭਵਿੱਖ ਨੂੰ 'ਵਾਜਾਂ ਮਾਰਦਾ ਰਿਹਾ।

***-ਸੇਵਾ ਸਿੰਘ ਨੂਰਪੁਰੀ***

ਕਹਾਣੀ

# ਤੂੰ ਭਰੀਂ ਹੁੰਗਾਰਾ

***ਭਵਿੱਖ ਕਿਸੇ ਨੇ ਨਹੀਂ ਦੇਖਿਆ। ਹਾਂ, ਇਸ ਬਾਰੇ ਕਿਆਸਆਰਾਈਆਂ ਜ਼ਰੂਰ ਲਗਦੀਆਂ ਰਹਿੰਦੀਆਂ ਹਨ ਪਰ ਸੁਰਜੀਤ ਦੀ ਕਹਾਣੀ 'ਤੂੰ ਭਰੀਂ ਹੁੰਗਾਰਾ' ਅਸਲ ਵਿਚ ਭਵਿੱਖ ਦੀ ਕਹਾਣੀ ਹੈ। ਇਸ ਦੇ ਐਨ ਕੇਂਦਰ ਵਿਚ ਮਨੁੱਖ ਅਤੇ ਕੁਦਰਤ ਹੈ। ਮਨਮੋਹਣੀ ਕੁਦਰਤ ਨਾਲ ਗੱਲੀਂ ਪੈ ਕੇ ਹੀ ਮਨੁੱਖ ਲਈ ਰਾਹ ਮੋਕਲੇ ਹੋ ਸਕਦੇ ਹਨ। -ਸੰਪਾਦਕ***

ਉਸ ਦਿਨ ਡਰਾਈਵੇਅ ਵਿਚ ਕਾਰ ਖੜ੍ਹੀ ਕਰ ਕੇ ਮੈਂ ਬੜੇ ਚਾਅ ਨਾਲ ਆਪਣੀ ਬਗੀਚੀ ਵੱਲ ਵੇਖਿਆ। ਬਹਾਰ ਦੇ ਮੌਸਮ ਵਿਚ ਅਨੇਕਾਂ ਤਰ੍ਹਾਂ ਦੇ ਫੁੱਲਾਂ ਨਾਲ ਵਿਹੜਾ ਇੰਦਰਧਨੁਸ਼ੀ ਰੰਗਾਂ ਨਾਲ ਭਰਿਆ ਪਿਆ ਸੀ। ਸ਼ੋਖ ਹਵਾ ਦੇ ਇਕ ਬੁੱਲੇ ਨੇ ਮੈਨੂੰ ਛੂਹਿਆ। ਮੈਂ ਘਰ ਦੇ ਬੂਹੇ ਵੱਲ ਵਧੀ; ਪਹਿਲੀ ਪੌੜੀ 'ਤੇ ਪੈਰ ਹੀ ਧਰਿਆ ਸੀ ਕਿ ਬੂਹੇ ਅੱਗੇ ਲੱਗੇ 'ਰਬੜ ਪਲਾਂਟ' ਨੇ ਜਿਵੇਂ ਮੇਰੇ ਨਾਲ ਖਹਿ ਕੇ ਮੈਨੂੰ ਰੋਕ ਲਿਆ। ਮੈਂ ਹੱਸ ਕੇ ਉਸ ਨੂੰ ਕਿਹਾ, "ਉਇ, ਮੇਰੇ ਸੁਹਣੇ ਪਲਾਂਟ ਜੀ, ਕਿਵੇਂ ਐਂ! ਆਇ ਹਾਇ ਤੂੰ ਤਾਂ ਕਿੰਨਾ ਵੱਡਾ ਹੋ ਗਿਐਂ, ਮੇਰੇ ਤੋਂ ਵੀ ਉਚਾ! ਕਿੰਨੇ ਸੋਹਣੇ ਪੱਤੇ ਨੇ ਤੇਰੇ। ਕਿੰਨੇ ਚੌੜੇ! ਕੁਝ ਕੁਝ ਪਿੱਪਲ ਦੇ ਪੱਤਿਆਂ ਜਿਹੇ; ਨਹੀਂ! ਨਹੀਂ! ਸੱਚ, ਇਹ ਤਾਂ ਬੋਹੜ ਦੇ ਪੱਤਿਆਂ ਜਿਹੇ ਲੱਗਦੇ ਆ! ਪਿੱਪਲ ਦੇ ਪੱਤੇ ਤਾਂ ਜ਼ਰਾ ਛੋਟੇ ਹੁੰਦੇ ਨੇ ਤੇਰਿਆਂ ਤੋਂ।"

"ਮੰਮਾ ਕੌਣ ਐ? ਕੀਹਦੇ ਨਾਲ ਗੱਲਾਂ ਕਰੀ ਜਾਂਦੇ ਓਂ?"

ਮੇਰੀ ਆਵਾਜ਼ ਸੁਣ ਕੇ ਮੇਰੀਆਂ ਦੋਵੇਂ ਬੇਟੀਆਂ ਬਾਹਰ ਆ ਗਈਆਂ, "ਹਮਮ...! ਇਸ ਪਲਾਂਟ ਨਾਲ!"



ਮੈਨੂੰ ਆਪਣੇ ਬੂਟਿਆਂ ਨਾਲ ਗੱਲਾਂ ਕਰਨ ਦੀ ਆਦਤ ਹੈ। ਮੈਂ ਇਨ੍ਹਾਂ ਨੂੰ ਵੀ

**ਸੁਰਜੀਤ**
Surjitk33@gmail.com

ਆਪਣੇ ਬੱਚਿਆਂ ਵਾਂਗ ਹੀ ਪਿਆਰ ਕਰਦੀ ਹਾਂ। ਮੇਰਾ ਪਰਿਵਾਰ ਮੈਨੂੰ ਬੂਟਿਆਂ ਨਾਲ ਗੱਲਾਂ ਕਰਦਿਆਂ ਵੇਖ ਅਕਸਰ ਮੇਰੇ 'ਤੇ ਹੱਸਦਾ ਹੈ ਕਿ ਮੈਂ ਕਮਲੀ ਹੋ ਗਈ ਹਾਂ। ਮੈਂ ਹਮੇਸ਼ਾ ਝਿੜਕ ਕੇ ਉਨ੍ਹਾਂ ਤੋਂ ਪਿੱਛਾ ਛੁਡਾਉਂਦੀ ਹਾਂ, "ਜੇ ਤੁਹਾਡੇ ਅੰਦਰ ਸੰਵੇਦਨਾ ਨਹੀਂ ਤਾਂ ਕੀ ਹੋਰਨਾਂ ਵਿਚ ਵੀ ਖਤਮ ਹੋ ਜਾਵੇ? ਤੁਸੀਂ ਜਾਉ ਅੰਦਰ।"

ਉਨ੍ਹਾਂ ਨੂੰ ਮੈਂ ਤਾੜਿਆ ਅਤੇ ਇਕ ਪੱਤੇ ਨੂੰ ਛੂਹ ਕੇ ਉਸ ਦੀ ਮੁਲਾਇਮ ਛੋਹ ਨੂੰ ਮਹਿਸੂਸ ਕਰਨ ਲੱਗੀ। ਮੇਰੀ ਆਵਾਜ਼ ਸੁਣ ਕੇ ਬੂਟਾ ਜ਼ਰਾ ਜਿਹਾ ਹਿੱਲਿਆ ਜਿਵੇਂ ਮੇਰੀ ਗੱਲ ਦਾ ਹੁੰਗਾਰਾ ਭਰਦਾ ਹੋਵੇ। ਬੱਚੀਆਂ ਵੀ ਉਥੇ ਖੜ੍ਹੀਆਂ ਰਹੀਆਂ। ਮੈਂ ਉਨ੍ਹਾਂ ਨੂੰ ਦੱਸਣ ਲੱਗੀ, "ਆਪਣੀ ਹਵੇਲੀ 'ਚ ਪਿੱਪਲ ਹੁੰਦਾ ਸੀ; ਕਿੰਨਾ ਵੱਡਾ ਤੇ ਕਿੰਨਾ ਖੂਬਸੂਰਤ! ਚੌੜੇ ਚੌੜੇ ਪੱਤੇ! ਸਾਉਣ ਦੇ ਮਹੀਨੇ ਕੁੜੀਆਂ ਪਿੰਡ 'ਚੋਂ ਪੈਸੇ ਉਗਰਾਹ ਕੇ ਰੱਸਾ ਖਰੀਦਦੀਆਂ; ਪਿੱਪਲ 'ਤੇ ਪੀਂਘ ਪਾਉਂਦੀਆਂ। ਕੁੜੀਆਂ ਪੀਂਘ ਇੰਨੀ ਉਚੀ ਚੜ੍ਹਾ ਲੈਂਦੀਆਂ ਕਿ ਪਿੰਡ ਦੇ ਕੋਠੇ ਦਿੱਸਣ ਲੱਗਦੇ। ਉਦੋਂ ਮੈਂ ਬਹੁਤ ਛੋਟੀ ਸਾਂ, ਮਸਾਂ ਪੰਜਾਂ-ਛਿਆਂ ਵਰ੍ਹਿਆਂ ਦੀ। ਇਕ ਵਾਰੀ ਇਕ ਕੁੜੀ ਨੇ ਮੈਨੂੰ ਵੀ ਪੀਂਘ 'ਤੇ ਬਿਠਾ ਲਿਆ। ਮੈਂ ਤਾਂ ਡਰ ਕੇ ਚੀਕਾਂ ਈ ਛੱਡ ਦਿੱਤੀਆਂ। ਹਾ...ਹਾ...ਹਾ...! ਪਤੈ ਮੈਂ ਅਜੇ ਵੀ ਇੰਨੀ ਹੀ ਡਰਪੋਕ ਆਂ!"

ਉਹ ਦੋਵੇਂ ਖਿੜਖਿੜਾ ਕੇ ਹੱਸ ਪਈਆਂ, "ਮੰਮੀ ਤੁਸੀਂ ਇਸ ਲਈ ਫੇਰ ਕਦੇ ਪੀਂਘ ਨਹੀਂ ਚੜ੍ਹਾਈ, ਹੈ ਨਾ?"

"ਨਾ ਕਦੇ ਨਹੀਂ! ਪਰ ਉਨ੍ਹਾਂ ਨੂੰ ਉਚੀ ਉਚੀ ਪੀਂਘਾਂ ਝੂਟਦਿਆਂ ਵੇਖ ਬਹੁਤ ਇੰਜੁਆਏ ਕਰਦੀ। ਕਿਹਾ ਸਮਾਂ ਸੀ ਉਹ ਵੀ! ਕੁੜੀਆਂ ਪੀਂਘ ਚੜ੍ਹਾਉਂਦੀਆਂ ਤਾਂ ਪਿੱਪਲ ਦੇ ਪੱਤੇ ਖੜ ਖੜ ਕਰ ਕੇ ਹੁੰਗਾਰਾ ਭਰਦੇ, ਬਿਲਕੁਲ ਇਵੇਂ ਹੀ; ਜਿਵੇਂ ਕੁੜੀਆਂ ਦੇ ਗੀਤ ਸੁਣ ਕੇ ਪਿੱਪਲ ਵੀ ਖੁਸ਼ ਹੁੰਦਾ ਹੋਵੇ। ਸਾਡਾ ਵਿਹੜਾ ਰੌਣਕਾਂ ਨਾਲ ਭਰਿਆ ਰਹਿੰਦਾ। ਹੁਣ ਤਾਂ ਉਹ ਪਿੱਪਲ ਪਤਾ ਨਹੀਂ ਕਿੱਥੇ ਗਿਆ? ਰੌਣਕਾਂ ਵੀ ਨਹੀਂ ਰਹੀਆਂ। ਐਤਕੀਂ ਜਦੋਂ ਆਪਾਂ ਪਿੰਡ ਗਏ ਤਾਂ ਵੇਖਿਆ ਨਾ, ਸਾਰੇ ਪਿੰਡ ਵਿਚ ਨਾ ਕਿਤੇ ਪਿੱਪਲ ਸੀ, ਨਾ ਕਿਤੇ ਕੋਈ ਬੋਹੜ, ਨਾ ਕੋਈ ਕਿੱਕਰ ਤੇ ਨਾ ਟਾਹਲੀ। ਇਕ ਬੋਹੜ ਦਾ ਦਰਖਤ ਅੰਮ੍ਰਿਤਸਰ ਜ਼ਰੂਰ ਵੇਖਿਆ ਸੀ। ਜਦੋਂ ਆਪਾਂ ਦਰਬਾਰ ਸਾਹਿਬ ਤੋਂ ਵਾਪਿਸ ਆ ਰਹੇ ਸਾਂ ਤਾਂ ਕਿਸੇ ਚੌਕ ਵਿਚ ਖੜ੍ਹਾ ਸੀ। ਵੇਖਿਆ, ਕਿੰਨਾ ਮੈਲਾ ਹੋ ਗਿਆ ਸੀ ਵਿਚਾਰਾ ਧੂੜ ਤੇ ਧੂੰਏਂ ਨਾਲ।"

ਉਹ ਇਕ ਦੂਜੇ ਵੱਲ ਵੇਖ ਕੇ ਹੈਰਾਨ ਹੋ ਰਹੀਆਂ ਸਨ, ਸ਼ਾਇਦ ਉਨ੍ਹਾਂ ਨੇ ਉਸ ਦਰਖਤ ਨੂੰ ਵੇਖਿਆ ਈ ਨਹੀਂ ਸੀ।

"ਪਤੈ ਉਹਦੇ ਪੱਤੇ ਬਿਲਕੁਲ ਇਹਦੇ ਵਰਗੇ ਸਨ। ਉਂਜ ਉਹ ਤਾਂ ਮਿੱਟੀ ਨਾਲ ਭਰੇ ਹੋਏ ਸਨ। ਇਹ ਤਾਂ ਉਸ ਤੋਂ ਬਹੁਤ ਸੁਹਣੈ। ਜਿਵੇਂ ਸਾਡੇ ਬੂਹੇ ਅੱਗੇ ਖੁਸ਼ੀਆਂ ਵੰਡਣ ਲਈ ਹੀ ਖੜ੍ਹਾ ਹੋਵੇ। ਖੂਬ ਵੱਡਾ ਹੋ ਸੋਹਣਿਆ!"

ਮੈਂ ਪਿੱਛੇ ਮੁੜ ਕੇ ਵੇਖਿਆ, ਕੁੜੀਆਂ ਅੰਦਰ ਜਾ ਚੁਕੀਆਂ ਸਨ। ਮੈਂ ਵੀ ਘਰ ਦੇ ਅੰਦਰ ਆ ਗਈ। ਘਰ ਦੇ ਉਹੀ ਕੰਮ! ਰੋਟੀ-ਟੁੱਕ, ਰਸੋਈ-ਬਰਤਨ, ਸਾਫ-ਸਫਾਈ, ਅਗਲੇ ਦਿਨ ਸਵੇਰੇ ਬੱਚਿਆਂ ਨੂੰ ਸਕੂਲ ਭੇਜਣ ਦੀ ਅਤੇ ਆਪਣੇ ਕੰਮ 'ਤੇ ਜਾਣ ਦੀ ਤਿਆਰੀ! ਤੌਬਾ ਤੌਬਾ, ਰੇਲ ਹੀ ਬਣ ਜਾਂਦੀ ਐ ਸਵੇਰੇ ਸਵੇਰੇ! ਬੂਹਿਉਂ ਬਾਹਰ ਨਿਕਲੀ ਤਾਂ ਮੇਰਾ ਬੂਟਾ ਤਾਂ ਗਿੱਠ-ਗਿੱਠ ਹੋਰ ਵੱਡਾ ਹੋਇਆ ਪਿਆ-ਲਗਰ ਦੀ ਲਗਰ। ਮੈਂ ਆਪ-ਮੁਹਾਰੇ ਬੋਲ ਪਈ, "ਉਇ! ਹਾਲੇ ਕੱਲ੍ਹ ਤਾਂ ਨਿੱਕਾ ਜਿਹਾ ਸੀ ਤੂੰ! ਲੈ ਰਾਤੋ-ਰਾਤ 'ਚ ਤੂੰ ਅਸਮਾਨ ਨਾਲ ਗੱਲਾਂ ਕਰਨ ਲੱਗੈਂ! ਖੂਬ ਵੱਡਾ ਹੋ ਗਿਐਂ! ਕੈਲੀਫੋਰਨੀਆ ਦਾ ਮੌਸਮ ਹੀ ਇੰਨਾ ਖੂਬਸੂਰਤ ਹੈ ਕਿ ਇੱਥੇ ਹਰ ਬੂਟਾ ਕੁਝ ਦਿਨਾਂ ਵਿਚ ਹੀ ਵਧ ਜਾਂਦੈ। ਆਪਣੇ 'ਬੈਕਯਾਰਡ' ਦੀਆਂ ਸਫੈਦ ਲਿਲੀਆਂ ਵੀ ਤਾਂ ਦਿਨਾਂ ਵਿਚ ਹੀ ਕਿੰਨੀਆਂ ਫੈਲ ਗਈਆਂ ਨੇ। ਕਿੰਨੀਆਂ ਖੂਬਸੂਰਤ ਲੱਗਦੀਆਂ ਨੇ ਉਹ ਵੀ। ਹੁਣ ਤੂੰ ਤਾਂ ਇੰਨਾ ਫੈਲ ਗਿਐਂ ਕਿ ਬੂਹੇ ਵਿਚੋਂ ਲੰਘਦਿਆਂ-ਵੜਦਿਆਂ ਨਾਲ ਖਹਿਣ ਲੱਗੈਂ। ਥਾਂ ਜੁ ਥੋੜ੍ਹੀ ਹੈ ਇੱਥੇ! ਵੇਖ, ਕੱਲ੍ਹ ਮੈਨੂੰ ਛੁੱਟੀ ਹੈ। ਤੈਨੂੰ ਕਿਸੇ ਮੋਕਲੀ ਜਿਹੀ ਥਾਂ 'ਤੇ ਲਾਉਂਦੀ ਹਾਂ ਤਾਂ ਕਿ ਤੂੰ ਪੂਰਾ ਫੈਲ ਸਕੇਂ।"

ਮੈਂ ਸਕੂਲ ਗਈ ਤਾਂ ਸੋਚਦੀ ਰਹੀ ਕਿ ਕਿੱਥੇ ਲਾਇਆ ਜਾਵੇ ਉਸ ਨੂੰ। ਛੁੱਟੀ ਵਾਲੇ ਦਿਨ ਮੈਂ ਬੂਟੇ ਕੋਲ ਜਾ ਕੇ ਖੜ੍ਹੀ ਹੋ ਗਈ। ਬੱਚਿਆਂ ਨੂੰ ਆਵਾਜ਼ ਮਾਰੀ। ਉਹ ਕਹਿੰਦੇ, "ਮਾਮ ਇਹ ਸਾਡਾ ਬਿਜਨਸ ਨਹੀਂ। ਤੁਸੀਂ ਜਾਣੋ ਅਤੇ ਤੁਹਾਡਾ ਇਹ ਰਬੜ ਪਲਾਂਟ!"

ਮੈਂ ਬੂਟੇ ਨੂੰ ਪੁੱਛਣ ਵਾਂਗ ਕਿਹਾ, "ਹਾਂ! ਤੇ ਫਿਰ, ਹੁਣ ਤੂੰ ਜੁਆਨ ਹੋ ਗਿਐਂ। ਹੈਂ ਨਾ! ਮੋਕਲੀ ਥਾਂ ਚਾਹੀਦੀ ਹੈ ਨਾ ਤੈਨੂੰ? ਚੱਲ ਦੇਖਦੀ ਹਾਂ। ਕੁਝ ਕਰਦੀ ਆਂ। ਇਥੋਂ ਪੁੱਟ ਕੇ ਵਿਹੜੇ ਦੇ ਪਾਰਲੇ ਖੂੰਜੇ ਵਿਚ ਖੁੱਲ੍ਹੀ ਥਾਂਵੇਂ ਲਾਉਂਦੀ ਆਂ ਤੈਨੂੰ।"

ਸਾਡੇ ਸਾਹਮਣੇ ਇਕ ਗੋਰਾ ਰਹਿੰਦਾ ਸੀ, ਮਾਰਕ! ਉਹ ਵੇਲੇ-ਕੁਵੇਲੇ ਕੰਮ ਕਰ ਦਿੰਦਾ ਸੀ, ਸਿਗਰੇਟ ਜੋਗੇ ਪੈਸੇ ਲੈ ਕੇ। ਉਸ ਨੂੰ ਬੁਲਾ ਕੇ ਕਿਹਾ ਕਿ ਡੂੰਘਾ ਜਿਹਾ ਟੋਇਆ ਪੁੱਟ ਕੇ ਬੂਟੇ ਨੂੰ ਵਿਹੜੇ ਦੇ ਦੂਜੇ ਕੋਨੇ ਵਿਚ ਲਾ ਦੇਵੇ। ਉਹਨੇ ਬੂਟਾ ਬੂਹੇ ਅਗਿਉਂ ਪੁੱਟ ਕੇ ਦੂਜੇ ਥਾਂ ਲਾ ਦਿੱਤਾ।

"ਚੱਲ ਇਥੇ ਠੀਕ ਏਂ ਹੁਣ? ਮੌਜਾਂ ਕਰ। ਵਧ ਫੁਲ। ਜਿੰਨਾ ਮਰਜ਼ੀ ਵੱਡਾ ਹੋ ਜਾਵੀਂ। ਬਥੇਰੀ ਥਾਂ ਹੈ ਇੱਥੇ।"

ਮੈਂ ਰੋਜ਼ ਉਸ ਨੂੰ ਪਾਣੀ ਪਾਉਂਦੀ, ਪਰ ਉਹ ਤਾਂ ਜਿਵੇਂ ਮੁਰਝਾ ਹੀ ਗਿਆ। ਮੇਰੇ ਢਿੱਡ ਵਿਚ ਹੌਲ ਪੈਣ ਲੱਗੇ। ਮੈਂ ਉਸ ਨੂੰ ਕਿਹਾ, "ਹਾਇ ਹਫਤਾ ਹੋ ਗਿਐ ਤੇਰੀ ਦੇਖ ਭਾਲ ਕਰਦੀ ਨੂੰ। ਰੋਜ਼ ਪਾਣੀ ਪਾਉਂਦੀ ਹਾਂ। ਤੂੰ ਹੁਣ ਤਾਂ ਜੜ੍ਹਾਂ ਫੜ੍ਹ ਲੈ ਬਈ! ਇਹ ਕੀ, ਤੂੰ ਤਾਂ ਮੁਰਝਾਉਂਦਾ ਈ ਜਾਂਦੈ!"

ਮੈਂ ਪ੍ਰੇਸ਼ਾਨ ਹੋ ਗਈ। ਆਪਣੇ ਆਪ ਨੂੰ ਕੋਸਣ ਲੱਗੀ, "ਲੈ ਮੈਂ ਇਹ ਕੀ ਕੀਤਾ?...ਮੈਂ ਇਹ ਕਿਉਂ ਕੀਤਾ?"

ਮੈਂ ਫਿਰ ਉਸ ਕੋਲ ਜਾ ਬੈਠਦੀ ਤੇ ਲੱਗ ਪੈਂਦੀ ਉਸ ਨਾਲ ਗੱਲਾਂ ਕਰਨ; "ਤੂੰ ਚੰਗਾ ਭਲਾ ਤਾਂ ਸੀ। ਇੰਨਾ ਸੋਹਣਾ ਲਗਦਾ ਸੀ ਬੂਹੇ ਅੱਗੇ ਲੱਗਿਆ! ਮੈਨੂੰ ਇਹ ਕੀ ਸੁੱਝੀ ਤੈਨੂੰ ਮੋਕਲੀ ਥਾਂਵੇਂ ਲਾਉਣ ਦੀ।

ਸੱਚੀਂ ਮੈਂ ਇਸ ਗੱਲ 'ਤੇ ਬਹੁਤ ਪਛਤਾ ਰਹੀ ਹਾਂ। ਮੈਨੂੰ ਤੇਰੀ ਥਾਂ ਤੋਂ ਪੁੱਟਣਾ ਹੀ ਨਹੀਂ ਸੀ ਚਾਹੀਦਾ, ਪਰ ਅਜੇ ਵੀ ਮੈਨੂੰ ਆਸ ਹੈ; ਫਿਕਰ ਨਾ ਕਰ; ਮੈਂ ਤੈਨੂੰ ਰੋਜ਼ ਪਾਣੀ ਪਾਉਂਦੀ ਰਹੂੰ; ਤੇਰੀਆਂ ਮੁਰਝਾਈਆਂ ਕਰੂੰਬਲਾਂ ਨੂੰ ਹੱਲਾਸ਼ੇਰੀ ਦਿਆਂਗੀ, ਤੇਰੇ ਨਾਲ ਲਾਡ ਲਡਾਵਾਂਗੀ, ਤੇਰੇ ਨਾਲ ਗੱਲਾਂ ਕਰਦੀ ਰਹਾਂਗੀ। ਦੇਖੀਂ ਤੂੰ ਇਕ ਦਿਨ ਠੀਕ ਹੋ ਜਾਣੈ; ਤੈਨੂੰ ਕੁਝ ਨਹੀਂ ਹੋਇਆ।

ਪਲੀਜ਼ ਮੈਨੂੰ ਮੁਆਫ ਕਰ ਦੇ। ਮੈਂ ਇਸ ਲਈ ਤੈਨੂੰ ਉਥੋਂ ਨਹੀਂ ਪੁੱਟਿਆ ਸੀ ਕਿ ਤੂੰ ਕੁਮਲਾ ਜਾਵੇਂ। ਮੈਂ ਤਾਂ ਚਾਹੁੰਦੀ ਸਾਂ ਤੂੰ ਖੂਬ ਵੱਡਾ ਹੋਵੇਂ।

ਮੈਂ ਤਾਂ ਤੈਨੂੰ ਮੌਲਿਆ ਵੇਖਣਾ ਚਾਹੁੰਦੀ ਸਾਂ! ਤੂੰ ਕਿੰਨਾ ਖੂਬਸੂਰਤ ਏਂ!

ਮੈਂ ਤਾਂ ਬਿਲਕੁਲ ਨਹੀਂ ਸੀ ਚਾਹੁੰਦੀ ਕਿ ਤੂੰ ਇੰਜ ਸੁੱਕ ਜਾਵੇਂ!

ਮੈਨੂੰ ਮੁਆਫ ਕਰ ਦੇ! ਤੈਨੂੰ ਕੁਮਲਾਇਆ ਵੇਖ ਕੇ ਮੈਂ ਤਾਂ ਖੁਦ ਕੁਮਲਾ ਗਈ ਹਾਂ।

ਉਹ ਵੇਖ ਤੇਰੇ ਸਾਹਮਣੇ ਪਾਈਨ ਦਾ



ਦਰਖਤ ਕਿੰਨਾ ਉਚਾ ਹੋ ਗਿਐ। ਦੂਰੋਂ ਦਿਸਦੈ। ਸਾਡੇ ਘਰ ਦਾ ਪਛਾਣ ਚਿੰਨ੍ਹ ਬਣ ਗਿਐ। ਤੂੰ ਵੀ ਉਠ ਇਸ ਦਾ ਮੁਕਾਬਲਾ ਕਰ। ਮੈਨੂੰ ਪਤੈ, ਥਾਂ ਬਦਲਣ ਨਾਲ ਉਦਾਸ ਹੋ ਜਾਈਦੈ। ਵੇਖ ਅਸੀਂ ਵੀ ਤਾਂ ਜ਼ਿੰਦਗੀ ਭਰ ਥਾਂਵਾਂ ਬਦਲਦੇ ਰਹੇ ਹਾਂ। ਇਕ ਦੇਸ਼ ਤੋਂ ਦੂਜੇ ਦੇਸ਼। ਬੱਸ ਪੈਰਾਂ ਨੂੰ ਚੱਕਰ ਹੀ ਪਿਆ ਰਿਹੈ। ਹਰ ਵਾਰੀ ਨਵੇਂ ਸਿਰਿਉਂ ਸ਼ੁਰੂ ਕਰਨਾ ਸੌਖਾ ਨਹੀਂ ਹੁੰਦਾ। ਹੌਲੀ ਹੌਲੀ ਜਿੱਥੇ ਰਹਿਣ ਲੱਗ ਜਾਈਏ, ਉਥੇ ਦਿਲ ਲੱਗ ਈ ਜਾਂਦੈ। ਫਿਰ ਉਹੀ ਥਾਂ ਆਪਣਾ ਘਰ ਲੱਗਣ ਲੱਗ ਜਾਂਦੀ ਏ। ਤੂੰ ਇੰਜ ਨਾ ਝੂਰ। ਤੈਨੂੰ ਵੀ ਚੰਗਾ ਲੱਗੇਗਾ ਇੱਥੇ, ਬਾਅਦ ਵਿਚ।

ਅਕਸਰ ਲੋਕ ਵਧੀਆ ਜ਼ਿੰਦਗੀ ਲਈ ਪਰਦੇਸਾਂ ਵਿਚ ਜਾ ਵਸਦੇ ਨੇ। ਘਰ ਤਾਂ ਕਿਸੇ ਦਾ ਕੋਈ ਹੁੰਦਾ ਹੀ ਨਹੀਂ। ਨਾ ਜ਼ਮੀਨ ਆਪਣੀ, ਨਾ ਅਸਮਾਨ ਆਪਣਾ। ਨਾ ਕਿਸੇ ਨੇ ਉਥੇ ਰਹਿਣੈ, ਨਾ ਇੱਥੇ। ਥਾਂ ਦਾ ਕਾਹਦਾ ਹੌਲ! ਇੱਥੇ ਵੀ ਤਾਂ ਉਹੀ ਰੱਬ ਹੈ, ਜਿਹੜਾ ਉਥੇ ਸੀ।"

ਮੈਂ ਉਸ ਕੋਲ ਘਾਹ 'ਤੇ ਬੈਠੀ ਹੋਈ ਸਾਂ।

"ਚੱਲ ਤੈਨੂੰ ਇਕ ਹੋਰ ਗੱਲ ਸੁਣਾਉਂਦੀ ਹਾਂ, ਜਦੋਂ ਅਸੀਂ ਪਿੰਡ ਰਹਿੰਦੇ ਹੁੰਦੇ ਸਾਂ ਤਾਂ ਵਿਹੜੇ ਤੂਤ ਹੁੰਦਾ ਸੀ। ਉਸ 'ਤੇ ਕਿੰਨੀਆਂ ਮਿੱਠੀਆਂ ਤੂਤੀਆਂ ਲਗਦੀਆਂ। ਆਪਾਂ ਖੂਬ ਤੂਤੀਆਂ ਖਾਂਦੇ। ਇਕ ਵਾਰੀ ਉਸ ਨੂੰ ਤੂਤੀਆਂ ਨਾ ਲੱਗੀਆਂ। ਸਾਰੇ ਕਹਿਣ ਵੱਢ ਸੁੱਟੋ ਇਹਨੂੰ। ਬੀਜੀ ਕਹਿੰਦੇ, ਫਲ ਲਾਹ ਕੇ ਹੁਣ ਇਸ ਨੂੰ ਵੱਢ ਦੇਈਏ? ਨਾ! ਨਾ! ਅਗਲੇ ਸਾਲ ਉਸ ਤੇ ਫਿਰ ਫਲ ਲੱਗ ਗਿਆ। ਉਮੀਦ ਨਹੀਂ ਛੱਡਣੀ ਚਾਹੀਦੀ ਕਦੇ ਵੀ।"

ਮੈਂ ਉਸ ਦੇ ਪੱਤਿਆਂ ਨੂੰ ਛੂਹ ਕੇ ਫੇਰ ਕਿਹਾ, "ਕਿੰਨੀ ਸੰਘਣੀ ਛਾਂ ਸੀ ਆਪਣੇ ਘਰ ਲੱਗੀ ਧਰੇਕ ਦੀ। ਗਰਮੀਆਂ ਵਿਚ ਭਾਪਾ ਜੀ ਹਮੇਸ਼ਾ ਇਹਦੇ ਥੱਲੇ ਹੀ ਸੌਂਦੇ। ਉਨ੍ਹਾਂ ਕਹਿਣਾ, 'ਆ ਕੇ ਵੇਖੋ ਜ਼ਰਾ ਬਾਹਰ, ਤੁਹਾਡੇ ਪੱਖੇ ਨਾਲੋਂ ਠੰਢੀ ਹਵਾ ਵਗਦੀ ਆ ਇੱਥੇ।' ਆਹ, ਇੱਥੇ! ਆਪਣੇ ਪਿਛਲੇ ਵਿਹੜੇ ਲੱਗਿਆ ਰੁੱਖ ਮੈਨੂੰ ਹਮੇਸ਼ਾ ਉਸ ਧਰੇਕ ਦੀ ਯਾਦ ਦਿਵਾਉਂਦੈ ਤੇ ਨਾਲੇ ਭਾਪਾ ਜੀ ਦੀ ਵੀ। ਹੁਣ ਤਾਂ ਧਰੇਕ ਵੀ ਨਹੀਂ ਰਹੀ ਤੇ ਭਾਪਾ ਜੀ ਵੀ ਬਹੁਤ ਬਜ਼ੁਰਗ ਹੋ ਗਏ। ਆਪਣੇ ਖੂਹ 'ਤੇ ਕਿੰਨੀਆਂ ਟਾਹਲੀਆਂ ਹੁੰਦੀਆਂ ਸਨ। ਸਾਡੇ ਖੂਹ ਨੂੰ ਲੋਕ ਟਾਹਲੀਆਂ ਵਾਲਾ ਖੂਹ ਕਹਿੰਦੇ। ਹੁਣ ਤਾਂ ਪੰਜਾਬ ਵਿਚੋਂ ਪਤਾ ਨਹੀਂ ਰੁੱਖ ਕਿਥੇ ਗਏ? ਪਰ ਮੈਂ ਤੈਨੂੰ ਕਿਧਰੇ ਨਹੀਂ ਜਾਣ ਦਿੰਦੀ।

ਆਪਣੇ ਤਾਂ ਕਿਹਾ ਕਰਦੇ ਸੀ, ਰੁੱਖ ਤਾਂ ਰਿਸ਼ੀ ਹੁੰਦੇ ਨੇ। ਖੌਰੇ ਰੁੱਖ-ਰਿਸ਼ੀਆਂ ਦਾ ਹੀ ਸਰਾਪ ਹੈ ਕਿ ਪੰਜਾਬ ਦੀ ਧਰਤੀ ਬੰਜਰ ਅਤੇ ਖੋਖਲੀ ਹੋ ਗਈ। ਖੂਹਾਂ 'ਚੋਂ ਪਾਣੀ ਮੁੱਕ ਗਿਐ। ਜ਼ਮੀਨ 'ਚ ਜ਼ਹਿਰ ਫੈਲ ਗਿਐ। ਲੋਕ ਬਿਮਾਰੀਆਂ ਨਾਲ ਜੂਝ ਰਹੇ ਨੇ। ਮਨੁੱਖ ਦੀਆਂ ਰੁੱਖਾਂ ਨਾਲ ਜੁੜੀਆਂ ਕਿੰਨੀਆਂ ਕਹਾਣੀਆਂ ਨੇ। ਰੁੱਖਾਂ ਨੇ ਬੰਦੇ ਦਾ ਆਦਿ ਕਾਲ ਤੋਂ ਕਿੰਨਾ ਸਾਥ ਦਿਤੈ। ਕਿੰਨੇ ਲੋਕ ਗੀਤ ਨੇ ਰੁੱਖਾਂ ਨਾਲ ਜੁੜੇ ਹੋਏ। 'ਕਿੱਕਰਾਂ ਵੀ ਲੰਘ ਆਈ, ਟਾਹਲੀਆਂ ਵੀ ਲੰਘ ਆਈ', 'ਕੱਲਾ ਨਾ ਜਾਈਂ ਖੇਤ ਨੂੰ ਕਿੱਕਰ 'ਤੇ ਕਾਟੋ ਰਹਿੰਦੀ। ਤੂੰ ਤਾਂ ਅਮਰੀਕਨ ਐਂ; ਤੂੰ ਕਿੱਥੇ ਸੁਣੇ ਹੋਣੇ ਨੇ, ਹੈ ਨਾ!

ਪੁਰਾਣੇ ਜ਼ਮਾਨੇ 'ਚ ਰਾਹੀ ਥੱਕ ਕੇ ਰੁੱਖਾ ਹੇਠਾਂ ਆਰਾਮ ਕਰਦੇ ਹੁੰਦੇ ਸਨ। ਰੁੱਖ ਨਹੀਂ ਰਹੇ, ਖੌਰੇ ਤਾਂ ਹੀ ਪੰਜਾਬ 'ਚ ਗਰਮੀ ਵਧ ਗਈ। ਨਾ ਹੁਣ ਉਹੋ ਜਿਹੇ ਸਾਉਣ-ਭਾਦੋਂ ਤੇ ਨਾ ਹੁਣ ਪੀਂਘਾਂ ਪੈਂਦੀਆਂ। ਹੁਣ ਤਾਂ ਬੱਸ ਓਪਰੇ ਜਿਹੇ ਬੰਦੇ ਤੇ ਓਪਰੇ ਜਿਹੇ ਇਨ੍ਹਾਂ ਦੇ ਤਿਉਹਾਰ। ਪੀਂਘਾਂ ਝੂਟਣ ਦੀ ਥਾਂ ਉਥੇ ਤਾਂ ਹੁਣ ਕੁੜੀਆਂ ਸੈਲ-ਫੋਨਾਂ 'ਤੇ ਹੀ ਬਿਜ਼ੀ ਰਹਿੰਦੀਆਂ ਨੇ। ਚਲੋ ਤਰੱਕੀ ਤਾਂ ਚੰਗੀ ਐ, ਪਰ ਆਹ ਰੁੱਖ ਨਹੀਂ ਸੀ ਮੁਕਾਉਣੇ ਚਾਹੀਦੇ। ਰੁੱਖ ਵੱਢੀ ਜਾਂਦੇ ਨੇ ਤੇ ਕੁੜੀਆਂ ਮਾਰੀ ਜਾਂਦੇ ਨੇ। ਕੁੜੀਆਂ ਨਹੀਂ ਸਨ ਮਾਰਨੀਆਂ ਚਾਹੀਦੀਆਂ!"

ਬਹੁਤ ਗੱਲਾਂ ਕੀਤੀਆਂ ਉਸ ਨਾਲ ਪਰ ਉਹ ਹਰਾ ਹੋਣ 'ਚ ਈ ਨਾ ਆਵੇ। ਮੈਂ ਬਹੁਤ ਉਦਾਸ ਹੋ ਗਈ। ਉਸ ਨਾਲ ਅਪਲ-ਟੱਪਲੀਆਂ ਮਾਰਦੀ ਰਹੀ! ਬੜੀ ਹੈਰਾਨ ਕਿ ਕਰੋੜਾਂ ਬੂਟਿਆਂ ਨੂੰ ਲੋਕ ਆਪਣੇ ਸਵਾਰਥ ਲਈ ਖਤਮ ਕਰ ਦਿੰਦੇ ਨੇ! ਕੀ ਉਨ੍ਹਾਂ ਨੂੰ ਇੰਜ ਦਾ ਦਰਦ ਮਹਿਸੂਸ ਨਹੀਂ ਹੁੰਦਾ? ਕੀ ਉਹ ਕਦੇ ਵੀ ਨਹੀਂ ਸੋਚਦੇ ਕਿ ਉਹ ਕੀ ਕਰ ਰਹੇ ਹਨ?

ਮੈਂ ਵੀ ਤਾਂ ਕੇਵਲ ਆਪਣੇ ਵਿਹੜੇ ਦੇ ਬੂਟੇ ਬਾਰੇ ਹੀ ਸੋਚਦੀ ਹਾਂ। ਮੇਰੇ ਵਰਗੇ ਕਈ ਹੋਣਗੇ, ਜੋ ਆਪਣੇ ਵਿਹੜੇ ਬਾਰੇ ਹੀ ਸੋਚਦੇ ਨੇ। ਇਸ ਧਰਤੀ ਬਾਰੇ, ਜਿਸ ਨੂੰ ਅਸੀਂ ਹੌਲੀ ਹੌਲੀ ਤਬਾਹ ਕਰ ਰਹੇ ਹਾਂ, ਉਸ ਬਾਰੇ ਕੋਈ ਨਹੀਂ ਸੋਚਦਾ! ਕੀ ਇਹ ਧਰਤੀ ਸਿਰਫ ਸਾਡੀ ਹੀ ਮਲਕੀਅਤ ਹੈ? ਕੀ ਸਾਡੇ ਵਰਗੇ ਹੋਰਨਾਂ ਲੱਖਾਂ-ਕਰੋੜਾਂ ਜੀਵਾਂ ਦੀ ਸਾਂਝੀ ਨਹੀਂ ਹੈ? ਜੇ ਕੁਦਰਤ ਨੇ ਮਨੁੱਖ ਨੂੰ ਸਭ ਤੋਂ ਵਿਕਸਿਤ ਦਿਮਾਗ ਦਿੱਤਾ ਤਾਂ ਉਸ ਦਾ ਫਰਜ਼ ਨਹੀਂ ਬਣਦਾ ਕਿ ਜਿਸ ਧਰਤੀ 'ਚੋਂ ਪੈਦਾ ਹੋਇਆ, ਉਸ ਧਰਤੀ ਦੀ ਰੱਖਿਆ ਕਰਦਾ?

ਜੇ ਅਸੀਂ ਆਪਣੇ ਘਰਾਂ ਦੇ ਬੂਟਿਆਂ ਨੂੰ ਮਰਦਿਆਂ ਨਹੀਂ ਵੇਖ ਸਕਦੇ ਤਾਂ ਜੰਗਲਾਂ ਦਾ ਵੀ ਅਸੀਂ ਹੀ ਖਿਆਲ ਰੱਖਣਾ ਹੈ ਨਾ!

ਦੱਸ ਖਾਂ ਭਲਾ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਹ ਲੈਣ ਲਈ ਸ਼ੁੱਧ ਹਵਾ ਵੀ ਨਹੀਂ ਨਸੀਬ ਹੋਣੀ! ਨਿਰਮਲ ਪਾਣੀ ਨਹੀਂ ਲੱਭਣਾ।

ਕੱਲ ਗੱਲਾਂ ਕਰਦੀ ਕਰਦੀ ਬਹੁਤ ਥੱਕ ਗਈ। ਥੱਕ ਕੇ ਮੈਂ ਬੇਆਸ ਹੋ ਕੇ ਅੰਦਰ ਆ ਗਈ। ਸਵੇਰੇ ਬਾਹਰ ਥੋੜ੍ਹੀ ਤੇਜ਼ ਹਵਾ ਚੱਲ ਰਹੀ ਸੀ। ਲੱਗਦਾ ਸੀ ਕਿ ਉਹ ਬੂਟਾ ਇਸ ਹਵਾ ਨੂੰ ਸਹਾਰ ਨਹੀਂ ਸਕਿਆ ਹੋਣਾ ਤੇ ਟੁੱਟ ਗਿਆ ਹੋਣਾ। ਜੀਅ ਕੀਤਾ ਕਿ ਜਾ ਕੇ ਇਕ ਵਾਰ ਫਿਰ ਉਸ ਨੂੰ ਵੇਖ ਲਵਾਂ। ਉਦਾਸ ਮਨ ਨਾਲ ਬਾਹਰ ਨਿਕਲੀ! ਹੌਲੀ ਹੌਲੀ ਬੂਟੇ ਕੋਲ ਪਹੁੰਚੀ। ਸੋਚ ਰਹੀ ਸਾਂ ਕਿ ਜੇ ਉਹ ਨਾ ਹਰਾ ਹੋਇਆ ਤਾਂ ਅੱਜ ਪੁੱਟ ਕੇ ਸੁੱਟ ਦਿਆਂਗੀ। ਮੁਰਝਾਏ ਬੂਟੇ ਵਿਹੜੇ ਵਿਚ ਨਹੀਂ ਰੱਖੀਦੇ।

ਬੂਟੇ ਕੋਲ ਪਹੁੰਚਦਿਆਂ ਮੇਰੀ ਚੀਕ ਨਿਕਲ ਗਈ। ਮੇਰੀਆਂ ਬੇਟੀਆਂ ਬਾਹਰ ਭੱਜੀਆਂ ਆਈਆਂ। "ਕੀ ਹੋ ਗਿਆ ਮਾਮਾ?" ਉਹ ਵੀ ਚੀਕ ਪਈਆਂ।

"ਆਹ ਵੇਖੋ ਮੇਰੇ ਬੂਟੇ ਦੀਆਂ ਮੁਰਝਾਈਆਂ ਕਰੂੰਬਲਾਂ ਨੇ ਉਪਰ ਨੂੰ ਸਿਰ ਚੁਕ ਲਏ।" ਮੈਂ ਬੱਚਿਆਂ ਵਾਂਗ ਹੈਰਾਨੀ ਭਰੀ ਖੁਸ਼ੀ ਵਿਚ ਕਿਹਾ ਅਤੇ ਉਸ ਦੇ ਕੋਲ ਜ਼ਮੀਨ 'ਤੇ ਹੀ ਬੈਠ ਗਈ। ਮੇਰੀ ਤਾਂ ਜਿਵੇਂ ਕਿਸੇ ਨੇ ਜਾਨ ਹੀ ਵਾਪਿਸ ਕਰ ਦਿੱਤੀ ਹੋਵੇ। ਮੇਰੀ ਖੁਸ਼ੀ ਦੀ ਹੱਦ ਨਾ ਰਹੀ। ਮੈਂ ਚਹਿਕ ਕੇ ਕਿਹਾ, "ਵਾਹ ਮੇਰੇ ਲਾਡਲਿਆ! ਅੱਜ ਤਾਂ ਤੂੰ ਕਮਾਲ ਕਰ ਦਿੱਤੀ। ਜ਼ਿੰਦਗੀ ਦੀ ਬਾਜ਼ੀ ਤੂੰ ਜਿੱਤ ਕੇ ਵਿਖਾ ਦਿੱਤੀ! ਮੈਂ ਬਹੁਤ ਖੁਸ਼ ਹਾਂ। ਥੈਂਕਯੂ, ਥੈਂਕਯੂ, ਥੈਂਕਯੂ! ਤੂੰ ਮੇਰਾ ਦਿਲ ਨਹੀਂ ਟੁੱਟਣ ਦਿੱਤਾ! ਜੇ ਤੂੰ ਨਾ ਹਰਾ ਹੁੰਦਾ ਤਾਂ ਮੈਂ ਜ਼ਿੰਦਗੀ ਭਰ ਆਪਣੇ ਆਪ ਨੂੰ ਮੁਆਫ ਨਹੀਂ ਸੀ ਕਰ ਸਕਣਾ!"

ਬੂਟਾ ਹਵਾ 'ਚ ਝੂਮ ਰਿਹਾ ਸੀ। ਮੇਰੀਆਂ ਬੇਟੀਆਂ ਨੇ ਹੱਸਦਿਆਂ ਹੱਸਦਿਆਂ ਆ ਕੇ ਮੈਨੂੰ ਕਲਾਵੇ 'ਚ ਲੈ ਲਿਆ, "ਮਾਮ ਯੂ ਆਰ ਅਮੇਜ਼ਿੰਗ! ਵਾਓ! ਕੌਂਗਰੈਚੂਲੇਸ਼ਨਜ਼ ਮਾਮਾ!"

ਮੈਂ ਉਪਰ ਨੂੰ ਹੱਥ ਚੁੱਕ ਕੇ ਕੁਦਰਤ ਦਾ ਧੰਨਵਾਦ ਕੀਤਾ, "ਹੇ ਕੁਦਰਤ! ਤੂੰ ਇਸ ਧਰਤੀ 'ਤੇ ਵਿਗਸ ਰਹੇ ਜੀਵਨ ਦਾ ਹਮੇਸ਼ਾ ਇੰਜ ਹੀ ਹੁੰਗਾਰਾ ਭਰਦੀ ਰਹੀਂ।"

## ਮਿਨੀ ਕਹਾਣੀ

# ਪੱਥਰਾਂ ਦੇ ਘਰ

ਸਾਡੇ ਪਰਿਵਾਰ ਵਿਚ ਪੰਜ ਜੀਅ ਸਨ-ਬਾਪੂ, ਬੇਬੇ, ਦੋ ਵੀਰੇ ਅਤੇ ਮੈਂ। ਵੱਡੇ ਵੀਰ ਦਾ ਨਾਂ ਚੇਤ ਮਹੀਨੇ ਵਿਚ ਜੰਮਿਆ ਹੋਣ ਕਰਕੇ ਬਾਪੂ ਨੇ ਚੇਤ ਸਿੰਘ ਰੱਖ ਦਿੱਤਾ, ਦੂਜੇ ਵੀਰੇ ਦਾ ਮਾਂ ਨੇ ਜੋੜੀ ਰਲ ਜਾਣ ਕਰਕੇ ਭਾਗ ਸਿੰਘ ਰੱਖ ਦਿੱਤਾ। ਪਿਛੋਂ ਆਈ ਮੈਂ ਤੇ ਸਾਰੇ ਮੈਨੂੰ ਰੱਜੋ ਰੱਜੋ ਕਹਿਣ ਲੱਗ ਪਏ, ਸ਼ਾਇਦ ਮੈਂ ਕੁੜੀ ਸਾਂ ਤੇ ਘਰ ਵਾਲੇ ਛੇਤੀ ਰੱਜ ਗਏ ਸਨ। ਸਾਡਾ ਘਰ ਕੱਚੀ ਮਿੱਟੀ ਦਾ ਬਣਿਆ ਹੋਇਆ ਸੀ, ਇਕ ਕੋਠਾ ਅਤੇ ਇਕ ਢਾਰਾ, ਜਿਹਨੂੰ ਬਰਾਂਡਾ ਵੀ ਆਖ ਲੈਂਦੇ ਸੀ। ਸਾਡੇ ਘਰ ਇਕ ਭੜੋਲਾ ਤੇ ਦੋ ਭੜੋਲੀਆਂ ਸਨ, ਥੋੜ੍ਹੇ ਜਿਹੇ ਭਾਂਡੇ ਤੇ ਦੋ ਮੰਜੀਆਂ ਸਨ ਵਾਣ ਦੀਆਂ, ਉਹ ਵੀ ਵਿਚੋਂ ਵਿਚੋਂ ਟੁੱਟੀਆਂ ਹੋਈਆਂ। ਬਾਪੂ ਜਦੋਂ ਮਜਦੂਰੀ ਕਰਨ ਤੁਰ ਜਾਂਦਾ ਤਾਂ ਮਾਂ ਰੋਟੀ ਟੁਕ ਕਰਕੇ ਮੰਜੀਆਂ ਦੀਆਂ ਰੱਸੀਆਂ ਗੰਢਦੀ ਰਹਿੰਦੀ।

ਮਾਂ ਕੱਚੇ ਕੋਠੇ ਤੇ ਢਾਰੇ ਨੂੰ ਬੜੇ ਚਾਅ ਨਾਲ ਲਿਪਦੀ-ਪੋਚਦੀ ਅਤੇ ਕੰਧਾਂ 'ਤੇ ਫੁੱਲ-ਬੂਟੇ ਪਾਉਂਦੀ, ਜੋ ਬੜੇ ਹੀ ਸੋਹਣੇ ਲੱਗਦੇ। ਉਦੋਂ ਸਾਨੂੰ ਆਪਣਾ ਘਰ ਹੋਰ ਵੀ ਸੋਹਣਾ ਸੋਹਣਾ ਲਗਦਾ। ਉਦੋਂ ਬਹੁਤੇ ਲੋਕਾਂ ਦੇ ਘਰ ਕੱਚੇ ਹੀ ਹੁੰਦੇ ਸਨ, ਪਰ ਕੱਚੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਕੋਲ ਪਿਆਰ ਬਹੁਤ ਹੁੰਦਾ ਸੀ, ਅਸੀਂ ਤਿੰਨੇ ਭੈਣ-ਭਰਾ ਵੀ ਆਪੋ ਵਿਚੀਂ ਤੇ ਬੇਬੇ-ਬਾਪੂ ਨਾਲ ਵੀ ਰੱਜ ਕੇ ਪਿਆਰ ਕਰਦੇ ਸਾਂ ਅਤੇ ਇਕ ਦੂਜੇ 'ਤੇ ਜਾਨ ਦਿੰਦੇ ਸੀ।

ਵੀਰ ਪੜ੍ਹ ਕੇ ਕੰਮ 'ਤੇ ਲੱਗ ਗਏ ਤੇ ਲੋਕਾਂ ਦੀ ਦੇਖਾ-ਦੇਖੀ ਪੱਕਾ ਘਰ ਬਣਾਉਣ ਦੇ ਸੁਪਨੇ ਲੈਣ ਲੱਗ ਪਏ। ਬਾਪੂ ਅਤੇ ਵੀਰਾਂ ਨੇ ਰੱਜ ਕੇ ਮਿਹਨਤ ਕੀਤੀ ਤੇ ਪੱਕਾ ਘਰ ਬਣਾ ਲਿਆ। ਘਰ ਦੀਆਂ ਕੰਧਾਂ ਵੀ, ਛੱਤਾਂ ਵੀ ਅਤੇ ਵਿਹੜਾ ਵੀ ਪੱਥਰਾਂ ਦੀਆਂ ਸਿਲਾਂ ਲਾ ਕੇ ਬਣਾਇਆ ਗਿਆ, ਪਰ ਪਤਾ ਨਹੀਂ ਕੀ ਹੋਇਆ, ਉਸ ਪੱਥਰਾਂ ਦੇ ਘਰ ਵਿਚ ਹੌਲੀ ਹੌਲੀ ਜਿਵੇਂ ਅਸੀਂ ਸਾਰੇ ਪੱਥਰਾਂ ਦੇ ਹੀ ਬਣਨ ਲੱਗ ਪਏ। ਦੋਵੇਂ ਵੀਰਾਂ ਦੇ ਵਿਆਹ ਵੀ ਹੋ ਗਏ ਨੇ, ਪਰਿਵਾਰ ਇੱਜਤ ਵੀ ਪਹਿਲਾਂ ਨਾਲੋਂ ਚੰਗੀ ਹੈ, ਘਰ ਵਿਚ ਚਾਰ ਪੈਸੇ ਵੀ ਆ ਗਏ ਨੇ, ਪਰ ਪਤਾ ਨਹੀਂ ਜਦੋਂ ਦਾ ਸਾਡਾ ਘਰ ਪੱਥਰਾਂ ਦਾ ਬਣਿਆ ਹੈ, ਲਗਦਾ ਹੈ, ਸਾਰਾ ਕੁਝ ਹੀ ਬਦਲ ਗਿਆ ਹੈ। ਘਰ ਵਿਚ ਹੁਣ ਕੋਈ ਕਿਸੇ ਦੀ ਇੱਜਤ ਨਹੀਂ ਕਰਦਾ, ਕੋਈ ਕਿਸੇ ਨੂੰ ਪਿਆਰ ਨਹੀਂ ਕਰਦਾ, ਕੋਈ ਕਿਸੇ ਨਾਲ ਹੱਸਦਾ ਖੇਡਦਾ ਵੀ ਨਹੀਂ। ਸਾਰੇ ਇਕ-ਦੂਜੇ ਨੂੰ ਵੱਢ ਖਾਣ ਨੂੰ ਪੈਂਦੇ ਹਨ। ਮੈਂ ਯਾਦ ਕਰਦੀ ਹਾਂ, ਉਹ ਆਪਣਾ ਮਿੱਟੀ ਦਾ ਕੱਚਾ ਘਰ, ਜਿਸ ਵਿਚ ਨਾ ਸਾਨੂੰ ਠੰਢ ਲਗਦੀ ਸੀ ਅਤੇ ਨਾ ਹੀ ਗਰਮੀ ਪੋਂਹਦੀ ਸੀ।

ਪੱਥਰਾਂ ਦੇ ਇਸ ਘਰ ਨੇ ਜਿਵੇਂ ਸਭ ਦੀ ਅਕਲ 'ਤੇ ਪੱਥਰ ਪਾ ਦਿੱਤੇ ਹਨ, ਹਾਇ ਰੱਬਾ ਇਹ ਕੀ, ਹੁਣ ਤੇ ਮੇਰੀ ਮਾਂ ਤੇ ਬਾਪੂ ਵੀ ਪੱਥਰ ਹੋ ਗਏ ਹਨ ਅਤੇ ਪਥਰਾਈਆਂ ਅੱਖਾਂ ਨਾਲ ਚਾਰ-ਚੁਫੇਰੇ ਬਿਟ ਬਿਟ ਲੱਭਦੇ ਰਹਿੰਦੇ ਹਨ-ਆਪਣੇ ਕੱਚੇ ਘਰ ਨੂੰ। ਮੇਰਾ ਪਰਿਵਾਰ ਹੀ ਕਿਉਂ, ਹੁਣ ਤਾਂ ਸਾਰੇ ਸਮਾਜ ਨੂੰ ਹੀ ਇਹ ਪੱਥਰਾਂ ਦੇ ਘਰ ਨਿਗਲ ਰਹੇ ਹਨ। ਪੱਥਰਾਂ ਦੇ ਘਰਾਂ ਦੇ ਨਾਲ ਨਾਲ ਕੀ ਪਰਿਵਾਰ, ਕੀ ਰਿਸ਼ਤੇ, ਕੀ ਸਮਾਜ ਅਤੇ ਕੀ ਧਰਮ-ਸਭ ਪੱਥਰ ਹੀ ਹੋ ਗਏ ਹਨ ਤੇ ਇਕ ਦੂਜੇ ਨੂੰ ਪੱਥਰ ਮਾਰ ਰਹੇ ਹਨ। ਕਾਸ਼! ਇਹ ਸਾਡੇ ਘਰ ਪੱਥਰਾਂ ਦੇ ਨਾ ਹੁੰਦੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਸ਼ਿੰਦਾ ਮਝੈਲ: ਪਹਿਲੀ ਤੇ ਆਖਰੀ ਮੁਲਾਕਾਤ

ਮਾਝੇ ਬਾਰੇ ਮੇਰੀ ਜਾਣਕਾਰੀ ਸੀਮਤ ਰਹੀ ਹੈ। ਹੁਣ ਵੀ ਕੰਮ ਮੋਟਾ ਠੁੱਲਾ ਹੀ ਹੈ। ਮੇਰਾ ਗੁਰਦਿਆਲ ਬੱਲ ਨਾਲ ਸੰਪਰਕ ਹੋਇਆ। ਮਾਝੇ-ਮਝੈਲਾਂ ਨਾਲ ਮੇਰੀ ਜਾਣਕਾਰੀ 'ਚ ਵਾਧਾ ਹੋਇਆ, ਸਣੇ ਸੁਰਿੰਦਰ ਸਿੰਘ ਬੱਲ ਦੇ। ਗੁਰਦਿਆਲ ਸਿੰਘ ਬੱਲ ਦਾ ਘੇਰਾ ਵਸੀਹ ਹੈ; ਲੋਕ ਕਈ ਤਰੀਕਿਆਂ ਨਾਲ ਜਾਣਦੇ ਹਨ। ਕੰਮੋਕਿਆਂ ਦਾ ਸੁਰਿੰਦਰ, ਬਾਬੇ ਬੱਲ ਦਾ ਹਮਸ਼ੀਰ 'ਡਾਕਟਰ ਸ਼ਿੰਦਾ' ਹੈ। ਨਿੱਕਾ ਭਾਊ-ਲਾਡਲਾ।

ਸਕੂਲ ਪਾਸ ਕਰਕੇ ਕਾਲਜ ਗਿਆ ਤਾਂ ਇਹਨੂੰ ਮੱਤ ਹੋ ਗਈ, "ਦੇਖ, ਬੀ. ਏ. ਬੂਏ ਕਰਕੇ ਕੀ ਹੋਣਾ, ਨੌਕਰੀ ਤਾਂ ਲੱਭਣੀ ਨਹੀਂ। ਤੂੰ ਏਦਾਂ ਕਰ, ਕੋਈ ਕੋਰਸ ਕੂਰਸ ਕਰ ਲੈ, ਜੀਹਦੇ ਨਾਲ ਨੌਕਰੀ ਮਿਲ ਜੇ।" ਗੱਲ ਇਹਦੇ ਮਨ ਨੂੰ ਜਚ ਗਈ ਤੇ ਮਝੈਲ ਜਾ ਵੜਿਆ, ਮਾਲਵੇ ਦੇਸ।

**ਸੁਖਦੇਵ ਸਿੱਧੂ**
ਫੋਨ: +44-1234214170

ਇਹਨੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ 'ਚ ਦਾਖਲਾ ਲੈ ਲਿਆ। ਵਿਸ਼ਵ ਵਿਦਿਆਲੇ 'ਚੋਂ ਇਹ ਪਸ਼ੂ ਪਾਲਣ ਦਾ ਡਿਪਲੋਮਾ ਕਰ ਆਇਆ। ਡਿਪਲੋਮਾ ਕਾਹਦਾ ਸੀ, ਨਿਰੀ ਗਿੱਦੜਸਿੰਙੀ ਲੱਭ ਗਈ। ਮੁੜ ਕੇ ਆਉਂਦੇ ਨੂੰ 'ਘਰੇ ਨੌਕਰੀ' ਮਿਲ ਗਈ, ਧਰਦਿਓਂ 'ਚ। ਇਹ ਘਰੋਂ ਮਸਾਂ ਪੰਜ ਕੁ ਮੀਲ ਦੀ ਵਾਟ 'ਤੇ ਪੈਂਦਾ ਹੈ। ਏਥੋਂ ਬਦਲੀ ਹੋ ਗਈ ਬੱਲਸਰਾਂ ਦੀ, ਤਾਂ ਘਰ ਓਦੂੰ ਵੀ ਨੇੜੇ ਹੋ ਗਿਆ। ਨੌਕਰੀ ਦੇ ਮਾਮਲੇ 'ਚ ਇਹ ਘਰ ਤੋਂ ਪੰਜ ਸੱਤ ਮੀਲ ਏਧਰ ਓਧਰ ਹੀ ਰਿਹਾ।

ਡਾ. ਸ਼ਿੰਦਾ ਕਾਲਜ ਉਦੋਂ ਦਾਖਿਲ ਹੋਇਆ, ਜਦੋਂ ਆਲੇ-ਦੁਆਲੇ ਨਕਸਲਬਾੜੀ ਦਾ ਪ੍ਰਭਾਵ ਸੀ। ਲਹਿਰ ਦਾ ਉਭਾਰ ਜੋਸ਼ ਆਸਰੇ ਸੀ। ਖੂਨ ਗਰਮ ਤੇ ਜੋਸ਼ ਜੁਆਨੀ 'ਚ ਹੀ ਹੁੰਦਾ। ਮੁੰਡੇ, ਲਹਿਰ ਦੇ ਘੇਰੇ 'ਚ ਝੱਟ ਆ ਜਾਂਦੇ ਸੀ। ਇਹ ਨਕਸਲਬਾੜੀ ਲਹਿਰ ਦੇ ਵਲ 'ਚ ਆਉਂਦਾ ਆਉਂਦਾ ਬਚ ਗਿਆ। ਚਮਕੌਰ ਸਾਹਿਬ ਵਾਲੇ ਐਕਸ਼ਨ ਪਿਛੋਂ ਕੁਝ ਲੀਡਰ ਮਾਝੇ 'ਚ ਆ ਗਏ ਸਨ। ਜਿਲਾ ਗੁਰਦਾਸਪੁਰ ਦਾ ਪਿੰਡ ਬੋਲੇਵਾਲ ਕੰਮੋਕੇ ਲਾਗੇ ਪੈਂਦਾ ਹੈ। ਇਸ ਪਿੰਡ 'ਚ ਲਾਲ ਪਾਰਟੀ ਦੇ ਪੁਰਾਣੇ ਹਮਾਇਤੀ ਹੈ ਸਨ। ਉਚੇ ਪਿੰਡ ਵਾਲੇ ਬਲਦੇਵ ਦੀ ਏਥੇ ਵੀ ਠਾਹਰ ਸੀ ਤੇ ਇਹ ਆਪਣੀ ਸਾਖ ਏਸ ਇਲਾਕੇ 'ਚ ਲਾਉਣ ਦੀ ਤਾੜ 'ਚ ਸੀ। ਸਠਿਆਲਾ ਕਾਲਜ ਪੇਂਡੂ ਇਲਾਕੇ 'ਚ ਸੀ। ਸਵਰਨ ਸਿੰਘ ਬੋਲੇਵਾਲ ਦੇ ਵਾਰ ਵਾਰ ਕਹਿਣ 'ਤੇ ਸ਼ਿੰਦੇ ਨੇ ਕਾਲਜ 'ਚ ਅੱਠ-ਦਸ ਬੰਦਿਆਂ ਦਾ 'ਕੱਠ ਕਰ ਦਿੱਤਾ। ਹਰਭਜਨ ਹਲਵਾਰਵੀ ਦਾ ਏਸ ਏਰੀਏ 'ਚ ਪਹਿਲਾ ਰਿਕਰੂਟਿੰਗ ਸਕੂਲ ਸੀ। ਗੁਬਿੰਦਰ ਸਿੰਘ ਤੇ ਬਾਬੂ ਰਾਮ ਬੈਰਾਗੀ ਵਗੈਰਾ ਦਾ ਘਰ ਆਉਣ-ਜਾਣ ਆਮ ਹੋ ਗਿਆ ਸੀ। ਅੰਡਰ ਗਰਾਊਂਡ ਹੋ ਗਏ ਇਨਕਲਾਬੀਆਂ ਲਈ ਐਸੀਆਂ ਥਾਂਵਾਂ ਸੁਰੱਖਿਅਤ ਠਾਹਰਾਂ ਵੀ ਹੁੰਦੀਆਂ ਸਨ। ਕਿਸੇ ਫੌਜੀ ਦੇ ਘਰ ਤਾਂ ਸ਼ੱਕ ਵੀ ਘੱਟ ਹੁੰਦੀ ਹੈ।

ਲਹਿਰ ਦੇ ਲੀਡਰਾਂ ਦਾ ਮਨਸ਼ਾ ਤਾਂ ਲਾਗਲੇ ਪਿੰਡ ਦੇ ਕਿਸੇ ਬ੍ਰਿਗੇਡੀਅਰ 'ਤੇ ਹਮਲਾ ਕਰਨਾ ਸੀ; ਸਭ ਧਿਰਾਂ ਦਾ ਬਚਾਅ ਹੋ ਗਿਆ। ਸ਼ਿੰਦੇ ਦੀ ਇਨ੍ਹਾਂ ਨਾਲ ਨੇੜਤਾ ਹੋ ਗਈ, ਸਿਆਸੀ ਪ੍ਰਭਾਵ ਕਬੂਲ ਲੈਣਾ ਕੁਦਰਤੀ ਸੀ, ਪਰ ਵੱਡੇ ਭਾਊ ਦੀ ਖਬਰਦਾਰੀ ਮੰਨ ਗਿਆ, ਸਭ ਕੱਝ ਛੱਡ ਕੇ ਲਹਿਰ 'ਚ ਕੁੱਦਣੋਂ ਰਹਿ ਗਿਆ। ਘਰ 'ਚ ਬਹੁਤਾ ਆਉਣ-ਜਾਣ ਤੇ ਨੇੜ ਬੈਰਾਗੀ ਤੇ ਗੁਬਿੰਦਰ ਦਾ ਰਿਹਾ। ਓਧਰੋਂ ਲੁਧਿਆਣਾ ਵੀ ਲਹਿਰ ਦੀ ਨਰਸਰੀ ਸੀ। ਪ੍ਰਿਥੀਪਾਲ ਰੰਧਾਵਾ ਉਦੋਂ ਐਗਰੀਕਲਚਰ ਯੂਨੀਵਰਸਿਟੀ 'ਚ ਪੂਰਾ ਸਰਗਰਮ ਸੀ। ਪੰਜਾਬ ਸਟੂਡੈਂਟ ਯੂਨੀਅਨ ਦੀ ਤੂਤੀ ਬੋਲਦੀ ਸੀ। ਪੰਜ ਕੁ ਮੀਲ ਦੀ ਦੂਰੀ 'ਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵੀ ਸੀ। ਇਹ ਸਠਿਆਲਿਓਂ ਨਿਕਲ ਕੇ ਲੁਧਿਆਣੇ ਜਾ ਕੇ ਪ੍ਰਿਥੀਪਾਲ ਦੇ ਬਹੁਤੇ ਨੇੜੇ ਹੋ ਗਿਆ। ਫਿਰ ਵੀ ਕਿਸੇ ਤਰ੍ਹਾਂ ਲਹਿਰ 'ਚ ਸ਼ਾਮਿਲ ਹੋਣ ਤੋਂ ਬਚਿਆ ਰਿਹਾ।

ਬਾਪ, ਦੇਰ ਪਹਿਲਾਂ ਬੱਚਾ-ਫੌਜ 'ਚ ਭਰਤੀ ਹੋ ਗਿਆ ਸੀ; ਅੰਗਰੇਜ਼ ਦੌਰ 'ਚ ਉਮਰੋਂ ਛੋਟੇ ਭਰਤੀ ਹੋਏ ਫੌਜੀਆਂ ਨੂੰ ਆਮ ਭਾਸ਼ਾ 'ਚ ਇਹੋ ਕਿਹਾ ਜਾਂਦਾ ਸੀ। ਪੰਜਾਬ ਦੀ ਪਿੰਡ ਰਹਿਤਲ ਦਾ ਸੁਭਾਅ ਖੁੱਲ੍ਹਾ ਹੈ ਤੇ ਹੱਦ ਤੀਕ ਜਾਣ ਵਾਲਾ ਹੈ। ਉਨ੍ਹੀਂ ਦਿਨੀਂ ਉਂਜ ਵੀ ਪੰਜਾਬ ਦੀ ਸਾਰੀ ਫਿਜ਼ਾ ਵਿਚ ਰੁਮਾਂਸ ਦਾ ਮਾਹੌਲ ਸੀ। ਨਕਸਲੀ ਲਹਿਰ ਨਾਲ ਰੁਮਾਂਸ, ਪੁਸਤਕਾਂ ਨਾਲ ਰੁਮਾਂਸ, ਦੋਸਤਾਂ ਨਾਲ ਰੁਮਾਂਸ ਇਨ੍ਹਾਂ ਦੇ ਨਾਲ ਹੀ ਜੁੜਿਆ ਹੋਇਆ ਸੀ। ਹਰ ਤਰ੍ਹਾਂ ਦੀ ਮਹਿਮਾਨ ਨਿਵਾਜੀ ਅਤੇ ਉਸ ਨਾਲ ਜੁੜਿਆ ਹੋਇਆ ਆਪ ਘਰੇ ਬਣਾਈ ਦਾਰੂ ਦਾ ਰੁਮਾਂਸ। ਸਭ ਨੂੰ ਪਤਾ ਹੈ ਕਿ ਮਾਝੇ ਤੇ ਘਰ ਦੀ ਦਾਰੂ ਦੀ ਆਪਣੀ ਕਿਸਮ ਦੀ ਠਾਠ ਬਾਠ ਹੈ। ਪੀਣ ਦੇ ਨਾਲ ਨਾਲ ਸ਼ਿੰਦਾ ਦਾਰੂ ਕੱਢਣ ਦਾ ਵੀ ਕਾਰੀਗਰ ਹੋ ਗਿਆ ਸੀ। ਇਹਦੀ ਆਪਣੀ ਪਰਖੀ ਹੋਈ ਰੈਸਿਪੀ ਸੀ-ਗੁੜ ਦਾ ਘੋਲ ਘੜਿਆਂ 'ਚ ਪਾ ਕੇ ਰੂੜੀ ਦੱਬ ਦਿੰਦਾ; ਫਲ ਫਰੂਟ ਵੀ ਪਾਉਂਦਾ ਤੇ ਆਖਰੀ ਮਸਾਲਾ ਹੁੰਦਾ, ਮੁੱਠ ਕੁ ਕਣਕ ਦੀ। ਏਸ ਮੁੱਠ ਦੀ ਕਰਾਮਾਤ ਡਾਢੀ ਹੁੰਦੀ। ਹੋਰ ਲੋਕ ਆਮ ਕਰਕੇ ਘੜੇ 'ਚ ਸੱਕ ਪਾਉਂਦੇ ਤੇ ਇਸ ਦੀ ਸੇਖੀ ਵੀ ਮਾਰਦੇ। ਇਹ ਕਦੇ ਵੀ ਘੜੇ 'ਚ ਸੱਕ ਨਾ ਸੁੱਟਦਾ।

ਪੰਜਾਂ-ਸੱਤਾਂ ਦਿਨਾਂ 'ਚ ਘੜੇ ਚਲ ਪੈਂਦੇ। ਜਿੰਨਾ ਚਿਰ ਨਾ ਚਲਦੇ, ਦੂਏ ਦਿਨ ਘੜੇ 'ਚ ਹੱਥ ਫੇਰਨਾ ਜ਼ਰੂਰੀ ਹੁੰਦਾ। ਚੱਲੇ ਹੋਏ ਘੜੇ ਸਾਂਅ-ਸਾਂਅ ਸ਼ੂਕਰਾਂ ਮਾਰਦੇ। ਚੱਲੇ ਘੜੇ ਨਿੱਤਰ ਜਾਂਦੇ ਤਾਂ ਵਿਚ ਦੀ ਮੂੰਹ ਦਿਸਦਾ। ਮਾਲਕ ਨੂੰ ਸੱਦਦੇ, ਬਈ ਹੁਣ ਕੱਢ ਲੈ। ਕੱਢਿਆ ਸਮਾਨ ਐਸਾ ਸਮਾਨ ਤਿਆਰ ਹੁੰਦਾ ਕਿ ਪੀਣ ਵਾਲਾ ਹੈਰਾਨ ਹੁੰਦਾ, ਮੂੰਹ ਸੁਆਰਦਾ ਨਿਹਾਲ ਹੋਇਆ ਰਹਿੰਦਾ। ਘਰ ਦੀ ਦਾਰੂ ਦੀ ਵੱਡੀ ਸਿਫਤ ਤਾਂ ਇਹੋ ਸੀ ਕਿ ਆਪ ਨੂੰ ਪਤਾ ਹੁੰਦਾ ਕਿ ਵਿਚ ਪਾਇਆ ਕੀ ਕੀ ਹੈ! ਦੂਜੇ ਠੇਕੇ ਦੀ ਨਾਲੋਂ ਸਸਤੀ ਵੀ ਪੈਂਦੀ ਸੀ ਤੇ ਕੱਢ ਵਾਹਵਾ ਚਿਰ ਜਾਂਦੀ ਸੀ। ਆਇਆ-ਗਿਆ ਮਹਿਮਾਨ ਵੀ ਨਿਹਾਲ ਹੁੰਦਾ। ਸੱਜਣ ਬੇਲੀ ਸ਼ਿੰਦੇ ਦੀ ਕਾਰਾਗਰੀ ਦਾ ਗੁਣਗਾਣ ਕਰਦੇ।

ਫਿਰ ਘਰ ਦਾ ਮਾਹੌਲ ਬਦਲ ਗਿਆ। ਮਾਂ 2004 'ਚ ਤੁਰ ਗਈ ਤੇ ਬਾਪ 2007 'ਚ ਪੂਰਾ ਹੋ ਗਿਆ। ਪਰ ਮਾਂ ਦਾ ਪ੍ਰਾਹੁਣਚਾਰੀ ਵਾਲਾ ਪ੍ਰਤੌਅ, ਬੱਲ ਭਾਈਆਂ 'ਚ ਆ ਹਾਜ਼ਿਰ ਹੋਇਆ। ਕਿਸੇ ਦੇ ਕੰਮ ਆ ਸਕਣ ਦਾ ਸੁਭਾਅ ਬਾਪ 'ਚੋਂ ਆ ਰਲਿਆ। ਬਾਬਾ ਬੱਲ ਚੰਡੀਗੜ੍ਹ ਨੌਕਰੀ ਕਰਦਾ ਸੀ; ਰਿਹਾਇਸ਼ ਪਟਿਆਲੇ ਸੀ, ਫਿਰ ਕੈਨੇਡਾ ਚਲੇ ਗਿਆ, ਪਰ ਪ੍ਰਾਹੁਣਚਾਰੀ ਦੀ ਸਾਰੀ ਆਭਾ ਸ਼ਿੰਦੇ ਨੇ ਸਾਂਭ ਲਈ ਤੇ ਨਿਭਾਈ ਵੀ। ਪੰਜਾਬ ਸਰਕਾਰ ਦੇ ਪਸ਼ੂ ਚਿਕਿਸਤਾ ਵਿਭਾਗ ਦੀ ਨੌਕਰੀ ਨੇ ਸੁਰਿੰਦਰ ਸਿੰਘ ਬੱਲ ਨੂੰ ਡਾਕਟਰ ਸ਼ਿੰਦਾ ਬਣਾ ਦਿੱਤਾ। ਇਲਾਕੇ ਚ ਇਹਦੀ ਬੱਲੇ ਬੱਲੇ ਹੋ ਗਈ-ਪਸ਼ੂਆਂ ਦੀ ਤੰਦਰੁਸਤੀ ਤੇ ਸ਼ਿੰਦਾ ਇੱਕੋ ਗੱਲ ਸੀ। ਕੋਈ ਜੱਸ ਖੱਟਣਾ ਸੀ, ਇਹਦੇ ਹੱਥ 'ਚ ਬਰਕਤ ਆ ਗਈ। ਇਲਾਕੇ 'ਚ ਕਿਸੇ ਦਾ ਵੀ ਮਹਿਰੂ ਗੋਕਾ ਬੀਮਾਰ ਹੁੰਦਾ, ਓਹ ਝੱਟ ਕਹਿੰਦੇ, ਡਾਕਟਰ ਸ਼ਿੰਦੇ ਨੂੰ ਸੱਦੋ। ਸ਼ੌਕ ਨਾਲ ਰੱਖੇ ਜਾਨਵਰਾਂ ਦੀ ਜਾਨ ਦਾ ਧਿਆਨ ਵੀ ਤਨਦੇਹੀ ਨਾਲ ਰੱਖਦਾ। ਆਪਣੇ ਕੰਮ ਪ੍ਰਤੀ ਇਹ ਏਨਾ ਸੁਹਿਰਦ ਹੋ ਗਿਆ ਕਿ ਘੋਰ ਅਤਿਵਾਦ ਦੇ ਦੌਰ 'ਚ ਵੀ ਮੋਟਰ ਸਾਈਕਲ ਚੁੱਕਦਾ ਤੇ ਬੀਮਾਰ ਪਸ਼ੂ ਦੀ ਸਾਰ ਲੈਣ ਵੇਲੇ-ਕੁਵੇਲੇ ਵੀ ਤੁਰ ਪੈਂਦਾ। ਕਈ ਵਾਰ ਸੀ. ਆਰ. ਪੀ. ਜਾਂ ਪੁਲਿਸ ਵਾਲੇ ਰੋਕ ਕੇ ਪੁੱਛ ਪੜਤਾਲ ਵੀ ਕਰਦੇ। ਕੰਮ ਭਲੇ ਦਾ ਹੁੰਦਾ ਸੀ, ਇਸ ਲਈ ਆਉਣ-ਜਾਣ ਦਿੰਦੇ। ਰੱਈਏ ਤੋਂ ਪਹਾੜ ਨੂੰ ਪੈਂਦੇ ਪਿੰਡ ਮੈਂ ਕਦੇ ਨਹੀਂ ਸੀ ਵੇਖੇ; ਇਨ੍ਹਾਂ ਬਾਰੇ ਬਹੁਤੀ ਜਾਣਕਾਰੀ ਵੀ ਨਹੀਂ ਸੀ, ਲੋੜ ਵੀ ਨਾ ਪਈ ਸੀ। ਇਸ ਮੋਹ ਦਾ ਸਬੱਬ ਡਾ ਸ਼ਿੰਦਾ ਬਣਿਆ।

ਜਦੋਂ ਵੀ ਪੰਜਾਬ ਜਾਣ ਬਾਰੇ ਗੱਲ ਹੋਣੀ ਤਾਂ ਬਾਬੇ ਬੱਲ ਦਾ ਹੁਕਮ ਹੋਣਾ ਕਿ ਯਾਰ, ਤੂੰ ਪਿੰਡ ਜਾਈਂ, ਸ਼ਿੰਦੇ ਨੂੰ ਮਿਲ ਕੇ ਆਈਂ। ਹਰ ਵਾਰੀ ਕੋਈ ਨਾ ਕੋਈ ਜ਼ਰੂਰੀ ਕੰਮ ਵਿਚ ਆ ਪੈਣਾ।



*ਡਾ. ਸੁਰਿੰਦਰ ਸਿੰਘ (ਸ਼ਿੰਦਾ) ਬੱਲ ਆਪਣੇ ਭਤੀਜੇ ਗੁਰਨੀਤ ਬੱਲ ਨਾਲ*

ਕੰਮ ਦੀਆਂ ਬੰਦਿਸ਼ਾਂ ਦੀ ਸਖਤਾਈ ਸੀ। ਗਿਣਤੀ ਦੇ ਦਿਨਾਂ ਦੀ ਛੁੱਟੀ ਅੱਖ ਦੇ ਫੋਰ 'ਚ ਮੁੱਕ ਜਾਣੀ ਤੇ ਸ਼ਿੰਦੇ ਨੂੰ ਮਿਲਣਾ ਰਹਿ ਜਾਣਾ। ਵਲੈਤ ਆ ਕੇ ਬਾਬੇ ਨੂੰ ਜੁਆਬਦੇਹ ਹੋਣਾ ਪੈਂਦਾ। ਹਰ ਵਾਰ ਨਾਮੋਸ਼ੀ ਝੱਲਣੀ ਪੈਂਦੀ।

ਅਗਲੀ ਵਾਰ ਜਾਣਾ ਸੀ ਤਾਂ ਬਾਬਾ ਬੱਲ ਮੈਨੂੰ ਫਿਰ ਕਹਿੰਦਾ ਰਿਹਾ, ਸ਼ਿੰਦੇ ਨੂੰ ਫੋਨ ਕਰੀਂ, ਤੂੰ ਨਿਰਾਸ਼ ਨਹੀਂ ਹੋਏਂਗਾ। ਉਹਨੂੰ ਵੀ ਚੰਗਾ ਲੱਗੂਗਾ। ਮੈਂ ਧਾਰ ਲਈ ਬਈ, ਐਤਕੀਂ ਤਾਂ ਕੰਮੋਕਿਆਂ ਨੂੰ ਜ਼ਰੂਰ ਜਾ ਕੇ ਆਊਂਗਾ, ਭਾਵੇਂ ਹੱਥ ਲਾ ਕੇ ਮੁੜ ਆਵਾਂ।

ਬਾਬੇ ਦੀ ਨਗਰੀਓਂ ਜਲੰਧਰ ਨੂੰ ਤੁਰਨ ਲੱਗਿਆਂ, ਮੈਂ ਫੋਨ ਕੀਤਾ। ਡਾਕਟਰ ਨੇ ਦੱਸਿਆ ਕਿ ਰੱਈਏ ਲਾਗੇ ਆ ਕੇ ਫੋਨ ਕਰਿਓ, ਸਾਰਾ ਰਾਹ ਡਿਟੇਲ 'ਚ ਸਮਝਾ ਦਊਂਗਾ। ਗੁਰੂ ਕਾ ਜੰਡਿਆਲਾ ਟੱਪ ਕੇ ਟਾਂਗਰਾ ਤੇ ਖਲਚੀਆਂ ਨਿਕਲ ਗਏ। ਰਈਏ ਤੋਂ ਖੱਬੇ ਮੁੜ ਕੇ ਅਸੀਂ ਬਾਬਾ ਬਕਾਲਾ ਤੇ ਠੱਠੀਆਂ ਤੋਂ ਅੱਗੇ ਸਠਿਆਲੇ ਪਹੁੰਚ ਗਏ। ਮੈਂ ਗੱਡੀ ਰੁਕਵਾ ਕੇ ਘੰਟੀ ਮਾਰੀ ਤਾਂ ਡਾਕਟਰ ਕਹਿੰਦਾ, "ਹੁਣ ਤਾਂ ਤੁਸੀਂ ਘਰ ਹੀ ਆ ਗਏ ਉ ਕੇ।" ਬੁਤਾਲਾ ਤੇ ਕੰਮੋਕੇ ਦੋ ਪਿੰਡ ਹਨ; ਇਨ੍ਹਾਂ ਦੀ ਕਰੰਘੜੀ ਪਈ ਹੋਈ ਏ। ਨਵੇਂ ਬੰਦੇ ਨੂੰ ਪਤਾ ਨਹੀਂ ਲਗਦਾ ਕੰਮੋਕੇ ਕਿੱਥੋਂ ਸ਼ੁਰੂ ਹੁੰਦਾ ਤੇ ਬੁਤਾਲਾ ਕਿੱਥੇ ਮੁੱਕਦਾ। ਇਹਨੇ ਮੈਨੂੰ ਸਮਝਾ ਦਿੱਤਾ ਸੀ ਕਿ ਬੱਸ ਅੱਡੇ ਤੋਂ ਅਗਲੀ ਗਲੀ 'ਚ ਆਟੇ ਵਾਲੀ ਚੱਕੀ ਆਏਗੀ, ਉਨ੍ਹਾਂ ਨੂੰ ਡਾ. ਸ਼ਿੰਦੇ ਦਾ ਘਰ ਪੁੱਛ ਲੈਣਾ। ਪੁੱਛਿਆ ਤਾਂ ਚੱਕੀ ਵਾਲੇ ਨੇ ਸਮਝਾ ਦਿੱਤਾ ਕਿ ਐਸ ਪਾਰਕ ਦੇ ਨਾਲ ਨਾਲ ਮੁੜ ਕੇ ਸੌ ਕੁ ਕਦਮਾਂ 'ਤੇ ਖੱਬੇ ਹੱਥ ਵੱਡਾ ਸਾਰਾ ਪਿੱਪਲ ਦਿਸੂਗਾ। ਬੱਸ, ਸਾਹਮਣੇ ਡਾਕਟਰ ਦਾ ਘਰ ਹੈ।

ਸਾਡੇ ਪਹੁੰਚਣ ਤੋਂ ਪਹਿਲਾਂ ਹੀ ਸ਼ਿੰਦਾ ਬਾਹਰ ਟਹਿਲ ਰਿਹਾ ਸੀ। ਕਾਰ ਦੇਖ ਕੇ ਦੋਵੇਂ ਹੱਥ ਖੜੇ ਕੀਤੇ। ਕਾਰ 'ਚੋਂ ਨਿਕਲਿਆ ਤਾਂ ਘੁੱਟ ਕੇ ਜੱਫੀ ਪਾਈ। ਇਉਂ ਲੱਗਾ, ਕਿਸੇ ਪੁਰਾਣੇ ਵਿਛੜੇ ਸੱਜਣ ਨੂੰ ਮੁੜ ਮਿਲਿਆ ਹੋਵਾਂ। ਏਨਾ ਖੁਸ਼ ਤਬੀਅਤ ਬੰਦਾ ਮੈਂ ਬੜੀ ਦੇਰ ਬਾਅਦ ਦੇਖਿਆ ਸੀ, ਮਨ ਦਾ ਸਾਫ। ਖੁੱਲ੍ਹਾ, ਉਚਾ ਹਾਸਾ, ਇਹਦੇ ਹੋਣੇ ਦਾ ਹਿੱਸਾ ਸੀ। ਸ਼ਿੰਦੇ ਨਾਲ ਇਹ ਪਹਿਲਾ ਮੇਲ ਸੀ। ਬਦਕਿਸਮਤੀ ਨਾਲ ਆਖਰੀ ਵੀ ਹੋ ਗਿਆ। ਗੱਲਾਂ ਹੋਈਆਂ। ਸ਼ਿੰਦਾ ਠਰ੍ਹੰਮੇ ਨਾਲ ਗੱਲ ਸ਼ੁਰੂ ਕਰਦਾ ਹੱਸਦਾ-ਮੁਸਕਰਾਉਂਦਾ ਨਿਬੇੜ ਦਿੰਦਾ-ਇਹ ਉਸ ਦਾ ਤਰੀਕਾ ਹੈ/ਸੀ। ਫਿਰ ਦਲਬੀਰ ਕੋਈ ਸਲੀਕੇ ਨਾਲ ਗੱਲ ਤੋਰਦੀ, ਤੇ ਖੁਸ਼ ਹੋ ਕੇ ਨਪੇਟਦੀ। ਫਿਰ ਦੋਵੇਂ ਅਗਲੇ ਦੀ ਕਹੀ ਸੁਣਨ ਲਈ ਸਲੀਕੇ ਨਾਲ ਧਿਆਨ ਲਾ ਲੈਂਦੇ। ਵਿਚ ਵਿਚ ਕਾਰ ਚਲਾਉਣ ਵਾਲਾ ਵੀ ਆਪਣਾ ਟੋਣਾ ਲਾ ਲੈਂਦਾ। ਏਨੇ ਕੁ ਸਮੇਂ 'ਚ ਜਿੰਨੀਆਂ ਗੱਲਾਂ ਹੋ ਸਕਦੀਆਂ, ਓਦੂੰ ਕਿਤੇ ਵੱਧ ਹੋ ਗਈਆਂ।

ਬਾਬੇ ਬੱਲ ਦੇ ਸਭ ਜਾਣਨ ਵਾਲਿਆਂ ਨੂੰ ਬੀਬੀ ਦਲਬੀਰ ਜਾਣਦੀ ਹੈ, ਪਰ ਮੈਂ ਤਾਂ ਆਪ ਅਜੇ ਬਾਬੇ ਨਾਲ ਮਿਲਣਾ ਹੈ। ਪਿਆਰ, ਮਿਠਾਸ ਤੇ ਹਲੀਮੀ 'ਚ ਸ਼ਿੰਦਾ ਤੇ ਬੀਬੀ ਦਲਬੀਰ ਆਸ ਤੋਂ ਉਪਰ ਨਿਕਲ ਗਏ। ਤਿੰਨ-ਚਾਰ ਘੰਟੇ ਅੱਖ ਦੇ ਫੋਰ 'ਚ ਨਿਕਲ ਗਏ। ਸ਼ਿੰਦਾ ਗੱਲ ਕਰਕੇ ਖੁਸ਼ ਹੁੰਦਾ। ਮੇਰੀ ਕਹੀ ਸੁਣਦਾ, ਆਪਣੀ ਸੁਣਾਉਂਦਾ। ਵਿਚ ਵਿਚ ਦਲਬੀਰ ਵੀ ਦਸਦੀ ਕਿ ਇਹਦਾ ਕਿਤਾਬਾਂ ਨਾਲ ਮੋਹ ਬਾਬੇ ਬੱਲ ਦੀ ਬਦੌਲਤ ਪਿਆ। ਉਪਰ ਚੁਬਾਰੇ 'ਚ ਬਾਬੇ ਦਾ ਗਿਆਨ ਖਜਾਨਾ ਹੈ। ਜੰਮਣ ਭੋਇੰ ਹੈ-ਬਾਬੇ ਦੇ ਮਨ 'ਚੋਂ ਕੰਮੋਕੇ ਨਿਕਲਿਆ ਨਹੀਂ ਹੈ। ਏਨਾ ਘੁਲ ਮਿਲ ਗਏ ਕਿ ਮਨ ਉਠਣ ਨੂੰ ਨਾ ਕਰੇ, ਪਰ ਮੈਂ ਅੱਗੇ ਪਹੁੰਚਣਾ ਸੀ ਤੇ ਡਰਾਈਵਰ ਨੇ ਮੈਨੂੰ ਛੱਡ ਕੇ ਅੰਮ੍ਰਿਤਸਰ ਮੁੜਨਾ ਸੀ। ਮੈਂ ਕੰਮੋਕੇ ਤੋਂ ਅਨੰਦ ਭਰਪੂਰ ਹੋ ਕੇ ਜਲੰਧਰ ਨੂੰ ਤੁਰਿਆ। ਖੁਮਾਰ ਹੋਏ ਦਾ ਸਫਰ ਝੱਟ ਮੁੱਕ ਗਿਆ। ਮੈਂ ਧਾਰ ਲਿਆ, ਆਉਂਦਾ ਹੋਇਆ ਫਿਰ ਸ਼ਿੰਦੇ ਡਾਕਟਰ ਤੇ ਬੀਬੀ ਦਲਬੀਰ ਕੋਲ ਰੁਕੂੰਗਾ; ਪਰ ਉਲਝਾ ਬਹੁਤ ਵਧ ਗਿਆ ਤੇ ਮੇਰੇ ਵੱਸੋਂ ਬਾਹਰ ਦੀ ਹੋ ਗਈ। ਰੱਈਏ ਕੋਲ ਦੀ ਨਿਕਲਿਆ ਤਾਂ ਮੇਰੇ ਮਨ 'ਚ ਕੁਝ ਹੋਇਆ। ਪਰ ਸਿੱਧਾ ਅੰਮ੍ਰਿਤਸਰ ਆਇਆ ਤੇ ਸਮਾਨ ਚੁੱਕ ਕੇ ਏਅਰਪੋਟ ਨੂੰ ਹੋ ਗਿਆ। ਜਹਾਜ ਫੜਿਆ ਤੇ ਘਰ ਆ ਗਿਆ।

ਡਾ. ਸ਼ਿੰਦਾ ਤੇ ਦਲਬੀਰ ਦਾ ਜੋੜ ਹੋਇਆ। ਬੁਟਾਰੀ ਤੇ ਕੰਮੋਕੇ ਘੁਲ ਮਿਲ ਗਏ। ਬਹੁਤ ਵਧੀਆ ਮੇਲ ਰਿਹਾ। ਇਹਦੀ ਦਲਬੀਰ ਦੇ ਭਾਈਆਂ ਭਤੀਜਿਆਂ ਨਾਲ ਵੀ ਖੁੱਭ ਕੇ ਨਿਭੀ। ਖਾਣ ਪੀਣ ਦੀਆਂ ਸ਼ੌਕੀਨ ਮਝੈਲ ਰੂਹਾਂ ਨਿਹਾਲ ਰਹਿੰਦੀਆਂ। ਡਾ. ਸ਼ਿੰਦੇ ਨਾਲ ਟੈਲੀਫੋਨ 'ਤੇ ਗੱਲ ਹੁੰਦੀ ਤਾਂ ਸਿਆਸਤ ਤੋਂ ਲੈ ਕੇ ਕ੍ਰਿਕਟ ਤੇ ਹੋਰ ਜੱਗ-ਜਹਾਨ ਦੀਆਂ ਗੱਲਾਂ ਹੁੰਦੀਆਂ। ਪਿੱਛੇ ਜਿਹੇ ਗੱਲਾਂ ਗੱਲਾਂ 'ਚ ਪਤਾ ਲੱਗਾ ਸੀ ਕਿ ਬੱਲ ਭਾਈ ਮੇਰੇ ਪਿੰਡ ਦੇ ਜ਼ੈਲਦਾਰਾਂ ਦੇ ਪੁੱਤ ਕੁਲਤਾਰ ਮਾਨ ਦੇ ਵਿਚੋਲੇ ਵੀ ਸਨ। ਉਸ ਦੀਆਂ ਗੱਲਾਂ ਕਰਕੇ ਖੁਸ਼ ਹੋਇਆ। ਏਸ ਬਹਾਨੇ ਪ੍ਰੋ. ਦਿਲਬਾਗ ਸਿੰਘ ਗਿੱਲ (ਨਕੋਦਰ) ਦੀਆਂ ਗੱਲਾਂ ਵੀ ਹੋਈਆਂ। ਲੌਕਡਾਊਨ 'ਚ ਮੈਂ ਸੱਜਣਾਂ ਬੇਲੀਆਂ ਨੂੰ ਫੋਨ ਕਰਕੇ ਰਾਜ਼ੀ ਬਾਜ਼ੀ ਦੀ ਖਬਰ ਲੈਂਦਾ ਰਹਿੰਦਾ ਹਾਂ। ਮੈਂ ਅੱਜ ਭਲਕ ਸ਼ਿੰਦੇ ਨੂੰ ਫੋਨ ਕਰਨਾ ਸੀ, ਲੰਮੀਆਂ ਗੱਲਾਂ ਕਰਨੀਆਂ ਸਨ।

ਸੱਜਣਾਂ ਬੇਲੀਆਂ ਦਾ ਦਾਇਰਾ ਦੋਹਾਂ ਬੱਲਾਂ ਦਾ ਸਾਂਝਾਂ ਵੀ ਹੈ ਤੇ ਸ਼ਿੰਦੇ ਦਾ ਆਪਣਾ ਵੀ ਹੈ। ਜਦੋਂ ਖਾਲਿਸਤਾਨੀ ਲਹਿਰ ਉਠੀ ਤਾਂ ਇਹ ਮਹਿਤੇ ਦੇ ਲਾਗੇ ਹੀ ਨੌਕਰੀ ਕਰਦਾ ਸੀ। ਇਲਾਕੇ ਦੀਆਂ ਸਰਗਰਮੀਆਂ ਤੇ ਚੰਗੀ-ਮੰਦੀ ਤੋਂ ਜਾਣੂੰ ਸੀ। ਜਦੋਂ ਜਣਾ ਖਣਾ ਮਝੈਲ ਭਿੰਡਰਾਂਵਾਲੇ 'ਤੇ ਫਿਦਾ ਹੋਇਆ ਫਿਰਦਾ ਸੀ, ਇਹ ਚੌਕਸ ਰਿਹਾ। ਆਲੇ ਦੁਆਲੇ ਹੋ ਰਹੀਆਂ ਵਾਰਦਾਤਾਂ ਦੀ ਜਾਣਕਾਰੀ ਦਾ ਅਸਰ ਸੀ। ਬਾਬੇ ਬੱਲ ਕੋਲ ਨਕਸਲੀਆਂ ਅਤੇ ਖਾਲਿਸਤਾਨੀਆਂ ਦੀਆਂ ਚੰਗੀਆਂ-ਮਾੜੀਆਂ ਦਾ ਘਣਾ ਕੱਚਾ ਚਿੱਠਾ ਹੈ। ਸ਼ਿੰਦੇ ਕੋਲ ਵੀ ਪੂਰੇ ਮਾਝੇ ਏਰੀਏ ਦੀ ਵਾਹਵਾ ਜਾਣਕਾਰੀ ਸੀ। ਉਸ ਦਿਨ ਗੱਲਾਂਬਾਤਾਂ ਦੌਰਾਨ ਬੀਬੀ ਦਲਬੀਰ ਨੇ ਦੱਸਿਆ ਕਿ ਉਹ ਆਪਣੇ ਪੇਕੇ ਪਿੰਡ ਗਈ ਹੋਈ ਸੀ ਤਾਂ ਬਾਹਰੋਂ ਕਿਸੇ ਬੂਹਾ ਖੜਕਾਇਆ। ਬੀਬੀ ਨੇ ਬੂਹਾ ਖੋਲ੍ਹਿਆ। ਬੂਹੇ 'ਤੇ ਖਲੋਤਾ ਬੰਦਾ ਆਂਹਦਾ, "ਚਾਚੀ ਜੀ ਤੁਸੀ ਕਿੱਥੇ?" ਦਲਬੀਰ ਨੇ ਜੁਆਬ ਦਿੱਤਾ, "ਮੇਰਾ ਤਾਂ ਪੇਕਾ ਘਰ ਹੈ, ਪਰ ਤੂੰ ਕਿਵੇਂ ਆਇਆ?"

ਖਾਲਿਸਤਾਨੀ ਲਹਿਰ ਵਿਚ ਸਰਗਰਮ ਰਿਹਾ ਭਿੰਡਰਾਂਵਾਲਾ ਟਾਈਗਰ ਫੋਰਸ ਦਾ 'ਲੈਫਟੀਨੈਂਟ ਜਨਰਲ' ਭੁਪਿੰਦਰ ਸਿੰਘ ਭਿੰਦਾ ਪਿੰਡ ਵਿਚ ਉਨ੍ਹਾਂ ਦੇ ਸਭ ਤੋਂ ਨੇੜੂ ਪਰਿਵਾਰ 'ਚੋਂ ਸੀ। ਦਲਬੀਰ ਦੇ ਪੇਕੇ ਪਿੰਡ, ਬੁਟਾਰੀ ਉਨ੍ਹਾਂ ਦੀ ਬਹਿਕ 'ਤੇ ਪੈਂਟੇ ਦਾ ਪੈੜਾ ਉਸ ਨੇ ਹੀ ਪਵਾਇਆ ਸੀ। ਪੈਂਟੇ ਨੇ ਬਹਿਕ ਤੇ ਆਪਣੇ ਹਥਿਆਰਾਂ ਲਈ ਇੱਕ ਨਹੀਂ, ਸਗੋਂ ਦੋ ਬੰਕਰ ਬਣਾ ਲਏ ਸਨ ਤੇ ਪੂਰਾ ਸਾਲ ਉਨ੍ਹਾਂ ਦੇ ਪਰਿਵਾਰ ਦੀ ਜਾਨ ਸੂਲੀ 'ਤੇ ਟੰਗੀ ਰਹੀ ਸੀ। ਪੈਂਟੇ ਦੀ ਕਿਸੇ ਹੋਰ ਚੰਗੀ-ਮਾੜੀ ਦਾ ਤਾਂ ਉਸ ਨੂੰ ਯਾਦ ਨਹੀਂ ਸੀ, ਪਰ ਪਤੀ-ਪਤਨੀ ਦੋਹਾਂ ਨੂੰ ਵੱਡੇ ਬੱਲ ਦੇ ਮਿੱਤਰ ਮਾਸਟਰ ਚਰਨ ਬਾਰੇ ਅਹਿਮ ਗੱਲਾਂ ਯਾਦ ਸਨ: ਉਨ੍ਹਾਂ ਡਾਢੇ ਦਿਨਾਂ ਦੌਰਾਨ, ਇਸ ਭਲੇ ਪੁਰਸ਼ ਤੇ ਪੈਂਟੇ ਨੇ ਕਾਮਰੇਡ ਹੋਣ ਦਾ ਦੋਸ਼ ਲਾਇਆ; ਮਗਰੋਂ ਉਸ ਨੂੰ ਜਿਉਂਦੇ ਨੂੰ ਅੱਗ ਲਾ ਦਿੱਤੀ ਸੀ। ਸੜਦੇ ਮਾਸਟਰ ਦੀ ਪਤਨੀ ਕੋਲ ਖੜ੍ਹੀ ਉਚੀ ਉਚੀ ਜਪੁਜੀ ਸਾਹਿਬ ਦਾ ਪਾਠ ਕਰਦੀ ਰਹਿ ਗਈ, ਪਰ ਕਿਸੇ ਦੀ ਪੈਂਟੇ ਕੋਲੋਂ ਕੁਝ ਵੀ ਪੁੱਛਣ ਦੀ ਹਿੰਮਤ ਨਹੀਂ ਸੀ ਪਈ। ਬੁਟਾਰੀ ਵਾਲੇ ਘਰ ਵਿਚ ਪਿੱਛੋਂ ਕਈ ਦਿਨ ਸੋਗ ਦਾ ਮਾਹੌਲ ਰਿਹਾ।

ਇਸ ਦੇ ਉਲਟ ਨਕਸਲੀ ਦੌਰ ਖਾਸ ਕਰ ਬਲਦੇਵ ਅਤੇ ਗੋਬਿੰਦਰ ਬਾਰੇ ਸ਼ਿੰਦਾ ਉਸ ਦਿਨ ਵੀ ਪੂਰੇ ਚਾਅ ਅਤੇ ਉਤਸ਼ਾਹ ਨਾਲ ਗੱਲ ਕਰ ਰਿਹਾ ਸੀ। ਗੱਲਬਾਤ ਦੌਰਾਨ ਉਸ ਨੇ ਗੋਬਿੰਦਰ (ਸਿੱਖ ਚਿੰਤਕ ਅਜਮੇਰ ਸਿੰਘ) ਦੀਆਂ ਖਾਲਿਸਤਾਨੀ ਲਹਿਰ ਬਾਰੇ ਦੋ-ਤਿੰਨ ਕਿਤਾਬਾਂ ਵੀ ਦਿਖਾਈਆਂ ਤੇ ਤੋਹਫੇ ਵਜੋਂ ਇੰਗਲੈਂਡ ਨਾਲ ਲਿਜਾਣ ਦੀ ਪੇਸ਼ਕਸ਼ ਵੀ ਕੀਤੀ। ਉਸ ਨੇ ਪੰਜਾਬੀ ਦੀ ਕਿਸੇ ਵੀ ਚਰਚਿਤ ਕਿਤਾਬ ਦੇ ਛਪਦਿਆਂ ਹੀ ਘਰੇ ਖਰੀਦ ਲਿਜਾਣ ਅਤੇ ਫਿਰ ਉਸ ਨੂੰ ਧੱਕ ਧੱਕ ਕੇ ਪੜ੍ਹਾਉਣ ਦੀ ਵੱਡੇ ਬੱਲ ਦੀ ਆਦਤ ਬਾਰੇ ਵੀ ਦੱਸਿਆ। ਬੱਲ ਦੇ ਵਾਰ ਵਾਰ ਜ਼ੋਰ ਦੇਣ ਤੇ ਸ਼ਿੰਦੇ ਨੇ '20ਵੀਂ ਸਦੀ ਦੀ ਰਾਜਨੀਤੀ' ਵਾਲੀ ਕਿਤਾਬ ਦੋ-ਚਾਰ ਵਾਰ ਤੋਰਨ ਦੀ ਕੋਸ਼ਿਸ਼ ਕੀਤੀ, ਪਰ ਕਿਤਾਬ ਉਸ ਕੋਲੋਂ ਤੁਰੀ ਨਾ। ਫਿਰ ਬੱਲ ਨੇ ਇਕ ਦਿਨ ਸਵੇਰੇ ਚਾਹ ਪੀਂਦਿਆਂ ਪੀਂਦਿਆਂ ਉਸ ਨੂੰ 78 ਦੀ ਵਿਸਾਖੀ ਦਿਹਾੜੇ ਵਾਲੀ ਨਿਰੰਕਾਰੀ ਝੜਪ ਵਾਲਾ ਕਾਂਡ ਪੜ੍ਹਨ ਲਈ ਕਿਤਾਬ ਖੋਲ੍ਹ ਕੇ ਫੜਾ ਦਿੱਤੀ। ਇਸ ਘਟਨਾ ਦੀ ਬੀਬੀ ਦਲਬੀਰ ਨੇ ਵੀ ਸ਼ਾਹਦੀ ਭਰੀ ਕਿ ਦੋ ਚਾਰ ਸਫੇ ਪੜ੍ਹ ਕੇ ਸ਼ਿੰਦੇ ਦੀ ਕਿਤਾਬ ਵਿਚ ਦਿਲਚਸਪੀ ਜਾਗ ਹੀ ਪਈ। ਉਹ ਕੰਮ 'ਤੇ ਜਾਂਦਾ ਕਿਤਾਬ ਆਪਣੇ ਨਾਲ ਲੈ ਗਿਆ। ਸ਼ਾਮ ਨੂੰ ਘਰੇ ਵੜਿਆ ਤਾਂ ਹੱਸੀ ਜਾ ਰਿਹਾ ਸੀ। ਉਸ ਨੇ ਕੀ ਕਿਹਾ ਸੀ, ਇਹ ਮੈਨੂੰ ਅੱਜ ਐਨ ਉਸ ਦੇ ਆਪਣੇ ਲਫਜ਼ਾਂ ਵਿਚ ਤਾਂ ਯਾਦ ਨਹੀਂ, ਪਰ ਕੁਝ ਪ੍ਰਭਾਵ ਇਸ ਤਰ੍ਹਾਂ ਕਿ 'ਇਕਪਾਸੜ ਕਥਾਕਾਰੀ ਦੀ ਅਜਮੇਰ ਨੇ ਤਹਿ ਲਾਈ ਹੋਈ ਸੀ।'

ਆਪਣੇ ਮੋਬਾਈਲ ਫੋਨ 'ਤੇ ਉਸ ਨੇ ਅਜਮੇਰ ਦੇ ਸਿੱਖ ਗੁਰੂ ਸਾਹਿਬਾਨ ਦੇ ਦੈਵੀ ਸੰਦੇਸ਼ ਬਾਰੇ ਬੜੇ ਗਹੁ ਨਾਲ ਕਈ ਲੈਕਚਰ ਸੁਣੇ ਹੋਏ ਸਨ। ਸ਼ਿੰਦਾ ਅਜਮੇਰ ਬਾਰੇ ਬੜੇ ਮੋਹ ਨਾਲ ਗੱਲ ਕਰਦਿਆਂ ਦੱਸ ਰਿਹਾ ਸੀ ਕਿ ਉਸ ਨੇ ਦੇਰ ਪਹਿਲਾਂ ਜਸਵੰਤ ਸਿੰਘ ਕੰਵਲ ਦਾ 'ਪਾਲੀ' ਨਾਵਲ ਇਕ ਵਾਰੀਂ ਨਹੀਂ, ਸਗੋਂ ਦੋ-ਤਿੰਨ ਵਾਰ ਪੜ੍ਹਿਆ ਹੋਇਆ ਸੀ। ਉਸ ਨੂੰ ਅਜਮੇਰ ਦੀ ਅਜੋਕੀ ਕਥਾਕਾਰੀ ਵਿਚੋਂ ਪਾਲੀ ਦਾ 'ਵੇਦਾਂਤੀ' ਚੇਤੇ ਆਈ ਜਾਂਦਾ ਸੀ। ਪੁੱਠੀਆਂ ਛਾਲਾਂ ਲਾਉਂਦਾ 'ਸਾਥੀ' ਗੋਬਿੰਦਰ ਕਿੱਥੋਂ ਤੁਰਕੇ ਕਿੱਥੇ ਪਹੁੰਚ ਗਿਆ ਸੀ। ਗੱਲਾਂ ਸ਼ਿੰਦੇ ਨਾਲ ਪਾਸ਼ ਦੀਆਂ ਅਤੇ ਸੰਤ ਰਾਮ ਉਦਾਸੀ ਦੀਆਂ ਵੀ ਉਸ ਦਿਨ ਖੁੱਲ੍ਹ ਕੇ ਹੋਈਆਂ।

ਅੱਜ ਕਲ ਸ਼ਿੰਦੇ ਦੇ ਦੋ-ਤਿੰਨ ਵੱਡੇ ਸ਼ੌਕ ਸੀ: ਰਵੀਸ਼ ਕੁਮਾਰ ਨੂੰ ਨਿੱਠ ਕੇ ਦੇਖਣਾ-ਸੁਣਨਾ; ਉਹ ਰਵੀਸ਼ ਦਾ ਬਹੁਤ ਵੱਡਾ ਫੈਨ ਸੀ। ਮੋਦੀ ਦੀਆਂ ਨੀਤੀਆਂ ਤੇ ਕੀਤੀਆਂ ਕਰਾਈਆਂ ਦੀ ਚੀਰ ਫਾੜ ਕਰਕੇ, ਉਨ੍ਹਾਂ ਨੂੰ ਨੰਗਾ ਕਰਨਾ ਅਤੇ ਅੱਜ ਕਲ ਅਜਮੇਰ ਦੀਆਂ ਵੀਡੀਓ ਦੇਖ-ਸੁਣ ਕੇ ਵੀ ਹੱਸ ਲੈਂਦਾ ਸੀ। ਜਿਸ ਗੱਲ ਤੋਂ ਓਹ ਬਹੁਤਾ ਮੁਤਾਸਿਰ ਹੋਇਆ ਸੀ, ਇਹ ਮਹਾਭਾਰਤ ਸੀਰੀਅਲ ਸੀ। ਮਹਾਭਾਰਤ ਬਾਰੇ ਇਹਨੇ ਪਹਿਲਾਂ ਨਾਵਲੀ ਬਿਰਤਾਂਤ ਪੜ੍ਹਿਆ ਸੀ। ਸੀਰੀਅਲ ਬਣਿਆ ਤਾਂ ਸ਼ਿੰਦਾ ਇਹਦੇ 'ਚ ਖੁੱਭ ਗਿਆ। ਇਹਦਾ ਅਸਰ ਇਹਦੇ 'ਤੇ ਪੱਕਾ ਹੋ ਗਿਆ। ਪੰਜਾਬ ਦੀ ਅੰਦਰੂਨੀ ਵੰਡ ਭਾਈਚਾਰਿਆਂ, ਧਰਮਾਂ, ਜਾਤਾਂ ਤੇ ਵਿਚਾਰਧਾਰਵਾਂ ਦੇ ਆਸਰੇ ਹੋ ਗਈ ਹੈ। ਸ਼ਿੰਦਾ ਏਸ ਪਾਸਿਓਂ ਵੀ ਨਿਆਰਾ ਸੀ। ਰਾਧਾ ਸੁਆਮੀ ਡੇਰੇ ਦੇ ਨੇੜੇ ਹੋਣ ਕਰਕੇ ਇਹਦੇ ਨਾਲ ਨਿਭਣ ਵਾਲੇ ਬੇਲੀਆਂ 'ਚ ਰਾਧਾ ਸੁਆਮੀਏ ਵੀ ਸਨ,

*(ਬਾਕੀ ਅਗਲੇ ਸਫੇ 'ਤੇ)*

## ਆਪਣਾ ਛਿੰਦਾ

ਕੀ ਦੱਸਾਂ ਇਸ ਦੁਨੀਆਂ ਨੂੰ
ਕੌਣ ਸੀ ਅੰਕਲ ਛਿੰਦਾ!
ਜ਼ਿੰਦਗੀ ਨੂੰ ਆਪਣੀਆਂ
ਸ਼ਰਤਾਂ 'ਤੇ ਜਿਉਣ ਵਾਲਾ,
ਹਰ ਕਿਸੇ ਨੂੰ ਹੱਕ ਨਾਲ
'ਗਾਲ੍ਹ' ਕੱਢ ਬੁਲਾਉਣ ਵਾਲਾ।

ਖਾਣੇ ਦਾ ਕੋਈ ਸ਼ੌਕ ਨਹੀਂ
ਬਸ ਪੀਣ ਲਈ ਹੀ ਜਿਉਣ ਵਾਲਾ,
ਪੈਗ ਪਟਿਆਲਾ ਲਾਉਣ ਵਾਲਾ
ਤੇ ਪੱਗ ਪਟਿਆਲਾ ਸਜਾਉਣ ਵਾਲਾ,
ਇਕ ਬੁਲਟ ਦਾ ਬਹੁਤ ਹੀ ਸ਼ੌਕ ਰੱਖਿਆ
ਕਾਰ ਨਾ ਆਪ ਚਲਾਉਣ ਵਾਲਾ
ਪਰ ਇਕ ਇਕ ਸ਼ੌਕ ਪੁਗਾਉਣ ਵਾਲਾ।

ਗੱਲ ਗੱਲ 'ਤੇ 'ਮੇਰਾ ਮੱਲ'
ਕਹਿ ਕੇ ਮਤਲਬ ਸਮਝਾਉਣ ਵਾਲਾ,
ਹਰ ਮਹਿਫਿਲ ਦੀ ਰੌਣਕ
ਤੇ ਹਰ ਮਹਿਖਾਨੇ ਵਿਚ ਰੰਗ ਜਮਾਉਣ ਵਾਲਾ।

ਚੱਲ ਕੇ ਆਏ ਲੋੜਵੰਦ ਦੀ
ਹਮੇਸ਼ਾ ਲੋੜ ਪੁਗਾਉਣ ਵਾਲਾ,
ਛੋਟਾ, ਵੱਡਾ, ਬਜੁਰਗ, ਜਵਾਨ
ਹਰ ਕਿਸੇ ਨਾਲ ਯਾਰੀਆਂ ਲਾਉਣ ਵਾਲਾ।

ਲੰਮਾ ਕੋਟ ਪਹਿਨ ਕੇ
ਰੋਹਬ ਨਾਲ ਗੇੜੀ ਲਾਉਣ ਵਾਲਾ,
ਇਕ ਵੱਖਰੇ ਅੰਦਾਜ਼ ਦਾ ਮਾਲਕ
ਸਭ ਨਾਲੋਂ ਟੌਹਰੀ ਸਾਡਾ ਛਿੰਦਾ,
ਉਹ ਸਾਡੀ ਟੌਹਰ ਮੁਕਾ ਗਿਆ
ਉਹ "ਆਪਣਾ ਛਿੰਦਾ।"

**-ਰਵਨੀਤ ਔਲਖ**

# ਮੋਰ ਦਾ ਨਿਆਂ

**ਰਾਜਸਥਾਨੀ ਲੋਕ ਕਹਾਣੀਆਂ-5**





**ਵਿਜੇਦਾਨ ਦੇਥਾ**
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642-51454

*ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਮੋਰ ਦਾ ਨਿਆਂ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ*

ਇੱਕ ਸੀ ਕਾਂ ਤੇ ਇੱਕ ਸੀ ਮੋਰ। ਇਕੱਠੇ ਜੰਗਲ ਵਿਚੋਂ ਲੱਕੜੀਆਂ ਲੈਣ ਵਾਸਤੇ ਜਾਂਦੇ ਤਾਂ ਕਿ ਚੁੱਲ੍ਹਾ ਬਲਦਾ ਰਹੇ, ਖਾਣਾ ਬਣਾਇਆ ਜਾ ਸਕੇ। ਦੋਵੇਂ ਜਣੇ ਦੋ ਭਰੀਆਂ ਬੰਨ੍ਹਦੇ ਤੇ ਸ਼ਾਮ ਪਈ ਘਰ ਵਾਪਸ ਪਰਤਦੇ। ਮੋਰ ਲੈ ਕੇ ਆਉਂਦਾ ਵੱਡਾ ਭਾਰ ਅਤੇ ਕਾਂ ਦੀ ਹੁੰਦੀ ਛੋਟੀ ਭਰੀ। ਕਾਂ ਦੀਆਂ ਸੱਤ ਭੈਣਾਂ ਸਨ। ਛੇ ਭੈਣਾਂ ਮੋਰ ਨੂੰ ਬੁਰਾ-ਭਲਾ ਬੋਲਦੀਆਂ ਰਹਿੰਦੀਆਂ, ਪਰ ਸਭ ਤੋਂ ਛੋਟੀ ਸੱਤਵੀਂ ਉਸ ਤੋਂ ਖੁਸ਼ ਰਹਿੰਦੀ। ਗੁਸੈਲੀਆਂ ਭੈਣਾਂ ਆਖਦੀਆਂ, "ਸਾਡੇ ਭਾਈ ਨਾਲ ਜਾਂਦਾ ਹੈ, ਇਹ ਮਰ ਜਾਣਾ ਮੋਰ! ਸਾਡਾ ਕਾਗ ਭਰਾ ਲੱਕੜਾਂ ਚੁਗ-ਚੁਗ ਢੇਰ ਲਾਉਂਦਾ ਰਹਿੰਦੈ, ਤੇ ਇਹ ਕ੍ਰਿਤਘਣ ਸਾਰੀਆਂ ਚੁੱਕ ਲਿਆਉਂਦੈ। ਚੌਗੁਣੀਆਂ ਲੱਕੜਾਂ ਵਿਚੋਂ ਸਾਨੂੰ ਇੱਕ ਡੱਕਾ ਨੀ ਦਿੰਦਾ।"

ਛੋਟੀ ਭੈਣ ਬਾਕੀਆਂ ਨੂੰ ਸਮਝਾਉਂਦੀ, "ਆਪਣਾ ਕੀ ਲੈਂਦੈ ਇਹ ਵਿਚਾਰਾ? ਆਪਣੇ ਸਿਰ ਉਪਰ ਚੁੱਕ ਕੇ ਲਿਆਉਂਦੈ। ਮਿਹਨਤ ਕਰ ਕਰ ਚੁਣ-ਚੁਣ ਲੱਕੜਾਂ 'ਕੱਠੀਆਂ ਕਰਦੈ। ਇਹ ਜੰਗਲ ਸਾਡੇ ਬਾਪੂ ਦੀ ਜੱਦੀ ਜਾਇਦਾਦ ਤਾਂ ਕੋਈ ਹੈ ਨਹੀਂ।"

ਜਦੋਂ ਕਦੀ ਮੰਗਦੀ, ਛੋਟੀ ਨੂੰ ਮੋਰ ਕੁਝ ਲੱਕੜਾਂ ਦੇ ਵੀ ਦਿੰਦਾ। ਉਹ ਵੀ ਕਿਹੜਾ ਹੱਕ ਰੱਖਦੀ? ਕਦੀ ਖਾਣਾ ਖੁਆਉਂਦੀ। ਕਦੀ ਦੁੱਧ ਪਿਲਾ ਦਿੰਦੀ, ਕਦੇ ਮਾਲ੍ਹ-ਪੂੜੇ ਬਣਾ ਦਿੰਦੀ।

ਇੱਕ ਦਿਨ ਲੱਕੜੀਆਂ ਲੈਣ ਗਏ ਮੋਰ ਦੇ ਪੈਰ ਵਿਚ ਕੰਡਾ ਚੁਭ ਗਿਆ। ਮੋਰ ਨੇ ਕਿਹਾ, "ਕਾਗ ਭਾਈ, ਕਾਗ ਭਾਈ! ਮੇਰੇ ਪੈਰ ਵਿਚ ਕੰਡਾ ਲੱਗਿਆ, ਜ਼ਰਾ ਕੱਢ ਈ ਦੇਹ!" ਕਾਂ ਨੇ ਗੱਲ ਅਣਸੁਣੀ ਕਰ ਦਿੱਤੀ। ਮੋਰ ਨੇ ਦੂਜੀ ਵਾਰ ਕਿਹਾ ਤਾਂ ਕਾਂ ਨੇ ਬੜਾ ਰੁੱਖਾ ਜਵਾਬ ਦਿੱਤਾ, "ਤੈਨੂੰ ਪਤਾ ਤਾਂ ਹੈ ਮੇਰੀ ਇੱਕ ਅੱਖ ਹੈ। ਠੀਕ ਤਰ੍ਹਾਂ ਦਿਸਦਾ ਨਹੀਂ। ਮੋਰ ਭਾਈ ਦੋਵੇਂ ਅੱਖਾਂ ਠੀਕ ਹੋਣ, ਕੰਡਾ ਤਾਂ ਫੇਰ ਵੀ ਔਖਾ ਨਿਕਲਦੈ, ਕਾਣੇ ਤੋਂ ਨ੍ਹੀਂ ਨਿਕਲਦਾ।" ਇਹ ਕਹਿ ਕੇ ਚੁੱਕੀ ਲੱਕੜਾਂ ਦੀ ਭਰੀ, ਕਾਂ ਅਹੁ ਗਿਆ, ਅਹੁ ਗਿਆ, ਉਡ ਗਿਆ।

ਬਾਣੀਏ ਦੇ ਬੇਟੇ ਦੀ ਬਰਾਤ ਵਾਪਸ ਪਰਤਦੀ ਉਧਰੋਂ ਦੀ ਨਿਕਲੀ। ਮੋਰ ਨੇ ਉਡਾਰੀ ਮਾਰੀ, ਟੱਪ ਕਰ ਕੇ ਰੱਥ ਉਪਰ ਬੈਠ ਗਿਆ ਤੇ ਲਾੜੇ ਨੂੰ ਕਿਹਾ, "ਮੇਰੇ ਸਿਰ ਕਲਗੀ..., ਤੇਰੇ ਸਿਰ ਕਲਗੀ... ਤਰਸ ਕਰ ਕੇ ਮੇਰੇ ਪੈਰ ਵਿਚੋਂ ਕੰਡਾ ਕੱਢ ਦੇਹ ਲਾੜੇ ਭਾਈ?" ਲਾੜੇ ਨੇ ਪਰ੍ਹੇ ਮੂੰਹ ਫੇਰ ਲਿਆ, ਪੈਰ ਵਿਚ ਚੁਭਿਆ ਕੰਡਾ ਨਾ ਕੱਢਿਆ। ਫਿਰ ਮੋਰ ਨੇ ਲਾੜੀ ਵੱਲ ਮੂੰਹ ਕਰ ਕੇ ਕਿਹਾ, "ਮੇਰੇ ਸਿਰ ਕਲਗੀ..., ਤੇਰੇ ਸਿਰ ਸੱਗੀ..., ਵਹੁਟੀਏ ਰਾਣੀਏ, ਮੇਰੇ ਪੈਰ ਵਿਚ ਚੁਭਿਆ ਕੰਡਾ ਈ ਕੱਢ ਦੇਹ!"


ਲਾੜੀ ਝਿੜਕ ਕੇ ਬੋਲੀ, "ਹਟ ਪਰ੍ਹੇ। ਮਿੱਟੀ ਨਾਲ ਲਿੱਬੜੇ ਤੇਰੇ ਪੈਰ, ਮੈਂ ਮਹਿੰਦੀ ਰੰਗੇ ਹੱਥ ਕਿਉਂ ਲਾਵਾਂ? ਮੈਨੂੰ ਕੀ ਮੁਸੀਬਤ ਪਈ ਹੈ?"

ਸੁਮੱਤ ਜਾਂ ਕੁਮੱਤ ਬੱਦਲਾਂ ਵਿਚੋਂ ਤਾਂ ਨਹੀਂ ਬਰਸਦੀ ਹੁੰਦੀ, ਉਹ ਤਾਂ ਸਿਰ ਵਿਚ ਆਪੇ ਪੈਦਾ ਹੁੰਦੀ ਹੈ। ਲਾਚਾਰ ਹੋ ਕੇ ਮੋਰ ਰੱਥ 'ਤੇ ਬੈਠਾ ਰਿਹਾ। ਲਾੜੇ ਦੇ ਮਨ ਵਿਚ ਥੋੜ੍ਹੀ ਦੇਰ ਬਾਅਦ ਕੀ ਖਿਆਲ ਆਇਆ ਕਿ ਇਸ ਮੋਰ ਨੂੰ ਗਹਿਣੇ ਪਹਿਨਾ ਕੇ ਦੇਖੀਏ, ਕਿਵੇਂ ਲੱਗੇ! ਪੈਰ 'ਚ ਕੰਡਾ ਚੁਭਣ ਕਰ ਕੇ ਭੱਜ ਤਾਂ ਸਕਦਾ ਨਹੀਂ। ਲਾੜੇ ਲਾੜੀ ਨੇ ਰਲ-ਮਿਲ ਕੇ ਮੋਰ ਨੂੰ ਗਹਿਣੇ ਪਹਿਨਾ ਦਿੱਤੇ। ਗਲ ਵਿਚ ਸੁੱਚੇ ਮੋਤੀਆਂ ਦਾ ਕੈਂਠਾ, ਨਗ-ਜੜਾਊ ਸੋਨੇ ਦੀਆਂ ਝਾਂਜਰਾਂ ਪੈਰਾਂ ਵਿਚ। ਸਾਰੇ ਗਹਿਣੇ ਮੋਰ ਨੂੰ ਪੂਰੇ ਜਚ ਰਹੇ ਸਨ। ਸੁਹਾਗ ਪਟਾਰੀ ਖੋਲ੍ਹੀ, ਬਾਕੀ ਸਾਰੇ ਗਹਿਣੇ ਪਹਿਨਾ ਦਿੱਤੇ।

ਲਾੜਾ-ਲਾੜੀ ਸੋਹਣੇ ਮੋਰ ਨੂੰ ਦੇਖ-ਦੇਖ ਖੁਸ਼ ਹੋਣ ਲੱਗੇ। ਕੰਡਾ ਤਾਂ ਪੈਰ ਵਿਚ ਚੁਭਿਆ ਸੀ, ਖੰਭਾਂ ਵਿਚ ਤਾਂ ਨਹੀਂ। ਮੋਰ ਨੇ ਢੇਂਕੂੰ-ਢੇਂਕੂੰ ਕੀਤਾ, ਉਡ ਕੇ ਅਹੁ ਗਿਆ, ਅਹੁ ਗਿਆ! ਪਤੀ-ਪਤਨੀ ਉਚੀ-ਉਚੀ ਅਵਾਜ਼ਾਂ ਮਾਰਨ ਲੱਗੇ, "ਮੋਰ ਭਾਈ, ਮੋਰ ਭਾਈ! ਵਾਪਸ ਮੁੜ ਆ! ਆ ਜਾ ਤੇਰਾ ਕੰਡਾ ਕੱਢ ਦੇਈਏ।"

ਲਾੜਾ ਵਹੁਟੀ ਦੇ ਮੂੰਹ ਵੱਲ ਦੇਖਣ ਲੱਗਾ ਤੇ ਵਹੁਟੀ ਲਾੜੇ ਵੱਲ। ਦੇਖਦੇ-ਦੇਖਦੇ ਮੋਰ ਅੱਖਾਂ ਤੋਂ ਓਹਲੇ ਹੋ ਗਿਆ ਤਾਂ ਦੋਵਾਂ ਦੇ ਰੰਗ ਉਡ ਗਏ। ਬੇਵਸ ਹੋ ਕੇ ਆਸਮਾਨ ਵੱਲ ਦੇਖਦੇ ਰਹੇ।

ਮੋਰ ਅਜੇ ਘਰ ਪਹੁੰਚਿਆ ਨਹੀਂ ਸੀ ਕਿ ਪਹਿਲਾਂ ਹੀ ਬਰਸਾਤ ਆ ਗਈ। ਬੇਰਾਂ ਜਿੱਡੇ-ਜਿੱਡੇ ਗੜੇ ਪੈਣ ਲੱਗੇ। ਹਵਾ ਇੰਨੀ ਤੇਜ਼ ਕਿ ਬੱਸ ਪੁੱਛੋ ਕੁਝ ਨਾ। ਸਭ ਤੋਂ ਪਹਿਲਾਂ ਮੋਰ ਨੇ ਵੱਡੀ ਭੈਣ ਦੇ ਘਰ ਦਾ ਦਰਵਾਜਾ ਖਵਕਾਇਆ, "ਭੈਣ, ਭੈਣ! ਦਰਵਾਜਾ ਖੋਲ੍ਹੀਂ! ਗੜਿਆਂ ਦੀ ਮਾਰ ਹੇਠ ਤੇਰਾ ਭਾਈ ਮਰ ਜਾਏਗਾ।"



ਭੈਣ ਬੋਲੀ, "ਕਿਉਂ? ਮੈਂ ਕਿਉਂ ਖੋਲ੍ਹਾਂ ਦਰਵਾਜਾ? ਮੈਂ ਕੀ ਲੈਣੈ ਤੈਥੋਂ?"

ਮੋਰ ਨੇ ਵਾਰੀ-ਵਾਰੀ ਸਾਰੀਆਂ ਭੈਣਾਂ ਦੇ ਦਰਵਾਜੇ ਖੜਕਾਏ। ਕਿਸੇ ਨੇ ਦਰਵਾਜਾ ਤਾਂ ਕੀ ਖੋਲ੍ਹਣਾ ਸੀ, ਗੱਲ ਤੱਕ ਨਹੀਂ ਕੀਤੀ। ਆਖਰ ਉਹ ਸਭ ਤੋਂ ਛੋਟੀ ਭੈਣ ਦੇ ਘਰ ਗਿਆ, ਬੋਲਿਆ, "ਬਾਈ ਬਾਈ, ਜਲਦੀ ਦਰਵਾਜਾ ਖੋਲ੍ਹ, ਤੇਰਾ ਮੋਰ ਭਾਈ ਗੜਿਆਂ ਵਿਚ ਮਰ ਜਾਏਗਾ।"

ਪੂਰੀ ਗੱਲ ਤਾਂ ਅਜੇ ਸੁਣੀ ਵੀ ਨਹੀਂ ਸੀ, ਤੁਰੰਤ ਦਰਵਾਜਾ ਖੋਲ੍ਹ ਦਿੱਤਾ। ਮੋਰ ਅੰਦਰ ਲੰਘ ਆਇਆ, ਠੰਢ ਨਾਲ ਕੰਬ ਰਿਹਾ ਸੀ। ਭੈਣ ਨੇ ਨਿੱਘ ਲਈ ਕੰਬਲੀ ਦਿੱਤੀ। ਹੁਣ ਮੋਰ ਨੂੰ ਕਿਤੇ ਆਰਾਮ ਆਇਆ। ਫਿਰ ਕਿਹਾ, "ਪੈਰ ਵਿਚ ਕੰਡਾ ਚੁਭਿਆ ਹੈ ਬੀਬੀ, ਕੱਢ ਦੇਹ।" ਗੱਲ ਸੁਣਨ ਸਾਰ ਭੈਣ ਨੇ ਮਹਿੰਦੀ ਰੰਗੇ ਹੱਥਾਂ ਨਾਲ ਕੰਡਾ ਕੱਢ ਦਿੱਤਾ।

ਫਿਰ ਮੋਰ ਨੇ ਕਿਹਾ, "ਭੈਣ ਭੈਣ, ਰਤਾ ਬਿਸਤਰਾ ਹੀ ਵਿਛਾ ਦੇ।" ਬਿਸਤਰਾ ਵਿਛਾ ਦਿੱਤਾ। ਮੋਰ ਫਿਰ ਬੋਲਿਆ, "ਕਿੰਨੀ ਦੇਰ ਹੋ ਗਈ ਘਰ ਲਿੱਪੇ ਨੂੰ, ਘਰ ਤਾਂ ਲਿੱਪ ਦੇਹ।" ਭੈਣ ਨੇ ਤੁਰੰਤ ਘਰ ਲਿੱਪ ਦਿੱਤਾ। ਫਿਰ ਮੋਰ ਨੇ ਕਿਹਾ, "ਭੈਣ ਗੀਤ ਤਾਂ ਗਾ।" ਭੈਣ ਨੇ ਮਿੱਠੇ ਸੁਰ ਵਿਚ ਗੀਤ ਗਾਇਆ। ਫੇਰ ਘਿਉ ਖੰਡ ਨਾਲ ਚੂਰੀ ਕੁੱਟ ਕੇ ਖਵਾਈ। ਚੂਰੀ ਖਾ ਕੇ ਮੋਰ ਢੇਂਕੂੰ-ਢੇਂਕੂੰ ਕਰ ਕੇ ਬੋਲਿਆ, "ਸੱਜਾ ਖੰਭ ਫੜਫੜਾਵਾਂ ਕਿ ਖੱਬਾ ਭੈਣ?" ਭੈਣ ਨੇ ਕਿਹਾ, "ਤੇਰੀ ਮਰਜ਼ੀ।"

ਮੋਰ ਨੇ ਪੂਛ ਦੀ ਛਤਰੀ ਤਾਣ ਲਈ ਅਤੇ ਪੈਲਾਂ ਪਾਉਂਦਾ ਨੱਚਣ ਲੱਗਾ। ਸਾਰੇ ਗਹਿਣੇ, ਹੀਰੇ ਮੋਤੀ ਘਰ ਅੰਦਰ ਥਾਂ-ਥਾਂ ਖਿੰਡ ਗਏ। ਮਸਤੀ ਵਿਚ ਮੋਰ ਨੱਚਦਾ ਰਿਹਾ, ਭੈਣ ਗਹਿਣਾ ਗੱਟਾ ਇਕੱਠਾ ਕਰਦੀ ਸਾਂਭਦੀ ਰਹੀ। ਸਾਰੇ ਗਹਿਣੇ ਮੋਰ ਨੇ ਆਪਣੀ ਭੈਣ ਨੂੰ ਦੇ ਦਿੱਤੇ।

ਅਗਲੇ ਦਿਨ ਬਾਕੀ ਭੈਣਾਂ ਨੂੰ ਇਸ ਸਭ ਕੁਝ ਦਾ ਪਤਾ ਲੱਗਾ ਤਾਂ ਉਸੇ ਸਮੇਂ ਉਡਦੀਆਂ-ਉਡਦੀਆਂ ਆਪਣੇ ਭਰਾ ਕਾਂ ਕੋਲ ਪੁੱਜੀਆਂ। ਈਰਖਾ ਅਤੇ ਗੁੱਸੇ ਵਿਚ ਸਾਰੀ ਗੱਲ ਦੱਸੀ। ਕਾਂ ਨੇ ਸੋਚਿਆ, ਬਾਣੀਏ ਦੇ ਰੱਥ ਉਪਰ ਬੈਠਣ ਨਾਲ ਇੰਨੇ ਗਹਿਣੇ ਹੱਥ ਲੱਗ ਜਾਂਦੇ ਨੇ, ਫੇਰ ਮੇਰੇ ਲਈ ਵੀ ਇਹ ਕਿਹੜੀ ਵੱਡੀ ਗੱਲ ਹੈ? ਮੈਂ ਵੀ ਲੈ ਆਉਨਾਂ ਸਾਰਾ ਮਾਲ ਧਨ।

ਇਸ ਉਮੀਦ ਨਾਲ ਕਿ ਸ਼ਾਇਦ ਮੋਰ ਵਾਪਸ ਆ ਜਾਵੇ, ਬਰਾਤ ਰਸਤੇ ਵਿਚ ਰੁਕ ਗਈ ਸੀ। ਗਹਿਣਿਆਂ ਦਾ ਮੋਰ ਕਰੇਗਾ ਕੀ? ਉਮੀਦ ਅਨੁਸਾਰ ਮੋਰ ਤਾਂ ਨਹੀਂ ਆਇਆ, ਉਸ ਦੀ ਥਾਂ ਕਾਂ ਆ ਗਿਆ। ਉਡਦਾ-ਉਡਦਾ ਉਹ ਰੱਥ ਦੀ ਛੱਤ ਉਤੇ ਉਸੇ ਥਾਂ ਬੈਠ ਗਿਆ, ਜਿੱਥੇ ਮੋਰ ਬੈਠਾ ਸੀ। ਬਰਾਤੀ ਤਾਂ ਪਹਿਲਾਂ ਹੀ ਦੁਖੀ ਬੈਠੇ ਸਨ। ਮੋਰ ਦੀ ਕਰਤੂਤ ਕਾਰਨ ਉਨ੍ਹਾਂ ਦੇ ਦਿਲਾਂ ਵਿਚ ਅੱਗ ਭੜਕ ਰਹੀ ਸੀ। ਇੱਕ ਜਣੇ ਨੇ ਖਿੱਚ ਕੇ ਬੈਂਤ ਮਾਰੀ, ਕਾਂ ਥਾਂ 'ਤੇ ਹੀ ਢੇਰੀ ਹੋ ਗਿਆ। ਦਰਵਾਜਿਆਂ ਵਿਚ ਬੈਠੀਆਂ ਉਸ ਦੀਆਂ ਭੈਣਾਂ ਉਡੀਕਦੀਆਂ ਰਹੀਆਂ। ਨਾ ਕਾਂ ਆਪ ਆਇਆ, ਨਾ ਗਹਿਣੇ ਆਏ।

ਫਿਰ ਸਾਰੀਆਂ ਭੱਜੀਆਂ-ਭੱਜੀਆਂ ਮੋਰ ਕੋਲ ਗਈਆਂ। ਕਿਹੜੀ ਆਪਣੇ ਘਰ ਪਹਿਲਾਂ ਲੈ ਕੇ ਜਾਏਗੀ, ਇਹੋ ਖਿੱਚ ਧੂਹ ਹੁੰਦੀ ਰਹੀ। ਇੱਕ ਕਹੇ, ਮੇਰੇ ਘਰ ਚੱਲ। ਦੂਜੀ ਕਹੇ, ਨਹੀਂ ਮੇਰੇ। ਇੱਕ ਕਹਿੰਦੀ, ਕੱਲ੍ਹ ਮੇਰਾ ਸਿਰ ਦੁਖ ਰਿਹਾ ਸੀ। ਦੂਜੀ ਕਹਿੰਦੀ, ਮੇਰੇ ਢਿੱਡ ਵਿਚ ਦਰਦ ਸੀ। ਤੀਜੀ ਕਹਿੰਦੀ, ਨੇੜੇ ਆ ਕੇ ਦੇਖ ਲੈ, ਮੇਰੀਆਂ ਅੱਖਾਂ ਦੁਖਣੀਆਂ ਆਈਆਂ ਪਈਆਂ ਨੇ। ਚੌਥੀ ਕਹਿੰਦੀ, ਮੈਂ ਤਾਂ ਸੁੱਤੀ ਪਈ ਸੀ, ਮੈਨੂੰ ਨ੍ਹੀਂ ਪਤਾ ਕਦੋਂ ਬੂਹਾ ਖੜਕਾਇਆ, ਕਦ 'ਵਾਜ ਮਾਰੀ। ਮੈਨੂੰ ਤਾਂ ਸੁਣੀ ਨ੍ਹੀਂ, ਤੂੰ ਇਹ ਸੋਚ, ਮੈਂ ਮੋਰ ਭਾਈ ਵਾਸਤੇ ਦਰਵਾਜਾ ਨਾ ਖੋਲ੍ਹਾਂਗੀ ਤਾਂ ਫੇਰ ਕਿਸ ਵਾਸਤੇ ਖੋਲ੍ਹਾਂਗੀ? ਤੂੰ ਤਾਂ ਵੱਡਾ ਹੋਣ ਕਰ ਕੇ ਪਿਤਾ ਸਮਾਨ ਹੈ।

ਮੋਰ ਨੇ ਕਿਹਾ, "ਜੰਗਲ ਵਿਚ ਜਾ ਕੇ ਸ਼ਾਮੀਂ ਵਾਪਸ ਆਊਂਗਾ।" ਦਿਨ ਢਲੇ ਤੋਂ ਹੀ ਸਾਰੀਆਂ ਮੋਰ ਦਾ ਰਸਤਾ ਦੇਖਣ ਲੱਗੀਆਂ। ਦਿਨ ਛਿਪਿਆ ਤਾਂ ਮੋਰ ਆਇਆ। ਬਚਨ ਦਾ ਪੱਕਾ ਹੋਵੇ ਕੋਈ, ਇਸ ਤਰ੍ਹਾਂ ਦਾ ਹੋਵੇ। ਵੱਡੀ ਭੈਣ ਦੇ ਦਰਵਾਜੇ ਕੋਲ ਜਾ ਕੇ ਕਿਹਾ, "ਭੈਣ ਭੈਣ, ਦਰਵਾਜਾ ਖੋਲ੍ਹ।" ਭੈਣ ਤਾਂ ਕੌਲੇ ਨਾਲ ਹੀ ਲੱਗੀ ਖਲੋਤੀ ਸੀ। ਫੱਟ ਦਰਵਾਜਾ ਖੋਲ੍ਹ ਦਿੱਤਾ। ਅੰਦਰ ਬਾਹਰ ਸਾਰਾ ਘਰ ਦਿਨ ਵਿਚ ਲਿੱਪ ਪੋਚ ਦਿੱਤਾ ਸੀ, ਕੰਧਾਂ ਉਤੇ ਵੇਲ ਬੂਟੇ ਚਿਤਰ ਦਿੱਤੇ ਸਨ। ਮੋਰ ਅੰਦਰ ਆ ਕੇ ਖਲੋ ਗਿਆ, ਕਿਹਾ, "ਭੈਣ ਭੈਣ ਪਾਣੀ ਓ ਪਿਲਾ ਦੇ।"

ਮਿਸਰੀ ਵਰਗੀ ਮਿੱਠੀ ਅਵਾਜ਼ ਵਿਚ ਬੋਲੀ, "ਕਿਉਂ? ਆਪਣੇ ਮੋਰ ਭਾਈ ਨੂੰ ਫਿਕਾ ਪਾਣੀ ਕਿਉਂ ਪਿਲਾਵਾਂ?" ਘਿਉ ਖੰਡ ਦੁੱਧ ਦਾ ਕਟੋਰਾ ਭਰਿਆ ਤਿਆਰ ਪਿਆ ਸੀ। ਪਾਣੀ ਦੀ ਥਾਂ ਹਾਜ਼ਰ ਕਰ ਦਿੱਤਾ। ਦੁੱਧ ਪੀ ਕੇ ਮੋਰ ਨੇ ਪੁੱਛਿਆ, "ਸੱਜਾ ਖੰਭ ਫੜਫੜਾਵਾਂ ਭੈਣ ਕਿ ਖੱਬਾ?" ਆਤਮ ਵਿਸ਼ਵਾਸ ਨਾਲ ਭੈਣ ਬੋਲੀ, "ਦੋਵੇਂ ਵੀਰ, ਦੋਵੇਂ।"

ਮੋਰ ਨੇ ਢੇਂਕੂੰ-ਢੇਂਕੂੰ ਕੀਤਾ, ਛਤਰੀ ਤਾਣ ਲਈ। ਖੰਭ ਖੋਲ੍ਹਣ ਸਾਰ ਭਰਿੰਡਾਂ, ਬਿੱਛੂ, ਕੰਨਖਜੂਰੇ, ਸਪੋਲੀਏ ਨਿਕਲ ਕੇ ਭੱਜਣ ਲੱਗੇ, ਕਉਣੀ ਨੂੰ ਚਾਰੇ ਪਾਸਿਓਂ ਘੇਰ ਲਿਆ। ਕਉਣੀ ਨੇ ਬਥੇਰੀ ਕਾਂ-ਕਾਂ ਕੀਤੀ, ਰੌਲਾ ਪਾਇਆ, ਉਲਾਂਭੇ ਦਿੱਤੇ। ਇਸੇ ਤਰ੍ਹਾਂ ਬਾਕੀ ਭੈਣਾਂ ਦੇ ਘਰ ਵਾਰੀ-ਵਾਰੀ ਗਿਆ। ਹਰ ਕਿਸੇ ਨੇ ਦੋਵੇਂ ਖੰਭ ਫੜਫੜਾਉਣ ਨੂੰ ਕਿਹਾ ਤੇ ਗਹਿਣਿਆਂ ਦੇ ਲੋਭ ਵਿਚ ਸਾਰੀਆਂ ਮਾਰੀਆਂ ਗਈਆਂ। ਮੋਰ ਸਭ ਤੋਂ ਛੋਟੀ ਭੈਣ ਨਾਲ ਖੁਸ਼ ਰਹਿਣ ਲੱਗਾ। ਸਾਰੀ ਉਮਰ ਸੁੱਖ ਸ਼ਾਂਤੀ ਨਾਲ ਭਾਈ-ਭੈਣ ਰਹਿੰਦੇ ਰਹੇ।

***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

---

# ਸ਼ਿੰਦਾ ਮਝੈਲ: ਪਹਿਲੀ ਤੇ ਆਖਰੀ ਮੁਲਾਕਾਤ

*(ਪਿਛਲੇ ਸਫੇ ਦੀ ਬਾਕੀ)*

ਨੂਰਮਹਿਲੀਏ ਵੀ ਤੇ ਸ਼ਾਇਦ ਹੋਰ ਅੱਡਰੇ ਵਿਚਾਰਾਂ ਵਾਲੇ ਵੀ। ਵਿਚਾਰਾਂ ਦਾ ਵਖਰੇਵਾਂ ਸੱਜਣਤਾਈ 'ਚ ਰੱਟਾ ਨਾ ਬਣਨ ਦਿੰਦਾ।

ਬਾਬੇ ਬੱਲ ਦਾ ਫੋਨ ਆਇਆ; ਜਿਸ ਕੁ ਵੇਲੇ ਅਕਸਰ ਆਉਂਦਾ ਹੁੰਦਾ, ਓਦੂੰ ਰਤਾ ਕੁ ਲੇਟ ਸੀ। ਫੋਨ 'ਤੇ ਗੱਲਾਂ ਹੋਈਆਂ, ਪਰ ਬਿਲਕੁਲ ਓਪਰੀਆਂ ਜਿਹੀਆਂ। ਮੈਨੂੰ 'ਸਭ ਅੱਛਾ' ਨਾ ਲੱਗਾ। ਬੱਲ ਸਾਹਿਬ ਦੀਆਂ ਗੱਲਾਂ ਦਾ ਹੁਣ ਮੈਨੂੰ ਪਤਾ ਲੱਗ ਗਿਆ ਹੈ, ਪਰ ਅੱਜ ਕੋਈ ਫੋਕਸ ਨਹੀਂ ਸੀ। ਗੱਲ ਲਮਕ ਰਹੀ ਸੀ, ਕੋਈ ਸੁਰ ਲੈਅ ਜੁੜ ਨਹੀਂ ਰਹੀ ਸੀ। ਉਸ ਦਿਨ ਬਾਬੇ ਨੇ ਪਹਿਲਾਂ ਵੀ ਫੋਨ ਕੀਤਾ ਸੀ; ਮੈਂ ਰਿਸੀਵ ਨਹੀਂ ਕਰ ਸਕਿਆ ਸਾਂ। ਮੈਂ ਕਿਆਸ ਅਰਾਈਆਂ ਹੀ ਲਾ ਰਿਹਾ ਸਾਂ ਕਿ ਅਗਲੇ ਪਲ ਬੱਲ ਸਾਹਿਬ ਨੇ ਮੇਰੇ ਸਿਰ 'ਚ ਵਦਾਣ ਜਿਹੀ ਕੋਈ ਸ਼ੈਅ ਮਾਰੀ, "ਸ਼ਿੰਦਾ ਸਿਓਂ ਚਲ ਵਸਿਆ।" ਨਿੱਕਾ ਭਾਈ ਸੀ। ਦੋਹਾਂ ਭਾਈਆਂ ਨੇ ਕਈ ਸਲਾਹਾਂ ਬਣਾਈਆਂ ਹੋਈਆਂ ਸਨ।

ਦੁੱਖ 'ਚ ਬਾਬਾ ਬੱਲ ਆਪਣੇ ਤਕੀਏ ਕਲਾਮ ਵਾਲੀਆਂ ਗੱਲਾਂ ਵੀ ਕਹੀ ਗਿਆ। ਅੱਜ ਕਲ ਚਾਰ ਚੁਫੇਰੇ ਅਨਿਸ਼ਚਿਤਤਾ ਦਾ ਆਲਮ ਹੈ। ਬੰਦੇ ਦੇ ਸਾਹਾਂ ਦੀ ਸੀਮਤਾਈ ਪ੍ਰਤੱਖ ਹੋ ਗਈ ਹੈ। ਬੰਦੇ ਦਾ ਅਗਲੇ ਪਲ ਨਾ ਹੋਣ ਦਾ ਸੱਚ ਸਾਹਮਣੇ ਦਿਸਦਾ ਹੈ। ਸਮਾਂ ਐਸਾ ਹੈ ਕਿ ਕੁਲ ਦੁਨੀਆਂ 'ਚ ਮੌਤਾਂ ਦੀਆਂ ਖਬਰਾਂ ਦਾ ਜਮਘਟਾ ਹੈ; ਤਾਂ ਵੀ ਮੈਂ ਇਹ ਸੁਣਨ ਲਈ ਕਦਾਚਿੱਤ ਤਿਆਰ ਨਹੀਂ ਸੀ। ਮੋਹਰਿਓਂ ਮੈਨੂੰ ਕੋਈ ਗੱਲ ਨਾ ਅਹੁੜੀ। ਮੈਂ ਪੈਰੋਂ ਉੱਖੜ ਗਿਆ। ਬੱਸ ਐਵੇਂ ਹੂੰਅ-ਹਾਂਅ, ਹੂੰਅ-ਹਾਂਅ ਹੀ ਕਰਦਾ ਰਿਹਾ। ਗੱਲਾਂ ਕਰਦੇ ਕਰਦੇ ਨੇ ਮੈਂ ਆਪਣੇ ਸਿਰ 'ਚ ਠੋਲਾ ਮਾਰਿਆ ਤਾਂ ਜੋ ਇਹ ਪੱਕਾ ਹੋ ਜਾਏ ਕਿ ਮੈਂ ਜਾਗਦਾ ਹਾਂ, ਸੁੱਤਾ ਤਾਂ ਨਹੀਂ। ਕਿਤੇ ਮੈਨੂੰ ਕੋਈ ਭੈੜਾ ਸੁਪਨਾ ਤਾਂ ਨਹੀਂ ਆ ਰਿਹਾ। ਮੇਰਾ ਧਿਆਨ ਜੁੜ ਨਹੀਂ ਸੀ ਰਿਹਾ ਤੇ ਅਖੀਰ ਮੈਂ ਬਾਬੇ ਬੱਲ ਤੋਂ ਮੁਆਫੀ ਮੰਗ ਲਈ ਕਿ ਮੈਂ ਕੱਲ ਨੂੰ ਫੋਨ ਕਰੂੰਗਾ। ਏਦੂੰ ਬਾਅਦ ਮੈਂ ਚੁੱਪ ਹੋ ਗਿਆ ਤੇ ਮਨ 'ਚ ਕਈ ਤਰ੍ਹਾਂ ਦੀਆਂ ਕਿਆਸ ਅਰਾਈਆਂ ਆਈਆਂ। ਭਵਿੱਖ ਬਾਰੇ, ਕੰਮੋਕੇ ਬਾਰੇ। ਪਿੰਡੀਂ ਥਾਂਈਂ ਬਾਹਰਲੇ ਬਹੁਤੇ ਕੰਮ ਆਦਮੀ ਸਾਂਭਦੇ ਹਨ। ਖੇਤੀਬਾੜੀ, ਪੈਲੀ ਦਾ ਠੇਕਾ, ਖਰੀਦੋ ਫਰੋਖਤ, ਪੈਸੇ ਧੇਲੇ ਦਾ ਲੈਣ ਦੇਣ।

ਸਵੇਰੇ ਉੱਠ ਕੇ ਬੀਬੀ ਦਲਬੀਰ ਨੂੰ ਫੋਨ ਕੀਤਾ। ਕਿਸੇ ਹੋਰ ਕੁੜੀ ਨੇ ਚੁੱਕਿਆ। ਮੈਂ ਬੀਬੀ ਜੀ ਨਾਲ ਅਫਸੋਸ ਕੀਤਾ ਤੇ ਇਸ ਬੁਰੀ ਖਬਰ ਦੇ ਪਿਛੋਕੜ ਦਾ ਪਤਾ ਲਿਆ। ਬੀਬੀ ਨੇ ਕਿਹਾ, ਦੋ ਤਿੰਨ ਕੁ ਦਿਨ ਪਹਿਲਾਂ ਛਾਤੀ 'ਚ ਦਰਦ ਹੋਇਆ ਸੀ। ਜਦੋਂ ਹਸਪਤਾਲ ਲੈ ਕੇ ਗਏ ਸੀਰੀਅਸ ਸੀ, ਫਿਰ ਠੀਕ ਹੋ ਗਏ। ਬਚਾਅ ਦੀ ਆਸ ਬੱਝ ਗਈ ਸੀ ਤੇ ਫਿਰ ਇਕ ਦਮ ਸਿਹਤ ਖਰਾਬ ਹੋ ਗਈ ਤੇ ਭਾਣਾ ਵਰਤ ਗਿਆ। ਇਹ ਗੱਲਾਂ ਮੈਨੂੰ ਬਾਬੇ ਬੱਲ ਨੇ ਵਿਸਥਾਰ ਨਾਲ ਦੱਸੀਆਂ ਸਨ। ਛਾਤੀ 'ਚ ਦਰਦ ਹੋਈ ਤਾਂ ਡਾ. ਸ਼ਿੰਦੇ ਨੇ ਫੋਨ 'ਤੇ ਸੱਜਣ ਡਾਕਟਰਾਂ ਦੀ ਸਲਾਹ ਲਈ। ਹਸਪਤਾਲ ਨਾ ਗਿਆ। ਜਦ ਗਿਆ ਤਾਂ ਰਤਾ ਕੁ ਲੇਟ ਹੋ ਗਿਆ ਸੀ। ਤਦ ਵੀ ਆਸ ਬੱਝ ਗਈ। ਬਲੱਡ ਪ੍ਰੈਸ਼ਰ ਸਹੀ ਹੋਣ ਲੱਗ ਪਿਆ ਸੀ। ਫਿਰ ਇਕ ਦਮ ਸਿਹਤ ਵਿਗੜ ਗਈ। ਦਲਬੀਰ ਨਾਲ ਨਿਰਾ ਧੱਕਾ ਹੋ ਗਿਆ ਸੀ।

ਗੁਰਦਿਆਲ ਬੱਲ ਆਪ ਟੋਰਾਂਟੋ ਵਸਦਾ ਹੈ। ਕੁਲ ਪਰਿਵਾਰ ਵੀ ਉਥੇ ਹੈ। ਬਾਬੇ ਨਾਲ ਮਹੀਨੇ 'ਚ ਇਕ ਦੋ ਵਾਰ ਗੱਲ ਹੋ ਜਾਂਦੀ ਹੈ। ਬਾਬਾ ਮਨ 'ਚ ਪੱਕਾ ਪਿੱਛੇ ਮੁੜਨ ਦੀ ਧਾਰੀ ਬੈਠਾ ਹੈ। ਪਿੰਡ ਵੀ ਤੇ ਪਟਿਆਲੇ ਵੀ, ਕਿਤਾਬਾਂ ਦਾ ਖਜਾਨਾ ਜਮ੍ਹਾਂ ਕੀਤੀ ਬੈਠਾ ਹੈ। ਮਨ 'ਚ ਸੀ ਕਿ ਜਾ ਕੇ ਕੰਮੋਕੇ ਰਹਿਣਾ ਹੈ। ਰਹਿੰਦੀ ਉਮਰ ਪੜ੍ਹਨ-ਲਿਖਣ ਦੇ ਲੇਖੇ ਲਾਉਣੀ ਹੈ। ਹੁਣ ਉਮਰ ਦਾ ਪੜਾਅ ਐਸਾ ਹੈ ਕਿ ਨਿੱਕੀਆਂ ਮੋਟੀਆਂ ਔਹਰਾਂ ਵੀ ਹਾਜ਼ਰ ਹੋ ਜਾਂਦੀਆਂ ਹਨ। ਘਰਾਂ ਦੇ ਹੋਰ ਰੁਝੇਵੇਂ, ਮੁਸ਼ਕਿਲਾਂ ਵੀ ਆ ਖਲੋਂਦੀਆਂ ਹਨ। ਦਲਬੀਰ ਦਾ ਪੇਕਾ ਪਰਿਵਾਰ ਵੱਡਾ ਹੈ, ਪਰ ਕਈ ਥਾਂਈਂ ਖਿਲਰਿਆ ਹੋਇਆ ਹੈ। ਚਾਅ ਨਾਲ ਬਣਾਇਆ ਵੱਡਾ ਘਰ ਹੈ, ਵਿਚ ਖਿੜ ਖਿੜ ਜਾਂਦੇ ਫੁੱਲ ਬੂਟੇ ਸੋਂਹਦੇ ਹਨ। ਬਾਗਬਾਨੀ ਦਾ ਸ਼ੌਕ ਦੋਹਾਂ ਜੀਆਂ ਦਾ ਸਾਂਝਾ ਸੀ। ਬਗੀਚਾ ਸੋਹਣਾ ਹੋਣਾ ਸੀ; ਬੱਸ, ਵਿਚੋਂ ਸ਼ਿੰਦਾ ਹੀ ਮਿਸ ਹੋ ਗਿਆ।

---

# ਮਿਨੀ ਕਹਾਣੀਆਂ

## ਤਜਰਬਾ

ਚੰਗੇ ਅਤੇ ਮਾੜੇ ਤਜਰਬਿਆਂ ਨਾਲ ਭਰੀ ਜ਼ਿੰਦਗੀ ਬਹੁਤ ਕੁਝ ਸਿਖਾ ਦਿੰਦੀ ਹੈ। ਹਰ ਤਜਰਬੇ ਤੋਂ ਸਾਨੂੰ ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਹੈ। ਸਾਲ 2019 ਵਿਚ ਸਾਡਾ ਬੀ.ਐਡ. ਦਾ ਦੂਜਾ ਸਮੈਸਟਰ ਸੀ ਤੇ ਉਸ ਵਿਚ ਸਾਡਾ ਇੱਕ ਪ੍ਰੈਕਟੀਕਲ ਵਿਸ਼ਾ ਸੀ 'ਗਾਰਡਨਿੰਗ' ਦਾ, ਜਿਸ ਵਿਚ ਅਸੀਂ ਇੱਕ ਕਿਆਰੀ ਬਣਾਉਣੀ ਸੀ। ਉਸ ਵਿਚ ਅਸੀਂ ਕੋਈ ਵੀ ਫੁੱਲ ਜਾਂ ਸਬਜ਼ੀ ਉਗਾ ਸਕਦੇ ਸਾਂ। ਸਾਰੇ ਬੱਚਿਆਂ ਨੇ 5-5 ਵਿਦਿਆਰਥੀਆਂ ਦੇ ਆਪੋ ਆਪਣੇ ਗਰੁੱਪ ਬਣਾ ਲਏ। ਸਾਡੇ ਕੋਲ ਕਿਆਰੀ ਤਿਆਰ ਕਰਨ ਲਈ ਕਾਫੀ ਸਮਾਂ ਸੀ। ਇੱਕ ਦਿਨ ਅਸੀਂ ਕਿਆਰੀ ਬਣਾਉਣ ਦੀ ਸ਼ੁਰੂਆਤ ਕੀਤੀ। ਸਭ ਤੋਂ ਪਹਿਲਾਂ ਕਿਆਰੀ ਵਾਲੀ ਥਾਂ ਨੂੰ ਪੁੱਟ ਕੇ ਚੰਗੀ ਤਰ੍ਹਾਂ ਪੋਲਾ ਕੀਤਾ। ਬੀਜ ਲਾਏ ਅਤੇ ਪਾਣੀ ਦਿੱਤਾ। ਉਸ ਦਿਨ ਅਸੀਂ ਪੂਰਾ ਹੁਮ-ਹੁਮਾ ਕੇ ਕੰਮ ਕੀਤਾ।

ਉਦੋਂ ਪੂਰੀ ਗਰਮੀ ਸੀ, ਕਿਆਰੀ ਨੂੰ ਪੂਰੀ ਸਫਾਈ ਅਤੇ ਪਾਣੀ ਦੀ ਲੋੜ ਸੀ, ਪਰ ਅਸੀਂ ਬਾਅਦ ਵਿਚ ਉਸ ਵੱਲ ਕੋਈ ਧਿਆਨ ਨਾ ਦਿੱਤਾ, ਬਸ ਇੱਕ ਜਾਂ ਦੋ ਦਿਨ ਪਾਣੀ ਦਿੱਤਾ। ਇੱਕ ਦੂਜੇ ਵੱਲ ਦੇਖਦੇ ਰਹੇ ਕਿ ਇਹ ਕਰੇ, ਉਹ ਕਰੇ; ਆਪਣੇ ਵੱਲੋਂ ਕੋਈ ਪਹਿਲ ਨਾ ਕੀਤੀ। ਦਿਨ ਬੀਤਦੇ ਗਏ। ਅਸੀਂ ਜਦੋਂ ਵੀ ਉਸ ਜਗ੍ਹਾ ਕੋਲੋਂ ਦੀ ਲੰਘਦੇ, ਦੇਖਦੇ ਕਿ ਸਭ ਬਹੁਤ ਮਿਹਨਤ ਕਰ ਰਹੇ ਹਨ। ਸੋਚਦੇ ਇਹ ਐਨੀ ਗਰਮੀ ਵਿਚ ਕਿਵੇਂ ਲੱਗੇ ਪਏ ਆ! ਤੇ ਆਪ ਕੰਟੀਨ ਜਾ ਬੈਠਦੇ।

ਸਮਾਂ ਬੀਤਦਾ ਗਿਆ ਤੇ ਸਾਡੀ ਕਿਆਰੀ ਉਵੇਂ ਦੀ ਉਵੇਂ ਪਈ ਸੀ। ਸਭ ਦੀਆਂ ਕਿਆਰੀਆਂ ਵਿਚ ਕੁਝ ਨਾ ਕੁਝ ਵਧੀਆ ਉਗਿਆ ਹੋਇਆ ਸੀ, ਪਰ ਅਫਸੋਸ! ਸਾਡੀ ਕਿਆਰੀ ਪਾਣੀ ਨੂੰ ਹੀ ਤਰਸ ਰਹੀ ਸੀ। ਅਸੀਂ ਉਸ ਦੀ ਦੇਖ-ਭਾਲ ਵੱਲ ਕੋਈ ਧਿਆਨ ਨਾ ਦਿੱਤਾ। ਸਾਡਾ ਸਿਰਫ ਸ਼ਬਦਾਂ ਦਾ ਗਰੁੱਪ ਹੀ ਰਿਹਾ, ਕੋਈ ਫੁੱਲ, ਟਾਹਣੀ ਨਾ ਬਣ ਸਕਿਆ।

ਇਹ ਤਜਰਬਾ ਚੰਗਾ ਵੀ ਸੀ ਤੇ ਮਾੜਾ ਵੀ, ਪਰ ਮੈਂ ਇਸ ਨੂੰ ਮਾੜਾ ਤਜਰਬਾ ਮੰਨਦੀ ਹਾਂ। ਜਿਥੇ ਧਰਤੀ ਤਾਂ ਮਜਬੂਤ ਸੀ, ਪਰ ਸਾਡੇ ਅੰਦਰ ਮਜਬੂਤੀ ਦੀ ਘਾਟ ਸੀ, ਜਿਸ ਕਾਰਨ ਬੀਜ ਧਰਤੀ ਨੂੰ ਛੂਹ ਨਾ ਸਕੇ।

ਜ਼ਿੰਦਗੀ ਵਿਚ ਲਗਨ ਮਿਹਨਤ ਨਾਲੋਂ ਵੱਧ ਜਰੂਰੀ ਹੈ। ਜੇ ਅਸੀਂ ਕੰਮ ਨੂੰ ਲਗਨ ਤੇ ਥੋੜ੍ਹਾ-ਥੋੜ੍ਹਾ ਕਰ ਕੇ ਕਰਦੇ, ਤਾਂ ਅਸੀਂ ਵੀ ਮੰਜ਼ਿਲ ਨੂੰ ਛੋਹ ਲੈਣਾ ਸੀ। ਮੇਰਾ ਤਜਰਬਾ ਹੈ ਕਿ ਜੇ ਕੰਮ ਨੂੰ ਸਮੇਂ ਸਿਰ ਨਾ ਕੀਤਾ ਜਾਵੇ ਤਾਂ ਮੰਜ਼ਿਲ ਹਾਸਿਲ ਨਹੀਂ ਹੁੰਦੀ; ਹਾਸਿਲ ਹੁੰਦਾ ਹੈ ਤਾਂ ਸਿਰਫ ਪਛਤਾਵਾ।

***-ਨਵਨੀਤ ਕੌਰ, ਪਿਉਰੀ***

# ਸਾਉਣ ਵੀਰ 'ਕੱਠੀਆਂ ਕਰੇ...



ਸਾਉਣ ਮਹੀਨੇ ਦੀ ਪੰਜਾਬੀ ਸਭਿਆਚਾਰ ਵਿਚ ਖਾਸ ਥਾਂ ਹੈ। ਜੇਠ ਹਾੜ ਦੀ ਤਪਦੀ ਗਰਮੀ ਪਿਛੋਂ ਸਾਉਣ ਦੇ ਮਹੀਨੇ ਵਿਚ ਪੈਂਦੇ ਮੀਂਹ ਨਾਲ ਜਿਥੇ ਧਰਤੀ ਦੀ ਤਪਸ਼ ਨਿਕਲਦੀ ਹੈ, ਉਥੇ ਆਲਾ-ਦੁਆਲਾ ਹਰਿਆ-ਭਰਿਆ ਹੋ ਜਾਂਦਾ ਹੈ। ਸਾਰੀ ਬਨਸਪਤੀ ਝੂਮਣ ਲੱਗਦੀ ਹੈ ਅਤੇ ਮਨੁੱਖੀ ਮਨ ਖੇੜੇ ਵਿਚ ਆ ਜਾਂਦਾ ਹੈ। ਸਾਰੇ ਪਾਸੇ ਹਰਿਆਵਲ ਹੀ ਹਰਿਆਵਲ ਹੁੰਦੀ ਹੈ। ਬਾਗਾਂ ਵਿਚ ਕੋਇਲਾਂ ਕੂਕਦੀਆਂ ਅਤੇ ਮੋਰ ਪੈਲਾਂ ਪਾਉਂਦੇ ਹਨ। ਘਰਾਂ ਵਿਚ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਜਾਂਦੇ ਹਨ। ਖੀਰ, ਪੂੜੇ, ਮੱਠੀਆਂ, ਗੁਲਗੁਲੇ ਆਦਿ।

ਜੇ ਅਸੀਂ ਅੱਜ ਤੋਂ ਚਾਰ ਕੁ ਦਹਾਕੇ ਪਿੱਛੇ ਜਾਈਏ ਤਾਂ ਸਾਉਣ ਮਹੀਨੇ ਵਿਚ ਧੀਆਂ-ਭੈਣਾਂ ਲਈ ਸਭ ਤੋਂ ਪਿਆਰਾ ਤਿਉਹਾਰ ਤੀਆਂ ਦਾ ਹੁੰਦਾ ਸੀ, ਕਿਉਂਕਿ ਤੀਆਂ ਦੇ ਦਿਨਾਂ ਵਿਚ ਉਹ ਆਪਣੇ ਪੇਕੇ ਘਰ ਜਾ ਕੇ ਪੂਰੀ ਮੌਜ ਮਸਤੀ ਕਰਦੀਆਂ, ਨੱਚਦੀਆਂ ਟੱਪਦੀਆਂ ਗਿੱਧਾ ਪਾਉਂਦੀਆਂ। ਆਪਣੇ

**ਅੰਮ੍ਰਿਤ ਕੌਰ, ਬਡਰੁੱਖਾਂ**
ਫੋਨ: 91-98767-14004

ਅੰਦਰ ਦੱਬੇ ਫਿਕਰਾਂ ਤਕਲੀਫਾਂ ਨੂੰ ਬੋਲੀਆਂ, ਗੀਤਾਂ ਰਾਹੀਂ ਉਡਾ ਦਿੰਦੀਆਂ ਸਨ। ਜਿਹੜੀਆਂ ਕੁੜੀਆਂ ਪੇਕੇ ਨਾ ਆ ਸਕਦੀਆਂ, ਉਨ੍ਹਾਂ ਨੂੰ ਸਹੁਰੇ ਘਰ ਹੀ ਕੱਪੜੇ, ਮੱਠੀਆਂ, ਬਿਸਕੁਟ ਅਤੇ ਘਰ ਦੀਆਂ ਬਣਾਈਆਂ ਮਠਿਆਈਆਂ ਆਦਿ ਭੇਜ ਦਿੱਤੇ ਜਾਂਦੇ ਸਨ। ਇਸ ਸਮਾਨ ਨੂੰ 'ਸੰਧਾਰਾ' ਕਿਹਾ ਜਾਂਦਾ ਸੀ।

ਸਾਉਣ ਮਹੀਨੇ ਦੇ ਚਾਨਣੇ ਪੱਖ ਦੀ ਦੂਜ ਨੂੰ ਮਹਿੰਦੀ ਲਾਈ ਜਾਂਦੀ ਸੀ। ਤੀਜ ਨੂੰ ਤੀਆਂ ਸ਼ੁਰੂ ਹੋ ਜਾਂਦੀਆਂ ਸਨ ਅਤੇ ਪੂਰਨਮਾਸ਼ੀ ਤੱਕ ਚੱਲਦੀਆਂ ਸਨ। ਤੀਆਂ ਪਿੰਡ ਦੇ ਬਾਹਰ ਸਾਂਝੀ ਥਾਂ 'ਤੇ ਲੱਗਦੀਆਂ ਸਨ। ਜਿੱਥੇ ਨੇੜੇ ਪੀਂਘਾਂ ਪਾਉਣ ਲਈ ਪਿੱਪਲ, ਬੋਹੜ, ਨਿੰਮ, ਜੰਡ ਆਦਿ ਰੁੱਖ ਹੁੰਦੇ ਸਨ। ਦੁਪਹਿਰ ਢਲਣ ਪਿਛੋਂ ਕੁੜੀਆਂ ਤੀਆਂ ਲੱਗਣ ਵਾਲੀ ਥਾਂ ਇਕੱਠੀਆਂ ਹੁੰਦੀਆਂ। ਪਹਿਲਾਂ ਪੀਂਘਾਂ ਪਾਈਆਂ ਜਾਂਦੀਆਂ, ਕੁੜੀਆਂ ਵਾਰੋ ਵਾਰੀ ਪੀਂਘਾਂ ਝੂਟਦੀਆਂ ਤੇ ਗਿੱਧਾ ਪਾਉਂਦੀਆਂ। ਸ਼ੁਰੂ ਦੇ ਇੱਕ-ਦੋ ਦਿਨ ਕੁੜੀਆਂ ਦੀ ਗਿਣਤੀ ਘੱਟ ਹੁੰਦੀ ਸੀ, ਪਰ ਜਿਉਂ ਜਿਉਂ ਪੂਰਨਮਾਸ਼ੀ ਦਾ ਦਿਨ ਨੇੜੇ ਆਉਂਦਾ ਜਾਂਦਾ, ਇਹ ਗਿਣਤੀ ਵਧ ਜਾਂਦੀ ਸੀ। ਕਈ ਵਾਰ ਦੋ ਟੋਲੀਆਂ ਬਣਾਈਆਂ ਜਾਂਦੀਆਂ-ਛੋਟੀਆਂ ਕੁੜੀਆਂ ਵੱਖ ਅਤੇ ਵੱਡੀਆਂ ਕੁੜੀਆਂ ਵੱਖ। ਵਿਆਹੀਆਂ ਕੁੜੀਆਂ ਨੂੰ ਕੁਆਰੀਆਂ ਨੱਚਣ ਦੀ ਜਾਂ ਬੋਲੀਆਂ ਪਾਉਣ ਦੀ ਵਾਰੀ ਨਾ ਦਿੰਦੀਆਂ ਤਾਂ ਉਹ ਕੁਆਰੀਆਂ ਕੁੜੀਆਂ ਨੂੰ ਝਿੜਕ ਕੇ ਵੀ ਅਲੱਗ ਘੇਰਾ ਬਣਵਾ ਦਿੰਦੀਆਂ ਤਾਂ ਕਿ ਵਿਆਹੀਆਂ ਕੁੜੀਆਂ ਬੋਲੀਆਂ ਪਾ ਕੇ, ਨੱਚ ਟੱਪ ਕੇ ਅਨੰਦ ਮਾਣ ਸਕਣ। ਛੋਟੇ ਭੈਣ-ਭਰਾ ਗਿੱਧਾ ਪਾਉਂਦੀਆਂ ਵੱਡੀਆਂ ਭੈਣਾਂ ਦੇ ਪਿੱਛੇ ਦੀ ਅਛੋਪਲੇ ਜਿਹੇ ਉਨ੍ਹਾਂ ਦੀਆਂ ਚੁੰਨੀਆਂ ਦੇ ਲੜ, ਨਾਲ ਵਾਲੀਆਂ ਕੁੜੀਆਂ ਦੀਆਂ ਚੁੰਨੀਆਂ ਦੇ ਲੜ ਨਾਲ ਬੰਨ੍ਹ ਕੇ ਭੱਜ ਜਾਂਦੇ, ਉਹ ਹਰ ਰੋਜ਼ ਵਾਰ ਵਾਰ ਇਸ ਤਰ੍ਹਾਂ ਕਰਕੇ ਖੁਸ਼ ਹੁੰਦੇ। ਜੇ ਕਿਤੇ ਫਸ ਜਾਂਦੇ ਸ਼ਰਾਰਤ ਕਰਦੇ ਤਾਂ ਪੋਲੇ ਪੋਲੇ ਹੱਥਾਂ ਨਾਲ ਕੰਨਾਂ ਦੀ ਖਿਚਾਈ ਵੀ ਹੁੰਦੀ।

ਕੁੜੀਆਂ ਘੇਰਾ ਬਣਾ ਕੇ ਗਿੱਧੇ ਦੇ ਨਾਲ ਬੋਲੀਆਂ ਪਾ ਕੇ ਨੱਚਦੀਆਂ ਸਨ। ਇੱਕ ਜਾਂ ਦੋ ਕੁੜੀਆਂ ਬੋਲੀ ਪਾਉਣੀ ਸ਼ੁਰੂ ਕਰਦੀਆਂ ਤਾਂ ਬਾਕੀ ਕੁੜੀਆਂ ਹੌਲੀ-ਹੌਲੀ ਤਾਲ ਦਿੰਦੀਆਂ। ਆਖਰੀ ਤੁਕ ਤੇ ਸਾਰੀਆਂ ਕੁੜੀਆਂ ਬੋਲੀ ਚੁੱਕਦੀਆਂ ਪੂਰੇ ਜ਼ੋਰ ਨਾਲ ਗਿੱਧਾ ਪਾਇਆ ਜਾਂਦਾ ਅਤੇ ਘੇਰੇ ਦੇ ਵਿਚਕਾਰ ਦੋ ਜਾਂ ਵੱਧ ਕੁੜੀਆਂ ਨੱਚਦੀਆਂ। ਸਾਉਣ ਮਹੀਨੇ ਦੇ ਗੀਤ ਗਾਉਂਦੀਆਂ, ਬੋਲੀਆਂ ਪਾਉਂਦੀਆਂ,

ਸਾਉਣ ਮਹੀਨਾ ਵਰੇ ਮੇਘਲਾ,
ਲਿਸ਼ਕੇ ਜੋਰੋ ਜੋਰ।
ਨੀ ਦਿਨ ਤੀਆਂ ਦੇ ਆਏ,
ਪੀਂਘਾਂ ਲੈਣ ਹੁਲਾਰੇ ਜੋਰ।

ਸਾਉਣ ਦਾ ਮਹੀਨਾ,
ਬਾਗਾਂ ਵਿਚ ਬੋਲਣ ਮੋਰ ਵੇ।
ਮੈਂ ਨਹੀਂ ਸਹੁਰੇ ਜਾਣਾ,
ਗੱਡੀ ਨੂੰ ਖਾਲੀ ਮੋੜ ਵੇ।

ਆਇਆ ਸਾਵਣ ਦਿਲ ਪਰਚਾਵਣ,
ਝੜੀ ਲੱਗ ਗਈ ਭਾਰੀ।
ਝੂਟੇ ਲੈਂਦੀ ਮਰੀਆ ਭਿੱਜ ਗਈ,
ਨਾਲੇ ਰਾਮ ਪਿਆਰੀ।
ਕੁਦਰਤੀ ਹਰੇ ਦੀ ਭਿੱਜੀ ਵਰੀ ਦੀ,
ਕਿਸ਼ਨੋ ਦੀ ਫੁਲਕਾਰੀ।
ਪੀਂਘ ਝੂਟਦੀ ਸੱਸੀ ਡਿੱਗ ਪਈ,
ਨਾਲੇ ਨੂਰੀ ਨਾਭੇ ਵਾਲੀ।
ਭਿੱਜ ਗਈ ਲਾਜੋ ਨੀ,
ਬਹੁਤੇ ਨਖਰਿਆਂ ਵਾਲੀ।

ਤੀਆਂ ਜੋਰ ਲੱਗੀਆਂ,
ਜੋਰੋ ਜੋਰ ਲੱਗੀਆਂ।
ਮੇਰੇ ਪੇਕਿਆਂ ਦੇ ਪਿੰਡ,
ਤੀਆਂ ਜੋਰ ਲੱਗੀਆਂ।

ਕੁੜੀਆਂ ਨੱਚਦੀਆਂ ਟੱਪਦੀਆਂ, ਪੀਂਘਾਂ ਝੂਟਦੀਆਂ, ਹਾਸਾ ਮਜ਼ਾਕ ਕਰਦੀਆਂ, ਖੁੱਲ੍ਹ ਕੇ ਆਜ਼ਾਦੀ ਮਾਣਦੀਆਂ। ਆਪਣਾ ਵੀਰ ਉਨ੍ਹਾਂ ਨੂੰ ਸਭ ਤੋਂ ਵੱਧ ਤਾਕਤਵਰ, ਸੁੰਦਰ ਅਤੇ ਸਿਆਣਾ ਜਾਪਦਾ ਹੈ। ਉਹ ਗਾਉਂਦੀਆਂ,

ਜਿੱਥੇ ਵੱਜਦੀ ਬੱਦਲ ਵਾਂਗੂੰ ਗੱਜਦੀ,
ਕਾਲੀ ਡਾਂਗ ਮੇਰੇ ਵੀਰ ਦੀ।

ਕੌੜੀ ਨਿੰਮ ਨੂੰ ਪਤਾਸੇ ਲੱਗਦੇ,
ਜਿੱਥੋਂ ਦੀ ਮੇਰਾ ਵੀਰ ਲੰਘਿਆ।

ਵੀਰ ਪੱਟ ਦਾ ਲੱਛਾ ਪਟਵਾਰੀ,
ਧੁੱਪ ਵਿਚ ਭੋਂ ਮਿਣਦਾ।

ਤੈਨੂੰ ਦੇਖ ਭੁੱਖੀ ਰੱਜ ਜਾਵਾਂ,
ਚੰਨ ਨਾਲੋਂ ਸੋਹਣੇ ਵੀਰਨਾ।

ਕੁੜੀਆਂ ਨੂੰ ਆਪਣੇ ਵੀਰ ਤਾਂ ਪਿਆਰੇ ਹੁੰਦੇ ਹੀ ਹਨ, ਪਰ ਭਤੀਜੇ ਵੀਰਾਂ ਤੋਂ ਵੀ ਵੱਧ ਪਿਆਰੇ ਹੁੰਦੇ ਹਨ।

ਬਿਨ ਪੌੜੀਓਂ ਚੁਬਾਰੇ ਚੜ੍ਹ ਜਾਵਾਂ,
ਚੁੱਕ ਕੇ ਭਤੀਜੇ ਨੂੰ।

ਭਾਈਆਂ ਨਾਲੋਂ ਨੇ ਭਤੀਜੇ ਪਿਆਰੇ ਲੱਗਦੇ,
ਭੂਆ ਕਹਿ ਕੇ ਮੱਥਾ ਟੇਕਦੇ।

ਪੁੱਤ ਵੀਰ ਦਾ ਭਤੀਜਾ ਮੇਰਾ,
ਨਿਉਂ ਜੜ੍ਹ ਮਾਪਿਆਂ ਦੀ।

ਕੁੜੀਆਂ ਨੂੰ ਆਪਣੇ ਬਾਬਲ ਦਾ ਫਿਕਰ ਵੀ ਹੁੰਦਾ ਹੈ। ਇਸ ਗੀਤ ਰਾਹੀਂ ਉਹ ਇੱਕ ਤਰ੍ਹਾਂ ਨਾਲ ਵੀਰਾਂ ਨੂੰ ਬਾਪੂ ਦਾ ਖਿਆਲ ਰੱਖਣ ਲਈ ਕਹਿੰਦੀਆਂ ਹਨ,

ਹਰੇ ਹਰੇ ਘਾਹ ਉਤੇ ਸੱਪ ਫੂਕਾਂ ਮਾਰਦਾ,
ਭੱਜੋ ਵੀਰੋ ਵੇ ਬਾਪੂ 'ਕੱਲਾ ਮੱਝਾਂ ਚਾਰਦਾ।

ਪੇਕਿਆਂ ਦੇ ਘਰ ਮਾਣੀ ਆਜ਼ਾਦੀ ਕਾਰਨ ਉਨ੍ਹਾਂ ਨੂੰ ਕਈ ਵਾਰੀ ਸਹੁਰੇ ਪਰਿਵਾਰ ਵੱਲੋਂ ਕੀਤੀ ਨੁਕਤਾਚੀਨੀ ਤਕਲੀਫ ਦਿੰਦੀ ਹੈ। ਜੇ ਵੀਰ ਕਿਸੇ ਮਜਬੂਰੀ ਕਾਰਨ ਆਪਣੀ ਭੈਣ ਨੂੰ ਲੈਣ ਨਾ ਜਾ ਸਕਦਾ ਤਾਂ ਸੱਸ ਦੇ ਮਿਹਣੇ ਸੁਣਨ ਨੂੰ ਮਿਲਦੇ। ਉਸ ਸਮੇਂ ਤਾਂ ਭਾਵੇਂ ਸੱਸ ਨੂੰ ਅੱਗੋਂ ਕੋਈ ਜਵਾਬ ਨਾ ਦਿੱਤਾ ਜਾਂਦਾ, ਪਰ ਤੀਆਂ ਦੇ ਗਿੱਧੇ ਵਿਚ ਇਹ ਮਿਹਣੇ ਅਤੇ ਕੁੜੀ ਦੇ ਅੰਦਰਲਾ ਜਵਾਬ, ਜੋ ਉਸ ਨੇ ਸੱਸ ਸਾਹਮਣੇ ਬੁੱਲ੍ਹਾਂ ਤੱਕ ਨਾ ਆਉਣ ਦਿੱਤਾ, ਇਸ ਤਰ੍ਹਾਂ ਦੇ ਗੀਤਾਂ ਦਾ ਰੂਪ ਲੈ ਕੇ ਬਾਹਰ ਨਿਕਲਦਾ ਹੈ,

ਸੱਸ: ਤੈਨੂੰ ਤੀਆਂ ਨੂੰ ਲੈਣ ਨਾ ਆਏ,
ਬਹੁਤਿਆਂ ਭਰਾਵਾਂ ਵਾਲੀਏ।
ਨੂੰਹ: ਤੈਥੋਂ ਡਰਦੇ ਲੈਣ ਨਾ ਆਏ,
ਸੱਸੀਏ ਵੜੇਵੇਂ ਅੱਖੀਏ।

ਤੀਆਂ ਵਿਚ ਕਿਸੇ ਨੁਕਤਾਚੀਨੀ ਦਾ ਕੋਈ ਡਰ ਨਹੀਂ ਹੁੰਦਾ, ਇਸ ਲਈ ਮਨਮਰਜ਼ੀ ਦੇ ਹਾਸੇ ਮਖੌਲ ਵਾਲੇ ਗੀਤ ਬਣਾ ਕੇ ਗਾਉਂਦੀਆਂ ਹਨ,

ਬੱਲੇ ਬੱਲੇ ਬਈ ਸੱਸ ਮੇਰੀ ਮਸਾਂ ਬਚੀ,
ਟਾਹਲੀ ਓਹਲੇ ਚੂਹੀ ਨੇ ਲੱਤ ਮਾਰੀ।

ਬੱਲੇ ਬੱਲੇ ਬਈ ਡੋਲੇ ਕੋਲੋਂ ਬਾਂਹ ਟੁੱਟ ਗਈ,
ਮੇਰੀ ਸੱਸ ਨੇ ਮੱਕੀ ਦਾ ਟੁੱਕ ਮਾਰਿਆ।

ਹੋਰਾਂ ਦੇ ਜੀਜੇ ਲੰਮ-ਸਲੰਮੇ,
ਸਾਡਾ ਜੀਜਾ ਗਿਠ-ਮੁਠੀਆ,
ਜਿਵੇਂ ਚਲਦਾ ਸੜਕ 'ਤੇ ਫਿਟਫਿਟੀਆ।

ਤੀਆਂ ਦੇ ਤੇਰਾਂ ਕੁ ਦਿਨਾਂ ਵਿਚ ਹਰ ਮੁਟਿਆਰ ਆਪਣੇ ਅੰਦਰ ਡੱਕ ਕੇ ਰੱਖੇ ਗਿਲੇ ਸ਼ਿਕਵੇ, ਦੁੱਖ-ਸੁੱਖ ਆਦਿ ਸਭ ਗੀਤਾਂ, ਬੋਲੀਆਂ ਅਤੇ ਤਮਾਸ਼ਿਆਂ ਰਾਹੀਂ ਬਾਹਰ ਕੱਢ ਦਿੰਦੀ। ਜਿਥੇ ਆਪਣੇ ਮਾਂ-ਪਿਓ, ਭਰਾਵਾਂ-ਭਰਜਾਈਆਂ ਦੀਆਂ ਸਿਫਤਾਂ ਕਰਦੀ ਨਹੀਂ ਥੱਕਦੀ, ਉਥੇ ਆਪਣੇ ਨਾਲ ਹੋਈ ਬੇਇਨਸਾਫੀ ਦੀ ਗੱਲ ਵੀ ਕਰਦੀ,

ਸੁਣ ਵੇ ਚਾਚਾ, ਸੁਣ ਵੇ ਤਾਇਆ।
ਸੁਣ ਵੇ ਬਾਬਲ ਮੇਰੀ,
ਦਾਰੂ ਪੀਣੇ ਦੇ, ਧੀ ਕੂੰਜ ਕਿਉਂ ਡੋਬੀ।

ਕੰਘੀ ਨੀ ਕੰਘੀ ਮਾਏ ਮੇਰੀਏ,
ਮੈਂ ਬੁੱਢੜੇ ਨਾਲ ਮੰਗੀ ਮਾਏ ਮੇਰੀਏ।
ਭੁਕਾਂ ਨੀ ਭੁਕਾਂ ਮਾਏ ਮੇਰੀਏ,
ਮੈਂ ਬੁੱਢੜੇ ਨੂੰ ਕੀ ਫੂਕਾਂ ਮਾਏ ਮੇਰੀਏ।

ਬਾਬਲੇ ਨੇ ਵਰ ਟੋਲਿਆ,
ਮੇਰੀ ਗੁੱਤ ਦੇ ਪਰਾਂਦੇ ਨਾਲੋਂ ਛੋਟਾ।

ਕੁੱਜਾ ਕੋਰਾ ਕੋਰਾ,
ਕੰਤ ਨਿਆਣੇ ਦਾ,
ਖਾ ਗਿਆ ਹੱਡਾਂ ਨੂੰ ਝੋਰਾ।

ਉਨ੍ਹੀਂ ਦਿਨੀਂ ਬਹੁਤੀ ਵਾਰੀ ਵੱਡੀ ਭੈਣ ਦੇ ਨਾਲ ਹੀ ਨਿੱਕੀ ਭੈਣ ਦਾ ਵਿਆਹ ਉਸ ਦੇ ਦਿਉਰ ਨਾਲ ਕਰ ਦਿੱਤਾ ਜਾਂਦਾ ਸੀ। ਉਮਰ ਛੋਟੀ ਹੋਣ ਕਰਕੇ ਮੁਕਲਾਵਾ ਬਾਅਦ ਵਿਚ ਦਿੱਤਾ ਜਾਂਦਾ ਸੀ ਜਾਂ ਕਹਿ ਦੇਈਏ ਕਿ ਕੁੜੀ ਨੂੰ ਕਈ ਸਾਲ ਮਗਰੋਂ ਸਹੁਰੇ ਘਰ ਭੇਜਿਆ ਜਾਂਦਾ ਸੀ। ਜਿਨ੍ਹਾਂ ਕੁੜੀਆਂ ਦਾ ਮੁਕਲਾਵਾ ਨਹੀਂ ਸੀ ਦਿੱਤਾ ਹੁੰਦਾ, ਉਨ੍ਹਾਂ ਦੇ ਕੰਤ ਵੀ ਆਪਣੇ ਵੱਡੇ ਵੀਰ ਨਾਲ ਸਹੁਰੇ ਘਰ ਆਉਂਦੇ-ਜਾਂਦੇ ਰਹਿੰਦੇ ਸਨ, ਪਰ ਉਹ ਕੁੜੀਆਂ ਆਪਣੇ ਕੰਤ ਦੇ ਬਿਲਕੁਲ ਵੀ ਸਾਹਮਣੇ ਨਹੀਂ ਸਨ ਹੁੰਦੀਆਂ ਅਤੇ ਵਿਆਹੀਆਂ ਕੁੜੀਆਂ ਵੀ ਆਪਣੇ ਪਿਉ, ਭਰਾਵਾਂ, ਚਾਚੇ-ਤਾਇਆਂ ਤੋਂ ਸ਼ਰਮ ਮੰਨਦੀਆਂ ਘੱਟ ਹੀ ਆਪਣੇ ਪਤੀ ਦੇ ਸਾਹਮਣੇ ਜਾਂਦੀਆਂ। ਕਈ ਘਰਾਂ ਵਿਚ ਜਵਾਈਆਂ ਨੂੰ ਤੀਆਂ ਦੇਖਣ ਦੀ ਖੁੱਲ੍ਹ ਹੁੰਦੀ ਸੀ, ਪਰ ਉਹ ਕੁਝ ਦੂਰੀ ਤੋਂ ਗਿੱਧਾ ਪੈਂਦਾ ਦੇਖ ਸਕਦੇ ਸਨ। ਸਹੁਰੇ ਘਰ ਵਿਚ ਉਨ੍ਹਾਂ ਦੀ ਖੂਬ ਖਾਤਰਦਾਰੀ ਕੀਤੀ ਜਾਂਦੀ ਸੀ। ਘਰ ਦੇ ਜਵਾਈ ਦੀ ਦੂਰੋਂ ਹੀ ਪਛਾਣ ਆ ਜਾਂਦੀ ਸੀ, ਕਿਉਂਕਿ ਭਾਵੇਂ ਉਹ ਵਿਹੜੇ ਵਿਚ ਬੈਠਾ ਹੁੰਦਾ ਜਾਂ ਕਿਸੇ ਦਰੱਖਤ ਹੇਠ, ਉਸ ਦੇ ਮੰਜੇ ਉਤੇ ਕਢਾਈ ਕੀਤੀ ਸੋਹਣੀ ਚਾਦਰ ਵਿਛੀ ਹੁੰਦੀ ਸੀ। ਜਦੋਂ ਉਹ ਤੀਆਂ ਦੇਖਣ ਜਾਂਦੇ ਤਾਂ ਉਹ, ਜਿਸ ਥਾਂ ਤੀਆਂ ਲੱਗੀਆਂ ਹੁੰਦੀਆਂ ਸਨ, ਉਸ ਤੋਂ ਥੋੜ੍ਹੀ ਦੂਰੀ ਬਣਾ ਕੇ ਟਹਿਲਦੇ ਰਹਿੰਦੇ ਜਾਂ ਫਿਰ ਕੁੜੀਆਂ ਦੀਆਂ ਪਾਈਆਂ ਪੀਂਘਾਂ ਝੂਟਣ ਲੱਗ ਜਾਂਦੇ। ਕੁੜੀਆਂ ਦਾ ਗਿੱਧਾ ਉਸ ਸਮੇਂ ਸਿਖਰ 'ਤੇ ਹੁੰਦਾ ਸੀ। ਜਿਨ੍ਹਾਂ ਕੁੜੀਆਂ ਦੇ ਕੰਤ ਤੀਆਂ ਦੇਖਣ ਆਏ ਹੁੰਦੇ, ਉਹ ਸਾਹਮਣੇ ਨਾ ਹੁੰਦੀਆਂ, ਪਰ ਬਾਕੀ ਕੁਝ ਇਸ ਤਰ੍ਹਾਂ ਦੇ ਗੀਤ ਗਾਉਂਦੀਆਂ,

ਇਹਦੇ ਮਾਰੋ ਨੀ ਵਗਾਹ ਕੇ
ਮੋਹੜਾ ਜੰਡ ਦਾ,
ਜਾਂਦਾ ਰਾਹੀ ਕੌਣ ਕੁੜੀਓ?

ਇਹਦੇ ਮਾਰੋ ਨੀ ਟਿਕਾ ਕੇ
ਮੋਹੜਾ ਜੰਡ ਦਾ,
ਜਾਂਦਾ ਰਾਹੀ ਠੱਗ ਕੁੜੀਓ।

ਤੇਰਾ ਸਾਇਕਲ ਪੈਂਚਰ ਹੋ ਜੇ,
ਡੰਡੀ ਡੰਡੀ ਜਾਣ ਵਾਲਿਆ।

ਪੂਰਨਮਾਸ਼ੀ ਵਾਲੇ ਦਿਨ ਤੀਆਂ ਦੀ ਸਮਾਪਤੀ ਹੁੰਦੀ ਸੀ। ਇਸ ਦਿਨ ਭੈਣਾਂ ਆਪਣੇ ਵੀਰਾਂ ਦੇ ਗੁੱਟ 'ਤੇ ਹੱਥ ਨਾਲ ਬਣਾਈ ਲੋਗੜੀ ਦੇ ਫੁੱਲ ਵਾਲੀ ਰੱਖੜੀ ਬੰਨ੍ਹਦੀਆਂ, ਜਿਸ ਨੂੰ 'ਪਹੁੰਚੀ' ਵੀ ਆਖਿਆ ਜਾਂਦਾ ਸੀ।

ਤੀਆਂ ਦਾ ਆਖਰੀ ਦਿਨ ਜਿਸ ਨੂੰ 'ਬੱਲੋ ਪੈਣੀ' ਵੀ ਕਿਹਾ ਜਾਂਦਾ ਸੀ। ਉਸ ਦਿਨ ਤਾਂ ਸਾਰੇ ਪਿੰਡ ਦੀਆਂ ਕੁੜੀਆਂ ਤੀਆਂ ਦੇਖਣ ਜਾਂਦੀਆਂ ਸਨ। ਜਿਹੜੇ ਲੋਕ ਆਪਣੀਆਂ ਧੀਆਂ-ਭੈਣਾਂ ਨੂੰ ਕਦੇ ਤੀਆਂ ਵਿਚ ਜਾਣ ਦੀ ਇਜਾਜ਼ਤ ਨਹੀਂ ਸਨ ਦਿੰਦੇ, ਉਹ ਵੀ ਭੇਜ ਦਿੰਦੇ ਸਨ, ਕਿਉਂਕਿ ਇਹ ਮਾਨਤਾ ਸੀ ਕਿ ਤੀਆਂ ਵਾਲੀ ਥਾਂ ਤੋਂ ਜਿਹੜੀ ਹਰੀ ਹਰੀ ਦੁੱਬ ਲਿਆਂਦੀ ਜਾਂਦੀ ਸੀ, ਉਹ ਘਰ ਲਿਆਉਣ ਨਾਲ ਬਾਬਲ ਅਤੇ ਵੀਰਾਂ ਦਾ ਵਿਹੜਾ ਬਰਕਤ ਤੇ ਖੁਸ਼ੀਆਂ ਨਾਲ ਭਰਿਆ ਰਹਿੰਦਾ ਹੈ। ਇਸ ਦਿਨ ਕੁੜੀਆਂ ਚਿੜੀਆਂ ਪੂਰੇ ਜੋਸ਼ ਨਾਲ ਗਿੱਧਾ ਪਾਉਂਦੀਆਂ ਹਨ।

ਬੱਲੋ ਵਾਲੇ ਦਿਨ ਕੁੜੀਆਂ ਦੋ ਟੋਲੀਆਂ ਬਣਾ ਲੈਂਦੀਆਂ ਸਨ। ਇੱਕ ਟੋਲੀ ਕੁੜੀ ਪੱਖ ਦੀ, ਦੂਜੀ ਮੁੰਡੇ ਪੱਖ ਦੀ। ਉਨ੍ਹਾਂ ਵਿਚੋਂ ਇੱਕ ਕੁੜੀ ਆਪਣੀ ਚੁੰਨੀ ਸਿਰ 'ਤੇ ਲਪੇਟ ਕੇ ਲਾੜਾ ਬਣ ਜਾਂਦੀ, ਫਿਰ ਦੂਜੀ ਟੋਲੀ ਵਿਚੋਂ ਜਿਸ ਕੁੜੀ ਨੇ ਵਧੀਆ ਗਹਿਣੇ ਗੱਟੇ ਪਾਏ ਹੁੰਦੇ, ਉਸ ਨੂੰ ਲਾੜੀ ਬਣਾਇਆ ਜਾਂਦਾ ਅਤੇ ਉਨ੍ਹਾਂ ਦੇ ਵਿਆਹ ਦੀਆਂ ਝੂਠ-ਮੂਠ ਦੀਆਂ ਰਸਮਾਂ ਕੀਤੀਆਂ ਜਾਂਦੀਆਂ, ਗੀਤ ਗਾਉਣ ਦਾ ਮੁਕਾਬਲਾ ਹੁੰਦਾ ਸੀ। ਇੱਕ ਟੋਲੀ ਦੂਜੀ ਨੂੰ ਹਰਾਉਣ ਲਈ ਪੂਰਾ ਜ਼ੋਰ ਲਾ ਦਿੰਦੀ ਸੀ। ਇਸ ਦਿਨ ਕੁੜੀਆਂ ਨੂੰ ਸ਼ਾਮ ਪੈ ਜਾਂਦੀ। ਹਰੀ ਹਰੀ ਦੁੱਬ ਪੁੱਟ ਲਈ ਜਾਂਦੀ। ਉਹ ਗਿੱਧਾ ਪਾਉਂਦੀਆਂ ਪਿੰਡ ਵੱਲ ਤੁਰ ਪੈਂਦੀਆਂ। ਥੋੜ੍ਹੇ ਕਦਮ ਤੁਰਦੀਆਂ ਗਿੱਧਾ ਪਾਉਂਦੀਆਂ, ਫਿਰ ਰੁਕ ਕੇ ਗਿੱਧਾ ਪਾਉਂਦੀਆਂ। ਇਸ ਤਰ੍ਹਾਂ ਰੁਕ ਰੁਕ ਕੇ ਗਿੱਧਾ ਪਾਉਂਦੀਆਂ, ਗੀਤ ਗਾਉਂਦੀਆਂ ਤੇ ਬੋਲੀਆਂ ਪਾਉਂਦੀਆਂ,

ਸਾਉਣ ਮਹੀਨੇ ਘਾਹ ਹੋ ਗਿਆ,
ਰੱਜੀਆਂ ਮੱਝੀਆਂ ਗਾਈਂ।
ਗਿੱਧਿਆ ਪਿੰਡ ਵੜ ਵੇ,
ਲਾਂਭ ਲਾਂਭ ਨਾ ਜਾਈਂ।

ਸਾਉਣ ਮਹੀਨੇ ਨੂੰ ਵੀਰ ਦਾ ਦਰਜਾ ਦਿੰਦੀਆਂ ਅਤੇ ਵਿਛੜਨ ਦਾ ਸਾਰਾ ਦੋਸ਼ ਭਾਦੋਂ ਸਿਰ ਮੜ੍ਹਿਆ ਜਾਂਦਾ,

ਸਾਉਣ ਵੀਰ 'ਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ।

ਇਸ ਦਿਨ ਕੁੜੀਆਂ ਪਿੰਡ ਵਿਚ ਗਿੱਧਾ ਪਾਉਂਦੀਆਂ ਜਾਂਦੀਆਂ। ਬਾਬਲ ਦੇ ਵਿਹੜੇ ਦੀ ਅਤੇ ਪੂਰੇ ਨਗਰ ਖੇੜੇ ਦੀ ਸੁੱਖ ਮੰਗਦੀਆਂ ਗਾਉਂਦੀਆਂ,

ਜੁਗ ਜੁਗ ਰਹੇ ਵਸਦਾ,
ਮੇਰੇ ਧਰਮੀ ਬਾਬਲ ਦਾ ਵਿਹੜਾ।

ਸੁੱਖ ਵਸਦੀ ਵੇ ਵੀਰੋ
ਥੋੜੀ ਨਗਰੀ ਵੇ ਸੁੱਖ ਵਸਦੀ।

ਪਿੰਡ ਦੇ ਦਰਵਾਜੇ ਤੱਕ ਪਹੁੰਚ ਕੇ ਜਾਂ ਪਿੰਡ ਦੇ ਵਿਚਕਾਰ ਪਹੁੰਚ ਕੇ ਖੂਬ ਗਿੱਧਾ ਪਾਇਆ ਜਾਂਦਾ। ਅਖੀਰ ਤੇ ਇੱਕ ਉਮੀਦ ਅਗਲੇ ਸਾਲ ਇਕੱਠੀਆਂ ਹੋਣ ਦੀ ਅਤੇ ਆਪਣੇ ਮਨਾਂ ਨੂੰ ਧਰਵਾਸ ਦਿੰਦੀਆਂ ਜਾਪਦੀਆਂ ਅਤੇ ਵਾਰ ਵਾਰ ਗਾਉਂਦੀਆਂ,

ਵਰ੍ਹੇ ਦਿਨਾਂ ਨੂੰ ਫੇਰ, ਤੀਆਂ ਤੀਜ ਦੀਆਂ।

ਇਸ ਤਰ੍ਹਾਂ ਤੀਆਂ ਦੀ ਸਮਾਪਤੀ ਹੁੰਦੀ। ਇੱਕ ਵਾਰ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਕਿ ਧੀਆਂ-ਭੈਣਾਂ ਦੀਆਂ ਅਸੀਸਾਂ ਅਤੇ ਦੁਆਵਾਂ ਨਾਲ ਸਾਰੇ ਪਿੰਡ ਦੇ ਦੁੱਖ ਤਕਲੀਫਾਂ ਪਿੰਡ ਛੱਡ ਕੇ ਭੱਜ ਗਏ ਹੋਣ। ਭਰੇ ਮਨਾਂ ਨਾਲ ਕੁੜੀਆਂ-ਚਿੜੀਆਂ ਘੁੱਟ ਘੁੱਟ ਜੱਫੀਆਂ ਪਾ ਕੇ ਆਪਣੀਆਂ ਅੱਤੋਂ ਪਿਆਰੀਆਂ ਸਹੇਲੀਆਂ ਤੋਂ ਵਿਦਾ ਲੈਂਦੀਆਂ, ਕਿਉਂਕਿ ਕਈਆਂ ਨੇ ਤਾਂ ਭਾਦੋਂ ਦੇ ਪਹਿਲੇ ਦਿਨ ਹੀ ਧਰਮੀ ਬਾਬਲ ਦਾ ਦੇਸ਼ ਛੱਡ ਕੇ ਉਡਾਰੀ ਮਾਰਨੀ ਹੁੰਦੀ ਸੀ। ਕਈ ਕਈ ਦਿਨ ਪਿੰਡ ਵਾਲਿਆਂ ਦੇ ਕੰਨਾਂ ਵਿਚ ਇਹ ਗਿੱਧਾ ਅਤੇ ਗੀਤ ਗੂੰਜਦੇ ਰਹਿੰਦੇ ਸਨ।

ਇਹ ਬੀਤੇ ਸਮੇਂ ਦੀਆਂ ਗੱਲਾਂ ਨੇ। ਸਮੇਂ ਦੇ ਬਦਲਣ ਨਾਲ ਸਭ ਕੁਝ ਬਦਲ ਗਿਆ। ਪਿੰਡਾਂ ਵਿਚ ਤਾਂ ਕਿਤੇ ਕਿਤੇ ਅੱਜ ਵੀ ਇਸ ਅਨਮੋਲ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ, ਪਰ ਪਹਿਲਾਂ ਵਾਲੀ ਰੌਣਕ ਨਹੀਂ। ਸ਼ਹਿਰਾਂ ਅਤੇ ਪਿੰਡਾਂ ਵਿਚ ਨੌਕਰੀ ਕਰਨ ਵਾਲੀਆਂ ਅੱਜ ਕੱਲ੍ਹ ਦੀਆਂ ਬਹੁਤ ਸਾਰੀਆਂ ਕੁੜੀਆਂ-ਚਿੜੀਆਂ ਦੋ ਪਿੰਜਰਿਆਂ ਵਿਚ ਬੰਦ ਹੁੰਦੀਆਂ ਨੇ, ਦਫਤਰ ਅਤੇ ਘਰ। ਕਈਆਂ ਲਈ ਇੱਕੋ ਪਿੰਜਰਾ ਹੁੰਦਾ ਹੈ, ਉਹ ਹੈ ਘਰ। ਉਹ ਸਿਰਫ ਕਿਸੇ ਰਿਸ਼ਤੇਦਾਰੀ ਵਿਚ ਖੁਸ਼ੀ-ਗਮੀ ਹੋਵੇ, ਫਿਰ ਹੀ ਆਪਣੇ ਕਮਜ਼ੋਰ ਖੰਭਾਂ ਨਾਲ ਲੋੜ ਜੋਗੀ ਉਡਾਰੀ ਭਰਦੀਆਂ ਨੇ। ਤੀਆਂ ਦਾ ਤਿਉਹਾਰ ਵੀ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਅਤੇ ਪਾਰਕਾਂ ਵਿਚ ਰਸਮੀ ਤਰੀਕੇ ਨਾਲ ਹੀ ਮਨਾਇਆ ਜਾਂਦਾ ਹੈ।

ਨਾਗ ਵਾਂਗ ਮੇਲ੍ਹਦੀਆਂ ਗੁੱਤਾਂ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ, ਕਿਉਂਕਿ ਸਾਡੀ ਮਾਨਸਿਕਤਾ ਕਮਜ਼ੋਰ ਹੋ ਚੁਕੀ ਹੈ। ਕਮਜ਼ੋਰ ਮਾਨਸਿਕਤਾ ਆਪਣਾ ਅਸਲ ਗੁਆ ਕੇ ਨਕਲੀ ਦਿਖਾਵੇ ਵਿਚ ਆ ਜਾਂਦੀ ਹੈ। ਹੁਣ ਕੁੜੀਆਂ ਨਕਲੀ ਗਹਿਣੇ ਪਾ ਕੇ ਮੂੰਹ 'ਤੇ ਨਕਲੀ ਜਿਹਾ ਰੂਪ ਚੜ੍ਹਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਕਿਉਂਕਿ ਅਸਲੀ ਰੂਪ ਤਾਂ ਉਦੋਂ ਚੜ੍ਹਦਾ ਹੈ, ਜਦੋਂ ਅੰਦਰ ਚਾਅ ਤੇ ਉਤਸ਼ਾਹ ਹੁੰਦਾ ਹੈ। ਚਾਅ ਤੇ ਉਤਸ਼ਾਹ ਕੀਹਦੇ ਸਿਰ 'ਤੇ ਹੋਵੇ? ਕੁਝ ਵੀਰ ਆਰਥਕ ਤੰਗੀਆਂ ਕਰਕੇ ਆਪਣੇ ਆਪ ਨੂੰ ਖਤਮ ਕਰ ਲੈਂਦੇ ਨੇ, ਕੁਝ ਨਸ਼ੇੜੀ ਹੋ ਗਏ ਤੇ ਕੁਝ ਵਿਦੇਸ਼ਾਂ ਵਿਚ ਵਸ ਗਏ। ਇਸ ਸਾਰੇ ਬਦਲਾਅ ਦੇ ਜ਼ਿੰਮੇਵਾਰ ਅਸੀਂ ਸਾਰੇ ਹਾਂ। ਅਸੀਂ ਸਮੱਸਿਆਵਾਂ ਦਾ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਸਗੋਂ ਉਨ੍ਹਾਂ ਤੋਂ ਭੱਜਦੇ ਹਾਂ। ਜੋ ਬਾਅਦ ਵਿਚ ਬਹੁਤ ਵਿਕਰਾਲ ਰੂਪ ਧਾਰ ਕੇ ਸਾਡੇ ਸਾਹਮਣੇ ਆ ਖਲੋਂਦੀਆਂ ਹਨ ਅਤੇ ਫਿਰ ਚਾਹ ਕੇ ਵੀ ਕੋਈ ਹੱਲ ਨਹੀਂ ਕੱਢ ਸਕਦੇ। ਫਰਜ਼ ਨਿਭਾਉਣ ਦੀ ਲੋਕ-ਲਾਜ ਖਤਮ ਹੁੰਦੀ ਜਾਂਦੀ ਹੈ। ਜਿੱਥੇ ਲੋਕ-ਲਾਜ ਮੁੱਕ ਗਈ, ਉਥੇ ਸੰਵੇਦਨਸ਼ੀਲਤਾ ਵੀ ਖੁਰਦੀ ਹੈ। ਸੰਵੇਦਨਸ਼ੀਲਤਾ ਦਾ ਖੋਰਾ ਸਭ ਲਈ ਘਾਤਕ ਹੈ।

ਇਸ ਸਭ ਕੁਝ ਦਾ ਅਸਰ ਸਾਉਣ ਵੀਰ 'ਤੇ ਵੀ ਪੈਣਾ ਹੀ ਹੈ। ਹੁਣ ਪਿੰਡਾਂ ਦੀਆਂ ਸੱਥਾਂ ਵਿਚੋਂ ਇਹ ਆਵਾਜ਼ ਬਹੁਤ ਘੱਟ ਆਉਂਦੀ ਹੈ, "ਸਾਉਣ ਵੀਰ 'ਕੱਠੀਆਂ ਕਰੇ...।"

ਸ਼ਾਇਦ ਸਾਉਣ ਵੀਰ ਵਿਚ ਵੀ ਓਨਾ ਦਮ ਨਹੀਂ ਰਿਹਾ ਅਤੇ ਨਾ ਹੀ ਭੈਣਾਂ ਵਿਚ। ਰਹਿੰਦੀ ਕਸਰ ਕਰੋਨਾ ਵਾਇਰਸ ਕੱਢ ਰਿਹਾ ਹੈ। ਸਾਲ 2020 ਦੇ ਸਾਉਣ ਦੀਆਂ ਰੌਣਕਾਂ ਕੋਵਿਡ-19 ਦੀ ਭੇਟ ਚੜ੍ਹ ਚੁਕੀਆਂ ਹਨ। ਸਮਾਜਿਕ ਦੂਰੀ ਸਮੇਂ ਦੀ ਮੰਗ ਵੀ ਹੈ ਤੇ ਸਭ ਦੇ ਭਲੇ ਲਈ ਜਰੂਰੀ ਵੀ।


# ਦਿਲ ਦੀਆਂ ਟੋਹਾਂ: ਮਾਜੀਦੀ ਅਤੇ 'ਚਿਲਡਰਨ ਆਫ ਹੈਵਨ'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਚਿਲਡਰਨ ਆਫ ਹੈਵਨ' ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*






ਫਿਲਮ 'ਚਿਲਡਰਨ ਆਫ ਹੈਵਨ' ਦਾ ਪੋਸਟਰ ਅਤੇ (ਸੱਜੇ) ਫਿਲਮ ਦੀ ਇਕ ਝਲਕ

ਜੁੱਤੀ ਦੇ ਇੱਕ ਜੋੜੇ ਦੀ ਮਨੁੱਖੀ ਜ਼ਿੰਦਗੀ ਵਿਚ ਕੀ ਅਹਿਮੀਅਤ ਹੋ ਸਕਦੀ ਹੈ? ਕੀ ਕੋਈ ਅੰਦਾਜ਼ਾ ਲਗਾ ਸਕਦਾ ਹੈ ਕਿ ਕਈ ਵਾਰ ਗਰੀਬੀ ਦੀ ਮਾਰ ਇੰਨੀ ਗੁੱਝੀ ਅਤੇ ਮਾਰੂ ਹੁੰਦੀ ਹੈ ਕਿ ਉਹ ਕਿਸੇ ਦੀ ਜਾਨ ਦੀ ਕੀਮਤ ਕੌਡੀਆਂ 'ਚ ਵੀ ਨਹੀਂ ਪਾਉਂਦੀ?

ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਚਿਲਡਰਨ ਆਫ ਹੈਵਨ' ਦੇਖਦਿਆਂ ਯੂਕਰੇਨ ਵਿਚ ਜਨਮੇ ਰੂਸੀ ਲੇਖਕ ਨਿਕੋਲਾਈ ਗਗੋਲ ਦੀ 1842 ਵਿਚ ਲਿਖੀ ਕਹਾਣੀ 'ਗਰਮ ਕੋਟ' ਵਾਰ-ਵਾਰ ਯਾਦ ਆਉਂਦੀ ਰਹੀ। ਇਹ ਕਹਾਣੀ ਵੀ ਇਸ ਫਿਲਮ ਵਾਂਗ ਬੇਹੱਦ ਸਾਧਾਰਨ ਹੈ। ਕਹਾਣੀ ਵਿਚ ਅਕੇਈ ਨਾਮ ਦਾ ਸਰਕਾਰੀ ਕਲਰਕ ਹੈ ਜਿਸ ਦਾ ਗਰਮ ਕੋਟ ਇੰਨੀ ਜਗਾਹ ਤੋਂ ਪਾਟ ਚੁੱਕਿਆ ਹੈ ਕਿ ਉਹ ਆਪਣੇ ਦਫਤਰ ਵਿਚ ਮਜ਼ਾਕ ਦਾ ਪਾਤਰ ਬਣ ਗਿਆ ਹੈ। ਅੰਤ ਨੂੰ ਜਦੋਂ ਉਹ ਹੱਡ-ਤੋੜ ਮਿਹਨਤ ਕਰਨ ਤੋਂ ਬਾਅਦ ਨਵਾਂ ਗਰਮ ਕੋਟ ਸਵਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਸਖਤ ਸਰਦੀ ਦੀ ਇਕ ਸ਼ਾਮ ਨੂੰ ਦੋ ਠੱਗ ਉਸ ਦੀ ਮਾਰ-ਕੁੱਟ ਕਰ ਕੇ ਉਹ ਕੋਟ ਉਸ ਤੋਂ ਖੋਹ ਲੈਂਦੇ ਹਨ। ਉਸ ਦੀ ਕਿਤੇ ਸੁਣਵਾਈ ਨਹੀਂ ਹੁੰਦੀ।


ਹਰ ਪਾਸਿਉਂ ਨਿਰਾਸ਼ ਤੇ ਅਧਿਕਾਰੀਆਂ ਦੀ ਝਾੜ-ਝੰਬ ਦਾ ਮਾਰਿਆ ਅਕੇਈ ਆਖਰਕਾਰ ਸਖਤ ਬਿਮਾਰ ਹੋ ਜਾਂਦਾ ਹੈ ਅਤੇ ਫੌਤ ਹੋ ਜਾਂਦਾ ਹੈ। ਬਾਅਦ ਵਿਚ ਕਹਾਣੀ ਇਹ ਦੱਸਦੀ ਹੈ ਕਿ ਕਿਵੇਂ ਉਸ ਦਾ ਭੂਤ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਸਤਾਉਂਦਾ ਹੈ ਅਤੇ ਉਨ੍ਹਾਂ ਲਈ ਕੋਟ ਪਹਿਨਣਾ ਤਕਰੀਬਨ ਅਸੰਭਵ ਕਰ ਦਿੰਦਾ ਹੈ। ਅੰਤ ਇਸ ਕਹਾਣੀ ਨੂੰ ਰੂਸੀ ਭਾਸ਼ਾ ਵਿਚ ਲਿਖੀਆਂ ਗਈਆਂ ਕਹਾਣੀਆਂ ਵਿਚੋਂ ਗਰੀਬੀ ਦੇ ਭੂਤ ਨਾਲ ਵਾਬਾਸਤਾ ਯਾਦਗਾਰ ਕਹਾਣੀ ਦਾ ਦਰਜਾ ਮਿਲਿਆ। ਇਸ ਕਹਾਣੀ ਬਾਰੇ ਇਹ ਕਿਹਾ ਜਾਣ ਲੱਗਿਆ ਕਿ ਅਸੀਂ ਸਾਰੇ ਵੀ ਕਿਤੇ ਨਾ ਕਿਤੇ ਗਗੋਲ ਦੇ ਗਰਮ ਕੋਟ ਵਿਚੋਂ ਹੀ ਜਨਮੇ ਹਾਂ।

ਬਹਰਹਾਲ ਮਾਜਿਦ ਮਾਜੀਦੀ ਦੇ ਕਿਰਦਾਰਾਂ 'ਚ ਅਕੇਈ ਵਾਲੀ ਉਦਾਸੀ ਤੇ ਨਾ-ਉਮੀਦੀ ਨਹੀਂ। ਉਨ੍ਹਾਂ ਵਿਚ ਜ਼ਿੰਦਗੀ ਦਾ ਸੰਗੀਤ ਧੜਕਦਾ ਹੈ ਅਤੇ ਉਨ੍ਹਾਂ ਨੂੰ ਗਰੀਬ ਪਰ ਸਵੈਮਾਣ ਤੇ ਮੁਹੱਬਤਾਂ ਨਾਲ ਭਰੀ ਜ਼ਿੰਦਗੀ ਦਾ ਖਾਕਾ ਖਿੱਚਣਾ ਤੇ ਉਸ ਵਿਚ ਰੰਗ ਭਰਨਾ ਆਉਂਦਾ ਹੈ। ਉਨ੍ਹਾਂ ਨੂੰ ਆਪਣੀ ਗਰੀਬੀ ਵਿਚ ਇੱਕ-ਦੂਜੇ ਦੇ ਮੋਹ ਵਿਚ ਅਸੰਭਵ ਸੁਪਨੇ ਲੈਣੇ ਭਾਰ ਨਹੀਂ ਲਗਦੇ। ਉਨ੍ਹਾਂ ਲਈ ਜ਼ਿੰਦਗੀ ਦਾ ਅਰਥ ਚੀਜ਼ਾਂ ਨਹੀਂ ਸਗੋਂ ਬਲਕਿ ਇੱਕ-ਦੂਜੇ ਦੇ ਬੋਲ, ਦਰਦ, ਮੁਸਕਰਾਹਟਾਂ ਅਤੇ ਤਸੱਲੀਆਂ ਹਨ। ਇਨ੍ਹਾਂ ਸਾਰੇ ਜਜ਼ਬਾਤ ਨੂੰ ਮਾਜਿਦ ਮਾਜੀਦੀ ਜਿੰਨੇ ਸੋਹਣੇ ਤਰੀਕੇ ਨਾਲ ਫਿਲਮਾਉਂਦਾ ਹੈ, ਫਿਲਮ ਦੇ ਕਲਾਕਾਰਾਂ ਦੀ ਸੁਭਾਵਿਕਤਾ ਅਤੇ ਮਾਸੂਮੀਅਤ ਉਸ ਨੂੰ ਕਈ ਗੁਣਾ ਜ਼ਰਬ ਦੇ ਦਿੰਦੀ ਹੈ।

ਫਿਲਮ ਦੀ ਕਹਾਣੀ ਅਨੁਸਾਰ ਅਲੀ ਅਤੇ ਉਸ ਦੀ ਭੈਣ ਜ਼ਾਹਿਰਾ ਆਪਣੇ ਗਰੀਬ ਮਾਪਿਆਂ ਨਾਲ ਕਿਰਾਏ ਦੇ ਘਰ ਵਿਚ ਰਹਿੰਦੇ ਹਨ। ਫਿਲਮ ਦੇ ਮੁਢਲੇ ਦ੍ਰਿਸ਼ਾਂ ਵਿਚ ਇੱਕ ਮੋਚੀ ਜੁੱਤੀ ਦਾ ਪਾਟਿਆ ਜੋੜਾ ਸਿਉਂ ਰਿਹਾ ਹੈ ਜਿਸ ਨੂੰ ਸਿਉਣ ਦੀ ਮਿਆਦ ਕਦੋਂ ਦੀ ਲੰਘ ਚੁੱਕੀ ਹੈ। ਅਲੀ ਬਾਜ਼ਾਰ ਵਿਚੋਂ ਘਰੇਲੂ ਜ਼ਰੂਰਤ ਦਾ ਸਾਮਾਨ ਖਰੀਦਣ ਆਇਆ ਹੋਇਆ ਹੈ। ਬਰੈੱਡ ਖਰੀਦਣ ਤੋਂ ਬਾਅਦ ਜਦੋਂ ਉਹ ਆਲੂ ਖਰੀਦਣ ਲਈ ਦੁਕਾਨ ਦੇ ਬਾਹਰ ਉਹ ਸਿਲਿਆ ਹੋਇਆ ਜੁੱਤੀਆਂ ਦਾ ਜੋੜਾ ਰੱਖ ਦਿੰਦਾ ਹੈ ਤਾਂ ਕਬਾੜੀ ਵਾਲਾ ਉਸ ਨੂੰ ਰੱਦੀ ਸਮਝ ਕੇ ਆਪਣੇ ਰੇਹੜੀ ਵਿਚ ਲੱਦ ਕੇ ਤੁਰਦਾ ਬਣਦਾ ਹੈ। ਅਲੀ ਦੀ ਸਾਰੀ ਦੁਨੀਆਂ ਹੀ ਰੁਕ ਜਾਂਦੀ ਹੈ। ਉਸ ਨੂੰ ਪਤਾ ਹੈ ਕਿ ਉਸ ਦੀ ਭੈਣ ਕੋਲ ਸਕੂਲ ਜਾਣ ਲਈ ਸਿਰਫ ਇਹੀ ਜੋੜਾ ਹੈ ਅਤੇ ਉਸ ਦੇ ਪਿਤਾ ਦੇ ਕੋਲ ਕੋਈ ਕੰਮ-ਕਾਜ ਨਾ ਹੋਣ ਕਾਰਨ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਉਹ ਇਸ ਮਹੀਨੇ ਜਾਂ ਅਗਲੇ ਮਹੀਨੇ ਨਵੀਂ ਜੁੱਤੀ ਖਰੀਦ ਸਕਣ। ਇਸ ਅਸਲੀਅਤ ਨੂੰ ਭਾਂਪਦਿਆਂ ਹੀ ਭੈਣ-ਭਰਾ, ਦੋਵਾਂ ਲਈ ਲਗਾਤਾਰ ਚਲਣ ਵਾਲਾ ਸੰਘਰਸ਼ ਸ਼ੁਰੂ ਹੋ ਜਾਂਦਾ ਹੈ ਜਿਸ ਵਿਚ ਉਨ੍ਹਾਂ ਨੇ ਆਪਣੇ ਪਿਤਾ ਨੂੰ ਨਵੀਂ ਜੁੱਤੀ ਲਿਆਉਣ ਲਈ ਪ੍ਰੇਸ਼ਾਨ ਕੀਤੇ ਬਿਨਾਂ ਇੱਕ ਜੋੜੀ ਜੁੱਤੀ ਨਾਲ ਹੀ ਵਾਰੀ-ਵਾਰੀ ਸਕੂਲ ਜਾਣਾ ਹੈ। ਇਹ ਸਾਧਾਰਨ ਜਾਪਦੀ ਕਹਾਣੀ ਦੁਨੀਆਂ ਦੇ ਹਜ਼ਾਰਾਂ ਮੁਲਕਾਂ ਦੇ ਲੱਖਾਂ ਘਰਾਂ ਵਿਚ ਦੁਹਰਾਈ ਗਈ ਹੈ। ਗਰੀਬੀ ਕਾਰਨ ਨਿੱਕੇ ਤੋਂ ਨਿੱਕਾ ਸੁਪਨਾ ਵੀ ਘਸਮੈਲਾ ਹੋ ਜਾਂਦਾ ਹੈ। ਲੇਖਕ ਓਮ ਪ੍ਰਕਾਸ਼ ਬਾਲਮੀਕੀ ਦੀ ਸਵੈ-ਜੀਵਨੀ 'ਜੂਠ' ਵਿਚ ਇਸ ਨੂੰ ਇੰਨ-ਬਿੰਨ ਮਹਿਸੂਸ ਕੀਤਾ ਜਾ ਸਕਦਾ ਹੈ। ਗਰੀਬੀ ਸਰੀਰ ਨਾਲੋਂ ਆਤਮਾ ਨੂੰ ਵੱਧ ਬੇਦਰਦੀ ਤੇ ਬੇਰਹਿਮੀ ਨਾਲ ਕੁਤਰਦੀ ਹੈ। ਮਾਜਿਦ ਮਾਜੀਦੀ ਇਨ੍ਹਾਂ ਬੱਚਿਆਂ ਦੀ ਜੱਦੋ-ਜਹਿਦ ਵਿਚ ਮਨੁੱਖੀ ਸਵੈਮਾਣ ਅਤੇ ਸਮਰੱਥਾ ਦੀ ਸੰਭਾਵਨਾ ਤੇ ਉਮੀਦ ਭਰਦਾ ਹੈ। ਉਸ ਦੀ ਫਿਲਮ ਵਿਚ ਬੱਚਿਆਂ ਵਿਚ ਪਈ 'ਅਸੰਭਵ ਨੂੰ ਸੰਭਵ' ਬਣਾ ਦੇਣ ਦੀ ਜ਼ਿਦ ਦਰਸ਼ਕਾਂ ਨੂੰ ਵੀ ਸਾਹੋ-ਸਾਹ ਕਰੀ ਰੱਖਦੀ ਹੈ।

ਫਿਲਮ ਵਿਚ ਬਹੁਤ ਸਾਰੇ ਅਜਿਹੇ ਦ੍ਰਿਸ਼ ਹਨ ਜਿਹੜੇ ਰੋਜ਼ ਸਾਡੇ ਆਲੇ-ਦੁਆਲੇ ਵਾਪਰਦੇ ਹਨ ਪਰ ਅਸੀਂ ਜਿਊਣ ਦੀ ਸਾਧਾਰਨਤਾ ਵਿਚ ਇੰਨੇ ਗੁੰਮ ਹਾਂ ਕਿ ਸਾਡੇ ਆਲੇ-ਦੁਆਲੇ ਬਣਦੀ-ਵਿਗੜਦੀ ਇਹ ਦੁਨੀਆਂ ਖਬਰ ਤੋਂ ਵੱਧ ਕੁਝ ਨਹੀਂ ਹੁੰਦੀ। ਫਿਲਮ ਵਿਚ ਵੀ ਫਿਲਮਸਾਜ਼ ਅੰਤ 'ਤੇ ਤਰੱਦਦ ਕਰਦਾ ਹੈ ਕਿ ਉਹ ਸਾਰੀ ਕਹਾਣੀ ਨੂੰ ਸੁਖਾਵਾਂ ਮੋੜ ਦੇ ਕੇ ਛੱਡ ਦੇਵੇ। ਉਹ ਅਲੀ ਲਈ ਅਜਿਹੇ ਮੁਕਾਬਲੇ ਦੀ ਕਲਪਨਾ ਕਰਦਾ ਹੈ ਜਿਸ ਰਾਹੀਂ ਉਹ ਆਪਣੀ ਭੈਣ ਲਈ ਨਵੀਂ ਜੁੱਤੀ ਜਿੱਤ ਸਕੇ। ਫਿਲਮਸਾਜ਼ ਤੇ ਦਰਸ਼ਕਾਂ, ਦੋਵਾਂ ਨੂੰ ਪਤਾ ਹੈ ਕਿ ਇਹ ਤਸੱਲੀ ਝੂਠੀ ਹੈ, ਜ਼ਿੰਦਗੀ ਗਰੀਬਾਂ ਨਾਲ ਅਜਿਹੇ ਚਮਤਕਾਰ ਨਹੀਂ ਕਰਦੀ। ਇਸ ਫਿਲਮ ਦਾ ਅਸਲ ਜਾਦੂ ਉਨ੍ਹਾਂ ਪਲਾਂ ਵਿਚ ਛੁਪਿਆ ਹੋਇਆ ਹੈ ਜਿਨ੍ਹਾਂ ਵਿਚ ਇਹ ਭੈਣ-ਭਰਾ ਅਤੇ ਇਹ ਪੂਰਾ ਇਰਾਨੀ ਪਰਿਵਾਰ ਇੱਕ-ਦੂਜੇ ਦੇ ਦਿਲਾਂ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਦਾ ਇੱਕ-ਦੂਜੇ ਨੂੰ ਭੁੱਖਾਂ, ਥੁੜ੍ਹਾਂ, ਤਰਸੇਵਿਆਂ ਅਤੇ ਹੇਰਵਿਆਂ ਤੋਂ ਬਚਾਉਣ ਦਾ ਅਮਲ ਇਸ ਫਿਲਮ ਨੂੰ ਦੁਨੀਆਂ ਦੀਆਂ ਅਜਿਹੀਆਂ ਚੰਦ ਸਿਨੇਮਈ ਕਹਾਣੀਆਂ ਵਿਚ ਲਿਆ ਖੜ੍ਹਾ ਕਰਦਾ ਹੈ ਜਿੱਥੇ ਤਥਾਕਥਿਤ ਰੱਬ (ਜੇ ਗਲਤੀ ਨਾਲ ਕਿਤੇ ਹੈ!) ਇਨ੍ਹਾਂ ਜਿੰਦਾਂ ਦੇ ਮੂਹਰੇ ਸ਼ਰਮਿੰਦਾ ਹੋ ਜਾਂਦਾ ਹੈ। ਮਾਜਿਦ ਮਾਜੀਦੀ ਦੀ ਇਸ ਫਿਲਮ ਦੀ ਸਭ ਤੋਂ ਵੱਡੀ ਖੂਬਸੂਰਤੀ ਇਹ ਹੈ ਕਿ ਇਹ ਫਿਲਮ ਭੋਰਾ ਭਰ ਵੀ ਗਰੀਬੀ ਨੂੰ ਗਲੈਮਰਾਈਜ਼ ਨਹੀਂ ਕਰਦੀ ਅਤੇ ਨਾ ਹੀ ਇਸ ਉਪਰ ਇਹ ਇਲਜ਼ਾਮ ਲਗਾਇਆ ਜਾ ਸਕਦਾ ਹੈ ਕਿ ਇਹ ਇਰਾਨ ਦੀ ਗਰੀਬੀ ਨੂੰ ਹਾਲੀਵੁੱਡ ਦੇ ਫਿਲਮ ਮੇਲਿਆਂ ਵਿਚ 'ਵੇਚਦੀ' ਹੈ ਸਗੋਂ ਇਹ ਫਿਲਮ ਤਾਂ ਸਰਮਾਏਦਾਰੀ ਪ੍ਰਬੰਧ ਵਿਚ ਜੀਅ ਰਹੇ ਪਦਾਰਥਵਾਦੀ ਤੇ ਖਪਤਕਾਰੀ ਸਮਾਜਾਂ ਨੂੰ ਸਾਂਝੀਆਂ ਕਦਰਾਂ-ਕੀਮਤਾਂ ਅਤੇ ਪਰਿਵਾਰਕ ਤੰਦਾਂ ਦੀ ਅਹਿਮੀਅਤ ਦਾ ਸੱਦਾ ਦਿੰਦੀ ਹੈ।

ਫਿਲਮ ਮੁੱਖ ਰੂਪ ਵਿਚ ਅਲੀ ਅਤੇ ਜ਼ਾਹਿਰਾ ਦੀ ਫਿਲਮ ਹੈ। ਇਹ ਫਿਲਮ ਆਸਕਰ ਲਈ ਜਾਣ ਵਾਲੀ ਇਰਾਨ ਦੀ ਪਹਿਲੀ ਫਿਲਮ ਸੀ। ਫਿਲਮ ਵਿਚ ਇਰਾਨ ਦੇ ਘਰ, ਗਲੀਆਂ, ਰਸਤੇ ਅਤੇ ਰਸਤਿਆਂ ਵਿਚ ਤੁਰੇ ਫਿਰਦੇ ਅਜਨਬੀ ਕਿਰਦਾਰ ਵੀ ਆਪਣੀਆਂ ਕਹਾਣੀਆਂ ਬਿਆਨ ਕਰਦੇ ਹਨ। ਜ਼ਾਹਿਰਾ ਹਰ ਕੁੜੀ ਦੇ ਪੈਰੀਂ ਪਾਈ ਜੁੱਤੀ ਨੂੰ ਨੀਝ ਨਾਲ ਤੱਕਦੀ ਰਹਿੰਦੀ ਹੈ। ਅਲੀ ਸਾਰੀ ਫਿਲਮ ਵਿਚ ਜ਼ਾਹਿਰਾ ਦੀ ਜੁੱਤੀ ਗੁਆਉਣ ਦੀ ਗਿਲਾਨੀ ਨਾਲ ਭਰਿਆ ਰਹਿੰਦਾ ਹੈ। ਉਨ੍ਹਾਂ ਦਾ ਪਿਉ ਉਨ੍ਹਾਂ ਨਾਲ ਜੋ ਕੁਝ ਵਾਪਰ ਰਿਹਾ ਹੈ, ਉਸ ਸਭ ਕਾਸੇ ਤੋਂ ਅਣਜਾਣ ਹੋ ਕੇ ਵੀ ਅਣਜਾਣ ਨਹੀਂ। ਉਸ ਨੂੰ ਆਪਣੇ ਦੋਹਾਂ ਬੱਚਿਆਂ ਦੀ ਹਿੰਮਤ 'ਤੇ ਭਰੋਸਾ ਹੈ ਜਦਕਿ ਜ਼ਿੰਦਗੀ ਉਸ ਦੀ ਆਪਣੀ ਹਿੰਮਤ ਦਾ ਰੋਜ਼ ਨਵਾਂ ਇਮਤਿਹਾਨ ਲੈਂਦੀ ਹੈ। ਉਨ੍ਹਾਂ ਦੀ ਮਾਂ ਦੀ ਦੁਨੀਆਂ ਉਨ੍ਹਾਂ ਦੇ ਦੁਆਲੇ ਘੁੰਮਦੀ ਹੈ। ਸਾਰੇ ਕਿਰਦਾਰ ਅਜਿਹੇ ਅਨੰਤ ਮੋਹ ਦੀ ਤੰਦ ਵਿਚ ਬੱਝੇ ਹੋਏ ਹਨ ਕਿ ਤੁਸੀਂ ਕਿਸੇ ਇੱਕ ਦਾ ਦਿਲ ਟੋਹੋ ਤਾਂ ਅੰਦਰੋਂ ਦੂਜੇ ਦਾ ਝਲਕਾਰਾ ਪੈਂਦਾ ਹੈ। ਇਨ੍ਹਾਂ ਆਲੇ-ਭੋਲਿਆਂ ਦੇ ਫਿਲਮਸਾਜ਼ ਮਾਜਿਦ ਮਾਜੀਦੀ ਦਾ ਦਿਲ ਵੀ ਇਨ੍ਹਾਂ 'ਚ ਹੀ ਕਿਤੇ ਧੜਕਦਾ ਹੈ।



ਫਿਲਮਸਾਜ਼ ਮਾਜਿਦ ਮਾਜੀਦੀ

***ਫਿਲਮ ਮੁੱਖ ਰੂਪ ਵਿਚ ਅਲੀ ਅਤੇ ਜ਼ਾਹਿਰਾ ਦੀ ਫਿਲਮ ਹੈ। ਇਹ ਫਿਲਮ ਆਸਕਰ ਲਈ ਜਾਣ ਵਾਲੀ ਇਰਾਨ ਦੀ ਪਹਿਲੀ ਫਿਲਮ ਸੀ। ਫਿਲਮ ਵਿਚ ਇਰਾਨ ਦੇ ਘਰ, ਗਲੀਆਂ, ਰਸਤੇ ਅਤੇ ਰਸਤਿਆਂ ਵਿਚ ਤੁਰੇ ਫਿਰਦੇ ਅਜਨਬੀ ਕਿਰਦਾਰ ਵੀ ਆਪਣੀਆਂ ਕਹਾਣੀਆਂ ਬਿਆਨ ਕਰਦੇ ਹਨ। ਜ਼ਾਹਿਰਾ ਹਰ ਕੁੜੀ ਦੇ ਪੈਰੀਂ ਪਾਈ ਜੁੱਤੀ ਨੂੰ ਨੀਝ ਨਾਲ ਤੱਕਦੀ ਰਹਿੰਦੀ ਹੈ। ਅਲੀ ਸਾਰੀ ਫਿਲਮ ਵਿਚ ਜ਼ਾਹਿਰਾ ਦੀ ਜੁੱਤੀ ਗੁਆਉਣ ਦੀ ਗਿਲਾਨੀ ਨਾਲ ਭਰਿਆ ਰਹਿੰਦਾ ਹੈ। ਉਨ੍ਹਾਂ ਦਾ ਪਿਉ ਉਨ੍ਹਾਂ ਨਾਲ ਜੋ ਕੁਝ ਵਾਪਰ ਰਿਹਾ ਹੈ, ਉਸ ਸਭ ਕਾਸੇ ਤੋਂ ਅਣਜਾਣ ਹੋ ਕੇ ਵੀ ਅਣਜਾਣ ਨਹੀਂ। ਉਸ ਨੂੰ ਆਪਣੇ ਦੋਹਾਂ ਬੱਚਿਆਂ ਦੀ ਹਿੰਮਤ 'ਤੇ ਭਰੋਸਾ ਹੈ ਜਦਕਿ ਜ਼ਿੰਦਗੀ ਉਸ ਦੀ ਆਪਣੀ ਹਿੰਮਤ ਦਾ ਰੋਜ਼ ਨਵਾਂ ਇਮਤਿਹਾਨ ਲੈਂਦੀ ਹੈ। ਉਨ੍ਹਾਂ ਦੀ ਮਾਂ ਦੀ ਦੁਨੀਆਂ ਉਨ੍ਹਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਸਾਰੇ ਕਿਰਦਾਰ ਅਜਿਹੇ ਅਨੰਤ ਮੋਹ ਦੀ ਤੰਦ ਵਿਚ ਬੱਝੇ ਹੋਏ ਹਨ...***

# ਸੰਗੀਤਕਾਰ ਏ.ਆਰ. ਰਹਿਮਾਨ: ਜ਼ਿੰਦਗੀ ਦੀਆਂ ਸੁਰਾਂ

ਫਿਲਮੀ ਦੁਨੀਆਂ ਵਿਚ ਵਿਤਕਰਾ ਕੋਈ ਨਵੀਂ ਗੱਲ ਨਹੀਂ ਪਰ ਜਦੋਂ ਇਹ ਵਿਤਕਰਾ ਮਿਥ ਕੇ ਕੀਤਾ ਜਾਂਦਾ ਹੈ ਤਾਂ ਇਸ ਨੂੰ ਝੱਲਣਾ ਦਰਦਨਾਕ ਹੋ ਨਿਬੜਦਾ ਹੈ। ਪਿਛਲੇ ਕੁਝ ਸਮੇਂ ਤੋਂ ਫਿਲਮੀ ਦੁਨੀਆਂ ਅੰਦਰ 'ਅੰਦਰਲਿਆਂ' ਅਤੇ 'ਬਾਹਰਲਿਆਂ' ਬਾਰੇ ਵਾਹਵਾ ਚਰਚਾ ਛਿੜੀ ਹੋਈ ਹੈ। 'ਅੰਦਰਿਲਆਂ' ਵਿਚ ਉਹ ਲੋਕ ਸ਼ਾਮਲ ਹੈ ਜਿਨ੍ਹਾਂ ਦਾ ਚਿਰਾਂ ਤੋਂ ਫਿਲਮ ਜਗਤ ਵਿਚ ਦਬਦਬਾ ਹੈ ਅਤੇ ਇਨ੍ਹਾਂ ਲੋਕਾਂ ਦੇ ਨਿਆਣੇ ਤੇ ਹੋਰ ਨੇੜਲੇ ਕੰਮ ਹਾਸਲ ਕਰਨ ਵਿਚ ਕਾਮਯਾਬ ਰਹਿੰਦੇ ਹਨ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਇਨ੍ਹਾਂ ਸ਼ਖਸੀਅਤਾਂ ਦੇ ਬੱਚੇ ਪ੍ਰਤਿਭਾਸ਼ਾਲੀ ਨਾ ਹੋਣ ਦੇ ਬਾਵਜੂਦ ਕੰਮ ਕਰਦੇ ਰਹਿੰਦੇ ਹਨ। ਦੂਜੇ ਪਾਸੇ ਫਿਲਮ ਜਗਤ ਵਿਚ ਸੰਘਰਸ਼ ਕਰ ਕੇ ਦਾਖਲ ਹੋਣ ਵਾਲੇ ਹਨ ਜੋ ਅੱਜਕੱਲ੍ਹ 'ਬਾਹਰਲੇ' ਬਣੇ ਹੋਏ ਹਨ। ਪ੍ਰਤਿਭਾਸ਼ਾਲੀ ਹੋਣ ਦੇ ਬਾਵਜਹੂਦ ਇਨ੍ਹਾਂ ਨੂੰ ਕੰਮ ਹਾਸਲ ਕਰਨ ਲਈ ਬਹੁਤ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਵਾਰ ਤਾਂ ਮਿਲਿਆ ਹੋਇਆ ਕੰਮ ਵੀ ਕੋਈ ਹੋਰ ਖੋਹ ਕੇ ਲੈ ਜਾਂਦਾ ਹੈ। ਅਸਲ ਵਿਚ ਫਿਲਮ ਜਗਤ ਵਿਚ ਇਕ-ਦੂਜੇ ਨੂੰ ਠਿੱਬੀ ਲਾਉਣ ਦੀ ਰੁਚੀ ਭਾਰੂ ਰਹੀ ਹੈ।

ਇਸ ਪ੍ਰਸੰਗ ਵਿਚ ਹੁਣ ਮਸ਼ਹੂਰ, ਆਸਕਰ ਇਨਾਮ ਜੇਤੂ ਸੰਗੀਤਕਾਰ ਏ.ਆਰ. ਰਹਿਮਾਨ ਨੇ ਆਪਣਾ ਦਰਦ ਸਾਂਝਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੂੰ ਹਿੰਦੀ ਫਿਲਮਾਂ ਵਿਚ ਬਹੁਤਾ ਕੰਮ ਨਹੀਂ ਮਿਲ ਰਿਹਾ ਅਤੇ ਇਕ ਪੂਰਾ ਗਿਰੋਹ ਦਾ ਗਿਰੋਹ ਉਸ ਦੇ ਖਿਲਾਫ ਹੈ। ਉਸ ਨੇ ਹਾਲ ਹੀ ਵਿਚ ਰਿਲੀਜ਼ ਹੋਈ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਫਿਲਮ 'ਦਿਲ ਬੇਚਾਰਾ' ਦੇ ਡਾਇਰੈਕਟਰ ਮੁਕੇਸ਼ ਛਾਬੜਾ ਦੇ ਹਵਾਲੇ ਨਾਲ ਕਿਹਾ ਹੈ ਕਿ ਕੁਝ ਲੋਕ ਹਿੰਦੀ ਫਿਲਮ ਜਗਤ ਵਿਚ ਉਹਦੇ ਬਾਰੇ ਕਈ ਕਿਸਮ ਦੀਆਂ ਕਹਾਣੀਆਂ ਘੁਮਾ ਰਹੇ ਹਨ ਅਤੇ ਇਕ-ਦੂਜੇ ਨੂੰ ਕਹਿ ਰਹੇ



ਹਨ ਕਿ ਕੰਮ ਲਈ ਉਸ (ਏ.ਆਰ. ਰਹਿਮਾਨ) ਤੱਕ ਪਹੁੰਚ ਨਾ ਕੀਤੀ ਜਾਵੇ। ਰਹਿਮਾਨ ਨੇ ਦੱਸਿਆ, "ਜਦੋਂ ਮੁਕੇਸ਼ ਛਾਬੜਾ ਮੇਰੇ ਕੋਲ ਆਏ ਤਾਂ ਮੈਂ ਉਨ੍ਹਾਂ ਨੂੰ ਦੋ ਦਿਨਾਂ ਵਿਚ ਚਾਰ ਗੀਤ ਦਿੱਤੇ। ਇਸ ਤੋਂ ਬਾਅਦ ਜਦੋਂ ਗੱਲਾਂ ਖੁੱਲ੍ਹੀਆਂ ਤਾਂ ਮੈਨੂੰ ਪਤਾ ਲੱਗਿਆ ਕਿ ਮੈਨੂੰ ਹਿੰਦੀ ਫਿਲਮਾਂ ਵਿਚ ਕੰਮ ਕਿਉਂ ਨਹੀਂ ਮਿਲ ਰਿਹਾ।"

ਯਾਦ ਰਹੇ ਕਿ ਏ.ਆਰ. ਰਹਿਮਾਨ ਨੇ 'ਗੁਰੂ', 'ਰੌਕਸਟਾਰ', 'ਦਿਲ ਸੇ', 'ਰੋਜਾ', 'ਰਾਂਝਨਾ', 'ਸਵਦੇਸ' ਵਰਗੀਆਂ ਫਿਲਮਾਂ ਲਈ ਸੰਗੀਤ ਦਿੱਤਾ ਹੈ ਅਤੇ ਉਸ ਦੇ ਬਥੇਰੇ ਗੀਤ ਲੋਕਾਂ ਵਿਚ ਮਕਬੂਲ ਹੋਏ ਹਨ। ਉਹ ਛੇ ਵਾਰ ਕੌਮੀ ਇਨਾਮ ਅਤੇ ਦੋ-ਦੋ ਵਾਰ ਆਸਕਰ ਤੇ ਗਰੈਮੀ ਹਾਸਲ ਕਰ ਚੁੱਕਾ ਹੈ। ਇਸ ਤੋਂ ਇਲਾਵਾ ਉਹ ਹੋਰ ਬਹੁਤ ਸਾਰੇ ਇਨਾਮ ਅਤੇ ਮਾਣ ਹਾਸਲ ਕਰ ਚੁੱਕਾ ਹੈ। ਸਾਲ 2010 ਵਿਚ ਭਾਰਤ ਸਰਕਾਰ ਨੇ ਉਸ ਨੂੰ ਪਦਮ ਭੂਸ਼ਣ ਖਿਤਾਬ ਨਾਲ ਨਵਾਜਿਆ। ਉਸ ਨੇ ਮੁੱਖ ਰੂਪ ਵਿਚ ਤਮਿਲ ਵਿਚ ਕੰਮ ਕੀਤਾ ਹੈ ਪਰ ਉਹ ਇੰਨਾ ਪ੍ਰਤਿਭਾਸ਼ਾਲੀ ਸੀ ਕਿ ਛੋਟੀ ਉਮਰ ਵਿਚ ਹੀ ਉਹ ਸੰਸਾਰ ਭਰ ਵਿਚ ਛਾ ਗਿਆ ਸੀ। ਇਸ ਮਾਮਲੇ 'ਤੇ ਬਹੁਤ ਸਾਰੇ ਲੋਕਾਂ ਨੇ ਰਹਿਮਾਨ ਦਾ ਸਮਰਥਨ ਕੀਤਾ ਹੈ। ***-ਆਮਨਾ ਕੌਰ***


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com